TAJ INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
ਨੌਂਵੀਂ ਸਰਕਟ ਕੋਰਟ ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ਇਮੀਗ੍ਰੇਸ਼ਨ ਕੋਰਟ ਦੇ ਕੇਸ
ਡਿਪੋਰਟੇਸ਼ਨ ਦੇ ਕੇਸ ਫੈਮਿਲੀ ਪਟੀਸ਼ਨਾਂ ਲੇਬਰ ਦੇ ਕੇਸ ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 11, Issue 10, March 6, 2010
20451 N Plum Grove Rd. Palatine, IL 60074
Ph:847-359-0746, Fax:847-705-9388

# ਡੇਰਾ ਮੁਖੀ ਵਿਰੁਧ ਕਤਲ ਕੇਸ ਪਿਛੋਂ ਸੱਚੇ ਸੌਦੇ ਵਾਲਿਆਂ ਦੀ ਸਾੜ-ਫੂਕ ਲਹਿਰ

**ਬਿੰਦਰ ਬਸਰਾ**

**ਜਲੰਧਰ:** ਸਿਰਸਾ ਦਾ ਡੇਰਾ ਸੱਚਾ ਸੌਦਾ ਇਕ ਵਾਰ ਫੇਰ ਵਿਵਾਦਾਂ ਦੇ ਘੇਰੇ 'ਚ ਆ ਗਿਆ ਹੈ। ਸੀ.ਬੀ.ਆਈ (ਕੇਂਦਰੀ ਜਾਂਚ ਬਿਊਰੋ) ਵਲੋਂ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਚਾਰ ਹੋਰਨਾਂ ਵਿਰੁਧ ਡੇਰੇ ਦੇ ਸਾਬਕਾ ਮੈਨੇਜਰ ਫਕੀਰ ਚੰਦ ਦੇ ਕਤਲ ਸਬੰਧੀ ਕੇਸ ਦਰਜ ਕਰਨ ਦੇ ਰੋਸ ਵਜੋਂ ਕਥਿਤ ਡੇਰਾ ਸਮਰਥਕਾਂ ਵਲੋਂ ਪੰਜਾਬ, ਹਰਿਆਣਾ ਤੇ ਖਾਸ ਕਰ ਮਾਲਵਾ ਪੱਟੀ 'ਚ ਕੀਤੀ ਗਈ ਸਾੜ-ਫੂਕ ਨਾਲ ਮਾਹੌਲ ਤਣਾਅਪੂਰਨ ਬਣ ਗਿਆ ਹੈ। ਉਧਰ ਡੇਰਾ ਮੁਖੀ ਨੇ ਇਸ ਗੱਲੋਂ ਇਨਕਾਰ ਕੀਤਾ ਕਿ ਭੰਨ-ਤੋੜ ਤੇ ਸਾੜ-ਫੂਕ ਕਰਨ ਵਾਲੇ ਉਨ੍ਹਾਂ ਦੇ ਸਮਰਥਕ ਹਨ। ਇਸੇ ਦੌਰਾਨ ਸਰਕਾਰੀ ਖੇਤਰਾਂ ਵਿਚ ਇਸ ਗੱਲ 'ਤੇ ਸ਼ੱਕ ਜਾਹਰ ਕੀਤਾ ਜਾ ਰਿਹਾ ਹੈ ਕਿ ਇਹ ਸਾੜ-ਫੂਕ ਲੋਕਾਂ ਵਲੋਂ ਸੁਤੇਸਿਧ ਕੀਤੀ ਗਈ। ਇਸ ਗੱਲ ਦੇ ਸੰਕੇਤ ਦਰਜ ਕੀਤੇ ਗਏ ਹਨ ਕਿ ਡੇਰਾ ਸਰਸਾ ਤੋਂ ਕਿਸੇ ਨੇ ਵੱਖ ਵੱਖ ਸ਼ਹਿਰਾਂ ਵਿਚ ਆਪਣੇ ਹਮਾਇਤੀਆਂ ਨੂੰ ਫੋਨ ਕਰਕੇ ਕਿਹਾ ਕਿ ਰੋਸ ਪ੍ਰਗਟਾਉਣ ਲਈ ਸਰਕਾਰੀ ਜਾਇਦਾਦ ਦਾ ਨੁਕਸਾਨ ਕੀਤਾ ਜਾਏ।

ਜ਼ਿਕਰਯੋਗ ਹੈ ਕਿ ਡੇਰਾ ਮੁਖੀ ਵਲੋਂ ਕਰੀਬ ਤਿੰਨ ਸਾਲ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚਦਿਆਂ ਅੰਮ੍ਰਿਤਪਾਨ ਕਰਾਉਣ ਦੀ ਤਰਜ਼ 'ਤੇ ਆਪਣੇ ਪੈਰੋਕਾਰਾਂ ਨੂੰ ਜਾਮ-ਏ-ਇੰਸਾਂ ਪਿਲਾਏ ਜਾਣ 'ਤੇ ਡੇਰਾ ਪ੍ਰੇਮੀਆਂ ਤੇ ਸਿੱਖਾਂ ਵਿਚਾਲੇ ਹਿੰਸਕ ਟਕਰਾਅ ਪੈਦਾ ਹੋ ਗਿਆ ਸੀ। ਚੇਤੇ ਰਹੇ ਕਿ ਮੁੰਬਈ 'ਚ ਡੇਰਾ ਮੁਖੀ ਦੇ ਅੰਗ ਰਖਿਅਕ ਵਲੋਂ ਚਲਾਈ ਗੋਲੀ ਨਾਲ ਸਿੱਖ ਨੌਜਵਾਨ ਦੀ ਮੌਤ ਹੋਣ ਪਿਛੋਂ ਪੰਜਾਬ 'ਚ ਹਿੰਸਾ ਭੜਕੀ ਸੀ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸਲਾਬਤਪੁਰ ਡੇਰੇ 'ਚ ਜਾਮੇ-ਏ-ਇੰਸਾਂ ਪਿਲਾਏ ਜਾਣ ਪਿਛੋਂ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਣ ਨਾਲ ਹੋਏ ਰੋਸ ਮੁਜ਼ਾਹਰੇ 'ਚ ਸੁਨਾਮ (ਸੰਗਰੂਰ) ਵਿਖੇ ਇਕ ਨੌਜਵਾਨ ਕਮਲਜੀਤ ਸਿੰਘ

(ਬਾਕੀ ਸਫਾ 8 'ਤੇ)

## ਨਵਾਂ ਪੰਜਾਬੀ ਨਿਊਜ਼ ਚੈਨਲ 'ਜੀ-ਪੰਜਾਬ' 17 ਮਾਰਚ ਤੋਂ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਉਤਰੀ ਅਮਰੀਕਾ ਦਾ ਪਹਿਲਾ 24 ਘੰਟੇ ਚਲਣ ਵਾਲਾ ਪੰਜਾਬੀ ਨਿਊਜ਼ ਚੈਨਲ "ਜੀ-ਪੰਜਾਬ ਸਾਡਾ ਚੈਨਲ" ਆਉਂਦੀ 17 ਮਾਰਚ ਤੋਂ

gPunjab
First Global Punjabi News Channel

ਅਮਰੀਕਾ ਭਰ ਵਿਚ ਡਿਸ਼ ਨੈਟਵਰਕ ਰਾਹੀਂ ਚੈਨਲ 621 ਉਪਰ ਦੇਖਿਆ ਜਾ ਸਕੇਗਾ। ਉਤਰੀ ਅਮਰੀਕਾ ਦੀ ਮੀਡੀਆ ਕੰਪਨੀ ਗਲੋਬਲ ਮੀਡੀਆ ਨੈਟਵਰਕ ਵਲੋਂ ਸ਼ੁਰੂ ਕੀਤਾ ਜਾ ਰਿਹਾ ਇਹ ਚੈਨਲ

(ਬਾਕੀ ਸਫਾ 2 'ਤੇ)

## ਹਾਕੀ:ਆਸਟ੍ਰੇਲੀਆ ਨੇ ਭਾਰਤ ਨੂੰ 5-2 ਨਾਲ ਹਰਾਇਆ

**ਨਵੀਂ ਦਿੱਲੀ:** ਇਥੇ ਚਲ ਰਹੇ ਵਿਸ਼ਵ ਕੱਪ ਹਾਕੀ ਮੁਕਾਬਲੇ ਵਿਚ ਭਾਰਤੀ ਹਾਕੀ ਸ਼ੇਰ ਜਿਨ੍ਹਾਂ ਨੇ ਸਨਿਚਰਵਾਰ ਪਾਕਿਸਤਾਨ ਨੂੰ 4-1 ਨਾਲ ਹਰਾਇਆ ਸੋਮਵਾਰ ਕੰਗਾਰੂਆਂ ਅੱਗੇ ਬੁਰੀ ਤਰ੍ਹਾਂ ਹਾਰ ਗਏ। ਆਸਟ੍ਰੇਲੀਆ ਨੇ ਭਾਰਤ ਨੂੰ 5-2 ਨਾਲ ਹਰਾ ਕੇ ਪਹਿਲੀ ਜਿੱਤ ਦਰਜ ਕੀਤੀ। ਅੱਧੇ ਸਮੇਂ ਤੱਕ ਕੰਗਾਰੂ 3-1 ਨਾਲ ਅੱਗੇ ਸਨ।

ਮੈਚ ਦੇ ਪਹਿਲੇ 15 ਮਿੰਟ ਆਸਟ੍ਰੇਲੀਆਈ ਖਿਡਾਰੀਆਂ ਦਾ ਨਾ ਸਿਰਫ ਪੂਰੀ ਤਰ੍ਹਾਂ ਦਬਦਬਾ ਰਿਹਾ ਸਗੋਂ ਉਨ੍ਹਾਂ ਉਪਰੋਥਲੀ ਪਹਿਲੇ ਅੱਠ ਮਿੰਟਾਂ ਵਿਚ ਦੋ ਗੋਲ ਕਰਕੇ ਭਾਰਤੀ ਦਰਸ਼ਕਾਂ ਦੀ ਪੈ ਰਹੀ ਕਾਵਾਂਰੌਲੀ ਵੀ ਬੰਦ ਕਰਵਾ ਦਿੱਤੀ। ਆਸਟ੍ਰੇਲੀਆ ਵੱਲੋਂ ਤੀਸਰੇ ਮਿੰਟ ਵਿਚ ਲੇਮ ਡੀ

(ਬਾਕੀ ਸਫਾ 8 'ਤੇ)

## ਗੁਰਦੁਆਰਾ ਫਰੀਮਾਂਟ ਚੋਣ:ਰੂ-ਬਰੂ ਪ੍ਰੋਗਰਾਮ ਵੇਲੇ ਕਸ਼ੀਦਗੀ

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਉਮੀਦਵਾਰਾਂ ਦੇ ਸੰਗਤਾਂ ਦੇ ਰੂਬਰੂ ਹੋਣ ਦੇ ਪ੍ਰੋਗਰਾਮ ਦੌਰਾਨ ਜਿਥੇ ਪ੍ਰਬੰਧਕਾਂ ਨੇ ਆਪਣੇ ਪਿਛਲੇ ਦੋ ਸਾਲ ਦੇ ਕਾਰਜਕਾਲ ਦੀਆਂ ਪ੍ਰਾਪਤੀਆਂ ਦੇ ਵੱਡੇ ਵੱਡੇ ਦਾਅਵੇ ਕੀਤੇ ਉਥੇ ਵਿਰੋਧੀ ਪੰਥਕ ਸਲੇਟ ਦੇ ਉਮੀਦਵਾਰਾਂ ਨੇ ਇਸ ਗੱਲ 'ਤੇ ਸਖ਼ਤ ਇਤਰਾਜ਼ ਕੀਤਾ ਕਿ ਇਨ੍ਹਾਂ ਚੋਣਾਂ ਨੂੰ ਜਾਅਲੀ ਵੋਟਾਂ ਬਣਾਏ ਜਾਣ ਤੋਂ ਲੈ ਕੇ ਉਮੀਦਵਾਰਾਂ ਨੂੰ ਸੰਗਤ ਸਾਹਮਣੇ ਪੇਸ਼ ਹੋਣ ਦੇ ਬਰਾਬਰ ਦੇ ਮੌਕੇ ਦੇਣ ਤੱਕ ਵਾਰ ਵਾਰ ਮੌਜੂਦਾ ਪ੍ਰਬੰਧਕਾਂ ਦੇ ਹੱਕ ਵਿਚ ਭੁਗਤਾਉਣ ਦੇ ਯਤਨ ਜਾਰੀ ਹਨ। ਜਿਸ ਤਰੀਕੇ ਨਾਲ ਮੌਜੂਦਾ ਪ੍ਰਬੰਧਕਾਂ ਨੇ ਆਪਣੇ ਪ੍ਰਬੰਧ ਦੌਰਾਨ ਦੀਆਂ ਪ੍ਰਾਪਤੀਆਂ ਦਾ ਵਿਖਿਆਨ ਗੁਰੂ ਘਰ ਦੀ ਸਕਰੀਨ ਉਤੇ ਸਲਾਈਡ ਸ਼ੋਅ ਦਿਖਾ ਕੇ ਕੀਤਾ ਉਸ ਉਤੇ ਸਖ਼ਤ ਇਤਰਾਜ਼ ਕਰਦਿਆਂ ਪੰਥਕ ਸਲੇਟ ਦੇ ਮੁਖੀ ਭਾਈ ਗੁਰਮੀਤ ਸਿੰਘ ਖਾਲਸਾ ਅਤੇ ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਆਖਿਆ ਕਿ ਸਲਾਈਡ ਸ਼ੋਅ ਦੀ ਵਰਤੋਂ ਕਰਨ ਦੀ ਖੁੱਲ੍ਹ ਇਕੱਲੇ ਮੌਜੂਦਾ ਪ੍ਰਬੰਧਕਾਂ ਨੂੰ ਹੀ ਕਿਉਂ ਜਦੋਂਕਿ ਇਸ ਬਾਰੇ ਬਾਕੀ ਉਮੀਦਵਾਰਾਂ ਨੂੰ ਦੱਸਿਆ ਤੱਕ ਨਹੀਂ ਗਿਆ। ਗੁਰੂ ਦੇ ਦਰਬਾਰ ਵਿਚ ਸਭ ਬਰਾਬਰ ਹਨ ਅਤੇ ਇਨ੍ਹਾਂ ਚੋਣਾਂ ਵਿਚ ਸਭ ਨੂੰ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ। ਭਾਈ ਰਾਮ ਸਿੰਘ ਨੇ ਆਖਿਆ ਕਿ ਸੁਪਰੀਮ ਕੌਂਸਲ ਦੀਆਂ ਮੀਟਿੰਗਾਂ ਵਿਚ ਕਦੇ ਵੀ ਇਹ ਫੈਸਲਾ ਨਹੀਂ ਹੋਇਆ ਕਿ ਉਮੀਦਵਾਰਾਂ ਨੂੰ ਸਲਾਈਡ ਸ਼ੋਅ ਦਿਖਾਉਣ ਦੀ ਇਜਾਜ਼ਤ ਦਿੱਤੀ ਜਾਵੇਗੀ।

ਉਧਰ ਸੁਪਰੀਮ ਕੌਂਸਲ ਚੋਣਾਂ ਦੇ ਪ੍ਰਬੰਧ ਦੀ ਇੰਚਾਰਜ ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਦਾ ਪੱਖਪਾਤੀ ਰਵੱਈਏ ਇਕ ਵਾਰ ਫਿਰ ਉਦੋਂ ਨਸ਼ਰ ਹੋ ਗਿਆ ਜਦੋਂ ਉਨ੍ਹਾਂ ਇਹ ਆਖਿਆ ਕਿ ਉਮੀਦਵਾਰਾਂ ਨੂੰ ਸਲਾਈਡ ਸ਼ੋਅ ਦਿਖਾਉਣ ਲਈ ਈ-ਮੇਲਾਂ ਕੀਤੀਆਂ ਗਈਆਂ ਸਨ। ਹਕੀਕਤ ਇਹ ਹੈ ਕਿ ਕੁਝ ਉਮੀਦਵਾਰਾਂ ਨੂੰ ਤਾਂ ਈ-ਮੇਲਾਂ ਵੇਖਣੀਆਂ ਵੀ ਨਹੀਂ ਆਉਂਦੀਆਂ ਅਤੇ ਨਾ ਹੀ ਸੁਪਰੀਮ ਕੌਂਸਲ ਮੈਂਬਰ ਬਣਨ ਲਈ ਅਜਿਹੀ

(ਬਾਕੀ ਸਫਾ 4 'ਤੇ)



ਆਸਟਰੇਲੀਆ ਖਿਡਾਰੀ ਗੋਲ ਕਰਕੇ ਖੁਸ਼ੀ ਮਨਾਉਂਦੇ ਹੋਏ

Delo
Mobil Delvac
GILL EXPRESS
ROTELLA T
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO Pilot
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# ‘ਡਾ. ਮਨਮੋਹਨ ਸਿੰਘ ਨੇ ਪੂਰੀ ਦੁਨੀਆਂ ਵਿਚ ਸਿੱਖਾਂ ਦਾ ਸਿਰ ਉਚਾ ਕੀਤਾ’

**ਸੈਕਰਾਮੈਂਟੋ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਪੂਰੀ ਦੁਨੀਆਂ ਵਿਚ ਸਿੱਖਾਂ ਦਾ ਸਿਰ ਉਚਾ ਕੀਤਾ ਹੈ ਅਤੇ ਉਨ੍ਹਾਂ ਨੇ ਸਾਬਤ ਕਰ ਦਿੱਤਾ ਹੈ ਕਿ ਸਿੱਖ ਇਕੱਲੇ ਟਰੱਕ-ਟੈਕਸੀ ਚਲਾਉਣ ਜਾਂ ਗੈਰ ਸਟੇਸ਼ਨ ਜਿਹੇ ਬਿਜਨਸ ਹੀ ਨਹੀਂ ਕਰ ਸਕਦੇ ਬਲਕਿ ਦੁਨੀਆਂ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਭਾਰਤ ਦਾ ਰਾਜ ਪ੍ਰਬੰਧ ਵੀ ਕਾਮਯਾਬੀ ਨਾਲ ਚਲਾ ਸਕਦੇ ਹਨ। ਇਹ ਵਿਚਾਰ ਪੰਜਾਬ ਦੇ ਸਾਬਕਾ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਜਨਰਲ ਸਕੱਤਰ ਸ. ਜਸਬੀਰ ਸਿੰਘ ਸੰਗਰੂਰ ਨੇ ਉਨ੍ਹਾਂ ਦੇ ਸਨਮਾਨ ਵਿਚ ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਅਮੈਰਿਕਾ ਵਲੋਂ ਰੱਖੀ ਗਈ ਇਕ ਇਕੱਤਰਤਾ ਵਿਚ ਪੰਜਾਬੀਆਂ ਨੂੰ ਸੰਬੋਧਨ ਕਰਦਿਆਂ ਪ੍ਰਗਟਾਏ।

ਉਨ੍ਹਾਂ ਆਖਿਆ ਕਿ ਸਿੱਖਾਂ ਲਈ ਹੋਰ ਕਿਹੜੀ ਮਾਣ ਵਾਲੀ ਗੱਲ ਹੋ ਸਕਦੀ ਹੈ ਕਿ ਡਾ. ਮਨਮੋਹਨ ਸਿੰਘ ਦੀ ਲਿਆਕਤ ਅਤੇ ਭਾਰਤੀ ਅਰਥ ਵਿਵਸਥਾ ਨੂੰ ਪੱਕੇ ਪੈਰੀਂ ਖੜ੍ਹੇ ਕਰਨ ਦੀ ਉਨ੍ਹਾਂ ਦੀ ਕਾਬਲੀਅਤ ਦਾ ਲੋਹਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਵੀ ਮੰਨ ਰਹੇ ਹਨ। ਅਮਰੀਕੀ ਦੌਰੇ ‘ਤੇ ਆਏ ਆਗੂ ਨੇ ਆਖਿਆ ਕਿ ਆਪਣੇ ਧਰਮ ਅਤੇ ਆਪਣੇ ਪੰਜਾਬ ਬਾਰੇ ਸੋਚਣਾ, ਖੁਲ੍ਹਦਿਲੀ, ਹਰ ਇਕ ਨੂੰ ਬਰਾਬਰ ਸਮਝਣਾ ਅਤੇ ਜਾਤ ਪਾਤ ਤੋਂ ਉਪਰ ਉਠਣਾ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਪ੍ਰਾਪਤ ਹੋਇਆ ਹੈ।

ਸ. ਜਸਬੀਰ ਸਿੰਘ ਨੇ ਜਿਥੇ ਗਦਰ ਮੈਮੋਰੀਅਲ ਫਾਉਂਡੇਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ ਨੂੰ ਤਾਜ਼ਾ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਉਥੇ ਨਾਲ ਹੀ ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਉਹ ਸਰਕਾਰ ਅਤੇ ਸਿਆਸਤਦਾਨਾਂ ਤੋਂ ਆਸ ਕਰਨ ਦੀ ਥਾਂ ‘ਤੇ ਪੰਜਾਬ ਵਿਚ ਸਿਹਤ ਅਤੇ ਸਿਖਿਆ ਦੇ ਖੇਤਰ ਵਿਚ ਯੋਗਦਾਨ ਪਾਉਣ। ਪਿਛਲੇ ਇਕ ਮਹੀਨੇ ਤੋਂ ਅਮਰੀਕੀ ਦੌਰੇ ‘ਤੇ ਆਏ ਸ. ਜਸਬੀਰ ਸਿੰਘ ਦਾ ਫਾਉਂਡੇਸ਼ਨ ਵਲੋਂ ਇਕ ਯਾਦਗਾਰੀ ਚਿਨ੍ਹ ਦੇ ਕੇ ਸਨਮਾਨ ਕੀਤਾ ਗਿਆ। ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਦੀਪ ਧਾਲੀਵਾਲ, ਸੀਨੀਅਰ ਮੀਤ ਪ੍ਰਧਾਨ ਗੁਲਿੰਦਰ ਗਿੱਲ ਅਤੇ ਜਨਰਲ ਸਕੱਤਰ ਜਗਜੀਤ ਸਿੰਘ ਕੰਦੋਲਾ ਨੇ ਵੀ ਸੰਬੋਧਨ ਕੀਤਾ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਗੁਰਦੀਪ ਗਿੱਲ, ਬਲਵਿੰਦਰ ਡੁਲਕੂ, ਦਵਿੰਦਰ ਸਿੰਘ, ਬੀਬੀ ਸੁਰਜੀਤ ਕੌਰ, ਗੁਰਇਕਬਾਲ ਸਿੰਘ ਗੁਰੀ ਕੰਗ, ਕੁਲਵਿੰਦਰ ਸਿੰਘ ਧਾਲੀਵਾਲ, ਬਰਜਿੰਦਰ ਸਿੰਘ ਧਾਲੀਵਾਲ, ਗਾਇਕ ਸੁਖਵਿੰਦਰ ਪੰਛੀ, ਜੱਸੀ ਬੰਗਾ, ਗੁਰਦੀਸ਼ ਧਾਲੀਵਾਲ, ਗੀਤਕਾਰ ਮੱਖਣ ਲੁਹਾਰਾਂ, ਪਲਵਿੰਦਰ ਮਾਹੀ, ਅਜੀਤ ਰਾਮ ਬੰਗੜ, ਅਵਤਾਰ ਸਿੰਘ ਅਟਵਾਲ, ਕੁਲਵੰਤ ਸਿੰਘ ਘੁੰਮਣ, ਚਰਨ ਸਿੰਘ, ਡੀ ਪੀ ਸਿੰਘ, ਚਰਨ ਸਿੰਘ ਬਡਵਾਲ, ਸਰਦੂਲ ਸਿੰਘ ਹੁੰਦਲ ਅਤੇ ਐਚ ਐਸ ਲੌਂਗਮੈਨ ਹਾਜ਼ਰ ਸਨ। ਸ. ਜਸਬੀਰ ਸਿੰਘ ਸੈਕਰਾਮੈਂਟੋ ਵਿਚ ਦੇਸ਼ ਭਗਤਾਂ ਦੀ ਸਮਾਧ ‘ਤੇ ਸ਼ਰਧਾਂਜਲੀ ਭੇਟ ਕਰਨ ਵੀ ਗਏ ਅਤੇ ਉਨ੍ਹਾਂ ਗੁਰਦੁਆਰਾ ਦਸ਼ਮੇਸ਼ ਦਰਬਾਰ ਵਿਚ ਸੰਗਤਾਂ ਨੂੰ ਸੰਬੋਧਨ ਵੀ ਕੀਤਾ।




*ਸ. ਜਸਬੀਰ ਸਿੰਘ ਦਾ ਸਨਮਾਨ ਕਰਦੇ ਹੋਏ ਗਦਰ ਮੈਮੋਰੀਅਲ ਫਾਉਂਡੇਸ਼ਨ ਆਫ ਅਮਰੀਕਾ ਦੇ ਅਹੁਦੇਦਾਰ*

## ਨਵਾਂ ਪੰਜਾਬੀ ਨਿਊਜ਼ ਚੈਨਲ ‘ਜੀ-ਪੰਜਾਬ’ 17 ਮਾਰਚ ਤੋਂ

ਪਹਿਲੇ ਗਲੋਬਲ ਨਿਊਜ਼ ਚੈਨਲ ਦੇ ਤੌਰ ‘ਤੇ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਖਾਤਰ ਗਲੋਬਲ ਮੀਡੀਆ ਨੈਟਵਰਕ ਨੇ ਭਾਰਤ ਦੀ ਇਕ ਉਘੀ ਮੀਡੀਆ ਕੰਪਨੀ ਸੀ ਐਨ ਈ ਬੀ ਨਾਲ ਵਿਸ਼ੇਸ਼ ਮੁਆਇਦਾ ਕੀਤਾ ਹੈ।

ਇਹ ਜਾਣਕਾਰੀ ਦਿੰਦਿਆਂ ਗਲੋਬਲ ਮੀਡੀਆ ਨੈਟਵਰਕ ਦੇ ਡਾਇਰੈਕਟਰ ਜਸਪਾਲ ਸ਼ੇਤਰਾ ਨੇ ਦੱਸਿਆ ਕਿ ਇਹ ਚੈਨਲ ਉਤਰੀ ਅਮਰੀਕਾ ਦੇ ਪੰਜਾਬੀ ਸਮਾਜ ਦੀਆਂ ਨਵੀਆਂ ਅਤੇ ਗਲੋਬਲ ਲੋੜਾਂ ਨੂੰ ਮੁਖ ਰਖ ਕੇ ਚਿਤਵਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਅਸੀਂ ਜਿਸ ਚੈਨਲ ਨਾਲ ਵਿਸ਼ੇਸ਼ ਇੰਤਜ਼ਾਮ ਕੀਤੇ ਹਨ ਉਸ ਚੈਨਲ ਦੀ ਅਗਵਾਈ ਜਾਣੀ-ਪਛਾਣੀ ਮੀਡੀਆ ਹਸਤੀ ਸਿੱਧੂ ਦਮਦਮੀ ਦੇ ਹੱਥ ਹੈ। ਸਿੱਧੂ ਦਮਦਮੀ ਚੰਡੀਗੜ੍ਹ ਤੋਂ ਛਪਦੇ ਪੰਜਾਬੀ ਅਖਬਾਰ ‘ਪੰਜਾਬੀ ਟ੍ਰਿਬਿਊਨ ਦੇ ਸੰਪਾਦਕ ਰਹੇ ਹਨ ਅਤੇ ਪਿਛਲੇ ਲੰਬੇ ਸਮੇਂ ਤੋਂ ਇਲੈਕਟ੍ਰਾਨਿਕ ਮੀਡੀਏ ਵਿਚ ਕੰਮ ਕਰ ਰਹੇ ਹਨ।

ਸ੍ਰੀ ਸ਼ੇਤਰਾ ਅਨੁਸਾਰ ਅਮਰੀਕਾ ਵਿਚ ‘ਜੀ -ਪੰਜਾਬ ਸਾਡਾ ਚੈਨਲ’ ਦੀ ਪ੍ਰੋਗਰੈਮਿੰਗ ਦੀ ਅਗਵਾਈ ਸੀਨੀਅਰ ਪੰਜਾਬੀ ਪੱਤਰਕਾਰ ਅਤੇ ਅਖਬਾਰ ਦੇਸ਼ ਸੇਵਕ ਦੇ ਸਾਬਕਾ ਸੰਪਾਦਕ ਸ੍ਰੀ ਸ਼ਮੀਲ ਕਰਨਗੇ। ਸ੍ਰੀ ਸਿੱਧੂ ਦਮਦਮੀ ਹਾਲ ਹੀ ਵਿਚ ਇਸ ਚੈਨਲ ਸਬੰਧੀ ਅਮਰੀਕਾ ਦੌਰਾ ਲਾ ਕੇ ਗਏ ਹਨ।

ਸ੍ਰੀ ਸ਼ੇਤਰਾ ਅਨੁਸਾਰ ਆਪਣੀ ਸ਼ੁਰੂਆਤ ਦੇ ਪਹਿਲੇ ਦਿਨ ਇਹ ਚੈਨਲ 17000 ਪੰਜਾਬੀ ਘਰਾਂ ਵਿਚ ਜਾਏਗਾ। ਕੈਲੀਫੋਰਨੀਆ ਵਿਚ ਸ੍ਰੀ ਮਨਦੀਪ ਮਾਨ (ਬੇਕਰਜ਼ਫੀਲਡ) ਇਸ ਚੈਨਲ ਦੇ ਖਬਰਾਂ ਅਤੇ ਮਾਰਕੀਟਿੰਗ ਵਾਸਤੇ ਇੰਚਾਰਜ ਹੋਣਗੇ। ਉਨ੍ਹਾਂ ਨਾਲ ਫੋਨ 661-889-1927 ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਪ੍ਰੋ. ਭੁੱਲਰ ਦੀ ਮਾਤਾ ਵਲੋਂ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਇਕਜੁੱਟ ਹੋਣ ਦੀ ਅਪੀਲ

**ਮੁਹਾਲੀ:** ਤਿਹਾੜ ਜੇਲ ਵਿਚ ਨਜ਼ਰਬੰਦ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਮਾਤਾ ਉਪਕਾਰ ਕੌਰ ਭੁੱਲਰ ਨੇ ਪੰਜਾਬ ਸਮੇਤ ਸਮੁੱਚੇ ਦੇਸ਼ ਦੀਆਂ ਪੰਥਕ ਧਿਰਾਂ, ਸਾਰੇ ਅਕਾਲੀ ਦਲਾਂ ਅਤੇ ਸਿੱਖ ਜਥੇਬੰਦੀਆਂ, ਕਾਂਗਰਸ ਸਮੇਤ ਹੋਰ ਸਿਆਸੀ ਪਾਰਟੀਆਂ ਨੂੰ ਪੰਜਾਬ, ਪੰਜਾਬੀ ਤੇ ਪੰਜਾਬੀਅਤ, ਲੰਮੇ ਸਮੇਂ ਤੋਂ ਦੇਸ਼-ਵਿਦੇਸ਼ ਦੀਆਂ ਜੇਲਾਂ ਵਿਚ ਸੜ ਰਹੇ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ ਹੈ।


ਮੁਹਾਲੀ ਦੇ ਸੈਕਟਰ-70 ਵਿਖੇ ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਕੌਮੀ ਜਥੇਬੰਦਕ ਸਕੱਤਰ ਤੇ ਮੀਡੀਆ ਇੰਚਾਰਜ ਸੁਰਿੰਦਰ ਸਿੰਘ ਕਿਸ਼ਨਪੁਰਾ ਦੇ ਨਾਲ ਲੰਘੀ 26 ਫਰਵਰੀ ਨੂੰ ਗੱਲਬਾਤ ਕਰਦਿਆਂ ਬੀਬੀ ਭੁੱਲਰ ਨੇ ਅਤਿਵਾਦ ਦੇ ਦਿਨਾਂ ਦੌਰਾਨ ਆਪਣੇ ਪਿੰਡੇ ‘ਤੇ ਹੰਢਾਏ ਸੰਤਾਪ ਦੀ ਦਾਸਤਾਨ ਸੁਣਾਉਂਦਿਆਂ ਕਿਹਾ ਕਿ ਦੇਸ਼ ਵਿਚ ਵੱਖਰੇ-ਵੱਖਰੇ ਕਾਨੂੰਨ ਹੋਣ ਕਾਰਨ ਉਨ੍ਹਾਂ ਦਾ ਪੁੱਤਰ ਪ੍ਰੋ. ਭੁੱਲਰ ਪਿਛਲੇ 15 ਸਾਲਾਂ ਤੋਂ ਜੇਲ ਵਿਚ ਸੜ ਰਿਹਾ ਹੈ ਪਰ ਸਮੇਂ ਦੇ ਹੁਕਮਰਾਨ ਉਨ੍ਹਾਂ ਨੂੰ ਇਨਸਾਫ ਦਿਵਾਉਣ ਦੀ ਬਜਾਏ ਗੂੜ੍ਹੀ ਨੀਂਦ ‘ਚ ਸੁੱਤੀ ਪਈ ਹੈ। ਉਨ੍ਹਾਂ ਕਿਹਾ ਕਿ ਪ੍ਰੋ. ਭੁੱਲਰ ਵਿਰੁਧ ਯੂਥ ਕਾਂਗਰਸ ਦੇ ਸਾਬਕਾ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਅਤੇ ਮੌਜੂਦਾ ਪੰਜਾਬ ਵਿਜੀਲੈਂਸ ਪ੍ਰਮੁੱਖ ਸੁਮੇਧ ਸਿੰਘ ਸੈਣੀ ਉਤੇ ਹੋਏ ਬੰਬ ਧਮਾਕਿਆਂ ਦਾ ਮਾਮਲਾ ਦਰਜ ਕਰਕੇ ਗ੍ਰਿਫਤਾਰ ਕੀਤਾ ਗਿਆ ਸੀ। ਇਨ੍ਹਾਂ ਵਿਚੋਂ ਸੁਮੇਧ ਸੈਣੀ ਵਾਲੇ ਮਾਮਲੇ ਵਿਚ ਪ੍ਰੋ. ਭੁੱਲਰ ਨੂੰ ਅਦਾਲਤ ਵਲੋਂ ਬਰੀ ਵੀ ਕਰ ਦਿੱਤਾ ਗਿਆ ਹੈ ਤੇ ਸ੍ਰੀ ਬਿੱਟਾ ਹੁਣ ਵੀ ਚੰਗੀ ਜ਼ਿੰਦਗੀ ਬਤੀਤ ਕਰ ਰਹੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਦੇ ਬੇਟੇ ਨੂੰ ਜਿਥੇ ਗੈਰਮਾਨਵੀ ਤਸੀਹੇ ਦਿੱਤੇ ਗਏ ਹਨ ਉਥੇ ਦੇਸ਼ ਦੇ ਹੁਕਮਰਾਨਾਂ ਨੇ ਕਾਨੂੰਨ ਨੂੰ ਛਿੱਕੇ ਟੰਗ ਕੇ ਗਲਤ ਤਰੀਕੇ ਨਾਲ ਫਾਂਸੀ ਦੀ ਸਜ਼ਾ ਸੁਣਾਈ ਹੈ ਜੋ ਭਾਰਤੀ ਲੋਕਤੰਤਰ ਦੇ ਖਿਲਾਫ ਹੈ।


ਉਨ੍ਹਾਂ ਕਿਹਾ ਕਿ ਬੜੀ ਹੈਰਾਨੀ ਦੀ ਗੱਲ ਹੈ ਕਿ ਦੇਸ਼ ਦੇ ਕਾਨੂੰਨ ਨੇ ਇਕ ਤਰਫਾ ਕਾਰਵਾਈ ਕਰਦੇ ਹੋਏ ਪ੍ਰੋ. ਭੁੱਲਰ ਨੂੰ ਤਾਂ ਫਾਂਸੀ ‘ਤੇ ਚੜ੍ਹਾਉਣ ਦੇ ਨਾਦਰਸ਼ਾਹੀ ਫੁਰਮਾਨ ਜਾਰੀ ਕਰ ਦਿੱਤੇ ਪਰ ਪੰਜਾਬ ਵਿਚ ਅਤਿਵਾਦ ਦੌਰਾਨ ਉਸ ਸਮੇਂ ਦੇ ਚੰਡੀਗੜ੍ਹ ਦੇ ਐਸ.ਐਸ.ਪੀ. ਰਹੇ ਸੁਮੇਧ ਸੈਣੀ ਨੇ ਉਨ੍ਹਾਂ ਦੇ ਪਤੀ ਅਤੇ ਪ੍ਰੋ. ਭੁੱਲਰ ਦੇ ਪਿਤਾ ਬਲਵੰਤ ਸਿੰਘ ਭੁੱਲਰ, ਮਾਸੜ ਮਨਜੀਤ ਸਿੰਘ ਸੋਹੀ ਅਤੇ ਪ੍ਰੋ. ਭੁੱਲਰ ਦੇ ਜਮਾਤੀ ਰਹੇ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਜਬਰਦਸਤੀ ਘਰੋਂ ਚੁੱਕ ਕੇ ਉਨ੍ਹਾਂ ਦੇ ਬੇਦਰਦੀ ਨਾਲ ਕਤਲ ਕਰ ਦਿੱਤੇ ਸੀ।






# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ ਪੰਥਕ ਸਲੇਟ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

## ਗੁਰਦੁਆਰਾ ਫਰੀਮਾਂਟ ਦੀਆਂ ਸੰਗਤਾਂ ਨੂੰ

# ਅਪੀਲ

ਗੁਰਦੁਆਰਾ ਫਰੀਮਾਂਟ ਦੀਆਂ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਸਹੀ ਲੀਹਾਂ 'ਤੇ ਲਿਆਉਣ ਲਈ 14 ਮਾਰਚ, 2010 ਨੂੰ ਸੁਪਰੀਮ ਕੌਂਸਲ ਦੀਆਂ ਹੋ ਰਹੀਆਂ ਚੋਣਾਂ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠਲੀ ਪੰਥਕ ਸਲੇਟ ਨੂੰ ਕਾਮਯਾਬ ਕਰਕੇ ਧੰਨਵਾਦੀ ਬਣਾਓ ਜੀ।





| ਚੇਅਰਮੈਨ | ਪ੍ਰਧਾਨ | ਜਨਰਲ ਸਕੱਤਰ | ਕਬੱਡੀ ਕੋਚ |
|---|---|---|---|
| ਅਮੋਲਕ ਸਿੰਘ ਗਾਖਲ | ਬਲਬੀਰ ਸਿੰਘ ਭਾਟੀਆ | ਗੁਰਦਾਵਰ ਸਿੰਘ ਮਹੇੜੂ | ਪਰਮਜੀਤ ਸਿੰਘ ਸੰਧੂ |
| 831-247-4637 | 510-677-6248 | 510-468-9381 | 510-491-4573 |

ਐਗਜ਼ੈਕਟਿਵ ਕਮੇਟੀ ਡਾਇਰੈਕਟਰਜ਼:ਇਕਬਾਲ ਸਿੰਘ ਗਾਖਲ, ਜੁਗਰਾਜ ਸਿੰਘ ਸਹੋਤਾ, ਦਲਵਿੰਦਰ ਸਿੰਘ ਪੱਡਾ, ਪਲਵਿੰਦਰ ਸਿੰਘ ਗਾਖਲ, ਕੁਲਦੀਪ ਸਿੰਘ ਮਾਨ, ਨਰਿੰਦਰ ਸਿੰਘ ਸਹੋਤਾ, ਗੁਲਵਿੰਦਰ ਗਿੰਦਾ ਗਾਖਲ

## ਬੇ-ਏਰੀਆ ਯੂਨਾਈਟਡ ਸਪੋਰਟਸ ਕਲੱਬ, ਕੈਲੀਫੋਰਨੀਆ

## Bay Area United Sports Club, California

33372 Palomino Com., Fremont, CA 94555, Ph:510-468-9381 or e-mail:2gsmann@gmail.com

# ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ ਚੋਣ ਲੜ ਰਹੇ ਉਮੀਦਵਾਰ ਸੰਗਤ ਦੇ ਰੂਬਰੂ

ਕੋਈ ਸ਼ਰਤ ਹੈ ਕਿ ਉਮੀਦਵਾਰ ਨੂੰ ਕੰਪਿਊਟਰ ਅਤੇ ਇੰਟਰਨੈਟ ਚਲਾਉਣਾ ਲਾਜ਼ਮੀ ਆਉਂਦਾ ਹੋਵੇ। ਉਨ੍ਹਾਂ ਇਹ ਈ-ਮੇਲ ਕਦੋਂ ਕੀਤੀ, ਇਸ ਬਾਰੇ ਵੀ ਭੰਬਲਭੂਸਾ ਹੀ ਰਿਹਾ। ਇਹ ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਨਾਮਜ਼ਦਗੀ ਕਾਗਜ਼ ਵਾਪਸ ਲੈਣ ਬਾਰੇ ਵੀ ਉਨ੍ਹਾਂ ਅਜਿਹਾ ਹੀ ਭੰਬਲਭੂਸਾ ਬਣਾਈ ਰੱਖਿਆ ਸੀ।

ਸਿੱਖ ਸਿਆਸਤ ਪੱਖੋਂ ਅਹਿਮ ਮੰਨੇ ਜਾਂਦੇ ਇਸ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ ਚੋਣ ਆਉਂਦੀ 14 ਮਾਰਚ ਨੂੰ ਹੋ ਰਹੀ ਹੈ। ਕੋਰਟ ਦੇ ਹੁਕਮਾਂ ਮੁਤਾਬਕ ਹਰ ਦੋ ਸਾਲ ਬਾਅਦ ਸੰਗਤ ਵੋਟਾਂ ਦੁਆਰਾ ਆਪਣੇ ਪ੍ਰਬੰਧਕ ਚੁਣਦੀ ਹੈ। ਲੰਘੇ ਐਤਵਾਰ ਸੁਪਰੀਮ ਕੌਂਸਲ ਲਈ ਚੋਣ ਲੜ ਰਹੇ 14 ਉਮੀਦਵਾਰ ਸੰਗਤਾਂ ਦੇ ਰੂ-ਬ-ਰੂ ਹੋਏ। ਇਸ ਵਾਰ ਮੁੱਖ ਤੌਰ 'ਤੇ ਮੁਕਾਬਲਾ ਦੋ ਸਲੇਟਾਂ ਪੰਥਕ ਸਲੇਟ ਅਤੇ ਸਾਧ ਸੰਗਤ ਸਲੇਟ ਵਿਚਕਾਰ ਹੈ ਅਤੇ ਇਸ ਤੋਂ ਇਲਾਵਾ ਚਾਰ ਆਜ਼ਾਦ ਉਮੀਦਵਾਰ ਵੀ ਆਪਣੀ ਕਿਸਮਤ ਅਜ਼ਮਾ ਰਹੇ ਹਨ। ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖਸ਼ ਕੌਰ ਕਾਹਲੋਂ ਨੇ ਉਮੀਦਵਾਰ ਨੂੰ ਸੰਗਤਾਂ ਦੇ ਰੂਬਰੂ ਕਰਦਿਆਂ, ਹਰ ਉਮੀਦਵਾਰ ਨੂੰ ਪੰਜ-ਪੰਜ ਮਿੰਟ ਦਾ ਸਮਾਂ ਦਿੱਤਾ।

ਸਭ ਤੋਂ ਪਹਿਲਾਂ ਬੋਲਦਿਆਂ ਆਜ਼ਾਦ ਉਮੀਦਵਾਰ ਭਾਈ ਅਵਤਾਰ ਸਿੰਘ ਮਿਸ਼ਨਰੀ ਨੇ ਸੰਗਤ ਨੂੰ ਭਰੋਸਾ ਦਿੱਤਾ ਕਿ ਉਹ ਧੜੇਬੰਦੀ ਤੋਂ ਉੱਪਰ ਉੱਠ ਕੇ ਅਕਾਲ ਤਖ਼ਤ ਦੀ ਮਰਿਯਾਦਾ ਨੂੰ ਕਾਇਮ ਰੱਖਦਿਆਂ ਵਧ ਰਹੇ ਡੇਰਾਵਾਦ ਨੂੰ ਠੱਲ ਪਾਉਣ, ਬ੍ਰਾਹਮਣੀ ਕਰਮ ਕਾਂਡਾਂ ਨੂੰ ਛੱਡਦਿਆਂ ਨਿਰੋਲ ਗੁਰਮਤਿ ਸਿਧਾਂਤ ਦੇ ਪ੍ਰਚਾਰ ਲਈ ਯਤਨ ਕਰਨਗੇ। ਦੋ ਵਾਰ ਸੁਪਰੀਮ ਕੌਂਸਲ ਦਾ ਮੈਂਬਰ ਰਹਿ ਚੁਕੇ ਦੂਸਰੇ ਉਮੀਦਵਾਰ ਭਾਈ ਦਵਿੰਦਰ ਸਿੰਘ ਚਾਨਾ ਨੇ ਦੱਸਿਆ ਕਿ ਉਹ ਪਿਛਲੇ 30 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਰਹਿ ਰਹੇ ਹਨ ਅਤੇ ਇਕ ਕੰਨਟਰੈਕਟਰ ਦੇ ਤੌਰ 'ਤੇ ਕੰਮ ਕਰਦੇ ਹਨ। ਸਮੇਂ-ਸਮੇਂ ਤੇ ਗੁਰਦੁਆਰਾ ਸਾਹਿਬ 'ਚ ਸੇਵਾਵਾਂ ਨਿਭਾਉਂਦੇ ਆ ਰਹੇ ਹਨ। ਭਾਈ ਚਾਨਾ ਤੋਂ ਬਾਅਦ ਪੰਥਕ ਸਲੇਟ ਦੇ ਉਮੀਦਵਾਰ ਭਾਈ ਗੁਰਚਰਨ ਸਿੰਘ ਮਾਨ ਨੇ ਆਖਿਆ ਕਿ ਉਹ ਪਹਿਲਾਂ ਤੋਂ ਪ੍ਰਬੰਧਕ ਕਮੇਟੀ ਅਤੇ ਸੁਪਰੀਮ ਕੌਂਸਲ 'ਚ ਸੇਵਾ ਨਿਭਾ ਚੁੱਕੇ ਹਨ। ਮੌਜੂਦਾ ਪ੍ਰਬੰਧਕਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਇਨ੍ਹਾਂ ਦੀ ਬਦੌਲਤ ਖਾਲਸਾ ਸਕੂਲ ਦਾ ਇੰਨਾ

## ਗੁਰਦੁਆਰਾ ਫਰੀਮਾਂਟ ਚੋਣ: ਰੂ-ਬਰੂ ਪ੍ਰੋਗਰਾਮ ਵੇਲੇ ਕਸ਼ੀਦਗੀ

ਨੁਕਸਾਨ ਹੋਇਆ ਹੈ ਕਿ ਸਕੂਲ ਦੇ 300 ਬੱਚਿਆਂ ਵਿਚੋਂ ਇਸ ਸਮੇਂ ਅੱਧਿਆਂ ਤੋਂ ਵੀ ਘੱਟ ਰਹਿ ਗਏ ਹਨ। ਮੌਜੂਦਾ ਪ੍ਰਬੰਧਕਾਂ ਨੇ ਲੰਗਰ ਹਾਲ ਦੀ ਦੂਹਰੀ ਛੱਤ ਲਈ ਪਿਛਲੇ ਪ੍ਰਬੰਧਕਾਂ ਵਲੋਂ ਬੜੀ ਮਿਹਨਤ ਨਾਲ ਲਿਆ ਗਿਆ ਪਰਮਿਟ ਜਾਣ ਬੁੱਝ ਕੇ ਐਕਸਪਾਇਰ ਹੋਣ ਦਿੱਤਾ। ਹਿਸਾਬ ਕਿਤਾਬ ਦੇ ਸਿਸਟਮ ਨੂੰ ਬੁਰੀ ਤਰ੍ਹਾਂ ਤੋੜਿਆ, ਗੁਰਦੁਆਰੇ ਦੇ ਖਾਤੇ ਵਿਚ ਕਿੰਨੇ ਪੈਸੇ ਹਨ, ਸੰਗਤ ਨੂੰ ਕਦੇ ਨਹੀਂ ਦੱਸਿਆ ਗਿਆ।

ਗੁਰੂ ਘਰ ਦੇ ਸਾਬਕਾ ਪ੍ਰਧਾਨ ਅਤੇ ਪੰਥਕ ਸਲੇਟ ਦੇ ਆਗੂ ਭਾਈ ਗੁਰਮੀਤ ਸਿੰਘ ਖਾਲਸਾ ਨੇ ਸੰਗਤਾਂ ਦੇ ਰੂਬਰੂ ਹੁੰਦਿਆਂ ਬਾਦਲੀਲ ਢੰਗ ਨਾਲ ਦੱਸਿਆ ਕਿ ਅਗਰ ਮੌਜੂਦਾ ਪ੍ਰਬੰਧਕ ਇਮਾਨਦਾਰੀ ਨਾਲ ਕੌਮੀ ਭਾਵਨਾ ਨੂੰ ਮੁੱਖ ਰਖਕੇ ਕੰਮ ਕਰਦੇ ਤਾਂ ਕਮਿਊਨਿਟੀ ਦੇ ਬਹੁਤ ਸਾਰੇ ਮਸਲੇ ਹੱਲ ਕੀਤੇ ਜਾ ਸਕਦੇ ਸਨ ਜਿਵੇਂ ਕਿ ਪਾਰਕਿੰਗ ਦੀ ਸਮੱਸਿਆ ਹੱਲ ਕਰਨ ਲਈ 100 ਏਕੜ ਜ਼ਮੀਨ ਨੂੰ ਸਹੀ ਢੰਗ ਨਾਲ ਵਰਤੋਂ ਵਿਚ ਲਿਆਂਦਾ ਜਾ ਸਕਦਾ ਸੀ। ਭਾਈ ਖਾਲਸਾ ਨੇ ਸੰਗਤ ਨਾਲ ਵਾਅਦਾ ਕੀਤਾ ਕਿ ਅਗਰ ਉਹ ਪ੍ਰਬੰਧ 'ਚ ਆਉਂਦੇ ਹਨ ਤਾਂ ਬੱਚਿਆਂ ਦੇ ਉੱਜਲ ਭਵਿੱਖ ਲਈ ਚੰਗੇਰੀ ਵਿੱਦਿਆ ਦੇਣ ਦਾ ਯਤਨ ਕਰਨਗੇ, ਪਾਰਕਿੰਗ ਦਾ ਯੋਗ ਪ੍ਰਬੰਧ ਅਤੇ ਡੇ-ਕੇਅਰ ਸਕੂਲ ਸ਼ੁਰੂ ਕਰਨ ਦਾ ਯਤਨ ਕਰਨਗੇ। ਮੌਜੂਦਾ ਪ੍ਰਬੰਧਕਾਂ ਉਤੇ ਚੋਣ ਪ੍ਰਣਾਲੀ ਨੂੰ ਆਪਣੇ ਹਿੱਤਾਂ ਅਤੇ ਹੱਕ ਵਿਚ ਭੁਗਤਾਉਣ ਦਾ ਦੋਸ਼ ਲਾਉਂਦਿਆਂ ਉਨ੍ਹਾਂ ਕਿਹਾ ਕਿ ਪ੍ਰਬੰਧਕੀ ਢਾਂਚੇ 'ਚ ਆਈਆਂ ਕਮੀਆਂ ਨੂੰ ਦੂਰ ਕਰਨਗੇ ਤਾਂ ਜੋ ਭਵਿੱਖ ਵਿਚ ਅਜਿਹੀ ਸੰਭਾਵਨਾ ਪੈਦਾ ਨਾ ਹੋਵੇ। ਭਾਈ ਖਾਲਸਾ ਨੇ 100 ਏਕੜ ਜ਼ਮੀਨ ਬਾਰੇ ਸੰਗਤ ਨੂੰ ਵਿਸ਼ਵਾਸ ਦਿਵਾਇਆ ਕਿ ਅਗਰ ਉਹ ਜ਼ਮੀਨ ਫਜ਼ੂਲ ਸਾਬਤ ਹੋਈ ਤਾਂ ਉਹ ਸੰਗਤਾਂ ਨਾਲ ਵਾਅਦਾ ਕਰਦੇ ਹਨ ਕਿ ਇੱਕ ਲੱਖ ਡਾਲਰ ਵੱਧ ਦੇ ਕੇ ਜ਼ਮੀਨ ਨੂੰ ਖਰੀਦਣਗੇ, ਤਾਂ ਕਿ ਗੁਰਦੁਆਰਾ ਸਾਹਿਬ ਨੂੰ ਕੋਈ ਨੁਕਸਾਨ ਨਾ ਪਹੁੰਚੇ।

ਪੰਥਕ ਸਲੇਟ ਦੇ ਹੀ ਇਕ ਹੋਰ ਉਮੀਦਵਾਰ ਭਾਈ ਗੁਰਮੇਲ ਸਿੰਘ ਖਾਲਸਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਸਾਨੂੰ ਸਤਿਗੁਰਾਂ ਦਾ ਹੁਕਮ ਮੰਨਦਿਆਂ ਹਊਮੈ ਨੂੰ ਤਿਆਗ ਕੇ ਗੁਰੂ ਆਸ਼ੇ ਅਨੁਸਾਰ ਬਾਣੀ ਤੇ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਹੈ, ਕੁਰਹਿਤਾਂ ਤੋਂ ਬਚਣਾ ਚਾਹੀਦਾ ਹੈ। ਸਾਧ ਸੰਗਤ ਸਲੇਟ ਦੇ ਉਮੀਦਵਾਰ ਭਾਈ ਗੁਰਪਾਲ ਸਿੰਘ ਹੰਸਰਾ ਨੇ ਆਪਣਾ ਸਾਰਾ ਜ਼ੋਰ ਕਬੱਡੀ ਨੂੰ ਆਪਣਾ ਏਜੰਡਾ ਬਣਾਉਣ 'ਤੇ ਲਾਉਂਦਿਆਂ ਆਖਿਆ ਕਿ ਉਨ੍ਹਾਂ ਨੇ ਕਬੱਡੀ ਖੇਡ ਨੂੰ ਪ੍ਰਫੁਲਿਤ ਕਰਨ ਲਈ ਸਿੱਖ ਨੌਜਵਾਨਾਂ ਦੀ ਕਬੱਡੀ ਟੀਮ ਬਣਾਈ ਹੋਈ ਹੈ। ਉਨ੍ਹਾਂ ਦਾ ਪ੍ਰਬੰਧ 'ਚ ਆਉਣ ਦਾ ਮਕਸਦ ਕਬੱਡੀ ਨੂੰ ਪ੍ਰਮੋਟ ਕਰਨਾ ਹੈ।

ਇਸੇ ਸਮੇਂ ਦੌਰਾਨ ਸਟੇਜ ਤੋਂ ਮੌਜੂਦਾ ਪ੍ਰਬੰਧਕਾਂ ਨੇ ਬੋਲਣ ਸਮੇਂ ਪ੍ਰੋਜੈਕਟਰ ਤੇ ਸਲਾਈਡ ਸ਼ੋਅ ਦਿਖਾਉਣੇ ਸ਼ੁਰੂ ਕੀਤੇ, ਜਿਸ ਦਾ ਬਾਕੀ ਵਿਰੋਧੀ ਧਿਰ ਨੇ ਇਸ ਬਿਨਾ 'ਤੇ ਵਿਰੋਧ ਕੀਤਾ ਕਿ ਇਹ ਸਿਰਫ ਇਕ ਧਿਰ ਯਾਨਿ ਪ੍ਰਬੰਧਕਾਂ ਨੂੰ ਪ੍ਰਮੋਟ ਕਰਨ ਦੀ ਕੋਸ਼ਿਸ਼ ਹੈ। ਮੌਜੂਦਾ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਆਖਿਆ ਸੁਪਰੀਮ ਕੌਂਸਲ ਦੀ ਮੀਟਿੰਗ 'ਚ ਇਹ ਕਦੇ ਨਹੀਂ ਤੈਅ ਹੋਇਆ ਕਿ ਉਮੀਦਵਾਰ ਪ੍ਰਾਜੈਕਟਰ ਉੱਪਰ ਆਪਣੇ ਬਾਰੇ ਕੁਝ ਦਿਖਾ ਸਕਦੇ ਹਨ। ਉਨ੍ਹਾਂ ਦੋਸ਼ ਲਾਇਆ ਕਿ ਕਮੇਟੀ ਪ੍ਰਬੰਧਕਾਂ ਨੇ ਹਮੇਸ਼ਾ ਸੁਪਰੀਮ ਕੌਂਸਲ ਨੂੰ ਅਣਗੌਲਿਆਂ ਕੀਤਾ ਹੈ। ਸਲਾਈਡ ਸ਼ੋਅ ਦਿਖਾਏ ਜਾਣ ਬਾਰੇ ਚੋਣਾਂ ਦੀ ਇੰਚਾਰਜ ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਕੋਲ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਸੀ।

ਇਸਤੋਂ ਬਾਅਦ ਸਾਧ ਸੰਗਤ ਸਲੇਟ ਦੇ ਉਮੀਦਵਾਰ ਅਤੇ ਇਸ ਸਮੇਂ ਗੁਰੂ ਘਰ ਦੇ ਪ੍ਰਧਾਨ ਭਾਈ ਹਰਜੋਤ ਸਿੰਘ ਖਾਲਸਾ ਨੇ ਆਖਿਆ ਕਿ ਉਨ੍ਹਾਂ ਦਾ ਕੰਮ ਹੈ ਆਪ ਨਾਮ ਜਪਣਾ ਅਤੇ ਹੋਰਨਾਂ ਨੂੰ ਜਪਾਉਣਾ, ਇਸੇ ਮਕਸਦ ਲਈ ਉਨ੍ਹਾਂ ਨੇ ਵੱਧ ਤੋਂ ਵੱਧ ਪਾਠ ਕਰਾਏ, ਫੰਡ ਰੇਜ਼ ਕੀਤੇ, 20,000 ਡਾਲਰ ਦੇ ਸਕਾਲਰਸ਼ਿਪ ਸ਼ੁਰੂ ਕਰਨੇ ਹਨ ਪਹਿਲੀ ਵਾਰ ਸੈਟ ਦੀ ਕਲਾਸਾਂ ਸ਼ੁਰੂ ਕੀਤੀਆਂ। ਦਸੰਬਰ ਤੱਕ ਇਕ ਲੱਖ ਡਾਲਰ ਜਮਾ ਕੀਤਾ। ਸੋਲਰ ਪ੍ਰੋਜੈਕਟ ਲਾਇਆ ਜਾਵੇਗਾ। ਲੰਮੇ ਸਮੇਂ ਤੋਂ ਗੁਰਦੁਆਰਾ ਪ੍ਰਬੰਧ ਨਾਲ ਜੁੜੇ ਅਤੇ ਇਸ ਸਮੇਂ ਸੁਪਰੀਮ ਕੌਂਸਲ ਮੈਂਬਰ ਸਾਧ ਸੰਗਤ ਸਲੇਟ ਦੇ ਉਮੀਦਵਾਰ ਭਾਈ ਜਸਵਿੰਦਰ ਸਿੰਘ ਜੰਡੀ ਨੇ ਆਖਿਆ ਕਿ ਉਹ ਕਈ ਵਾਰ ਗੁਰਦੁਆਰਾ ਸਾਹਿਬ 'ਚ ਸੇਵਾ ਨਿਭਾ ਚੁੱਕੇ ਹਨ ਅਤੇ ਗੁਰੂ ਘਰ ਦੇ ਵੱਡੇ-ਵੱਡੇ ਪ੍ਰੋਜੈਕਟ ਉਨ੍ਹਾ ਦੇ ਹਿੱਸੇ ਹੀ ਆਏ ਹਨ। ਉਨ੍ਹਾਂ ਦੀ ਪ੍ਰਧਾਨਗੀ ਦੌਰਾਨ ਦਰਬਾਰ ਹਾਲ ਬਣਿਆ, ਬੱਚਿਆਂ ਲਈ ਖੇਡ ਗਰਾਉਂਡ ਅਤੇ ਬਜ਼ੁਰਗਾਂ ਲਈ ਢੋਅ ਵਾਲੇ ਬੈਂਚ ਬਣਾਏ ਗਏ। ਇਸ ਤੋਂ ਬਿਨਾ ਬੀਬੀ ਗੁਰਬਖਸ਼ ਕੌਰ ਕਾਹਲੋਂ ਨੂੰ ਸੁਪਰੀਮ ਕੌਂਸਲ 'ਚ ਦਰਜਾ ਦਿੱਤਾ। ਉਨ੍ਹਾਂ ਆਖਿਆ ਕਿ ਸਾਡੇ 'ਤੇ ਡਰੱਗ ਵੇਚਣ ਦੇ ਇਲਜ਼ਾਮ ਲਗਦੇ ਹਨ, ਜੇ ਅਸੀਂ ਡਰਗ ਵੇਚਦੇ ਹੁੰਦੇ ਤਾਂ ਸਾਨੂੰ ਟਰਕਿੰਗ ਕੰਪਨੀ ਲਈ ਕੰਟਰੈਕਟ ਨਾ ਮਿਲਦੇ। ਸਾਨੂੰ ਫਿਰ ਸੇਵਾ ਦਾ ਮੌਕਾ ਦਿਓ।

ਆਜ਼ਾਦ ਉਮੀਦਵਾਰ ਭਾਈ ਜੁਗਰਾਜ ਸਿੰਘ ਧਾਲੀਵਾਲ ਨੇ ਗੁਰਬਾਣੀ ਪੜ੍ਹਨ-ਸਮਝਣ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਉਨ੍ਹਾਂ ਨੇ 13 ਲੇਖਾਂ ਦਾ ਸਿਲੇਬਸ ਬਣਾਇਆ ਹੈ ਜੋ ਗੁਰੂ ਮਹਾਰਾਜ ਅੱਗੇ ਰੱਖ ਦੇਣਾ ਹੈ, ਜਿਹੜੇ ਵੀ ਪ੍ਰਬੰਧਕ ਆਉਣ ਉਹ ਪੜ੍ਹ ਲੈਣ ਅਤੇ ਪੜ੍ਹਾ ਲੈਣ। ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਬੰਧਕਾਂ ਦੀ ਕਾਰਜ ਸ਼ੈਲੀ ਗੁਰਸਿੱਖਾਂ ਵਾਲੀ ਨਹੀਂ ਹੈ। ਸੱਚੇ ਪ੍ਰਚਾਰਕਾਂ ਤੋਂ ਡਰਦੇ ਹਨ। 100 ਏਕੜ ਜ਼ਮੀਨ ਦਾ ਇਨ੍ਹਾਂ ਕੁਝ ਨਹੀਂ ਕੀਤਾ, ਜੋ ਵੀ ਇਨ੍ਹਾਂ ਨੂੰ ਲਿਖ ਦਿਓ ਇਹ ਰੱਦੀ ਦੀ ਟੋਕਰੀ 'ਚ ਸੁੱਟ ਦਿੰਦੇ ਹਨ। ਆਜ਼ਾਦ ਉਮੀਦਵਾਰ ਮਹਿੰਦਰ ਸਿੰਘ ਔਲਖ ਨੇ ਆਖਿਆ ਕਿ ਉਨ੍ਹਾਂ ਦਾ ਚੋਣ ਲੜਨ ਦਾ ਮਕਸਦ ਇਹ ਹੈ ਕਿ ਉਨ੍ਹਾਂ ਨੇ ਪਿਛਲੇ ਸਮੇਂ ਬੜੀਆਂ ਕੁਰੀਤੀਆਂ ਦੇਖੀਆਂ ਹਨ। ਸੱਚ ਦਾ ਗਲਾ ਘੁੱਟਿਆ ਜਾਂਦਾ ਹੈ। ਧੜੇਬੰਦੀ ਨੂੰ ਖਤਮ ਕਰਨਾ ਹੈ। ਮੇਰੇ ਨਾਲ ਜੋ ਬੀਤੀਆਂ ਹਨ ਉਹ ਸਟੇਜ 'ਤੇ ਨਹੀਂ ਕਹਿ ਸਕਦਾ। ਬੀਬੀ ਹਰਸਿਮਰਤ ਕੌਰ ਨੇ ਆਖਿਆ ਕਿ ਉਹ ਸਭ ਨੂੰ ਪਿਆਰ ਕਰਦੀ ਹੈ, ਕਿਸੇ ਵੀ ਪਾਰਟੀ ਨਾਲ ਸੰਬੰਧਤ ਨਹੀਂ ਹੈ।

ਸਾਧ ਸੰਗਤ ਸਲੇਟ ਦੇ ਇਕ ਹੋਰ ਉਮੀਦਵਾਰ ਭਾਈ ਨਿਰਮਲ ਸਿੰਘ ਖਾਲਸਾ ਨੇ ਆਖਿਆ ਕਿ ਲੰਗਰ ਨੂੰ ਤਾਲੇ ਨਹੀਂ ਲੱਗਣੇ ਚਾਹੀਦੇ। ਜੇਕਰ ਕੋਈ ਇਕ ਬੋਰਾ ਜਾਂ ਗੈਲਨ ਘਰ ਨੂੰ ਲੈ ਜਾਂਦਾ ਹੈ ਤਾਂ ਉਹਦੀ ਮਜ਼ਬੂਰੀ ਹੋ ਸਕਦੀ ਹੈ। ਉਪਰੰਤ ਪੰਥਕ ਸਲੇਟ ਦੇ ਉਮੀਦਵਾਰ ਭਾਈ ਤਾਰਾ ਸਿੰਘ ਗਿੱਲ ਨੇ ਮੌਜੂਦਾ ਪ੍ਰਬੰਧਕਾਂ ਦੇ ਦਾਅਵਿਆਂ ਦਾ ਜ਼ਿਕਰ ਕਰਦਿਆਂ ਆਖਿਆ ਕਿ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਕਿਸੇ ਨੂੰ ਝੂਠ ਨਹੀਂ ਬੋਲਣਾ ਚਾਹੀਦਾ ਜਿਵੇਂ ਕਿ ਹੁਣੇ ਪ੍ਰਧਾਨ ਹਰਜੋਤ ਸਿੰਘ ਖਾਲਸਾ ਨੇ ਬੋਲਿਆ ਹੈ ਕਿ ਸੈਟ ਦੀਆਂ ਕਲਾਸਾਂ ਪਹਿਲੀ ਵਾਰੀ ਲੱਗੀਆਂ ਹਨ। ਇਹ ਪਹਿਲਾਂ ਵੀ ਲੱਗਦੀਆਂ ਰਹੀਆਂ ਹਨ। ਕੈਨਪੀ ਸੰਗਤ ਦੀ ਸਹੂਲਤ ਲਈ ਬਣਾਈ ਗਈ ਸੀ ਨਾ ਕਿ ਸੰਗਤ ਤੋਂ ਵਿਆਹ ਸ਼ਾਦੀਆਂ ਮੌਕੇ 1100 ਡਾਲਰ ਵਸੂਲ ਕਰਨ ਲਈ ਜਿਵੇਂ ਕਿ ਮੌਜੂਦਾ ਪ੍ਰਬੰਧਕ ਵਸੂਲ ਕਰਦੇ ਹਨ। ਜਿਹੜਾ ਕਿ ਸਰਾਸਰ ਗਲਤ ਹੈ। ਉਨ੍ਹਾਂ ਜਾਨਣਾ ਚਾਹਿਆ ਕਿ ਇਸ ਕਮੇਟੀ ਨੇ ਗੋਲਕ ਚੋਰੀ ਕਰਦਿਆਂ ਦੋ ਚੋਰ ਫੜੇ ਸਨ, ਪ੍ਰੰਤੂ ਉਨ੍ਹਾਂ ਚੋਰਾਂ ਨੂੰ ਸੰਗਤ ਦੇ ਸਾਹਮਣੇ ਕਿਉਂ ਨਹੀਂ ਪੇਸ਼ ਕੀਤਾ ਗਿਆ। ਇਨ੍ਹਾਂ ਪ੍ਰਬੰਧਕਾਂ ਨੇ ਇਕ ਵੀ ਨਵਾਂ ਪਰਮਿਟ ਨਹੀਂ ਲਿਆ। ਸਰਾਸਰ ਝੂਠ ਬੋਲੀ ਜਾ ਰਹੇ ਹਨ। ਅੰਤ 'ਚ ਪੰਥਕ ਸਲੇਟ ਦੇ ਉਮੀਦਵਾਰ ਭਾਈ ਤਰਸੇਮ ਸਿੰਘ ਨੇ ਸੰਗਤ ਨੂੰ ਸੰਬੋਧਨ ਹੁੰਦਿਆਂ ਬੇਨਤੀ ਕੀਤੀ ਕਿ ਉਹ ਹਮੇਸ਼ਾ ਹੀ ਬਿਨਾਂ ਕਿਸੇ ਧੜੇਬੰਦੀ ਤੋਂ ਸੰਗਤ ਅਤੇ ਗੁਰੂਘਰ ਦੀ ਸੇਵਾ ਕਰਦੇ ਰਹੇ ਹਨ ਅਤੇ ਅਗਾਂਹ ਤੋਂ ਵੀ ਕਰਦੇ ਰਹਿਣਗੇ।

# ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਦੀ ਕਾਣੀ ਵੰਡ...

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਫਰੀਮਾਂਟ ਦੀ ਮੈਂਬਰਸ਼ਿਪ ਸੂਚੀ ਬਣਨ ਦੇ ਮੁੱਢ ਤੋਂ ਹੀ ਚੋਣ ਪ੍ਰਬੰਧ ਲਗਾਤਾਰ ਕਿੰਤੂਆਂ-ਪ੍ਰੰਤੂਆਂ ਦਾ ਸ਼ਿਕਾਰ ਹੋ ਰਿਹਾ ਹੈ ਜਿਸ ਦਾ ਸਿਖਰ ਲੰਘੇ ਐਤਵਾਰ ਨੂੰ ਵੇਖਿਆ ਗਿਆ ਜਦੋਂ ਚੋਣ ਪ੍ਰਬੰਧਾਂ ਦੀ ਇੰਚਾਰਜ ਅਤੇ ਸੁਪਰੀਮ ਕੌਂਸਲ ਮੈਂਬਰ ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਨੇ ਮੌਜੂਦਾ ਪ੍ਰਬੰਧਕਾਂ ਦੀ ਸਾਧ ਸੰਗਤ ਸਲੇਟ ਨੂੰ ਲਾਹਾ ਦੇਣ ਲਈ ਉਮੀਦਵਾਰਾਂ ਦੇ ਸੰਗਤ ਸਨਮੁਖ ਹੋਣ ਸਮੇਂ ਸਲਾਈਡਾਂ ਦੀ ਮਦਦ ਲੈਣ ਦੀ ਸਹੂਲਤ ਦਿੱਤੀ, ਜਦੋਂਕਿ ਬਾਕੀ ਉਮੀਦਵਾਰਾਂ ਨੂੰ ਇਸ ਦਾ ਧੂੰਆਂ ਤੱਕ ਨਾ ਕੱਢਿਆ। ਬੀਬੀ ਦੀ ਇਸ ਕਾਣੀ ਵੰਡ ਕਰਕੇ ਚੋਣਾਂ ਲੜ ਰਹੀਆਂ ਧਿਰਾਂ ਵਿਚਾਲੇ ਕਾਫੀ ਕੁੜਿਤਣ ਵਾਲਾ ਮਾਹੌਲ ਪੈਦਾ ਹੋ ਗਿਆ।

ਜਦੋਂ ਮੌਜੂਦਾ ਪ੍ਰਬੰਧਕਾਂ ਦੇ ਉਮੀਦਵਾਰਾਂ ਵਲੋਂ ਆਪਣੀਆਂ ਪ੍ਰਾਪਤੀਆਂ ਦਾ ਵਿਖਿਆਨ ਕਰਨ ਲਈ ਸਲਾਈਡਾਂ ਦੀ ਵਰਤੋਂ ਕੀਤੀ ਜਾਣ ਲੱਗੀ ਤਾਂ ਉਸ ਸਮੇਂ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਇਤਰਾਜ਼ ਉਠਾਇਆ ਕਿ ਸੁਪਰੀਮ ਕੌਂਸਲ ਦੀ ਚੋਣਾਂ ਸਬੰਧੀ ਉਮੀਦਵਾਰਾਂ ਨਾਲ ਹੋਈ 26 ਫਰਵਰੀ ਦੀ ਮੀਟਿੰਗ ਵਿਚ ਅਜਿਹੀ ਕਿਸੇ ਵਿਵਸਥਾ ਦੀ ਗੱਲ ਨਹੀਂ ਸੀ ਹੋਈ। ਪਰ ਬੀਬੀ ਜੀ ਕਹਿ ਰਹੇ ਸਨ ਕਿ ਮੈਂ ਹਰ ਉਮੀਦਵਾਰ ਨੂੰ ਈ-ਮੇਲ ਭੇਜੀ ਹੈ। ਭਾਈ ਰਾਮ ਸਿੰਘ ਦਾ ਇਤਰਾਜ਼ ਸੀ ਕਿ ਜਦੋਂ ਮੀਟਿੰਗ ਵਿਚ ਇਹ ਮਾਮਲਾ ਵਿਚਾਰਿਆ ਹੀ ਨਹੀਂ ਗਿਆ ਤਾਂ ਉਸ ਨੂੰ ਨਿਯਮ ਬਣਾ ਕੇ ਈ-ਮੇਲ ਰਾਹੀਂ ਉਮੀਦਵਾਰਾਂ ਨੂੰ ਭੇਜਣਾ ਸਰਾਸਰ ਧੋਖਾ ਹੈ। ਬਹੁਤੇ ਉਮੀਦਵਾਰ ਕਹਿ ਰਹੇ ਸਨ ਕਿ ਉਨ੍ਹਾਂ ਨੂੰ ਕਿਸੇ ਈ-ਮੇਲ ਦਾ ਕੋਈ ਪਤਾ ਨਹੀਂ।

ਇਸ ਬੀਬੀ ਜੀ ਦੀ ਕਾਣੀ ਵੰਡ ਕਿਤੇ ਰੁਕਣ ਦਾ ਨਾਂ ਹੀ ਨਹੀਂ ਲੈ ਰਹੀ। ਸੁਪਰੀਮ ਕੌਂਸਲ ਲਈ ਪੰਥਕ ਸਲੇਟ ਦੇ ਉਮੀਦਵਾਰ ਭਾਈ ਤਰਸੇਮ ਸਿੰਘ ਜੋ ਕਿ ਅਕਸਰ ਗੁਰੂ ਘਰ ਦੀ ਸੰਗਤ ਦੀ ਬੱਸਾਂ ਨਾਲ ਨਿਸ਼ਕਾਮ ਸੇਵਾ ਕਰਦੇ ਹਨ, ਨੇ ਬੀਬੀ ਜੀ ਨੂੰ ਬੇਨਤੀ ਕੀਤੀ ਕਿ ਬੈਲਟ ਪੇਪਰ ਉਪਰ ਉਨ੍ਹਾਂ ਦੇ ਨਾਂ ਨਾਲ ਬੱਸਾਂ ਵਾਲੇ ਲਿਖਿਆ ਜਾਵੇ ਪਰ ਬੀਬੀ ਜੀ ਦਾ ਇਤਰਾਜ਼ ਸੀ ਕਿ ਸਿਰਫ ਲੀਗਲ ਨਾਂ ਹੀ ਛਪ ਸਕਦਾ ਹੈ ਅਤੇ ਭਾਈ ਤਰਸੇਮ ਸਿੰਘ ਹੋਰਾਂ ਦੇ ਲੀਗਲ ਨਾਂ ਨਾਲ ਇਹ ਸ਼ਬਦ ਨਹੀਂ ਹਨ। ਇਸ ਉਤੇ ਭਾਈ ਤਰਸੇਮ ਸਿੰਘ ਨੇ ਇਤਰਾਜ਼ ਕੀਤਾ ਕਿ ਫਿਰ ਤਾਂ ਜਸਵਿੰਦਰ ਸਿੰਘ ਜੰਡੀ ਦੇ ਨਾਂ ਨਾਲ ਬੈਲਟ ਪੇਪਰ ਉਪਰ ਜੰਡੀ ਨਹੀਂ ਛਪਣਾ ਚਾਹੀਦਾ ਕਿਉਂਕਿ ਉਨ੍ਹਾਂ ਦਾ ਲੀਗਲ ਨਾਂ ਜਸਵਿੰਦਰ ਸਿੰਘ ਹੀ ਹੈ। ਬੀਬੀ ਜੀ ਉਸ ਸਮੇਂ ਤਾਂ ਹਾਂ ਕਰ ਗਏ ਪਰ ਜਦੋਂ ਬੈਲਟ ਪੇਪਰ ਦਾ ਨਮੂਨਾ ਸਾਹਮਣੇ ਆਇਆ ਤਾਂ ਜਸਵਿੰਦਰ ਸਿੰਘ ਦੇ ਨਾਂ ਨਾਲ ਜੰਡੀ ਲਿਖਿਆ ਹੋਇਆ ਸੀ ਪਰ ਤਰਸੇਮ ਸਿੰਘ ਦੇ ਨਾਂ ਨਾਲ ਬੱਸਾਂ ਵਾਲੇ ਨਹੀਂ, ਹੋਈ ਨਾ ਕਾਣੀ ਵੰਡ।

ਪ੍ਰਬੰਧਕਾਂ ਵਲੋਂ ਜਾਅਲੀ ਵੋਟਾਂ ਬਣਾਏ ਜਾਣ ਦਾ ਮਾਮਲਾ ਬੀਬੀ ਜੀ ਦੀ ਕਚਹਿਰੀ ਵਿਚ ਵਾਰ ਵਾਰ ਲੱਗਾ ਹੈ ਪਰ ਬੀਬੀ ਜੀ ਨੇ ਇਸ ਪਾਸੇ ਕਿਤੇ ਕੰਨ ਹੀ ਨਹੀਂ ਧਰਿਆ। ਉਲਟਾ ਕਹਿੰਦੇ ਰਹੇ, ਮੈਨੂੰ ਨਹੀਂ ਲੱਗਦਾ ਇਸ ਤਰ੍ਹਾਂ ਵੋਟਾਂ ਬਣਾਉਣ ਵਿਚ ਕੋਈ ਹਰਜ ਹੈ। ਹਰਜ ਕਿਵੇਂ ਹੁੰਦਾ? ਵੋਟਾਂ ਬੀਬੀ ਜੀ ਦੇ ਜੰਡੀ-ਚੇਲਾ ਧੜੇ ਨੇ ਜੋ ਬਣਾਈਆਂ ਹਨ। ਜੇ ਕਦੇ ਜਿਆਦਾ ਹੀ ਜ਼ੋਰ ਪਿਆ ਤਾਂ ਉਨ੍ਹਾਂ ਦਾ ਜਵਾਬ ਸੀ, ਤੁਸੀਂ ਵੀ ਇਸ ਤਰ੍ਹਾਂ ਬਣਾ ਲਓ, ਯਾਨਿ ਜੇ ਇਕ ਨੇ ਚੋਰੀ ਕੀਤੀ ਹੈ ਤਾਂ ਦੂਜਾ ਵੀ ਚੋਰੀ ਕਰਕੇ ਬਰਾਬਰੀ ਹਾਸਲ ਕਰ ਲਵੇ। ਕਿਆ ਤਰਕ ਹੈ! ਬੀਬੀ ਜੀ ਦੀ ਇਸ ਕਾਣੀ ਵੰਡ ਦੀ ਸਾਰ ਸੰਗਤ ਤਾਂ ਭਾਵੇਂ ਲੈ ਲਵੇ ਪਰ ਬੀਬੀ ਜੀ ਨੇ ਕਿਤੇ ਕੋਈ ਪੱਲਾ ਨਹੀਂ ਫੜਾਇਆ। ਹੁਣ ਤਾਂ ਹਰ ਇਕ ਨੂੰ ਸਮਝ ਆਉਣ ਲੱਗ ਪਈ ਹੈ ਕਿ ਚੋਣ ਕਾਣੀ ਵੰਡ ਨਾਲ ਹੀ ਸਿਰੇ ਲੱਗੇਗੀ।

# ਚੋਣਾਂ ਨਿਰਪੱਖ ਹੋਣ ਬਾਰੇ ਸ਼ੰਕਾ: ਭਾਈ ਰਾਮ ਸਿੰਘ

**ਫਰੀਮਾਂਟ:** ਗੁਰਦੁਆਰਾ ਫਰੀਮਾਂਟ ਦੇ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਇਸ ਗੱਲ ਤੇ ਸ਼ੰਕਾ ਜਾਹਰ ਕੀਤੀ ਹੈ ਕਿ 14 ਮਾਰਚ ਨੂੰ ਹੋ ਰਹੀਆਂ ਸੁਪਰੀਮ ਕੌਂਸਲ ਚੋਣਾਂ ਨਿਰਪੱਖ ਅਤੇ ਆਜਾਦ ਹੋ ਸਕਣਗੀਆਂ। ਪੰਜਾਬ ਟਾਈਮਜ ਨਾਲ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਮੌਜੂਦਾ ਪ੍ਰਬੰਧਕ ਉਨ੍ਹਾਂ ਵਲੋਂ ਵਾਰ-ਵਾਰ ਇਤਰਾਜ ਕੀਤੇ ਜਾਣ ਤੇ ਵੀ ਕਾਇਦੇ ਕਾਨੂੰਨ ਦੀ ਉਲੰਘਣਾ ਕਰ ਕੇ ਆਪਣੀ ਮਨ-ਮਰਜੀ ਕਰਦੇ ਚਲੇ ਆ ਰਹੇ ਹਨ।

ਭਾਈ ਰਾਮ ਸਿੰਘ ਨੇ ਆਖਿਆ ਕਿ 2008 ਵਿਚ ਹਰਜੋਤ ਸਿੰਘ ਦੀ ਪ੍ਰਧਾਨਗੀ ਵਿਚ ਬਣੀ ਨਵੀਂ ਪ੍ਰਬੰਧਕ ਕਮੇਟੀ ਨੇ ਪਹਿਲੀ ਕਮੇਟੀ ਵਲੋਂ ਆਰੰਭੇ ਪਾਰਦਰਸ਼ੀ ਪ੍ਰਬੰਧ ਨੂੰ ਬੰਦ ਕਰਕੇ ਆਪਣੀਆਂ ਮਨਮਰਜੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਕਿਸੇ ਵੀ ਮਹੱਤਵ ਪੂਰਨ ਫੈਸਲੇ ਵਿਚ ਸੁਪਰੀਮ ਕੌਂਸਲ ਦੀ ਸਲਾਹ ਨਹੀ ਲਈ ਗਈ। ਖਾਲਸਾ ਸਕੂਲ ਵਿਚ 10 ਸਾਲਾਂ ਤੋ ਵੱਧ ਮਿਹਨਤ ਨਾਲ ਬਣਾਏ ਅਤੇ ਸਫਲਤਾ ਨਾਲ ਚੱਲ ਰਹੇ ਸਿਲੇਬਸ ਨੂੰ ਬਿਨਾ ਕਿਸੇ ਪੁੱਛ ਪੜਤਾਲ ਦੇ ਬੰਦ ਕਰਕੇ ਆਪਣੀ ਮਰਜੀ ਨਾਲ ਹਰਜੋਤ ਸਿੰਘ ਨੇ 6900 ਡਾਲਰ ਨਾਲ "ਸੋਝੀ ਸਿਲੇਬਸ" ਖਰੀਦਿਆ ਜਿਸ ਵਿਚ ਮਰਿਆਦਾ ਦੇ ਉਲਟ ਬਹੁਤ ਸਾਰਾ ਊਲ-ਜਲੂਲ ਸੀ ਅਤੇ ਸੋਝੀ ਵਾਲੀ ਕੋਈ ਗੱਲ ਨਹੀਂ ਸੀ। ਜਿਵੇਂ ਕਿ ਇਹ ਕਹਿਣਾ ਕਿ ਗੁਰੂ ਗ੍ਰੰਥ ਨਹੀਂ ਪਰ ਗੁਰੂ ਪੰਥ ਹੈ।

ਭਾਈ ਰਾਮ ਸਿੰਘ ਨੇ ਹੋਰ ਕਿਹਾ ਕਿ ਜ਼ਮੀਨ ਦੇ ਪ੍ਰਬੰਧ ਲਈ ਬਣਾਈ ਕਮੇਟੀ ਵਿਚ ਡਾ. ਜਗਤਾਰ ਸਿੰਘ, ਜਸਜੀਤ ਸਿੰਘ ਚੇਲਾ ਅਤੇ ਦਵਿੰਦਰ ਸਿੰਘ ਚਾਨਾ ਸਨ ਜਿਨ੍ਹਾਂ ਨੇ ਸਿਟੀ ਨਾਲ ਮੀਟਿੰਗਾਂ ਕਰਕੇ ਮਾਮਲੇ ਨੂੰ ਸੰਵਾਰਨਾ ਸੀ ਪਰ ਇਸ ਦੇ ਉਲਟ ਮਾਮਲਾ ਹੋਰ ਵਿਗਾੜ ਦਿਤਾ। ਇਸ ਕਮੇਟੀ ਨੇ ਦੋ ਸਾਲਾਂ ਵਿਚ ਕੋਈ ਪਰਮਿਟ ਨਹੀਂ ਲਿਆ। ਹੁਣੇ ਹੁਣੇ ਕਮੇਟੀ ਵਲੋਂ ਪ੍ਰਚਾਰੇ ਜਾਂਦੇ ਸਿੱਖ ਵਿਦਿਆਰਥੀਆਂ ਲਈ ਵਜੀਫੇ ਸਬੰਧੀ ਵੀ ਸੁਪਰੀਮ ਕੌਂਸਲ ਨਾਲ ਕੋਈ ਸਲਾਹ ਮਸ਼ਵਰਾ ਨਹੀ ਕੀਤਾ ਗਿਆ।

ਆਪਣਾ ਕਬਜਾ ਜਾਰੀ ਰੱਖਣ ਦੀ ਨੀਅਤ ਨਾਲ ਸੁਪਰੀਮ ਕੌਂਸਲ ਦੀ ਮਿਲੀ ਭੁਗਤ ਨਾਲ ਹਰਜੋਤ ਸਿੰਘ ਨੇ ਜੂਨ, 2009 ਵਿਚ ਆਪਣੇ ਖਾਸ ਬੰਦਿਆ ਦੀ ਮੈਂਬਰਸ਼ਿਪ ਕਮੇਟੀ ਬਣਾਈ ਜਿਸ ਵਿਚ ਵਿਰੋਧੀ ਧਿਰ ਦਾ ਕੋਈ ਵੀ ਮੈਂਬਰ ਨਾ ਲਿਆ ਗਿਆ। ਜਦੋਂ ਉਨ੍ਹਾਂ ਸੁਪਰੀਮ ਕੌਂਸਲ ਵਿਚ ਸਖਤ ਇਤਰਾਜ ਉਠਾਏ ਕਿ ਨਵੀਂ ਸੁਪਰੀਮ ਕੌਂਸਲ ਦੀ ਚੋਣ ਸਬੰਧੀ ਸਾਰਾ ਕੰਮ ਸੁਪਰੀਮ ਕੌਂਸਲ ਦੀ ਦੇਖ ਰੇਖ ਵਿਚ ਹੋਣਾ ਚਾਹੀਦਾ ਹੈ ਕਿਉਂਕਿ ਸੁਪਰੀਮ ਕੌਂਸਲ ਹੀ ਸੰਗਤਾਂ ਨੂੰ ਜਵਾਬਦੇਹ ਹੈ ਨਾ ਕਿ ਕਮੇਟੀ। ਪਰ ਹਰਜੋਤ ਸਿੰਘ ਨੇ ਇਕ ਨਾ ਸੁਣੀ।

ਵਿਰੋਧੀ ਧਿਰ ਦੇ ਜ਼ੋਰ ਪਾਉਣ 'ਤੇ ਤਿੰਨ ਨੁਮਾਇੰਦੇ ਸ਼ਾਮਲ ਕੀਤੇ ਗਏ ਪਰ ਤੇਜਿੰਦਰ ਧਾਮੀ, ਗੁਰਮੇਲ ਸਿੰਘ ਧਾਲੀਵਾਲ ਅਤੇ ਸੁਪਰੀਮ ਕੌਂਸਲ ਨੇ ਇਨ੍ਹਾਂ ਨੁਮਾਇੰਦਿਆਂ ਦੀ ਇਕ ਨਾ ਸੁਣੀ। ਮੈਂਬਰਸ਼ਿਪ ਦੀ ਲਿਸਟ ਦੀ ਕੋਈ ਸੋਧ ਨਹੀਂ ਹੋਈ ਅਤੇ ਇਹ ਲਿਸਟ ਉਨ੍ਹਾਂ ਦੇ ਵਿਰੋਧ ਦੇ ਬਾਵਜੂਦ ਮਾਰਚ 14 ਨੂੰ ਹੋਣ ਵਾਲੀਆਂ ਚੋਣਾਂ ਕਰਵਾਉਣ ਵਾਲੀ ਕੰਪਨੀ ਟਰੂ ਬੈਲਟ ਨੂੰ ਭੇਜ ਦਿਤੀ ਗਈ ਹੈ। ਚੋਣਾਂ ਤਸਦੀਕ ਵੀ ਹਰਜੋਤ ਸਿੰਘ ਨੇ ਹੀ ਕੀਤੀਆਂ ਹਨ ਜਿਸ ਨੇ ਇਹ ਆਪਣੇ ਹੱਥ ਠੋਕਿਆਂ ਦੀ ਕਮੇਟੀ ਬਣਾਈ ਅਤੇ ਉਹ ਆਪ ਹੀ ਚੋਣ ਲੜ ਰਿਹਾ ਹੈ। ਭਾਈ ਰਾਮ ਸਿੰਘ ਨੇ ਹੋਰ ਕਿਹਾ ਕਿ ਸਭ ਕੁਝ ਸੁਪਰੀਮ ਕੌਂਸਲ ਦੇ ਬਾਕੀ ਮੈਂਬਰਾਂ ਦੀ ਸਹਿਮਤੀ ਨਾਲ ਹੀ ਹੋ ਰਿਹਾ ਹੈ। ਭਾਈ ਰਾਮ ਸਿੰਘ ਨੇ ਇਹ ਵੀ ਕਿਹਾ ਕਿ ਬੀਬੀ ਗੁਰਬਖਸ਼ ਕੌਰ ਕਾਹਲੋਂ ਵਾਰ ਵਾਰ ਇਹੀ ਕਹਿੰਦੇ ਹਨ ਕਿ ਬਾਈਲਾਜ ਵਿਚ ਵੋਟਾਂ ਬਣਾਉਣ ਬਾਰੇ ਕੁਝ ਵੀ ਦਰਜ ਨਹੀ ਹੈ ਜਦੋਂਕਿ ਸੁਪਰੀਮ ਕੌਂਸਲ ਦੇ ਵਕੀਲ ਮਾਰਕ ਕੋਹਨ ਨੇ ਵਾਰ ਵਾਰ ਖਬਰਦਾਰ ਕੀਤਾ ਕਿ ਜੱਜ ਦੇ ਫੈਸਲੇ ਮੁਤਾਬਿਕ ਮੌਜੂਦਾ ਸੁਪਰੀਮ ਕੌਂਸਲ ਨਿਰਪੱਖ ਅਤੇ ਸਹੀ ਚੋਣ ਕਰਾਉਣ ਲਈ ਵਚਨਬੱਧ ਹੈ ਅਤੇ ਮੈਂਬਰਸ਼ਿਪ ਦਾ ਤਰੀਕਾ ਉਹੀ ਹੈ ਜੋ ਕਿ 2005, 2006 ਅਤੇ 2008 ਵਿਚ ਵਰਤਿਆ ਗਿਆ ਹੈ।

ਸਾਧ ਸੰਗਤ ਸਲੇਟ ਦੇ ਮੈਨੀਫੈਸਟੋ ਵਿਚ ਕੀਤੇ ਗਏ ਦਾਅਵਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਪੁੱਛਿਆ ਕਿ ਪਿਛਲੀ ਕਮੇਟੀ ਤੇ ਦੋਸ਼ ਲਗਾਉਣ ਵਾਲੇ ਕੀ ਦੋ ਸਾਲ ਸੁਤੇ ਪਏ ਸਨ? ਉਨ੍ਹਾਂ ਆਖਿਆ ਕਿ ਜੇ ਅਸੀਂ ਦਿਆਨਤਦਾਰੀ ਨਾਲ ਵੋਟਾਂ ਵੀ ਨਹੀਂ ਬਣਾ ਸਕਦੇ ਤਾਂ ਸੰਗਤਾਂ ਨੂੰ ਪਾਰਦਰਸ਼ੀ ਪ੍ਰਬੰਧ ਕਿਵੇਂ ਦੇ ਸਕਦੇ ਹਾਂ। ਜਿਸ ਢੰਗ ਨਾਲ ਪ੍ਰਬੰਧਕਾਂ ਨੇ ਵੋਟਾਂ ਬਣਾਉਣ ਵਿਚ ਬਦਨਿਯਮੀਆਂ ਕੀਤੀਆਂ ਹਨ ਇਸ ਤੋਂ ਨਿਰਪੱਖ ਚੋਣਾਂ ਦੀ ਉਮੀਦ ਨਿਰਮੂਲ ਹੈ। ਉਨ੍ਹਾਂ ਕਿਹਾ ਕਿ 30 ਸਾਲਾਂ ਤੋਂ ਵੀ ਵੱਧ ਸਮੇਂ ਵਿਚ ਪ੍ਰਬੰਧਕ ਕਮੇਟੀਆਂ ਵਲੋਂ ਦਰੁਸਤ ਪੇਪਰਵਰਕ ਅਤੇ ਹਿਸਾਬ ਨਹੀਂ ਦਿਤਾ ਗਿਆ। 2008 ਵਿਚ ਮੌਜੂਦਾ ਕਮੇਟੀ ਨੂੰ ਹਰ ਤਰ੍ਹਾਂ ਦੇ ਰਿਕਾਰਡ ਸੰਗਤਾਂ ਦੇ ਸਾਹਮਣੇ ਦਿਤੇ ਗਏ ਸਨ ਪਰ ਮੌਜੂਦਾ ਕਮੇਟੀ ਅਜੇ ਤੀਕ ਸੰਗਤਾਂ ਨੂੰ ਹਿਸਾਬ ਕਿਤਾਬ ਦੀ ਬੈਲੈਂਸ ਸ਼ੀਟ ਦੇਣ ਤੋਂ ਇਨਕਾਰੀ ਹੈ। ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਮਰਾਹ ਕਰਨ ਵਾਲੇ ਵਿਅਕਤੀਆਂ ਨੂੰ ਪਾਸੇ ਕਰਕੇ ਈਮਾਨਦਾਰ ਉਮੀਦਵਾਰਾਂ ਨੂੰ ਅੱਗੇ ਲਿਆਉਣ ਤਾਂ ਕਿ ਗੁਰੂ ਘਰ ਨੂੰ ਦੁਬਾਰਾ ਕਚਹਿਰੀਆਂ ਦੇ ਚੱਕਰ ਨਾ ਕਟਣੇ ਪੈਣ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਭਾਈ ਗੁਰਮੀਤ ਸਿੰਘ ਖਾਲਸਾ ਦੀ ਪੰਥਕ ਸਲੇਟ ਨੂੰ ਕਾਮਯਾਬ ਕੀਤਾ ਜਾਏ ਜੋ ਕਿ ਗੁਰੂ ਘਰ ਦੇ ਅਧੂਰੇ ਕਾਰਜ ਲੰਗਰ ਹਾਲ ਦੀ ਛੱਤ, ਜਿਸ ਦਾ ਪਰਮਿਟ ਬੜੀ ਮੁਸ਼ਕਲ ਨਾਲ ਲਿਆ ਗਿਆ ਸੀ, ਪਾਰਕਿੰਗ ਲਾਟ, ਜਮੀਨ ਅਤੇ ਨਵੇਂ ਪ੍ਰੋਜੈਕਟ ਲਿਆ ਸਕਦੀ ਹੈ।

*Visit us on the web:*
***punjabtimesusa.com***
***To Advertise with us***
***call: 847-359-0746***

# "ਹਰ ਕੈ ਭਗਤ ਨਾ ਆਖੀਐ ਬਨਾਰਸ ਕੇ ਠਗ"

## ਅੱਖਾਂ ਵਿਚ ਅੱਖਾਂ ਪਾ ਕੇ ਝੂਠ ਬੋਲਣਾ ਅਤੇ ਸੰਗਤ ਨੂੰ ਠੱਗਣਾ ਆਉਂਦੈ ਹਰਜੋਤ ਸਿੰਘ ਅਤੇ ਉਸ ਦੇ ਸਾਥੀਆਂ ਨੂੰ

ਗੁਰੂ ਪਿਆਰੀ ਸਾਧ ਸੰਗਤ ਜੀਓ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਜਿਵੇਂ ਕਿ ਆਪ ਸਭ ਸੰਗਤਾਂ ਜਾਣਦੀਆਂ ਹੀ ਹੋ ਕਿ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਆਉਂਦੀ 14 ਮਾਰਚ ਨੂੰ ਹੋ ਰਹੀਆਂ ਹਨ। ਮੌਜੂਦਾ ਪ੍ਰਬੰਧਕਾਂ ਵਲੋਂ ਆਪਣੀ ਡੁਗਡੁਗੀ ਵਜਾਉਣ ਲਈ ਜਿਸ ਤਰੀਕੇ ਨਾਲ ਗੁਰੂ ਦਰਬਾਰ ਵਿਚ ਅਤੇ ਆਪਣੇ ਅਖਬਾਰਾਂ ਰਸਾਲਿਆਂ 'ਚ ਕੋਰਾ ਝੂਠ ਬੋਲਿਆ ਜਾ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਗੁਰਬਾਣੀ ਦਾ ਉਪਰੋਕਤ ਮਹਾਂ ਵਾਕ ਅਜਿਹੇ ਹੀ ਕਿਸੇ ਵਕਤ ਵੱਲ ਇਸ਼ਾਰਾ ਕਰ ਰਿਹਾ ਹੈ। ਮੌਜੂਦਾ ਪ੍ਰਬੰਧਕਾਂ ਵਲੋਂ ਛਾਪਿਆ ਗਿਆ ਮੈਨੀਫੈਸਟੋ ਅਤੇ ਇਸ ਦੇ ਕਵਰ ਪੇਜ ਉਤੇ ਲਿਖਿਆ ਗਿਆ ਗੁਰਬਾਣੀ ਦਾ ਇਹ ਮਹਾਂ ਵਾਕ "ਆਪ ਜਪਹੁ ਅਵਰਾ ਨਾਮ ਜਪਾਵਹੁ॥" ਜੇ ਸੱਚ ਮੁੱਚ ਪ੍ਰਬੰਧਕਾਂ ਦਾ ਆਦਰਸ਼ ਹੈ, ਤਾਂ ਫਿਰ ਟਕੇ ਦੀ ਚੌਧਰ ਖਾਤਰ ਗੁਰੂ ਦੀ ਹਜੂਰੀ ਵਿਚ ਖੜੋ ਕੇ ਕੂੜ ਭਰਿਆ ਪ੍ਰਚਾਰ ਕਰਨਾ ਕਿਸ ਗੁਰੂ ਦੀ ਸਿਖਿਆ ਵਿਚ ਆਉਂਦਾ ਹੈ? ਅਜਿਹਾ ਮੰਦਭਾਗਾ ਕਰਮ ਕੋਈ ਨਾ ਕਰੇ। ਜੇ ਇਹ ਗੱਲ ਨਾਮ ਜਪਣ ਅਤੇ ਦੂਸਰਿਆਂ ਨੂੰ ਨਾਮ ਜਪਾਉਣ ਤੱਕ ਹੀ ਸੀਮਤ ਹੁੰਦੀ ਤਾਂ ਗੁਰੂ ਘਰ ਉਪਰ ਉਮਰ ਭਰ ਲਈ ਕਬਜ਼ਾ ਕਰਨ ਦੇ ਕਾਲੇ ਮਨਸੂਬੇ ਕਦੇ ਨਾ ਘੜੇ ਜਾਂਦੇ ਅਤੇ ਅਦਾਲਤਾਂ ਵਿਚ ਹਰਜੋਤ ਸਿੰਘ ਆਪਣੀ ਅਤੇ ਆਪਣੇ ਸਾਥੀਆਂ ਦੀ ਤੁਲਨਾ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਸਾਜੇ ਪੰਜ ਪਿਆਰਿਆਂ ਨਾਲ ਨਾ ਕਰਦਾ। ਜੇ ਇਹ ਗੱਲ ਸਿਰਫ ਆਪ ਨਾਮ ਜਪਣ ਅਤੇ ਦੂਜਿਆਂ ਨੂੰ ਨਾਮ ਜਪਾਉਣ ਦੀ ਹੀ ਹੁੰਦੀ ਤਾਂ ਫਿਰ ਗੁਰੂ ਘਰ ਦੇ ਪ੍ਰਬੰਧ ਉਤੇ ਕਬਜ਼ਾ ਰੱਖਣ ਲਈ ਇਨ੍ਹਾਂ ਹੀ ਪ੍ਰਬੰਧਕਾਂ ਵਲੋਂ ਨੌਂ ਲੱਖ ਡਾਲਰ ਦਾ ਬਾਂਡ ਭਰ ਕੇ ਚੋਣਾਂ ਰੁਕਵਾਉਣ ਦੀ ਕੋਸ਼ਿਸ਼ ਨਾ ਕੀਤੀ ਗਈ ਹੁੰਦੀ ਅਤੇ ਨਾ ਹੀ ਸਮੁੱਚੇ ਸਿੱਖ ਭਾਈਚਾਰੇ ਦੀ ਅਮਰੀਕੀ ਭਾਈਚਾਰੇ ਵਿਚ ਜੱਗਹਸਾਈ ਕਰਵਾਈ ਗਈ ਹੁੰਦੀ, ਨਾ ਹੀ ਗੁਰੂ ਘਰ ਦਾ ਕੋਈ ਚਾਰ ਲੱਖ ਡਾਲਰ ਅਦਾਲਤਾਂ ਅਤੇ ਰਿਸੀਵਰਾਂ ਦੇ ਲੇਖੇ ਲਗਵਾਇਆ ਜਾਂਦਾ। ਨਾਮ ਤਾਂ ਕਿਧਰੇ ਵੀ ਬੈਠ ਕੇ ਜਪਿਆ ਅਤੇ ਜਪਾਇਆ ਜਾ ਸਕਦਾ ਹੈ। ਮੌਜੂਦਾ ਪ੍ਰਬੰਧਕਾਂ ਦੇ ਬਿਆਨ ਪੜ੍ਹ ਕੇ ਸੁਤੇ-ਸਿਧ ਹੀ ਬੰਦੇ ਦੇ ਮਨ ਵਿਚੋਂ ਇਹ ਆਵਾਜ਼ ਉਠਦੀ ਹੈ, "ਐ ਅਕਾਲ ਪੁਰਖ ਇਨ੍ਹਾਂ ਸਿੱਖਾਂ ਨੂੰ ਸੁਮੱਤ ਬਖ਼ਸ਼, ਸਾਡੇ ਪਾਸ ਇਨ੍ਹਾਂ ਦਾ ਕੋਈ ਇਲਾਜ ਨਹੀਂ।" ਆਓ ਆਪਾਂ 'ਸ਼ਕਲ ਮੋਮਨਾਂ ਕਰਤੂਤ ਕਾਫਰਾਂ' ਦੇ ਧਾਰਨੀ ਮੌਜੂਦਾ ਪ੍ਰਬੰਧਕਾਂ ਦੇ ਬਿਆਨਾਂ ਉਤੇ ਗੌਰ ਕਰੀਏ।

### ਮਾਮਲਾ ਜਾਅਲੀ ਵੋਟਾਂ ਦਾ

ਸਾਧ ਸੰਗਤ ਜੀ, ਸਮਾਂ ਝੂਠ ਨਹੀਂ ਬੋਲਦਾ। ਮੌਜੂਦਾ ਪ੍ਰਬੰਧਕਾਂ ਦੇ 1996 ਤੋਂ 2004 ਤੱਕ ਦੇ ਕਬਜ਼ੇ ਉਪਰੰਤ ਅਦਾਲਤੀ ਹੁਕਮਾਂ ਉਤੇ ਸੰਨ 2005 ਵਿਚ ਚੋਣਾਂ ਹੋਈਆਂ। ਫਿਰ 2006 ਵਿਚ ਹੋਈਆਂ ਅਤੇ 2008 ਵਿਚ ਵੀ। ਸੰਨ 2005 ਦੀਆਂ ਚੋਣਾਂ ਰਿਸੀਵਰ ਦੀ ਨਿਗਰਾਨੀ ਹੇਠ ਹੋਈਆਂ ਜਦੋਂਕਿ ਸੰਨ 2006 ਅਤੇ 2008 ਦੀ ਰਜਿਸਟਰੇਸ਼ਨ ਸਾਡੇ ਸਤਿਕਾਰਯੋਗ ਸੀਨੀਅਰ ਸਿਟੀਜ਼ਨਾਂ ਨੇ ਕੀਤੀ। ਇਸ ਵਿਚ ਕਿਸੇ ਪਾਰਟੀ ਦਾ ਕੋਈ ਨੁਮਾਇੰਦਾ ਨਹੀਂ ਸੀ। ਭਾਈ ਰਾਮ ਸਿੰਘ ਨੇ ਆਪਣੇ ਹੱਥ ਕੁਝ ਨਹੀਂ ਸੀ ਰੱਖਿਆ। ਵੋਟਾਂ ਪੈਣ ਵੇਲੇ ਤੱਕ ਵੀ ਜਾਅਲੀ ਵੋਟ ਬਣਨ ਦਾ ਕੋਈ ਕੇਸ ਸਾਹਮਣੇ ਨਹੀਂ ਆਇਆ। ਜੰਡੀ-ਚੇਲਾ ਧੜੇ ਨੇ 2008 ਵਿਚ "ਚੋਣਾਂ ਸਿੱਖ ਸਿਧਾਂਤਾਂ ਦੇ ਉਲਟ" ਦੀ ਆਪਣੀ ਤੋਤੇ ਰਟ ਛੱਡ ਕੇ ਪਹਿਲੀ ਵਾਰ ਚੋਣਾਂ ਵਿਚ ਹਿੱਸਾ ਲਿਆ। ਇਨ੍ਹਾਂ ਦੇ ਇਕ ਸਾਥੀ ਤੇਜਿੰਦਰ ਸਿੰਘ ਧਾਮੀ ਉਤੇ ਚੋਣ ਦੌਰਾਨ ਵੋਟਰ ਸਟਿਕਰ ਚੋਰੀ ਕਰਨ ਦੇ ਇਲਜ਼ਾਮ ਲੱਗੇ। 384 ਵੋਟਾਂ ਗਿਣਤੀ ਤੋਂ ਵੱਧ ਨਿਕਲੀਆਂ ਅਤੇ ਵੋਟਾਂ ਦੀ ਗਿਣਤੀ ਦਾ ਕੰਮ ਤਿੰਨ ਹਫਤੇ ਰੁਕਿਆ ਰਿਹਾ। ਵੋਟਾਂ ਵਿਚ ਹੇਰਾਫੇਰੀ ਦੇ ਸੰਕੇਤ ਇਨ੍ਹਾਂ ਦੇ ਧੜ ਵੱਲ ਗਏ ਕਿਉਂਕਿ ਕਿਸੇ ਵੀ ਸਿਸਟਮ ਨੂੰ ਤੋੜ ਕੇ ਜਾਂ ਉਸ ਵਿਚਲੀਆਂ ਚੋਰ ਮੋਰੀਆਂ ਲੱਭ ਕੇ ਉਨ੍ਹਾਂ ਨੂੰ ਆਪਣੇ ਹੱਕ ਵਿਚ ਵਰਤਣਾ ਇਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਆਉਂਦਾ ਹੈ। ਇਨ੍ਹਾਂ ਭੱਦਰਪੁਰਸ਼ਾਂ ਦੀ ਖਾਸੀਅਤ ਹੈ ਕਿ ਕਿਸੇ ਵੀ ਨਿਜ਼ਾਮ ਨੂੰ ਇਨਸਾਫ ਨਾਲ ਚੱਲਣ ਨਹੀਂ ਦੇਣਾ। ਪਹਿਲਾ ਇਨ੍ਹਾਂ ਸਿਲੈਕਸ਼ਨ ਦੀ ਪ੍ਰਣਾਲੀ ਨਾਲ ਖਿਲਵਾੜ ਕਰਕੇ ਉਸ ਦਾ ਭੱਠਾ ਬਿਠਾਇਆ ਅਤੇ ਅੱਜ ਚੋਣ ਪ੍ਰਣਾਲੀ ਨਾਲ ਖਿਲਵਾੜ ਕਰਕੇ ਉਸ ਨੂੰ ਲੀਰੋ ਲੀਰ ਕਰਨ ਲਈ ਤਤਪਰ ਹਨ। ਕਾਇਦੇ ਕਾਨੂੰਨ ਛਿੱਕੇ ਟੰਗ ਕੇ ਬਣਾਈਆਂ ਗਈਆਂ ਵੋਟਾਂ ਉਪਰ ਵਿਰੋਧੀਆਂ ਦੇ ਇਤਰਾਜ਼ ਨੂੰ ਇਹ 'ਭਲੇ ਪੁਰਸ਼' ਕਾਂਵਾਂਰੌਲੀ ਅਤੇ ਬਗੈਰ ਸਿਰ-ਪੈਰ ਤੋਂ ਦੋਸ਼ ਦੱਸ ਰਹੇ ਹਨ। ਸੰਗਤ ਇਸ ਗੱਲੋਂ ਭਲੀਭਾਂਤ ਜਾਣੂ ਹੈ ਕਿ ਪ੍ਰਬੰਧਕਾਂ ਵਲੋਂ ਬਣਾਈ ਗਈ ਮੈਂਬਰਸ਼ਿਪ ਕਮੇਟੀ ਵਿਚੋਂ ਪੰਥਕ ਸਲੇਟ ਦੇ ਤਿੰਨੇ ਵਿਅਕਤੀ ਉਸ ਸਮੇਂ ਚਲੇ ਗਏ ਜਦੋਂ ਉਨ੍ਹਾਂ ਵੇਖਿਆ ਕਿ "ਆਪ ਜਪਹੁ ਅਵਰਾ ਨਾਮ ਜਪਾਵਹੁ" ਦੇ ਆਦਰਸ਼ ਦੇ ਅਖੌਤੀ ਧਾਰਨੀ ਪ੍ਰਧਾਨ ਹਰਜੋਤ ਸਿੰਘ ਖਾਲਸਾ ਦੀ ਰਹਿਨੁਮਾਈ ਹੇਠ ਪਿਛਲੀਆਂ ਚੋਣਾਂ ਵਿਚ ਸਟਿਕਰ ਚੋਰੀ ਕਰਨ ਦਾ ਦੋਸ਼ੀ ਧਾਮੀ ਅੱਜ ਵੀ ਆਪਣੀਆਂ ਹਰਕਤਾਂ ਤੋਂ ਬਾਜ ਨਹੀਂ ਆ ਰਿਹਾ ਅਤੇ ਦੇਰ ਸਵੇਰ ਜਾਅਲੀ ਵੋਟਾਂ ਰਜਿਸਟਰ ਉਤੇ ਚੜ੍ਹਾਈ ਜਾ ਰਿਹਾ ਹੈ। ਸੈਨ ਹੋਜ਼ੇ ਏਅਰਪੋਰਟ ਤੋਂ ਲਹਿੰਬਰ ਸਿੰਘ ਅਤੇ ਹੋਰ ਟੈਕਸੀ ਚਾਲਕ ਵੀਰ ਇਸ ਗੱਲ ਦੇ ਗਵਾਹ ਹਨ ਕਿ ਏਅਰਪੋਰਟ 'ਤੇ ਇਨ੍ਹਾਂ ਦੇ ਕਮੇਟੀ ਮੈਂਬਰ ਨੇ ਜਾਅਲੀ ਢੰਗ ਨਾਲ ਵੋਟਾਂ ਬਣਾਈਆਂ। ਇਥੋਂ ਤੱਕ ਕਿ ਸਾਡੇ ਨਿਕਟਵਰਤੀਆਂ ਦੇ ਘਰਾਂ ਵਿਚ ਜਾ ਕੇ ਫਾਰਮ ਭਰਾਉਣ ਦੀ ਕੋਸ਼ਿਸ਼ ਕੀਤੀ ਗਈ। ਕੀ ਅਸੀਂ ਪੁੱਛ ਸਕਦੇ ਹਾਂ ਕਿ ਇਹ ਕਿਸ ਧਰਮੀ ਮਨੁੱਖ ਦੇ ਕਰਮ ਹਨ? ਇਹ ਕਿਸ ਇਮਾਨਦਾਰੀ ਦੀ ਨਿਸ਼ਾਨੀ ਹੈ? ਕੋਈ ਧਰਮੀ ਮਨੁੱਖ ਤਾਂ ਨਾ ਕਿਸੇ ਨਾਲ ਹੇਰਾ-ਫੇਰੀ ਕਰਦਾ ਹੈ ਅਤੇ ਨਾ ਹੀ ਹੇਰਾ-ਫੇਰੀਆਂ ਕਰਨ ਵਾਲਿਆਂ ਦਾ ਸਾਥ ਹੀ ਦਿੰਦਾ ਹੈ। ਅਸੀਂ ਭਾਈ ਹਰਜੋਤ ਸਿੰਘ ਤੋਂ ਜਾਨਣਾ ਚਾਹੁੰਦੇ ਹਾਂ ਕਿ ਸੰਗਤ ਨੂੰ ਦੱਸਿਆ ਜਾਵੇ ਕਿ ਕੀ "ਆਪ ਜਪਹੁ ਅਵਰਾ ਨਾਮ ਜਪਾਵਹੁ" ਸ਼ਬਦ ਤੋਂ ਅਕਾਲ ਪੁਰਖ ਦੇ ਸਥਾਨ ਗੁਰੂ ਘਰ ਦੇ ਪ੍ਰਬੰਧ ਉਤੇ ਕਬਜ਼ਾ ਜਮਾਉਣ ਲਈ ਜਾਅਲੀ ਵੋਟਾਂ ਬਣਾਉਣ ਦੀ ਸਿਖਿਆ ਮਿਲਦੀ ਹੈ, ਆਪਣੇ ਵਿਰੋਧੀਆਂ ਉਤੇ ਝੂਠੇ ਇਲਜ਼ਾਮ ਲਾਉਣ ਦੀ ਸਿਖਿਆ ਮਿਲਦੀ ਹੈ? ਐਵੇਂ ਤਾਂ ਨਹੀਂ ਭਗਤ ਕਬੀਰ ਜੀ ਨੂੰ ਅਜਿਹੇ ਹੀ "ਧਰਮੀ" ਲੋਕਾਂ ਵੱਲ ਵੇਖ ਕੇ ਕਹਿਣਾ ਪਿਆ ਹੋਵੇਗਾ:

"ਕਬੀਰ ਹਰਿ ਕੈ ਭਗਤ ਨਾ ਅਖੀਐ ਬਨਾਰਸ ਕੇ ਠਗ॥"

### ਕੀ ਹਿਸਾਬ ਕਿਤਾਬ ਵਾਕਿਆ ਹੀ ਪਾਰਦਰਸ਼ੀ ਹੈ?

ਜੰਡੀ-ਚੇਲਾ ਗਰੁਪ ਦੇ ਹਿਸਾਬ ਕਿਤਾਬ ਦੀ ਪਾਰਦਰਸ਼ਤਾ ਫਰੀਮਾਂਟ ਗੁਰੂ ਘਰ ਦੀ ਸੰਗਤ ਪਹਿਲਾਂ ਹੀ ਵੇਖ ਚੁਕੀ ਹੈ ਤੇ ਹੁਣ ਵੀ ਵੇਖੇਗੀ। ਭਾਈ ਹਰਜੋਤ ਸਿੰਘ ਜੀ ਫਰਮਾਉਂਦੇ ਹਨ ਕਿ ਸਾਡਾ ਹਿਸਾਬ ਵੇਖੋ, "ਇਕ ਇਕ ਸੈਂਟ ਦਾ ਹਿਸਾਬ ਹੈ, ਕਿਤੇ ਫਰਕ ਨਿਕਲੇ ਅਸੀਂ ਤੁਹਾਡੇ ਦੇਣਦਾਰ ਹੋਵਾਂਗੇ।" ਫਰੇਬ ਦਾ ਵੀ ਕੋਈ ਜਵਾਬ ਨਹੀਂ। ਜੇ ਇਨ੍ਹਾਂ ਸੱਜਣਾਂ ਦਾ ਹਿਸਾਬ ਕਿਤਾਬ ਇੰਨਾ ਹੀ ਪੱਧਰਾ ਹੁੰਦਾ ਤਾਂ ਫਿਰ ਉਨ੍ਹਾਂ ਦੇ ਆਪਣੇ ਹੀ ਇਕ ਕਮੇਟੀ ਮੈਂਬਰ ਸ. ਬਿਕਰਮਜੀਤ ਸਿੰਘ ਨੂੰ ਸੁਪਰੀਮ ਕੌਂਸਲ ਨੂੰ ਇਹ ਬੇਨਤੀਆਂ ਕਰਨ ਦੀ ਲੋੜ ਨਾ ਪੈਂਦੀ ਕਿ ਮੈਨੂੰ ਹਿਸਾਬ ਕਿਤਾਬ ਦਾ ਪਤਾ ਨਹੀਂ ਲੱਗ ਰਿਹਾ। ਉਸ ਨੂੰ ਇਹ ਨਹੀਂ ਸੀ ਕਹਿਣਾ ਪੈਣਾ ਕਿ ਹਿਸਾਬ ਕਿਤਾਬ ਬਾਰੇ ਦੋ ਬੰਦਿਆਂ ਤੋਂ ਬਿਨਾ ਸਾਰੀ ਕਮੇਟੀ ਹਨੇਰੇ ਵਿਚ ਹੈ। ਕਿਸੇ ਨੂੰ ਪਤਾ ਨਹੀਂ ਚੈਕ ਕਿਧਰੋਂ ਆਉਂਦੇ ਹਨ, ਕਿਧਰ ਜਾਂਦੇ ਹਨ। ਹਰਜੋਤ ਸਿੰਘ ਹੋਰਾਂ ਤਾਂ ਆਪਣੇ ਸਾਥੀ ਕਮੇਟੀ ਮੈਂਬਰਾਂ ਨੂੰ ਹੀ ਹਿਸਾਬ ਨਾ ਦਿਖਾਇਆ ਸੰਗਤ ਨੂੰ ਕੀ ਦਿਖਾਉਣਗੇ?

ਆਓ ਦੱਸੀਏ ਕਿ ਪਾਰਦਰਸ਼ਤਾ ਕੀ ਹੁੰਦੀ ਹੈ? ਕਮੇਟੀ ਦੀ ਮਿਆਦ ਖਤਮ ਹੋ ਜਾਣ ਬਾਅਦ ਸੰਗਤ ਵਾਸਤੇ ਪੂਰਾ ਰਿਕਾਰਡ ਛੱਡ ਕੇ ਜਾਣਾ ਹੀ ਪਾਰਦਰਸ਼ਤਾ ਹੈ। ਅਸੀਂ ਰਾਗੀਆਂ ਨੂੰ ਇਨਵੀਟੇਸ਼ਨਾਂ ਭੇਜੀਆਂ ਜਿਨ੍ਹਾਂ ਦਾ ਪੂਰਾ ਪੂਰਾ ਰਿਕਾਰਡ ਤੁਹਾਨੂੰ ਦੇ ਕੇ ਗਏ। ਤੁਹਾਡੇ ਵਾਂਗ ਬੁੱਕਲ ਮਾਰ ਕੇ ਨਾਲ ਨਹੀਂ ਲੈ ਗਏ। ਜੇ ਕੁਝ ਲੁਕੋਣਾ ਹੁੰਦਾ ਤਾਂ ਇੰਜ ਕਿਉਂ ਕਰਦੇ? ਆਮਦਨ ਖਰਚ ਦਾ ਸਾਰਾ ਰਿਕਾਰਡ ਮੌਜੂਦ ਹੈ। ਚੈਕਾਂ ਨਾਲ ਅਦਾਇਗੀ ਕੀਤੀ ਗਈ। ਭਾਈ ਹਰਜੋਤ ਸਿੰਘ ਖਾਲਸਾ ਦੀ ਕਮੇਟੀ ਆਈ ਤਾਂ ਇਹ ਚੈਕ ਸਿਸਟਮ ਛੱਡ ਦਿੱਤਾ ਗਿਆ ਅਤੇ ਅਦਾਇਗੀ ਨਕਦ ਹੋਣ ਲੱਗੀ। ਕੋਈ ਪੁੱਛੇ ਭਲਾ ਤੁਹਾਨੂੰ ਨਕਦ ਡੀਲ ਕਿਉਂ ਪਿਆਰੀ ਲਗਦੀ ਹੈ? ਇਹੋ ਹੈ ਪਾਰਦਰਸ਼ਤਾ ਦੀ ਨਿਸ਼ਾਨੀ? ਇਹ ਦੁਹਰਾਉਣ ਦੀ ਲੋੜ ਨਹੀਂ ਕਿ ਇਨ੍ਹਾਂ ਸੱਜਣਾਂ ਦਾ ਪਰਮ ਧਰਮ ਹੈ ਹਰ ਬਣੇ ਸਿਸਟਮ ਨੂੰ ਤੋੜਨਾ ਤੇ ਵਰਤਣਾ।

### ਸਪਾਂਸਰਸ਼ਿਪਾਂ

ਚੇਲਾ-ਜੰਡੀ ਧੜੇ ਨੇ ਸਾਡੇ ਲੇਲੇ ਨੂੰ ਕੁੱਤਾ ਬਣਾਉਣ ਦੀ ਲਗਾਤਾਰ ਕੋਸ਼ਿਸ਼ ਕੀਤੀ ਹੈ ਪਰ ਅਸੀਂ ਇਹ ਦੱਸ ਦਈਏ ਕਿ ਇਹ ਲੇਲਾ ਅਸੀਂ ਸੁੱਟਣਾ ਨਹੀਂ ਕਿਉਂਕਿ ਸਾਨੂੰ ਵੀ ਭਗਤ ਕਬੀਰ ਦੇ ਇਸ ਸਲੋਕ ਦਾ ਚਾਨਣ ਹੋ ਗਿਆ ਹੈ ਕਿ "ਕਬੀਰ ਹਰਿ ਕੈ ਭਗਤ ਨਾ ਆਖੀਐ...॥"

ਅਸੀਂ ਰਾਗੀਆਂ ਢਾਡੀਆਂ ਅਤੇ ਪ੍ਰਚਾਰਕਾਂ ਨੂੰ ਇਨਵੀਟੇਸ਼ਨਾਂ ਅਤੇ ਸਪਾਂਸਰਸ਼ਿਪਾਂ ਜ਼ਰੂਰ ਭੇਜੀਆਂ। ਪਰ ਇਹ ਗੱਲ ਸਰਾਸਰ ਗਲਤ ਹੈ ਕਿ ਅਸੀਂ ਇੱਕੀ ਵਿਅਕਤੀਆਂ ਨੂੰ ਗਰੀਨ ਕਾਰਡ ਦੁਆਏ। ਗੁਰੂ ਮਹਾਰਾਜ ਦੀ ਹਜੂਰੀ ਵਿਚ ਗੁਰੂ ਮਹਾਰਾਜ ਦੇ ਘਰ ਝੂਠ ਬੋਲਣ ਤੋਂ ਜ਼ਰਾ ਤਾਂ ਗੁਰੇਜ ਕੀਤਾ ਜਾਵੇ। ਬੇਈਮਾਨੀ ਦੀ ਇਹ ਸਿਖਰ ਹੈ ਜਦੋਂ ਤੁਸੀਂ ਆਰ-1 ਵੀਜ਼ਿਆਂ ਨੂੰ ਗਰੀਨ ਕਾਰਡ ਦਾ ਨਾਂ ਦੇ ਰਹੇ ਹੋ। ਤੁਹਾਡਾ ਇਮੀਗਰੇਸ਼ਨ ਦੇ ਕੰਮਾਂ ਨਾਲ ਚੋਖਾ ਵਾਹ ਰਿਹਾ ਹੈ, ਤੁਹਾਨੂੰ ਪਤਾ ਹੀ ਹੋਵੇਗਾ ਕਿ ਗਰੀਨ ਕਾਰਡ ਅਤੇ ਆਰ-1 ਵੀਜ਼ੇ 'ਚ ਕੀ ਫਰਕ ਹੁੰਦਾ ਹੈ? ਅਸਲ ਵਿਚ ਤੁਹਾਨੂੰ ਲੇਲੇ ਨੂੰ ਕੁੱਤਾ ਕਹਿਣ ਦੀ ਪੁਰਾਣੀ ਆਦਤ ਹੈ। ਆਪਣੇ ਮੈਨੀਫੈਸਟੋ ਵਿਚ ਛਾਪੀਆਂ ਉਨ੍ਹਾਂ ਸਪਾਂਸਰਸ਼ਿਪਾਂ (-1 ਡਸਿਅ) ਨੂੰ ਧਿਆਨ ਨਾਲ ਪੜ੍ਹੋ। ਜੇ ਨਜ਼ਰ ਕਮਜ਼ੋਰ ਹੋਵੇ ਤਾਂ ਕਿਸੇ ਚੰਗੇ ਡਾਕਟਰ ਤੋਂ ਐਨਕ ਲਵਾ ਲਵੋ। ਸ਼ਾਇਦ ਤੁਹਾਡੇ ਚਿੱਟੇ ਹੋਏ ਲਹੂ ਵਿਚ ਕੋਈ ਲਾਲ ਕਣ ਬਾਕੀ ਹੋਵੇ, ਜਿਹੜੀ ਤੁਹਾਨੂੰ ਫਿਟਕਾਰ ਸਕੇ ਕਿ ਕੌਮੀ ਘਰ ਖਾਲਿਸਤਾਨ ਦੀਆਂ ਟਾਹਰਾਂ ਮਾਰਨ ਵਾਲਿਓ, ਵੇਖੋ, ਉਨ੍ਹਾਂ ਵਿਚ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦਾ ਇਕ ਜਿੰਦਾ ਸ਼ਹੀਦ ਸਾਥੀ ਵੀ ਹੈ।

ਭਾਈ ਗੁਰਪ੍ਰੀਤ ਸਿੰਘ ਨਾਲ ਆਏ ਉਸ ਦੇ ਦੋਵੇਂ ਸਾਥੀ ਵੀਜ਼ਾ ਮੁੱਕਣ ਉਪਰੰਤ ਅੱਜ ਕੱਲ ਫਿਰ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਸੇਵਾ ਕਰ ਰਹੇ ਹਨ। ਇਹ ਠੀਕ ਹੈ ਕਿ ਉਹ ਜਾਣ ਲੱਗਿਆਂ ਤੁਹਾਡੇ ਗੋਡੀਂ ਹੱਥ ਨਹੀਂ ਲਾ ਕੇ ਗਏ ਹੋਣਗੇ। ਲਾਉਂਦੇ ਵੀ ਕਿਉਂ? ਭਾਈ ਜਸਵੀਰ ਸਿੰਘ ਪਾਉਂਟਾ ਸਾਹਿਬ ਵਾਲੇ 2006 ਅਤੇ 2007 ਵਿਚ ਆਏ ਅਤੇ ਵਾਪਸ ਚਲੇ ਗਏ। ਭਾਈ ਨਿਸ਼ਾਨ ਸਿੰਘ, ਭਾਈ ਕਰਤਾਰ ਸਿੰਘ, ਭਾਈ ਗੁਪਾਲ ਸਿੰਘ ਸ਼ਹੀਦ ਗੁਰੂ ਘਰ ਹੀ ਸੇਵਾ ਕਰਦੇ ਹਨ ਜਿਥੇ ਤੁਸੀਂ 'ਨਾਮ ਜਪਹੁ ਅਵਰਾ ਨਾਮ ਜਪਾਵਹੁ' ਦੀਆਂ ਗੱਲਾਂ ਕਰਦੇ ਹੋ।

ਐਲ ਐਸ ਪਾਬਲਾ ਨੂੰ ਸਾਰੀ ਦੁਨੀਆਂ ਜਾਣਦੀ ਹੈ ਕਿ ਉਹ ਧਾਰਮਿਕ ਨਾਟਕ 'ਸੰਤ ਸਿਪਾਹੀ' ਦਾ ਨਿਰਦੇਸ਼ਨ ਕਰਕੇ ਗਏ ਹਨ। ਅਗਰ ਕੋਈ ਧਾਰਮਿਕ ਕਾਰਜ ਲਈ ਧਾਰਮਿਕ ਨਾਟਕ ਦੀ ਟੀਮ ਲੈ ਕੇ ਇਥੇ ਆਉਂਦਾ ਹੈ ਅਤੇ ਇਸ ਖਾਤਿਰ ਕਾਂਗਰਸਮੈਨ ਨੂੰ ਵੀਜ਼ਾ ਦੇਣ ਦੀ ਸਿਫਾਰਿਸ਼ ਕਰ ਦਿੱਤੀ ਜਾਵੇ ਤਾਂ ਸਾਡੀ ਜਾਚੇ ਇਸ ਵਿਚ ਕੋਈ ਗੁਨਾਹ ਨਹੀਂ ਪਰ ਜੇ ਉਸ ਵਿਅਕਤੀ ਨੇ ਕੋਈ ਧੋਖਾਧੜੀ ਕੀਤੀ ਹੈ, ਉਸ ਲਈ ਅਸੀਂ ਜ਼ਿੰਮੇਵਾਰ ਕਿਵੇਂ ਹੋਏ? ਤੁਸੀਂ ਕੀ ਚਾਹੁੰਦੇ ਹੋ ਸਾਨੂੰ ਰਾਹਦਾਰੀਆਂ ਨੱਚਾਰਾਂ, ਜੂਏਬਾਜਾਂ ਅਤੇ ਡਰੱਗੀਆਂ ਨੂੰ ਹੀ ਭੇਜਣੀਆਂ ਚਾਹੀਦੀਆਂ ਸਨ। ਜ਼ਰਾ ਆਪਣਾ ਵੇਲਾ ਚੇਤੇ ਕਰੋ, ਤੁਸਾਂ ਲੋਕਾਂ ਨੇ ਆਪਣੇ ਇਕ ਸਾਥੀ ਦੇ ਰਾਹੀਂ ਇੰਗਲੈਂਡ ਦੇ ਕਿਸੇ ਭਾਈ ਨੂੰ 10,000 ਡਾਲਰ ਗੁਰੂ ਸਾਹਿਬ ਦੇ ਅਸਤਰ-ਬਸਤਰ ਲਿਆਉਣ ਲਈ ਕੱਢ ਫੜਾਇਆ, ਨਾ ਅਸਤਰ-ਬਸਤਰ ਆਏ ਤੇ ਨਾ ਉਹ ਪੈਸਾ ਹੀ ਮੁੜਿਆ।

### ਕਿਧਰ ਗਈਆਂ ਰਾਹਦਾਰੀਆਂ?

ਕਿਰਪਾ ਕਰਕੇ ਸੰਗਤ ਨੂੰ ਇਹ ਦੱਸਣ ਦੀ ਖੇਚਲ ਕੀਤੀ ਜਾਵੇ ਕਿ ਤੁਹਾਡਾ ਹਿਸਾਬ-ਕਿਤਾਬ ਰਿਕਾਰਡ ਬਗੈਰ ਬਣਦਾ ਹੀ ਨਹੀਂ ਜਾਂ ਫਿਰ ਇੰਨਾ ਕੁਝ ਛੁਪਾਉਣ ਲਈ ਹੁੰਦਾ ਹੈ ਕਿ ਤੁਸੀਂ ਸੰਗਤ ਨੂੰ ਦਰਸ਼ਨ ਹੀ ਨਹੀਂ ਕਰਾਉਣਾ ਚਾਹੁੰਦੇ? ਇਸ ਕਥਿਤ ਮੈਨੀਫੈਸਟੋ ਵਿਚ ਦਾਅਵਾ ਕੀਤਾ ਗਿਆ ਹੈ ਕਿ ਅਸੀਂ ਸਪਾਂਸਰਸ਼ਿਪਾਂ ਨਹੀਂ ਭੇਜੀਆਂ, ਡੁਨੇਸ਼ਨਾਂ ਨਹੀਂ ਦਿੱਤੀਆਂ, ਕਿਸੇ ਅਖਬਾਰ ਨੂੰ ਇਸ਼ਤਿਹਾਰ ਨਹੀਂ ਦਿੱਤੇ। ਇਸ ਤਰ੍ਹਾਂ ਗੁਰੂ ਘਰ ਦਾ ਪੈਸਾ ਬਚਾਇਆ। ਹਿਸਾਬ ਕਿਤਾਬ ਤੁਸਾਂ ਕਦੇ ਆਪਣੇ ਸਾਥੀ ਕਮੇਟੀ ਮੈਂਬਰਾਂ ਨੂੰ ਨਹੀਂ ਦਿਖਾਇਆ। ਜਦੋਂ ਰਿਕਾਰਡ ਕੋਈ ਰੱਖਣਾ ਹੀ ਨਹੀਂ ਤਾਂ ਫਿਰ ਉਪਰੋਕਤ ਦਾਅਵੇ ਕਿਵੇਂ ਕੀਤੇ ਜਾ ਸਕਦੇ ਹਨ। ਸੱਚਾ ਉਹ ਹੋਇਆ ਜੋ ਹਰ ਚੀਜ਼ ਦਾ ਰਿਕਾਰਡ ਰੱਖਦਾ ਹੈ ਜਾਂ ਫਿਰ ਉਹ ਜਿਹੜਾ ਕੋਈ ਰਿਕਾਰਡ ਹੀ ਨਹੀਂ ਰੱਖਦਾ? ਅਕਾਊਂਟਿੰਗ ਦਾ ਹਰ ਅਸੂਲ ਅਤੇ ਸਰਕਾਰੀ ਨਿਯਮ ਇਹ ਕਹਿੰਦੇ ਹਨ ਕਿ ਕੋਈ ਅਦਾਇਗੀ ਨਕਦ ਨਾ ਕੀਤੀ ਜਾਵੇ ਪਰ ਤੁਸਾਂ ਲੋਕਾਂ ਨੇ ਇਹੋ ਕੁਝ ਕੀਤਾ। ਤੁਹਾਡੇ ਬਾਰੇ ਉਸ ਪੁਜਾਰੀ ਦੀ ਗੱਲ ਚੇਤੇ ਆਉਂਦੀ ਹੈ ਜਿਸ ਨੇ ਕਿਹਾ ਸੀ ਕਿ ਰੱਬ ਨਾਲ ਹਿੱਸਾ-ਪੱਤੀ ਕਰਨ ਦਾ ਤਾਂ ਸਾਡਾ ਸਿੱਧਾ ਹਿਸਾਬ ਹੈ। ਸਾਰੇ ਪੈਸੇ ਉਪਰ ਨੂੰ ਸੁੱਟ ਦਈਦੇ ਹਨ ਜਿੰਨੇ ਰੱਬ ਨੇ ਰੱਖਣੇ ਹੁੰਦੇ ਹਨ ਰੱਖ ਲੈਂਦਾ ਹੈ, ਬਾਕੀ ਸਾਡੇ। ਰਹੀ ਗੱਲ ਅਖਬਾਰ ਪੰਜਾਬ ਟਾਈਮਜ਼ ਨੂੰ ਇਸ਼ਤਿਹਾਰ ਦੇਣ ਦੀ, ਅਸੀਂ ਜਿੰਨਾ ਵੀ ਇਸ਼ਤਿਹਾਰ ਦਿੱਤਾ, ਗੁਰੂਘਰ ਦੇ ਹਿਤ ਵਿਚ ਦਿੱਤਾ ਅਤੇ ਬਾਕਾਇਦਾ ਕਿਸੇ ਹਿਸਾਬ-ਕਿਤਾਬ ਵਿਚ। ਕੀ ਅਸੀਂ ਜਾਣ ਸਕਦੇ ਹਾਂ ਕਿ ਸੰਨ 1996 ਤੋਂ 2004 ਦੇ ਅਰਸੇ ਦੌਰਾਨ ਤੁਸਾਂ ਲੋਕਾਂ ਨੇ ਕਿਹੜੇ-ਕਿਹੜੇ ਅਖਬਾਰ ਨੂੰ ਕਿੰਨਾ ਕਿੰਨਾ ਪੈਸਾ ਦਿੱਤਾ? ਸੀ ਕੇ ਨਿਊਜ਼ ਗਰੁਪ ਕੀ ਸੀ?

ਤੁਸਾਂ ਲੋਕਾਂ ਦੀ ਜਨਮ ਪੱਤਰੀ ਅਤੇ ਲੱਛਣ ਗੁਰੂ ਘਰ ਦਾ ਭਲਾ ਕਰਨ ਵਾਲੇ ਕਦੇ ਨਹੀਂ ਰਹੇ। ਜੇ ਤੁਸੀਂ ਲੋਕ ਗੁਰੂ ਘਰ ਦੇ ਇੰਨੇ ਹੀ ਖੈਰ-ਖੁਆਹ ਹੁੰਦੇ ਤਾਂ ਭਲਾ ਉਮਰ ਭਰ ਦੇ ਕਬਜ਼ੇ ਦੀਆਂ ਟਾਹਰਾਂ ਮਾਰ ਕੇ ਸੰਗਤ ਅਤੇ ਗੁਰੂ ਘਰ ਦਾ ਲੱਖਾਂ ਡਾਲਰ ਕੋਰਟ ਕਚਹਿਰੀਆਂ ਅਤੇ ਰਿਸੀਵਰ ਦੇ ਲੇਖੇ ਕਿਉਂ ਲੱਗਦਾ। ਜੇ ਅੱਜ ਵੀ ਗੁਰੂ ਘਰ ਦਾ ਭਲਾ ਚਾਹੁੰਦੇ ਤਾਂ ਜਾਅਲੀ ਵੋਟਾਂ ਦੇ ਕੰਡੇ ਨਾ ਬੀਜਦੇ। ਤੁਹਾਡੀ ਇਮਾਨਦਾਰੀ ਦੀਆਂ ਝਲਕਾਂ ਗੁਰੂ ਘਰ ਦੇ ਨੋਟਿਸ ਬੋਰਡ ਤੋਂ ਤੱਕੀਆਂ ਜਾ ਸਕਦੀਆਂ ਹਨ ਜਿਥੇ ਵੋਟਰ ਲਿਸਟਾਂ ਚਿਪਕਾਉਣ ਲਈ ਬੀਬੀ ਗੁਰਬਖ਼ਸ਼ ਕੌਰ ਕਾਹਲੋਂ ਨੂੰ ਸਮਾਂ ਹੀ ਨਹੀਂ ਮਿਲ ਰਿਹਾ।

### ਜ਼ਮੀਨ ਦਾ ਮੁੱਦਾ

ਸਾਨੂੰ ਯਾਦ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ 2008 ਦੀਆਂ ਚੋਣਾਂ ਵੇਲੇ ਇਕ ਅਖੌਤੀ ਖਬਰਨਾਮਾ ਕੱਢਿਆ ਅਤੇ ਹੱਥ ਦੀ ਸਫਾਈ ਨਾਲ ਭਾਈ ਰਾਮ ਸਿੰਘ ਦੀ ਫੋਟੋ ਟਰੈਕਟਰ ਦੇ ਲਾਗੇ ਲਾ ਦਿੱਤੀ। ਚੋਣ ਤੋਂ ਬਾਅਦ ਜਦੋਂ ਸ. ਜਸਵਿੰਦਰ ਸਿੰਘ ਜੰਡੀ ਨੂੰ ਪੁੱਛਿਆ ਗਿਆ ਕਿ ਭਾਈ ਰਾਮ ਸਿੰਘ ਦੀ ਫੋਟੋ ਅਸਲੀ ਨਹੀਂ ਸੀ ਤਾਂ ਜਵਾਬ ਸੀ, "ਭਾਈ ਇਲੈਕਸ਼ਨ ਸੀ, ਇਲੈਕਸ਼ਨ 'ਚ ਸਭ ਜਾਇਜ ਹੁੰਦਾ ਹੈ।" ਮਤਲਬ ਚੋਣਾਂ ਵਿਚ ਜਾਅਲੀ ਫੋਟੋਆਂ ਘੜੀਆਂ ਜਾ ਸਕਦੀਆਂ ਹਨ। ਜਾਅਲੀ ਫੋਟੋਆਂ ਤੋਂ ਲੈ ਕੇ ਜਾਅਲੀ ਬਾਤਾਂ ਤੱਕ ਸ਼ਾਇਦ ਉਨ੍ਹਾਂ ਸੰਪੂਰਨ ਗਰੈਜੁਏਸ਼ਨ ਕੀਤੀ ਹੋਈ ਹੈ। ਉਸੇ ਖਬਰਨਾਮੇ ਵਿਚ ਇਹ ਖਬਰ ਜੜੀ ਹੋਈ ਸੀ ਕਿ ਫਰੀਮਾਂਟ ਦੇ ਮੇਅਰ ਨੇ ਆਖਿਆ ਹੈ ਕਿ ਮਿਸ਼ਨ ਬੁਲੇਵਾਰਡ 'ਤੇ ਖਰੀਦੀ ਗਈ ਸੌ ਏਕੜ ਜ਼ਮੀਨ 'ਤੇ ਕੁਝ ਨਹੀਂ ਬਣ ਸਕਦਾ। ਹੋਈ ਨਾ ਜਾਅਲੀ ਬਾਤ!!! ਵਿਚਾਰਾ ਮੇਅਰ ਕੀ ਜਾਣੇ ਜੰਡੀ ਕੇ ਰੰਗ!!! ਅਖੀਰ ਮੇਅਰ ਨੂੰ ਕਹਿਣਾ ਪਿਆ ਕਿ ਉਸ ਜ਼ਮੀਨ ਉਪਰ ਫਿਊਨਰਲ ਹੋਮ, ਸਕੂਲ ਗਰਾਊਂਡ ਆਦਿ ਸਿਟੀ ਤੋਂ ਪਰਮਿਟ ਲੈ ਕੇ ਬਣ ਸਕਦੇ ਹਨ। ਹੁਣ ਫਿਰ ਜੰਡੀਕਿਆਂ ਨੇ ਆਪਣੇ ਮੈਨੀਫੈਸਟੋ ਵਿਚ ਆਖ ਦਿੱਤਾ ਹੈ ਕਿ ਅਸੀਂ ਸਿਟੀ ਨਾਲ ਗੱਲ ਕੀਤੀ ਹੈ ਅਤੇ ਉਹ ਕਹਿੰਦੇ ਹਨ ਕਿ ਉਥੇ ਕੁਝ ਨਹੀਂ ਬਣ ਸਕਦਾ। ਇਹੋ ਹੈ? "ਆਪ ਜਪਹੁ ਅਵਰਾ ਨਾਮ ਜਪਾਵਹੁ" ਵਾਲੇ ਦਰਵੇਸ਼ਾਂ ਦੇ ਕੰਮ। ਲੇਲੇ ਨੂੰ ਕੁੱਤਾ ਕਹਿਣ ਦੀ ਰੱਟ ਜਾਰੀ ਹੈ।

ਲੰਘੇ ਐਤਵਾਰ ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਗੁਰਮੀਤ ਸਿੰਘ ਖਾਲਸਾ ਨੇ ਫਿਰ ਦੁਹਰਾਇਆ ਕਿ ਅਸੀਂ ਅੱਜ ਵੀ ਇਸ ਵਾਅਦੇ ਉਤੇ ਕਾਇਮ ਹਾਂ ਕਿ ਅਗਰ ਇਹ ਜ਼ਮੀਨ ਗੁਰੂ ਘਰ ਨੂੰ ਨਹੀਂ ਪੁੱਗਦੀ ਤਾਂ ਅਸੀਂ ਇਕ ਲੱਖ ਲਾਡਰ ਵੱਧ ਰਕਮ ਦੇ ਕੇ ਖਰੀਦਣ ਨੂੰ ਤਿਆਰ ਹਾਂ। ਇਸ ਗੱਲ ਦਾ ਤਾਂ ਚੇਲੇ ਨੂੰ ਵੀ ਪਤਾ ਹੈ ਕਿ ਉਹ ਜੋ ਕੁਝ ਕੂੜ ਤੁਫਾਨ ਬੋਲ ਰਿਹਾ ਹੈ ਉਹ ਸਭ ਵੋਟਾਂ ਵਾਸਤੇ ਹੈ। ਟੀ ਮੱਈਅਰ ਦੇ ਸੈਕਸ਼ਨ 8-2603 ਵਿਚ ਸਾਫ ਲਿਖਿਆ ਹੋਇਆ ਹੈ ਕਿ ਇਥੇ ਪਾਰਕਿੰਗ, ਸਕੂਲ ਅਤੇ ਖੇਡ ਗਰਾਊਂਡ ਵਗੈਰਾ ਬਣਾਏ ਜਾ ਸਕਦੇ ਹਨ। ਉਸ ਧਾਰਾ ਦੀਆਂ ਕਾਪੀਆਂ ਅਸੀਂ ਸੰਗਤ ਦੀ ਜਾਣਕਾਰੀ ਲਈ ਸੰਗਤ ਨੂੰ ਦੇ ਰਹੇ ਹਾਂ। ਇਹ ਲੋਕ ਗੁਰੂ ਘਰ ਦਾ ਕਿੰਨਾ ਕੁ ਭਲਾ ਚਾਹੁੰਦੇ ਹਨ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਹੀ ਲੱਗ ਸਕਦਾ ਹੈ ਕਿ ਵਿਸਾਖੀ ਦੇ ਦਿਹਾੜੇ 'ਤੇ ਸੰਗਤ ਦੀ ਇਕੱਤਰਤਾ ਅਤੇ ਮਿੱਟੀ ਨਾਲ ਛੇੜਛਾੜ ਦੀ ਮੁਖਬਰੀ ਵੀ ਇਨ੍ਹਾਂ ਲੋਕਾਂ ਨੇ ਹੀ ਕੀਤੀ। ਪਰਮਿਟ ਨਾ ਲੈਣ ਕਰਕੇ ਜ਼ੁਰਮਾਨਾ 1750 ਡਾਲਰ ਹੋਇਆ। ਗੁਰੂ ਘਰ ਦਾ ਵਕੀਲ ਕੇਸ ਲੜ ਰਿਹਾ ਸੀ ਪਰ ਅਚਾਨਕ ਚੇਲੇ ਹੋਰਾਂ ਆਪਣੇ ਕੋਈ ਸਵਾਰਥ ਸਿੱਧ ਕਰਨ ਲਈ ਡਾ. ਜਗਤਾਰ ਸਿੰਘ ਸੰਧੂ ਦੀ ਕਿਸੇ ਸਾਜਿਸ਼ ਤਹਿਤ ਡਿਊਟੀ ਲਗਾਈ ਕਿ ਜਾਓ ਸਿਟੀ ਵਿਚ ਵਾਅਦਾ ਮੁਆਫ ਗਵਾਹ ਬਣ ਕੇ ਸਿਟੀ ਨੂੰ ਆਖੋ ਕਿ ਪੁਰਾਣੇ ਪ੍ਰਬੰਧਕਾਂ ਕੋਲੋਂ ਗਲਤੀ ਹੋ ਗਈ ਹੈ। ਦੱਸੋ ਕਿੰਨਾ ਜ਼ੁਰਮਾਨਾ ਭਰੀਏ? ਮਨਸ਼ਾ ਸਾਇਦ ਇਹ ਸੀ ਕਿ ਇਸ ਬਹਾਨੇ ਚੋਣਾਂ ਵੇਲੇ ਪ੍ਰਬੰਧਕਾਂ ਨੂੰ ਰਗੜੇ ਲਾਏ ਜਾ ਸਕਣ। ਇਹੋ ਹੈ ਇਨ੍ਹਾਂ ਲੋਕਾਂ ਦੀ ਇਮਾਨਦਾਰੀ ਦੀ ਤਸਵੀਰ। ਚਾਹੀਦਾ ਤਾ ਇਹ ਸੀ ਕਿ ਚੰਗੇ ਭਾਗਾਂ ਨਾਲ ਪ੍ਰਾਪਤ ਹੋਈ ਇਸ ਜਮੀਨ ਲਈ ਕਮਿਊਨਟੀ ਹਿਤਾਂ ਨੂੰ ਮੁਖ ਰਖ ਕੇ ਸਿਟੀ ਨਾਲ ਸੰਘਰਸ਼ ਕਰਦੇ ਪਰ ਅਜਿਹੀ ਆਸ ਇਸ ਲਾਣੇ ਤੋਂ ਕੀਤੀ ਵੀ ਤਾਂ ਨਹੀਂ ਜਾ ਸਕਦੀ।

*(ਸਫਾ 8 'ਤੇ ਜਾਰੀ)*

Advt.

# ਹਿੰਸਾ ਪਿਛੋਂ ਪੰਜਾਬ-ਹਰਿਆਣਾ ਸ਼ਾਂਤ, ਸੌਦਾ ਸਾਧ ਖਿਲਾਫ ਜਾਂਚ ਸ਼ੁਰੂ

**ਚੰਡੀਗੜ੍ਹ:** ਪਿਛਲੇ ਸਮੇਂ ਤੋਂ ਵਿਵਾਦਾਂ 'ਚ ਘਿਰੇ ਡੇਰਾ ਸੱਚਾ ਸੌਦਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖਿਲਾਫ਼ ਕਤਲ ਦਾ ਇੱਕ ਹੋਰ ਮਾਮਲਾ ਦਰਜ ਕੀਤੇ ਜਾਣ ਤੋਂ ਭੜਕੇ ਡੇਰੇ ਦੇ ਸਮਰਥਕਾਂ ਵਲੋਂ ਬੀਤੀ 27 ਫਰਵਰੀ ਨੂੰ ਪੰਜਾਬ ਤੇ ਹਰਿਆਣਾ 'ਚ ਕਈ ਥਾਈਂ ਹਿੰਸਕ ਘਟਨਾਵਾਂ ਨੂੰ ਅੰਜਾਮ ਦੇਣ ਤੋਂ ਅਗਲੇ ਦਿਨ ਇਨ੍ਹਾਂ ਦੋਵਾਂ ਰਾਜਾਂ 'ਚ ਸਥਿਤੀ ਕਾਬੂ ਹੇਠ ਰਹੀ। ਪੰਜਾਬ ਪੁਲਿਸ ਦੇ ਇੰਸਪੈਕਟਰ ਜਨਰਲ ਰੋਹਿਤ ਚੌਧਰੀ ਨੇ ਕਿਹਾ ਕਿ ਸੂਬੇ 'ਚ ਹੁਣ ਸਥਿਤੀ ਕੰਟਰੋਲ 'ਚ ਹੈ। ਉਨ੍ਹਾਂ ਦੱਸਿਆ ਕਿ ਬਠਿੰਡਾ, ਮੋਗਾ ਅਤੇ ਫਿਰੋਜ਼ਪੁਰ ਜ਼ਿਲ੍ਹਿਆਂ ਅੰਦਰ ਵੱਡੀ ਗਿਣਤੀ ਵਿਚ ਪੁਲਿਸ ਦਸਤਿਆਂ ਨੂੰ ਤਾਇਨਾਤ ਕਰ ਦਿੱਤਾ ਗਿਆ ਹੈ ਅਤੇ ਗੈਰ ਸਮਾਜਿਕ ਅਨਸਰਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਜਾਰੀ ਹੈ।

ਦੂਜੇ ਪਾਸੇ ਹਰਿਆਣਾ ਪੁਲਿਸ ਦੇ ਡਾਇਰੈਕਟਰ ਜਨਰਲ (ਕਾਨੂੰਨ ਅਤੇ ਵਿਵਸਥਾ) ਬੀ ਐਨ ਰਾਏ ਨੇ ਕਿਹਾ ਕਿ ਹੁਣ ਸਥਿਤੀ ਕੰਟਰੋਲ ਵਿਚ ਅਤੇ ਸ਼ਾਂਤੀਪੂਰਨ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਇਲਾਕੇ ਤੋਂ ਕੋਈ ਅਣਸੁਖਾਵੀਂ ਘਟਨਾ ਵਾਪਰਨ ਦੀ ਸੂਚਨਾ ਨਹੀਂ ਮਿਲੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਪੁਲਿਸ ਨੇ ਹਿੰਸਕ ਘਟਨਾਵਾਂ ਦੇ ਮਾਮਲੇ ਵਿਚ ਸ਼ਾਮਲ 50 ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ।

ਪੰਜਾਬ ਪੁਲਿਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਹਿੰਸਕ ਘਟਨਾਵਾਂ ਸਬੰਧੀ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚੋਂ 35 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਨੀਵਾਰ ਨੂੰ ਰਾਤ 9 ਵਜੇ ਤੋਂ ਬਾਅਦ ਕਿਸੇ ਜਗ੍ਹਾ ਤੋਂ ਵੀ ਕੋਈ ਮਾੜੀ ਘਟਨਾ ਵਾਪਰਨ ਦੀ ਸੂਚਨਾ ਨਹੀਂ ਮਿਲੀ। ਉਧਰ ਹਰਿਆਣਾ ਪੁਲਿਸ ਨੇ ਹਿੰਸਾ ਦੇ ਮਾਮਲੇ ਵਿਚ 15 ਤੋਂ ਵੱਧ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਹੈ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਖਿਲਾਫ਼ ਕਤਲ ਦਾ ਇੱਕ ਹੋਰ ਮਾਮਲਾ ਦਰਜ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਦੇ ਸਮਰਥਕਾਂ ਵਲੋ ਪੰਜਾਬ ਤੇ ਹਰਿਆਣਾ 'ਚ ਕਈ ਥਾਈਂ ਹਿੰਸਕ ਘਟਨਾਵਾਂ ਨੂੰ ਅੰਜਾਮ ਦਿੰਦਿਆਂ ਵਾਹਨਾਂ ਅਤੇ ਰੇਲਾਂ ਦੀ ਸਾੜ-ਫੂਕ ਕੀਤੀ ਗਈ ਸੀ।

ਪੁਲਿਸ ਅਨੁਸਾਰ ਮੋਗਾ ਵਿਚ ਘੱਟ ਤੋਂ ਘੱਟ 8 ਬੱਸਾਂ ਨੂੰ ਅੱਗ ਲਗਾ ਦਿੱਤੀ ਗਈ। ਜ਼ਿਕਰਯੋਗ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਜਿੱਥੇ ਹਰਿਆਣਾ ਦੇ ਸਿਰਸਾ, ਹਿਸਾਰ, ਕੈਥਲ ਅਤੇ ਫਤਿਹਾਬਾਦ ਵਿਚ ਬੱਸਾਂ ਨੂੰ ਅੱਗ ਲਗਾਈ, ਉਥੇ ਹੀ ਜਨਤਕ ਜਾਇਦਾਦ ਨੂੰ ਵੀ ਨੁਕਸਾਨ ਪਹੁੰਚਾਇਆ। ਪੰਜਾਬ ਅਤੇ ਹਰਿਆਣਾ ਵਿਚ ਸ਼ਨੀਵਾਰ ਨੂੰ ਹੀ ਹਾਈ ਅਲਰਟ ਕਰ ਦਿੱਤਾ ਗਿਆ ਸੀ। ਹਰਿਆਣੇ ਵਿਚ ਜਿਹੜੇ ਪੁਲਿਸ ਕਰਮਚਾਰੀ ਛੁੱਟੀ 'ਤੇ ਗਏ ਸਨ, ਉਨ੍ਹਾਂ ਨੂੰ ਵੀ ਵਾਪਸ ਬੁਲਾ ਲਿਆ ਗਿਆ ਹੈ।ਜ਼ਿਕਰਯੋਗ ਹੈ ਕਿ ਸੀਬੀਆਈ ਨੇ ਇਸ ਹਫ਼ਤੇ ਦੇ ਸ਼ੁਰੂ ਵਿਚ ਡੇਰਾ ਮੁਖੀ ਖਿਲਾਫ਼ ਡੇਰੇ ਦੇ ਸਾਬਕਾ ਪ੍ਰਬੰਧਕ ਫ਼ਕੀਰ ਚੰਦ ਦੀ 1991 ਵਿਚ ਹੋਈ ਹੱਤਿਆ ਦੇ ਸਬੰਧ ਵਿਚ ਕੇਸ ਦਰਜ ਕੀਤਾ ਗਿਆ ਸੀ। ਫ਼ਕੀਰ ਚੰਦ ਦੀ ਲਾਸ਼ ਦਾ ਅਜੇ ਤੱਕ ਕੋਈ ਅਤਾ-ਪਤਾ ਨਹੀਂ ਲੱਗਿਆ। ਡੇਰਾ ਮੁਖੀ ਤੋਂ ਇਲਾਵਾ ਸੀਬੀਆਈ ਨੇ ਡੇਰੇ ਦੇ ਚਾਰ ਹੋਰ ਮੈਂਬਰਾਂ ਨੂੰ ਵੀ ਕਤਲ, ਸਬੂਤ ਖ਼ਤਮ ਕਰਨ ਅਤੇ ਅਪਰਾਧਿਕ ਸਾਜ਼ਿਸ਼ ਰਚਣ ਲਈ ਦੋਸ਼ੀ ਐਲਾਨਿਆ ਹੈ।ਦੂਜੇ ਪਾਸੇ ਡੇਰਾ ਮੁਖੀ ਨੇ ਕਿਹਾ ਕਿ ਹਰਿਆਣਾ, ਪੰਜਾਬ ਅਤੇ ਰਾਜਸਥਾਨ ਵਿਚ ਹਿੰਸਾ ਫੈਲਾਉਣ ਵਾਲੇ ਉਨ੍ਹਾਂ ਦੇ ਸ਼ਰਧਾਲੂ ਜਾਂ ਸਮਰਥਕ ਨਹੀਂ ਹਨ।



ਤਪਾ ਮੰਡੀ ਤੋਂ ਮਿਲੀ ਰਿਪੋਰਟ ਅਨੁਸਾਰ ਭੰਨਤੋੜ ਦੀਆਂ ਘਟਨਾਵਾਂ ਦੇ ਮੱਦੇਨਜ਼ਰ ਪੁਲਿਸ ਨੇ ਥਾਣਾ ਤਪਾ ਨਾਲ ਸਬੰਧਤ 19 ਵਿਅਕਤੀਆਂ ਅਤੇ ਥਾਣਾ ਭਦੌੜ ਨਾਲ ਸਬੰਧਤ 8 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ। ਮਾਨਯੋਗ ਅਦਾਲਤ ਨੇ ਪੁਲਿਸ ਰਿਮਾਂਡ ਦੀ ਥਾਂ ਜੁਡੀਸ਼ੀਅਲ ਰਿਮਾਂਡ 'ਤੇ ਭੇਜ ਦਿੱਤਾ ਹੈ। ਡੀਐਸਪੀ ਮੁਖਤਿਆਰ ਸਿੰਘ ਨੇ ਦੱਸਿਆ ਕਿ ਹੋਰਨਾਂ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ। ਅਦਾਲਤ ਨੇ ਇਨ੍ਹਾਂ ਨੂੰ 13 ਮਾਰਚ ਤੱਕ ਰਿਮਾਂਡ 'ਤੇ ਭੇਜਿਆ ਹੈ।

ਮਾਨਸਾ ਤੋਂ ਰਿਪੋਰਟ ਅਨੁਸਾਰ ਸ਼ਹਿਰ ਵਿਚ ਪੁਲਿਸ ਦੇ ਸਖ਼ਤ ਇੰਤਜਾਮ ਕੀਤੇ ਗਏ ਹਨ। ਬੱਸ ਅੱਡਾ ਵੀ ਸਵੇਰ ਤੋਂ ਖਾਲੀ ਕਰਵਾ ਦਿੱਤਾ ਗਿਆ ਸੀ ਅਤੇ ਅੱਡੇ ਅੰਦਰ ਵੀ ਸਖ਼ਤ ਪੁਲਿਸ ਪ੍ਰਬੰਧ ਸਨ। ਇਸ ਤੋਂ ਇਲਾਵਾ ਰੇਲਵੇ ਸਟੇਸ਼ਨ, ਗੁਰਦੁਆਰਾ ਚੌਕ, ਤਿਕੋਣੀ ਤੇ ਕੈਂਚੀਆਂ ਅਤੇ ਡੇਰਾ ਸੱਚਾ ਸੌਦਾ ਬ੍ਰਾਂਚ ਅੱਗੇ ਵੀ ਪੁਲਿਸ ਪ੍ਰਬੰਧ ਕੀਤੇ ਗਏ ਸਨ। ਐਸਐਸਪੀ ਹਰਦਿਆਲ ਸਿੰਘ ਮਾਨ ਨੇ ਦੱਸਿਆ ਕਿ 12-13 ਅਣਪਛਾਤਿਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।ਬਰਨਾਲਾ ਵਿਚ ਐਸਐਸਪੀ ਹਰਚਰਨ ਸਿੰਘ ਭੁੱਲਰ ਦੀ ਅਗਵਾਈ ਵਿਚ ਫਲੈਗ ਮਾਰਚ ਕੀਤਾ ਗਿਆ। ਦੂਜੇ ਪਾਸੇ ਬੱਸਾਂ ਦੀ ਆਵਾਜਾਈ ਘੱਟ ਰਹੀ। ਮੁੱਖ ਮੰਤਰੀ ਦੇ ਪਰਿਵਾਰ ਦੀਆਂ ਬੱਸਾਂ ਬਿਲਕੁਲ ਹੀ ਨਹੀਂ ਚਲਾਈਆਂ ਗਈਆਂ ਤੇ ਉਹ ਸਥਾਨਕ ਪੁਲਿਸ ਪਹਿਰੇ ਹੇਠ ਖੜੀਆਂ ਰਹੀਆਂ। ਪੁਲਿਸ ਨੇ ਥਾਣਾ ਬਾਘਾ ਪੁਰਾਣਾ ਵਿਖੇ ਵੀ ਭੰਨ ਤੋੜ ਕਰਨ ਵਾਲਿਆਂ ਖਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

ਇਸੇ ਦੌਰਾਨ ਹਿੰਸਕਾ ਨੇ ਜਲਾਲਾਬਾਦ ਵਿਚ ਵੀ ਸਰਕਾਰੀ ਹਸਪਤਾਲ 'ਚ ਖੜੀ ਇੱਕ ਐਂਬੂਲੈਂਸ ਨੂੰ ਅੱਗ ਲਗਾ ਦਿੱਤੀ ਗਈ ਅਤੇ ਬਾਹਮਣੀ ਵਾਲਾ ਰੇਲਵੇ ਸਟੇਸ਼ਨ 'ਤੇ ਵੀ ਭੰਨਤੋੜ ਕੀਤੀ ਗਈ।

ਮੋਗਾ ਵਿਖੇ 36 ਦੋਸ਼ੀਆਂ ਨੂੰ ਕਾਬੂ ਕਰਕੇ ਡਿਊਟੀ ਮੈਜਿਸਟਰੇਟ ਦੀ ਅਦਾਲਤ 'ਚ ਪੇਸ਼ ਕੀਤਾ। ਜਿੱਥੋਂ ਅਦਾਲਤ ਨੇ ਸਾਰੇ ਦੋਸ਼ੀਆਂ ਨੂੰ 14 ਦਿਨ ਦੀ ਜੂਡੀਸ਼ੀਅਲ ਅਦਾਲਤ ਵਿਚ ਭੇਜਣ ਦਾ ਆਦੇਸ਼ ਦਿੱਤਾ।

ਡੇਰਾ ਸੱਚਾ ਸੌਦਾ ਦੇ ਮੁਖੀ ਖਿਲਾਫ਼ ਕਤਲ ਦਾ ਕੇਸ ਦਰਜ ਹੋਣ ਤੋਂ ਬਾਅਦ ਹਿੰਸਾ ਨਾਲ ਪ੍ਰਭਾਵਤ ਹੋਏ ਸੂਬਿਆਂ ਪੰਜਾਬ ਅਤੇ ਹਰਿਆਣਾ ਲਈ ਕੇਂਦਰ ਨੇ ਅਰਧ ਸੈਨਿਕ ਦਸਤਿਆਂ ਦੇ ਕਰੀਬ 1200 ਕਰਮਚਾਰੀ ਭੇਜੇ ਹਨ। ਕੇਂਦਰੀ ਗ੍ਰਿਹ ਸਕੱਤਰ ਜੀ ਕੇ ਪਿੱਲੇ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਅਸੀਂ ਕੇਂਦਰੀ ਅਰਧ ਸੈਨਿਕ ਦਸਤਿਆਂ ਦੀਆਂ 12 ਕੰਪਨੀਆਂ ਪੰਜਾਬ ਅਤੇ ਹਰਿਆਣਾ ਵਿਚ ਭੇਜ ਦਿੱਤੀਆਂ ਹਨ ਤਾਂ ਕਿ ਸਥਿਤੀ ਨੂੰ ਕਾਬੂ ਹੇਠ ਰੱਖਿਆ ਜਾ ਸਕੇ। ਉਨ੍ਹਾਂ ਕਿਹਾ ਕਿ ਕਾਨੂੰਨ ਵਿਵਸਥਾ ਤੋੜਨ ਵਾਲਿਆਂ ਖਿਲਾਫ਼ ਸਖ਼ਤ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਗਏ ਹਨ।

ਇਸ ਦੌਰਾਨ ਸੌਦਾ ਸਾਧ ਦੇ ਚੇਲਿਆਂ ਵਲੋਂ ਅੰਜਾਮ ਦਿਤੀਆਂ ਹਿੰਸਕ ਘਟਨਾਵਾਂ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਕਾਨੂੰਨ ਨੂੰ ਹੱਥ ਵਿਚ ਲੈਣਾ ਅਪਰਾਧ ਹੈ ਜਿਸ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ। ਇਥੇ ਹੋਲੇ-ਮਹੱਲ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਮੱਕੜ ਨੇ ਕਿਹਾ, "ਕਾਨੂੰਨ ਤੋਂ ਉਪਰ ਕੋਈ ਨਹੀਂ। ਕਰੋੜਾਂ ਰੁਪਏ ਦੀ ਸੰਪਤੀ ਦਾ ਨੁਕਸਾਨ ਕਰਨ ਵਾਲੇ ਸੌਦਾ ਸਾਧ ਦੇ ਚੇਲਿਆਂ ਵਿਰੁਧ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਜ਼ਰੂਰ ਹੋਣੀ ਚਾਹੀਦੀ ਹੈ।"ਉਨ੍ਹਾਂ ਇਸ ਮਸਲੇ ਨੂੰ ਧਾਰਮਕ ਦੀ ਬਜਾਏ ਸਿਆਸੀ ਕਰਾਰ ਦਿੰਦਿਆਂ ਕਿਹਾ ਕਿ ਅਦਾਲਤ ਦੀ ਹੱਤਕ ਕੀਤੀ ਗਈ ਹੈ ਜਿਸ ਕਾਰਨ ਕਾਨੂੰਨ ਮੁਤਾਬਕ ਅਵੱਸ਼ ਕਾਰਵਾਈ ਹੋਵੇਗੀ।

ਇਸ ਦੌਰਾਨ ਚੰਡੀਗੜ੍ਹ ਜ਼ੋਨ ਦੇ ਦਫਤਰ ਨੇ ਡੇਰਾ ਸਿਰਸਾ ਦੇ ਮੁਖੀ ਬਾਬਾ ਗੁਰਮੀਤ ਸਿੰਘ ਅਤੇ ਚਾਰ ਹੋਰਾਂ ਵਿਰੁਧ ਦਰਜ ਕੀਤੇ ਕਤਲ ਦੇ ਮਾਮਲੇ ਵਿਚ ਮੁੱਢਲੀ ਪੜਤਾਲ ਸ਼ੁਰੂ ਕਰ ਦਿੱਤੀ ਹੈ। ਉਧਰ ਚੰਡੀਗੜ੍ਹ ਪੁਲੀਸ ਨੇ ਇਸ ਮਾਮਲੇ ਵਿਚ ਪੰਜਾਬ ਤੇ ਹਰਿਆਣਾ 'ਚ ਹੋਈਆਂ ਹਿੰਸਕ ਘਟਨਾਵਾਂ ਨੂੰ ਮੁੱਖ ਰੱਖਦਿਆਂ ਇੱਥੇ ਸੈਕਟਰ-30 ਸਥਿਤ ਸੀ.ਬੀ.ਆਈ. ਦਫਤਰ ਨੂੰ ਸੁਰੱਖਿਆ ਛਤਰੀ ਹੇਠ ਲੈ ਲਿਆ ਹੈ। ਭਾਵੇਂ ਸੀ.ਬੀ.ਆਈ. ਦਾ ਕੋਈ ਅਧਿਕਾਰੀ ਇਸ ਮਾਮਲੇ ਦੇ ਪ੍ਰਤੀਕਰਮ ਵਜੋਂ ਹੋਈਆਂ ਹਿੰਸਕ ਘਟਨਾਵਾਂ ਕਾਰਨ ਕੁਝ ਵੀ ਬੋਲਣ ਲਈ ਤਿਆਰ ਨਹੀਂ ਹੈ ਪਰ ਸੂਤਰਾਂ ਅਨੁਸਾਰ ਇਸ ਮਾਮਲੇ ਦੇ ਦਸਤਾਵੇਜ਼ਾਂ ਦੀ ਪੜਚੋਲ ਸ਼ੁਰੂ ਹੋ ਗਈ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਪਾਕਿ ਸਿੱਖ ਰਫਿਊਜ਼ੀਆਂ ਨੇ ਭਾਰਤ ਦੀ ਨਾਗਰਿਕਤਾ ਦੀ ਕੀਤੀ ਮੰਗ**

-ਆ ਜਾਓ ਭਰਾਵੋ! ਜਿੱਥੇ ਦਿੱਲੀ ਕਤਲੇਆਮ ਦੇ ਉਜਾੜੇ ਸਿੱਖ ਰੁਲਦੇ ਫਿਰਦੇ ਐ ਉਥੇ ਤੁਸੀਂ ਵੀ ਰੁਲੀ ਜਾਇਓ।

***ਸ਼ਾਤੀ ਭੰਗ ਕਰਨ ਵਾਲਿਆਂ ਖਿਲਾਫ ਸਖ਼ਤੀ ਵਰਤਾਂਗੇ-ਸੁਖਬੀਰ**

-ਜਲੰਧਰ ਵਾਂਗ ਸੱਤ ਹਜ਼ਾਰ ਕਰੋੜ ਦਾ ਨੁਕਸਾਨ ਹੋ ਜਾਣ ਤੋਂ ਬਾਅਦ ਕਿ ਪਹਿਲਾਂ?

***ਗਰੇਵਾਲ ਫੈਡਰੇਸ਼ਨ ਦੋਹਰੇ ਮਾਪਦੰਡ ਨਾ ਵਰਤੇ**

-ਫਿਰ ਤੋਰੀ ਫੁਲਕਾ ਕਿਵੇਂ ਚੱਲੂ?

***ਲੁੱਟ ਵੇਖ ਕੇ ਲੱਗਦਾ ਨਹੀਂ ਕਿ ਪੰਜਾਬ ਵਿਚ ਕੋਈ ਸਰਕਾਰ ਹੈ-ਅਵਤਾਰ ਸਿੰਘ ਮੁੱਲਾਂਪੁਰੀ**

-ਇੰਨੀ ਲੁੱਟ ਵੇਖ ਕੇ ਹੀ ਤਾਂ ਅੰਦਾਜ਼ਾ ਹੁੰਦੈ ਕਿ ਜ਼ਰੂਰ ਅਕਾਲੀ-ਭਾਜਪਾ ਦੀ ਸਰਕਾਰ ਐ।

***ਹੋਲੇ ਮਹੱਲੇ ਮੌਕੇ ਨਿਹੰਗ ਸਿੰਘ ਵਿਖਾਉਣਗੇ ਜੰਗਜੂ ਕਰਤਵ**

-ਵਿਹਲੀਆਂ ਖਾ ਖਾ ਕੇ ਕੌਮੀ ਸੰਘਰਸ਼ ਵਿਚ ਹਿੱਸਾ ਪਾਉਣੋਂ ਤਾਂ ਰਹੇ। ਇਹੋ ਜਿਹੇ ਸ਼ੋਅ ਤਾਂ ਕਰ ਈ ਸਕਦੇ ਐ।

***ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕੇਂਦਰ ਬਚਾਉਂਦਾ ਆ ਰਿਹੈ-ਸੁਖਬੀਰ ਬਾਦਲ**

-ਤੇ ਤੁਸੀਂ ਵੀ ਸਿੱਖਾਂ ਦੇ ਕਾਤਲਾਂ ਨੂੰ ਉਚ ਅਹੁਦਿਆਂ ਨਾਲ ਨਿਵਾਜਦੇ ਆ ਰਹੇ ਓ ਜਨਾਬ! ਜੇ ਸ਼ੱਕ ਐ ਤਾਂ ਲਿਸਟ ਦੇਈਏ?

***ਹੱਸਦੀ ਨੇ ਦਿਲ ਮੰਗਿਆ, ਮੁੰਡਾ ਜਾਨ ਦੇਣ ਤੱਕ ਜਾਵੇ-ਇਕ ਗੀਤ**

-ਮਾਂ ਚਾਹੇ ਪਿਆਸੀ ਮਰ'ਜੇ, ਮੁੰਡਾ ਪਾਣੀ ਦਾ ਗਿਲਾਸ ਨਾ ਫੜਾਵੇ।

*Visit us on the web:*
***punjabtimesusa.com***

WELLS FARGO HOME MORTGAGE

**Your goals deserve our attention**

**Every year, millions of Americans enjoy the rewards of homeownership. And they trust their homeownership goals to Wells Fargo Home Mortgage. With our exclusive programs and dedication to personal service, you can feel confident that we will help you choose the home financing that is tailored to fit**

- **Priority Buyer ® preapproval**
- **Low down payment options for qualified borrowers**
- **Purchases and refinances**



*Contact* ***Jag Jiwan Bhangu*** *to put your goals into action today.*
3010 Lava Ridge Ct. Roseville, CA
**Ph: 1-866-490-9758 (Ext. 127)**
**Fax: 1-866-972-2179**
**Cell: 408-598-9605, 916-759-1923**

EQUAL HOUSING LENDER

1. Available on qualified purchase transactions. Other terms and conditions apply. See a homemortgage consultant for details. Wells Fargo Home Mortgage is a division of Wells Fargo Bank, N.A.

**Reliable and Experienced Real Estate Professional**

**ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ**
**ਗੁਰਬੰਸ ਸਿੰਘ ਗਿੱਲ ਫੋਨ: 209-815-1869**

***Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay**


**We Specialize in Bankowned, Foreclosure and Short Sale Homes**

***ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।***

**We Do Loan Modification and Credit Repair to Save Your Home From Forclosure**

**Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ**

**Right Time To Buy For Investers And First Time Home Buyers**



**Gurbans Singh Gill**
**Realtor**
**12 Years Experiance in Real Estate**
**e-mail: gurbans@gotracy.com**

REALTY WORLD Millennium

**Fax: 209-836-0706**
**www.gotracy.com**

**Gurbans Gill 209-815-1869**

# ਹੋਲਾ ਮਹੱਲਾ ਮੌਕੇ ਸਿਆਸੀ ਪਾਰਟੀਆਂ ਨੇ ਪੁਰਾਣੇ ਰਾਗ ਅਲਾਪੇ

## ਸਿੱਖਾਂ ਨਾਲ ਕੇਂਦਰ ਨੇ ਕਦੇ ਇਨਸਾਫ਼ ਨਹੀਂ ਕੀਤਾ -ਸੁਖਬੀਰ

**ਅਨੰਦਪੁਰ ਸਾਹਿਬ :** ਸਿੱਖ ਭਾਈਚਾਰੇ ਨੂੰ ਕੇਂਦਰ ਦੀ ਕਾਂਗਰਸ ਸਰਕਾਰ ਤੋਂ ਕਦੇ ਵੀ ਇਨਸਾਫ਼ ਨਹੀਂ ਮਿਲਿਆ। ਕਰੀਬ 25 ਸਾਲ ਪਹਿਲਾਂ ਵਾਪਰੇ ਸਿੱਖ ਕਤਲੇਆਮ ਦੇ ਦੋਸ਼ੀ ਅੱਜ ਵੀ ਖੁੱਲ੍ਹੇਆਮ ਘੁੰਮ ਰਹੇ ਹਨ, ਜਿਸ ਲਈ ਕਾਂਗਰਸ ਸਰਕਾਰ ਜ਼ਿੰਮੇਵਾਰ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਲੰਘੀ1ਮਾਰਚ ਨੂੰ ਹੋਲੇ ਮਹੱਲੇ ਮੌਕੇ ਅਨੰਦਪੁਰ ਸਾਹਿਬ ਵਿਖੇ ਪੰਜਾਬ ਦੀ ਸੱਤਾਧਾਰੀ ਧਿਰ ਵਲੋਂ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੀਤਾ। ਉਨ੍ਹਾਂ ਦੋਸ਼ ਲਾਇਆ ਕਿ ਦੰਗੇ ਕਰਾਉਣ ਵਾਲੇ ਕਾਂਗਰਸੀ ਆਗੂ ਐਚ ਕੇ ਐਲ ਭਗਤ, ਸੱਜਣ ਕੁਮਾਰ, ਜਗਦੀਸ਼ ਟਾਇਟਲਰ ਆਦਿ ਕੇਂਦਰ ਸਰਕਾਰ ਦੀ ਕ੍ਰਿਪਾ ਨਾਲ ਅੱਜ ਵੀ ਕਾਨੂੰਨੀ ਸ਼ਿਕੰਜੇ ਤੋਂ ਬਾਹਰ ਹਨ।

ਸ. ਬਾਦਲ ਨੇ ਵੱਧ ਰਹੀ ਮਹਿੰਗਾਈ ਲਈ ਵੀ ਸਿੱਧੇ ਰੂਪ 'ਚ ਕੇਂਦਰ ਸਰਕਾਰ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਕਿਹਾ ਕਿ ਇਸ ਮਹਿੰਗਾਈ ਕਾਰਨ ਗਰੀਬ ਲੋਕ ਦੋ ਵੇਲੇ ਦੀ ਰੋਟੀ ਖ਼ਾਣ ਤੋਂ ਵੀ ਮੁਥਾਜ ਹਨ। ਉਨ੍ਹਾਂ ਕਿਹਾ ਕਿ ਖੰਡ, ਸਬਜ਼ੀਆਂ, ਦਾਲਾਂ ਅਤੇ ਤੇਲ ਦੀਆਂ ਵਧੀਆਂ ਕੀਮਤਾਂ ਨੇ ਆਮ ਲੋਕਾਂ ਦਾ ਲੱਕ ਤੋੜ ਦਿੱਤਾ ਹੈ। ਇਸੇ ਦੌਰਾਨ ਐਸਜੀਪੀਸੀ ਦੀਆਂ ਚੋਣਾਂ ਦਾ ਸੰਕੇਤ ਦਿੰਦਿਆਂ ਸ. ਬਾਦਲ ਨੇ ਕਿਹਾ ਕਿ ਕੇਂਦਰ ਸਰਕਾਰ ਸ਼੍ਰੋਮਣੀ ਕਮੇਟੀ ਚੋਣਾਂ ਸਬੰਧੀ ਵੀ 'ਪਾੜੋ ਤੇ ਰਾਜ ਕਰੋ' ਦੀ ਨੀਤੀ ਖੇਡਣ ਦੀ ਤਿਆਰੀ ਕਰ ਰਹੀ ਹੈ।ਡੇਰਾ ਵਿਵਾਦ ਕਾਰਨ ਵਾਪਰੀਆਂ ਹਿੰਸਕ ਘਟਨਾਵਾਂ ਸਬੰਧੀ ਬੋਲਦਿਆਂ ਸ. ਬਾਦਲ ਨੇ ਕਿਹਾ ਕਿ ਦੋਸ਼ੀਆਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਤੋੜ-ਭੰਨ ਕਰਨ ਵਾਲੇ 90 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਇਸ ਪੂਰੇ ਘਟਨਾਕ੍ਰਮ ਦੀ ਜਾਂਚ ਕੀਤੀ ਜਾ ਰਹੀ ਹੈ। ਸ. ਬਾਦਲ ਨੇ ਕਿਹਾ ਕਿ ਪੰਜਾਬ ਨੂੰ ਆਉਂਦੇ ਸਾਲਾਂ ਵਿਚ ਵਾਧੂ ਬਿਜਲੀ ਪੈਦਾ ਕਰਨ ਵਾਲਾ ਸੂਬਾ ਬਣਾਉਣ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵਲੋਂ ਵੱਡੇ-ਵੱਡੇ ਪ੍ਰੋਜੈਕਟ ਸ਼ੁਰੂ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਵਿਰੋਧੀ ਜਮਾਤ ਕਾਂਗਰਸ ਨੇ ਸੂਬੇ ਦਾ ਵਿਕਾਸ ਕਰਨ ਦੀ ਬਜਾਏ ਆਪਸੀ ਝਗੜੇਬਾਜ਼ੀ 'ਚ ਹੀ ਸਮਾਂ ਲੰਘਾ ਦਿੱਤਾ ਹੈ। ਕਿਰਨਬੀਰ ਸਿੰਘ ਕੰਗ ਵਲੋਂ ਦਿੱਤੇ ਅਸਤੀਫ਼ੇ ਬਾਰੇ ਬੋਲਦਿਆਂ ਸ. ਬਾਦਲ ਨੇ ਕਿਹਾ ਕਿ ਜ਼ਿਲ੍ਹੇ ਵਾਰ ਚੋਣਾਂ ਕਰਵਾ ਕੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਨੂੰ ਜਲਦ ਹੀ ਨਿਯੁਕਤ ਕਰ ਦਿੱਤਾ ਜਾਵੇਗਾ। ਇਸ ਕਾਨਫਰੰਸ ਦੌਰਾਨ ਐਸਜੀਪੀਸੀ ਪ੍ਰਧਾਨ ਅਵਤਾਰ ਸਿੰਘ ਮੱਕੜ, ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ, ਜਥੇਦਾਰ ਤੋਤਾ ਸਿੰਘ, ਗੁਰਦੇਵ ਸਿੰਘ ਬਾਦਲ, ਭਾਜਪਾ ਆਗੂ ਮਦਨ ਮੋਹਨ ਮਿੱਤਲ, ਗੁਰਸੇਵਕ ਸਿੰਘ, ਪ੍ਰੀਤਮ ਸਿੰਘ, ਅਮਰਜੀਤ ਸਿੰਘ, ਠੇਕੇਦਾਰ ਗੁਰਨਾਮ ਸਿੰਘ, ਮਨਜਿੰਦਰ ਸਿੰਘ ਬਰਾੜ, ਹਰਪ੍ਰੀਤ ਸਿੰਘ, ਦਲਜੀਤ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਸਿੱਖ ਮਸਲਿਆਂ ਪ੍ਰਤੀ ਨਾਹ ਪੱਖੀ ਚੁੱਪਧਾਰ ਕੇ ਵੱਡੀ ਬੇਇਨਸਾਫ਼ੀ ਕਰ ਰਹੀ ਹੈ। ਸ. ਮਾਨ ਨੇ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਐਸਜੀਪੀਸੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਸਿੱਖ ਸਿਧਾਤਾਂ ਨੂੰ ਤਿਲਾਂਜਲੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਸਾਡੀ ਪਾਰਟੀ ਨੇ ਐਸਜੀਪੀਸੀ ਦੀਆਂ ਚੋਣਾਂ 'ਚ ਬਾਦਲ ਦਲ ਨੂੰ ਹਾਰ ਦੇਣ ਲਈ ਕਮਰ ਕੱਸ ਲਈ ਹੈ। ਇਸ ਮੌਕੇ ਅਕਾਲੀ (ਅ) ਦੇ ਕਈ ਆਗੂ ਮੌਜੂਦ ਸਨ।ਇਸੇ ਦੌਰਾਨ ਖਾਲਸਾ ਐਕਸ਼ਨ ਕਮੇਟੀ ਦੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਆਗੂਆਂ ਨੇ ਕਿਹਾ ਕਿ ਬਾਦਲ ਸਰਕਾਰ ਮਾੜੇ ਅਨਸਰਾਂ ਨੂੰ ਕਾਬੂ ਕਰਨ 'ਚ ਨਾਕਾਮ ਰਹੀ ਹੈ। ਉਨ੍ਹਾਂ ਕਿਹਾ ਕਿ ਅਜਿਹੀ ਸਰਕਾਰ ਨੂੰ ਰਾਜ ਕਰਨ ਦਾ ਕੋਈ ਵੀ ਹੱਕ ਨਹੀਂ ਹੈ। ਇਸ ਮੌਕੇ ਖਾਲਸਾ ਐਕਸ਼ਨ ਕਮੇਟੀ ਵਲੋਂ ਸਰਕਾਰ ਨੂੰ ਰਗੜੇ ਲਾਏ ਗਏ ਹਨ।



## ਸੂਬੇ ਦਾ ਵਿਕਾਸ ਕਾਂਗਰਸ ਨੇ ਹੀ ਕੀਤਾ - ਮਹਿੰਦਰ ਸਿੰਘ ਕੇਪੀ

ਪੰਜਾਬ ਦੇ ਪਾਣੀਆਂ ਦੀ ਰਾਖ਼ੀ ਅਤੇ ਸੂਬੇ ਦਾ ਵਿਕਾਸ ਕਾਂਗਰਸ ਸਰਕਾਰ ਸਮੇਂ ਹੀ ਹੋਇਆ। ਕਾਂਗਰਸ ਸਰਕਾਰ 1200 ਕਰੋੜ ਰੁਪਏ ਅਕਾਲੀ ਸਰਕਾਰ ਨੂੰ ਸਰਪਲਸ ਧਨ ਦੇ ਕੇ ਗਈ ਸੀ ਪਰ ਅੱਜ ਪੰਜਾਬ ਸਿਰ 70 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹੋਲੇ ਮਹੱਲੇ ਮੌਕੇ ਅਨੰਦਪੁਰ ਸਾਹਿਬ ਵਿਖੇ ਕਾਂਗਰਸ ਪਾਰਟੀ ਦੀ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ ਪੀ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਅੱਤਵਾਦ ਤੋਂ ਛੁਟਕਾਰਾ ਦਿਵਾਉਣ ਲਈ ਸ. ਬੇਅੰਤ ਸਿੰਘ ਨੇ ਆਪਣੀ ਕੁਰਬਾਨੀ ਤੱਕ ਦੇ ਦਿੱਤੀ। ਉਨ੍ਹਾਂ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਸਮੇਂ ਸੂਬਾ ਨਿਘਾਰ ਵਲ ਗਿਆ, ਜਿਸ ਕਾਰਨ ਕਿਸਾਨ, ਮੁਲਾਜ਼ਮ, ਬਜ਼ੁਰਗ ਤੇ ਗਰੀਬ ਤਬਕੇ ਦੇ ਲੋਕ ਇਸ ਸਰਕਾਰ ਤੋਂ ਦੁਖੀ ਹਨ। ਹਲਕਾ ਖਰੜ ਦੇ ਵਿਧਾਇਕ ਬਲਬੀਰ ਸਿੰਘ ਸਿੱਧੂ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬਾਦਲ ਸਰਕਾਰ ਨੇ ਅਹਿਮ ਵਿਭਾਗ ਆਪਣੇ ਰਿਸ਼ਤੇਦਾਰਾਂ ਨੂੰ ਦੇ ਕੇ ਘਰ ਦੀ ਸਰਕਾਰ ਬਣਾਈ ਹੈ। ਉਨ੍ਹਾਂ ਕਿਹਾ ਕਿ ਵੱਡੇ ਲੋਕ ਬਿਜਲੀ ਦਾ ਦੁਰਪ੍ਰਯੋਗ ਕਰ ਰਹੇ ਹਨ ਪਰ ਉਨ੍ਹਾਂ ਨੂੰ ਪੁੱਛਣ ਵਾਲਾ ਕੋਈ ਨਹੀਂ, ਜਦਕਿ ਗਰੀਬ ਲੋਕਾਂ ਨੂੰ ਹਜ਼ਾਰਾਂ ਰੁਪਏ ਦੇ ਜੁਰਮਾਨੇ ਠੋਕੇ ਜਾ ਰਹੇ ਹਨ। ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਇਸ ਸਮੇਂ ਪੰਜਾਬ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਨਹੀਂ ਹੈ, ਜਿਸ ਕਾਰਨ ਹਿੰਸਕ ਘਟਨਾਵਾਂ ਵਾਪਰ ਰਹੀਆਂ ਹਨ। ਇਸ ਮੌਕੇ ਕਾਂਗਰਸੀ ਐਮਪੀ ਰਵਨੀਤ ਸਿੰਘ ਬਿੱਟੂ, ਰਾਣਾ ਕੰਵਰਪਾਲ ਸਿੰਘ, ਅਮਰਜੀਤ ਸਿੰਘ ਸੈਣੀ, ਵਿਧਾਇਕ ਲਵ ਕੁਮਾਰ ਗੋਲਡੀ ਭਾਗ ਸਿੰਘ, ਰਮੇਸ਼ ਗੋਇਲ, ਭੁਪੇਸ਼ ਗੁਪਤਾ ਆਦਿ ਨੇ ਵੀ ਕਾਨਫਰੰਸ ਨੂੰ ਸੰਬੋਧਨ ਕੀਤਾ।

ਖ਼ਾਲਸਾ ਐਕਸ਼ਨ ਕਮੇਟੀ ਵਲੋਂ ਕੀਤੀ ਗਈ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਭਾਈ ਮੋਹਕਮ ਸਿੰਘ, ਭਾਈ ਹਰਚਰਨਜੀਤ ਸਿੰਘ ਧਾਮੀ, ਭਾਈ ਹਰਪਾਲ ਸਿੰਘ ਚੀਮਾ, ਭਾਈ ਨਰਾਇਣ ਸਿੰਘ ਅਤੇ ਭਾਈ ਕੰਵਰਪਾਲ ਸਿੰਘ ਨੇ ਡੇਰਾ ਸਿਰਸਾ ਦੇ ਸਮਰਥਕਾਂ ਵਲੋ ਸ਼ੁਰੂ ਕੀਤੇ ਹਿੰਸਾ ਦੇ ਤਾਜ਼ਾ ਦੌਰ ਦਾ ਸਖ਼ਤ ਨੋਟਿਸ ਲਿਆ। ਗਰਮ ਖ਼ਿਆਲ ਰਖਣ ਵਾਲੇ ਉਪਰੋਕਤ ਆਗੂਆਂ ਨੇ ਸਾਂਝੇ ਰੂਪ ਵਿਚ ਪੰਜਾਬ, ਹਰਿਆਣਾ, ਰਾਜਸਥਾਨ ਤੇ ਕੇਂਦਰ ਸਰਕਾਰ ਨੂੰ ਤਾੜਣਾ ਕੀਤੀ ਕਿ ਉਹ ਡੇਰਿਆਂ ਨਾਲ ਜੁੜੀਆਂ ਵੋਟਾਂ ਹਾਸਲ ਕਰਨ ਲਈ ਇਨ੍ਹਾਂ ਸਮਾਜ ਤੇ ਧਰਮ ਵਿਰੋਧੀ ਅਨਸਰਾਂ ਦੀ ਪੁਸ਼ਤ-ਪਨਾਹੀ ਬੰਦ ਕਰਨ ਅਤੇ ਡੇਰਾ ਮੁਖੀ ਤੇ ਉਸ ਦੇ ਗੁੰਡਾ ਗਰੋਹ ਵਿਰੁਧ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਮੌਕੇ ਪਰਮਜੀਤ ਸਿੰਘ ਗ਼ਾਜ਼ੀ, ਪ੍ਰਭਜੋਤ ਸਿੰਘ, ਭਾਈ ਮਨਜੀਤ ਸਿੰਘ, ਦਇਆ ਸਿੰਘ ਕੱਕੜ ਅਤੇ ਕੁਲਬੀਰ ਸਿੰਘ ਬੜਾਪਿੰਡ ਆਦਿ ਹਾਜ਼ਰ ਸਨ।


**Wraich Transport LLS**
**North American Truck Stop**
14320 Slover Ave., Fontana, CA 92337




ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



**ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???**



**ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ**



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



**ਨੈਸ਼ਨਲ ਟਰੱਕ ਡਰਾਈਵਿੰਗ ਸਕੂਲ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

*National Truck Driving School*



**Call For Special Price**

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸੱਚੇ ਸੌਦੇ ਵਾਲਿਆਂ ਦੀ ਸਾੜ-ਫੂਕ ਦੀ ਲਹਿਰ

ਸ਼ਹੀਦ ਹੋ ਗਿਆ ਸੀ।

ਕੇਂਦਰੀ ਜਾਂਚ ਬਿਊਰੋ ਨੇ ਪੰਜਾਬ-ਹਰਿਆਣਾ ਹਾਈਕੋਰਟ ਦੀਆਂ ਹਦਾਇਤਾਂ 'ਤੇ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਤੇ ਪੰਜ ਹੋਰਨਾਂ ਵਿਰੁਧ ਡੇਰੇ ਦੇ ਸਾਬਕਾ ਮੈਨੇਜਰ ਫਕੀਰ ਚੰਦ ਦੇ ਕਤਲ ਦੇ ਮਾਮਲੇ ਵਿਚ ਧਾਰਾ 302, 201, 120-ਬੀ ਤਹਿਤ ਕੇਸ ਦਰਜ ਕੀਤਾ ਹੈ। ਇਹ ਮਾਮਲਾ ਸੀ.ਬੀ.ਆਈ. ਦੇ ਚੰਡੀਗੜ੍ਹ ਜ਼ੋਨ ਦੇ ਡਾਇਰੈਕਟੋਰੇਟ ਵਿਖੇ ਦਰਜ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਡੇਰਾ ਮੁਖੀ ਪਹਿਲਾਂ ਵੀ ਪੱਤਰਕਾਰ ਰਾਮ ਚੰਦਰ ਛੱਤਰਪਤੀ ਦੇ ਕਤਲ ਅਤੇ ਡੇਰੇ ਅੰਦਰ ਸਾਧਵੀਆਂ ਦੇ ਜਿਨਸੀ ਸ਼ੋਸ਼ਣ ਦੇ ਮਾਮਲੇ 'ਚ ਸੀ.ਬੀ.ਆਈ. ਅਦਾਲਤ 'ਚ ਪੇਸ਼ੀ ਭੁਗਤ ਰਿਹਾ ਹੈ।

ਤਾਜ਼ਾ ਮਾਮਲੇ 'ਚ ਹਾਈਕੋਰਟ 'ਚ ਕਿਸੇ ਵਲੋਂ ਇਹ ਰਿੱਟ ਪਾਈ ਗਈ ਸੀ ਕਿ ਫਕੀਰ ਚੰਦ ਨੂੰ ਗਾਇਬ ਕਰਕੇ ਉਸਦਾ ਕਤਲ ਕਰ ਦਿੱਤਾ ਹੈ। ਉਧਰ ਡੇਰੇ ਦੇ ਬੁਲਾਰੇ ਡਾਕਟਰ ਅਦਿਤਿਆ ਦਾ ਕਹਿਣਾ ਹੈ ਕਿ ਫਕੀਰ ਚੰਦ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਅਤੇ ਉਹ ਆਪਣੇ ਘਰੋਂ ਗੁੰਮ ਹੋਇਆ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਫਕੀਰ ਚੰਦ ਪਹਿਲਾਂ ਡੇਰੇ ਵਿਚ ਮੈਨੇਜਰ ਸੀ ਅਤੇ ਡੇਰਾ ਛੱਡ ਕੇ ਆਪਣੇ ਘਰ ਜਾਣ ਤੋਂ ਬਾਅਦ ਹੀ ਉਹ ਗੁੰਮ ਹੋਇਆ ਹੈ। ਹੁਣ ਉਸ ਦੀ ਗੁੰਮਸ਼ੁਦਗੀ ਦੇ ਮਾਮਲੇ ਨੂੰ ਕਤਲ ਵਿਚ ਤਬਦੀਲ ਕਰਕੇ ਡੇਰਾ ਮੁਖੀ ਵਿਰੁਧ ਇਕ ਹੋਰ ਕੇਸ ਦਰਜ ਕਰਨਾ ਸਮਝ ਤੋਂ ਬਾਹਰ ਹੈ ਅਤੇ ਬੇਇਨਸਾਫੀ ਹੈ।

ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਹਾਈਕੋਰਟ ਦੀਆਂ ਹਦਾਇਤਾਂ ਉਪਰ ਡੇਰਾ ਮੁਖੀ ਤੇ ਸਾਥੀਆਂ ਵਿਰੁਧ ਮਹਿਜ ਐਫ.ਆਈ.ਆਰ. ਹੀ ਦਰਜ ਕੀਤੀ ਗਈ ਹੈ ਅਤੇ ਮੁੱਢਲੀ ਪੜਤਾਲ ਹੀ ਚੱਲ ਰਹੀ ਹੈ। ਇਸ ਸਬੰਧ 'ਚ ਹਾਲੇ ਤਕ ਡੇਰਾ ਮੁਖੀ ਨੂੰ ਸੰਮਨ ਜਾਰੀ ਨਹੀਂ ਕੀਤੇ ਗਏ।

ਇਸ ਦੇ ਪ੍ਰਤੀਕਰਮ ਵਜੋਂ ਡੇਰਾ ਪ੍ਰੇਮੀਆਂ ਨੇ ਪੰਜਾਬ ਤੇ ਹਰਿਆਣਾ ਵਿਚ ਬੱਸਾਂ ਤੇ ਰੇਲਗੱਡੀਆਂ ਨੂੰ ਫੂਕਿਆ, ਵਾਹਨਾਂ 'ਤੇ ਪਥਰਾਅ ਕੀਤਾ ਤੇ ਕਈ ਥਾਈਂ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਾਇਆ। ਅੰਬਾਲਾ ਨੇੜੇ ਚੰਡੀਗੜ੍ਹ ਟਰਾਂਸਪੋਰਟ ਅੰਡਰਟੇਕਿੰਗ ਦੀ ਮੇਰਠ ਜਾ ਰਹੀ ਇਕ ਬੱਸ ਨੂੰ ਉਪਦਰੀਆਂ ਨੇ ਅੱਗ ਲਾ ਦਿੱਤੀ। ਇਸ ਵਿਚ ਸਵਾਰ ਇਕ ਵਿਅਕਤੀ ਜਲ ਰਹੀ ਬੱਸ 'ਚੋਂ ਬਾਹਰ ਨਾ ਨਿਕਲ ਸਕਿਆ ਅਤੇ ਜਿਉਂਦਾ ਹੀ ਸੜ ਗਿਆ।

ਪ੍ਰਦਰਸ਼ਨਕਾਰੀਆਂ ਨੇ ਪੰਜਾਬ ਵਿਚ ਫਿਰੋਜ਼ਪੁਰ-ਲੁਧਿਆਣਾ ਸਤਲੁਜ ਐਕਸਪ੍ਰੈਸ ਤੇ ਦੋ ਹੋਰ ਪੈਸੰਜਰ ਰੇਲ ਗੱਡੀਆਂ ਨੂੰ ਅੱਗ ਲਗਾਈ। ਉਨ੍ਹਾਂ ਨੇ ਤਪਾ, ਮੋਗਾ ਤੇ ਕਲਾਇਤ ਵਿਚ ਰੇਲਵੇ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ। ਡੇਰਾ ਪ੍ਰੇਮੀਆਂ ਨੇ ਮੋਗਾ ਵਿਚ 7 ਬੱਸਾਂ ਫੂਕੀਆਂ ਜਦਕਿ ਬਠਿੰਡਾ, ਮਾਨਸਾ, ਤਲਵੰਡੀ ਸਾਬੋ, ਬਾਘਾਪੁਰਾਣਾ, ਕੈਥਲ, ਸਿਰਸਾ ਤੇ ਫਤਿਹਾਬਾਦ ਵਿਚ ਵੀ ਬੱਸਾਂ ਸਾੜੀਆਂ। ਇਸ ਤੋਂ ਇਲਾਵਾ ਮੋਗਾ ਵਿਚ ਡੇਰਾ ਪ੍ਰੇਮੀਆਂ ਨੇ ਡੀ.ਸੀ. ਅਤੇ ਐਸ.ਐਸ.ਪੀ. ਦੇ ਦਫਤਰ ਸਾੜਨ ਦਾ ਯਤਨ ਕੀਤਾ ਪਰ ਸੰਤਰੀ ਵਲੋਂ ਹਵਾਈ ਫਾਇਰ ਕਰਨ 'ਤੇ ਉਹ ਉਥੋਂ ਭੱਜਣ ਵਿਚ ਸਫਲ ਹੋ ਗਏ ਅਤੇ ਉਨ੍ਹਾਂ ਦੇ ਕੁਝ ਸਾਥੀ ਪੁਲਿਸ ਨੇ ਗ੍ਰਿਫਤਾਰ ਕਰ ਲਏ।

ਇਸ ਦੌਰਾਨ 27 ਫਰਵਰੀ ਸਨਿਚਰਵਾਰ ਦੀ ਹਿੰਸਾ, ਤੋੜ-ਭੰਨ ਤੇ ਅੱਗਜ਼ਨੀ ਤੋਂ ਬਾਅਦ ਪੰਜਾਬ ਅਤੇ ਹਰਿਆਣਾ ਵਿਚ ਦੂਜੇ ਦਿਨ ਪ੍ਰਸ਼ਾਸਨਿਕ ਸਖਤੀ ਕਾਰਨ ਹਲਾਤ ਆਮ ਵਰਗੇ ਰਹੇ ਪਰ ਤਣਾਅ ਕਾਇਮ ਰਿਹਾ। ਕੇਂਦਰ ਨੇ ਪ੍ਰਭਾਵਿਤ ਇਲਾਕਿਆਂ 'ਚ ਅਰਧ ਸੈਨਿਕ ਬਲਾਂ ਦੇ 1200 ਜਵਾਨ ਭੇਜੇ। ਦੋਹਾਂ ਰਾਜਾਂ ਵਿਚ ਸਨਿਚਰਵਾਰ ਨੂੰ ਹੋਈ ਭੰਨ ਤੋੜ ਅਤੇ ਅੱਗਜ਼ਨੀ ਦੇ ਮਾਮਲੇ 'ਚ ਪੰਜਾਬ 'ਚ ਸੌ ਦੇ ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਹਰਿਆਣਾ 'ਚ ਗ੍ਰਿਫਤਾਰ ਕੀਤੇ ਗਏ 36 ਲੋਕਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਗਿਆ ਹੈ। ਦੋਹਾਂ ਰਾਜਾਂ 'ਚ ਇਸ ਪਿਛੋਂ ਕਿਸੇ ਪ੍ਰਕਾਰ ਦੀ ਮਾੜੀ ਘਟਨਾ ਦੀ ਸੂਚਨਾ ਨਹੀਂ ਮਿਲੀ। ਹਰਿਆਣਾ ਦੇ ਚਾਰ ਜ਼ਿਲ੍ਹਿਆਂ ਸਿਰਸਾ, ਫਤਿਹਾਬਾਦ, ਹਿਸਾਰ ਅਤੇ ਜੀਂਦ 'ਚ ਧਾਰਾ 144 ਲਾਗੂ ਕਰ ਦਿੱਤੀ ਗਈ ਹੈ। ਬਾਘਾਪੁਰਾਣਾ 'ਚ ਪੁਲਿਸ ਨੇ ਮਾੜੀ ਮੁਸਤਫਾ ਪਿੰਡ ਦੇ ਸਾਬਕਾ ਸਰਪੰਚ ਹਰਨੇਕ ਸਿੰਘ ਸਣੇ 400 ਲੋਕਾਂ ਤੇ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਉਥੇ ਬਠਿੰਡਾ 'ਚ ਪੁਲਿਸ ਨੇ ਡੇਰੇ ਤੋਂ ਪ੍ਰਕਾਸ਼ਤ 'ਸੱਚ ਕਹੂੰ' ਅਖਬਾਰ ਦੇ ਰਿਪੋਰਟਰ ਸਮੇਤ ਪਛਾਤੇ-ਅਣਪਛਾਤੇ 40 ਲੋਕਾਂ ਖ਼ਿਲਾਫ ਕੇਸ ਦਰਜ ਕੀਤਾ ਹੈ।

ਉਧਰ ਡੇਰਾ ਮੁਖੀ ਨੇ ਕਿਹਾ ਹੈ ਕਿ ਪੰਜਾਬ ਅਤੇ ਹਰਿਆਣਾ ਵਿਚ ਹਿੰਸਾ ਫੈਲਾਉਣ ਵਾਲੇ ਉਨ੍ਹਾਂ ਦੇ ਪੈਰੋਕਾਰ ਨਹੀਂ ਹਨ। ਡੇਰੇ ਵਿਚ ਸਤਿਸੰਗ ਦੌਰਾਨ ਪੱਤਰਕਾਰਾਂ ਨਾਲ ਗੈਰਰਸਮੀ ਗੱਲਬਾਤ 'ਚ ਮੁਖੀ ਨੇ ਕਿਹਾ ਕਿ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਕਦੇ ਅਜਿਹਾ ਕਰਨ ਲਈ ਨਹੀਂ ਕਿਹਾ। ਉਨ੍ਹਾਂ ਦਾਅਵਾ ਕੀਤਾ ਕਿ ਸੀ.ਬੀ.ਆਈ. ਨੇ ਉਨ੍ਹਾਂ ਵਿਰੁਧ ਜੋ ਮਾਮਲਾ ਦਰਜ ਕੀਤਾ ਹੈ ਉਹ ਸੌ ਫੀਸਦੀ ਝੂਠ 'ਤੇ ਆਧਾਰਤ ਹੈ।

ਇਸ ਦੌਰਾਨ ਡੇਰਾ ਸੱਚਾ ਸੌਦਾ ਦੇ ਸਾਬਕਾ ਪ੍ਰਬੰਧਕ ਫਕੀਰ ਚੰਦ ਦੇ ਛੋਟੇ ਭਰਾ ਰਾਮਦਾਸ ਨੇ ਦਾਅਵਾ ਕੀਤਾ ਕਿ ਫਕੀਰ ਚੰਦ ਆਪਣੀ ਪਤਨੀ ਦੇ ਦਿਹਾਂਤ ਪਿਛੋਂ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ। ਫਕੀਰ ਚੰਦ ਦੇ ਕਤਲ ਦੇ ਮਾਮਲੇ ਵਿਚ ਡੇਰਾ ਮੁਖੀ ਦੀ ਕੋਈ ਭੂਮਿਕਾ ਨਹੀਂ। ਡੇਰੇ ਦੇ ਬੁਲਾਰੇ ਆਦਿਤਯਾ ਇੰਸਾਂ ਨੇ ਕਿਹਾ ਕਿ ਅਜੇ ਤਕ ਇਹ ਸੱਚਾਈ ਵੀ ਸਾਹਮਣੇ ਨਹੀਂ ਆਈ ਕਿ ਫਕੀਰ ਚੰਦ ਇਸ ਦੁਨੀਆਂ ਵਿਚ ਹੈ ਵੀ ਜਾਂ ਨਹੀਂ, ਇੰਜ ਬਿਨਾਂ ਕਿਸੇ ਸਬੂਤ ਦੇ ਉਨ੍ਹਾਂ ਵਿਰੁਧ ਕਤਲ ਦਾ ਮਾਮਲਾ ਦਰਜ ਕਰਨਾ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਉਹ ਇਸ ਮਾਮਲੇ ਵਿਚ ਕਾਨੂੰਨ ਮੁਤਾਬਕ ਕੰਮ ਕਰਨਗੇ।

ਉਧਰ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਵਿਚ ਹਿੰਸਕ ਵਾਤਾਵਰਨ ਪੈਦਾ ਕਰਨ ਵਾਲੇ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ ਅਤੇ ਪੰਜਾਬ ਪੁਲਿਸ ਸਮੁੱਚੀ ਅਮਨ ਕਾਨੂੰਨ ਦੀ ਸਥਿਤੀ ਨੂੰ ਬਣਾਈ ਰੱਖਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

## ਹਾਕੀ:ਆਸਟ੍ਰੇਲੀਆ ਨੇ ਭਾਰਤ ਨੂੰ 5-2 ਨਾਲ ਹਰਾਇਆ

ਜੰਗ ਨੇ ਮੈਦਾਨੀ ਅਤੇ ਰਾਲਿਨ ਟਰਨਰ ਨੇ ਪੈਨਲਟੀ ਕਾਰਨਰ ਜ਼ਰੀਏ 7ਵੇਂ ਮਿੰਟ ਵਿਚ ਗੋਲ ਕੀਤੇ, 27 ਮਿੰਟ ਵਿਚ ਡਿਸਮੰਡ ਅਬੋਟ ਨੇ ਗੋਲ ਕਰਕੇ ਸਕੋਰ 3-0 ਕਰ ਦਿੱਤਾ। ਪਹਿਲੇ ਅੱਧ ਦੇ ਆਖਰੀ 10 ਮਿੰਟਾਂ ਵਿਚ ਭਾਰਤੀ ਖਿਡਾਰੀਆਂ ਨੇ ਕਈ ਵਧੀਆ ਮੂਵ ਬਣਾਏ ਪਰ ਗੋਲ ਕਰਨ ਦੀ ਸਫਲਤਾ ਨਹੀਂ ਮਿਲ ਰਹੀ ਸੀ। ਅਖੀਰ ਪਹਿਲੇ ਅੱਧ ਦੀ ਸਮਾਪਤੀ ਤੋਂ 10 ਸੈਕਿੰਡ ਪਹਿਲਾਂ ਗੁਰਬਾਜ਼ ਸਿੰਘ ਦੇ ਰਾਈਟ ਸਾਈਡ ਤੋਂ ਲਗਾਏ ਕਰਾਸ 'ਤੇ ਵਿਕਰਮ ਪਿੱਲੇ ਨੇ ਗੋਲ ਕਰਕੇ ਭਾਰਤੀ ਟੀਮ ਨੂੰ ਥੋੜ੍ਹੀ ਜਿਹੀ ਰਾਹਤ ਦਿਵਾਈ। ਦੂਸਰਾ ਅੱਧ ਫੇਰ ਬੜੀ ਤੇਜ਼ੀ ਨਾਲ ਸ਼ੁਰੂ ਹੋਇਆ। ਪਹਿਲੇ 7 ਮਿੰਟਾਂ ਦੇ ਵਕਫੇ ਵਿਚ ਹੀ ਆਸਟ੍ਰੇਲੀਆ ਨੇ ਉਪਰੋਥਲੀ 2 ਗੋਲ ਹੋਰ ਕਰਕੇ ਸਕੋਰ 5-2 ਕਰ ਦਿੱਤਾ। ਲੂੱਕ ਡਾਰਨਰ ਨੇ 40ਵੇਂ ਅਤੇ ਰਾਲਿਨ ਟਾਰਨਰ ਨੇ 42ਵੇਂ ਮਿੰਟ ਵਿਚ ਇਹ ਗੋਲ ਕੀਤੇ। 52ਵੇਂ ਮਿੰਟ ਵਿਚ ਅਰਜਨਾ ਹਲੱਪਾ ਦੇ ਇਕ ਬਹੁਤ ਹੀ ਵਧੀਆ ਮੂਵ 'ਤੇ ਰਾਜਪਾਲ ਸਿੰਘ ਨੇ ਗੋਲ ਕਰਕੇ ਸਕੋਰ 2-5 ਕੀਤਾ। ਮੈਚ ਦੇ 65ਵੇਂ ਮਿੰਟ ਵਿਚ ਆਸਟ੍ਰੇਲੀਆ ਨੂੰ ਇਕ ਪੈਨਲਟੀ ਸਟਰੋਕ ਮਿਲਿਆ। ਜਿੰਮੀ ਡਾਇਰ ਵੱਲੋਂ ਲਗਾਏ ਪੈਨਲਟੀ ਸਟਰੋਕ ਨੂੰ ਗੋਲੀਕੀਪਰ ਐਲ ਡਰਿਨ ਡਿਸੂਜਾ ਨੇ ਰੋਕ ਕੇ ਆਸਟ੍ਰੇਲੀਆ ਦੀ ਬੜ੍ਹਤ ਨੂੰ ਅੱਧੀ ਦਰਜਨ ਬਣਨ ਤੋਂ ਰੋਕ ਲਿਆ।

## ਪਾਕਿ ਫ਼ੌਜ ਨੇ ਤਾਲਿਬਾਨ ਵੱਲੋਂ ਅਗਵਾ ਕੀਤੇ ਦੋ ਸਿੱਖਾਂ ਨੂੰ ਛੁਡਾਇਆ

**ਇਸਲਾਮਾਬਾਦ:** ਕਰੀਬ 40 ਦਿਨ ਪਹਿਲਾਂ ਤਾਲਿਬਾਨ ਵੱਲੋਂ ਫਿਰੌਤੀ ਲਈ ਅਗਵਾ ਕੀਤੇ ਗਏ ਦੋ ਪਾਕਿਸਤਾਨੀ ਸਿੱਖਾਂ ਨੂੰ ਪਾਕਿਸਤਾਨੀ ਫੌਜ ਨੇ ਖਹਿਬਰ ਇਲਾਕੇ ਵਿਚੋਂ ਤਾਲਿਬਾਨ ਨਾਲ ਹੋਏ ਇਕ ਮੁਕਾਬਲੇ ਪਿਛੋਂ ਸੋਮਵਾਰ ਅਜ਼ਾਦ ਕਰਵਾ ਲਿਆ। ਅਜ਼ਾਦ ਕਰਵਾਏ ਗਏ ਸਿੱਖਾਂ ਵਿਚੋਂ ਗੁਰਵਿੰਦਰ ਸਿੰਘ ਤਾਂ ਆਪਣੇ ਘਰ ਪਰਤ ਗਿਆ ਹੈ, ਜਦ ਕਿ ਇਸ ਮੁਕਾਬਲੇ 'ਚ ਸੁਰਜੀਤ ਸਿੰਘ ਗੋਲੀ ਲੱਗਣ ਕਾਰਨ ਜ਼ਖਮੀ ਹੋ ਗਿਆ ਸੀ ਅਤੇ ਉਸ ਨੂੰ ਇਲਾਜ ਲਈ ਫੌਜੀ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ।

ਫੌਜ ਦੇ ਇਕ ਬੁਲਾਰੇ ਮੇਜਰ ਜਨਰਲ ਅਤਰ ਅਬਾਸ ਨੇ ਦੱਸਿਆ ਕਿ ਇਸ ਮੁਕਾਬਲੇ 'ਚ ਕਈ ਅੱਤਵਾਦੀ ਮਾਰੇ ਗਏ ਅਤੇ ਸੁਰਜੀਤ ਸਿੰਘ ਦੋ-ਪਾਸੀ ਗੋਲੀਬਾਰੀ 'ਚ ਜ਼ਖ਼ਮੀ ਹੋ ਗਿਆ। ਸੁਰਜੀਤ ਸਿੰਘ ਦੇ ਭਰਾ ਰਾਮ ਸਿੰਘ ਨੇ ਦੱਸਿਆ ਕਿ ਫੌਜੀ ਹਸਪਤਾਲ ਦੇ ਡਾਕਟਰਾਂ ਨੇ ਸੁਰਜੀਤ ਸਿੰਘ ਦਾ ਅਪਰੇਸ਼ਨ ਕਰਕੇ ਉਸਦੇ ਸਰੀਰ ਵਿਚੋਂ ਦੋ ਗੋਲੀਆਂ ਕੱਢੀਆਂ ਹਨ ਅਤੇ ਹੁਣ ਉਸਦੀ ਸਿਹਤ ਠੀਕ ਹੈ।

ਫੌਜ ਦੀ ਇਸ ਪ੍ਰਾਪਤੀ 'ਤੇ ਪਾਕਿਸਤਾਨ ਦੇ ਸਿੱਖ ਭਾਈਚਾਰੇ ਨੇ ਰਾਸ਼ਟਰਪਤੀ ਆਸਿਫ ਅਲੀ ਜ਼ਰਦਾਰੀ, ਪ੍ਰਧਾਨ ਮੰਤਰੀ ਯੂਸਫ ਰਜ਼ਾ ਗਿਲਾਨੀ ਅਤੇ ਫੌਜ ਦੇ ਜਨਰਲ ਆਸਿਫ ਪਰਵੇਜ਼ ਕਿਆਨੀ ਦਾ ਧੰਨਵਾਦ ਕੀਤਾ ਹੈ। ਦੱਸਿਆ ਜਾਂਦਾ ਹੈ ਕਿ ਜਿਸ ਇਲਾਕੇ ਵਿਚੋਂ ਫੌਜ ਨੇ ਉਕਤ ਸਿੱਖਾਂ ਨੂੰ ਅਜ਼ਾਦ ਕਰਵਾਇਆ ਹੈ, ਉਹ ਤਹਿਰੀਕ-ਏ-ਤਾਲਿਬਾਨ ਦੇ ਕਮਾਂਡਰ ਨਾਜ਼ੀਰ ਅਫਰੀਦੀ, ਅਦਨਾਨ ਅਫਰੀਦੀ ਅਤੇ ਤਾਰਿਕ ਅਫਰੀਦੀ ਦਾ ਗੜ੍ਹ ਹੈ।

ਜ਼ਿਕਰਯੋਗ ਹੈ ਕਿ ਸੁਰਜੀਤ ਸਿੰਘ, ਗੁਰਵਿੰਦਰ ਸਿੰਘ ਅਤੇ ਜਸਪਾਲ ਸਿੰਘ ਨੂੰ ਖਹਿਬਰ ਤੋਂ ਅਗਵਾ ਕੀਤਾ ਸੀ ਅਤੇ ਤਿੰਨ ਕਰੋੜ ਦੀ ਫਿਰੌਤੀ ਤਾਲਿਬਾਨ ਅੱਤਵਾਦੀਆਂ ਨੇ ਮੰਗੀ ਸੀ। ਉਕਤ ਫਿਰੌਤੀ ਨਾ ਦੇਣ ਕਾਰਨ ਹੀ ਬੀਤੇ ਦਿਨੀ ਤਾਲਿਬਾਨ ਅੱਤਵਾਦੀਆਂ ਨੇ ਜਸਪਾਲ ਸਿੰਘ ਨੂੰ ਕਤਲ ਕਰ ਦਿੱਤਾ ਸੀ।

## "ਹਰ ਕੈ ਭਗਤ ਨਾ ਆਖੀਐ ਬਨਾਰਸ ਕੇ ਠਗ"

ਇਹ ਲੋਕ ਡੋਗਰਿਆਂ ਵਾਲੀਆਂ ਚਾਲਾਂ ਚੱਲਣੋਂ ਬਾਜ ਨਹੀਂ ਆਉਂਦੇ ਇਸੇ ਜ਼ਮੀਨ ਨਾਲ ਇਕ ਘਰ ਵੀ ਖਰੀਦਿਆ ਗਿਆ ਸੀ। ਅੱਜ ਕੱਲ੍ਹ ਉਸ ਘਰ ਵਿਚ ਗ੍ਰੰਥੀ ਸਿੰਘ ਰਹਿ ਰਹੇ ਹਨ। ਉਸੇ ਘਰ ਵਿਚ ਗੁਰੂ ਗ੍ਰੰਥ ਸਾਹਿਬ ਦਾ ਇਕ ਹੱਥਲਿਖਤ ਸਰੂਪ ਸ. ਜਸਵੰਤ ਸਿੰਘ ਖੋਸਾ ਹੋਰਾਂ ਲਿਖਿਆ ਸੀ ਜਿਸ ਦਾ ਮੌਜੂਦਾ ਪ੍ਰਬੰਧਕਾਂ ਨੇ ਆਪਣੀ ਇਕ ਵੱਡੀ ਪ੍ਰਾਪਤੀ ਵਜੋਂ ਆਪਣੇ ਮੈਨੀਫੈਸਟੋ ਵਿਚ ਵੀ ਪ੍ਰਚਾਰ ਕੀਤਾ ਹੈ ਅਤੇ ਪਹਿਲਾਂ ਸੰਗਤ ਦੇ ਦਰਸ਼ਨਾਂ ਲਈ ਪ੍ਰਕਾਸ਼ ਵੀ ਕੀਤਾ ਸੀ, ਸ਼ਾਇਦ ਫੋਟੋਆਂ ਖਿਚਾਉਣ ਦੇ ਮਨੋਰਥ ਨਾਲ। ਉਂਜ ਇਹੀ ਲੋਕ ਭਾਈ ਖੋਸਾ ਨੂੰ ਕਦੀ ਇਕ ਡੰਗ ਦੀ ਰੋਟੀ ਵੀ ਉਥੇ ਖਵਾਉਣ ਨਹੀਂ ਸਨ ਗਏ। ਇਹ ਵੀ ਦਿਲਚਸਪ ਗੱਲ ਹੈ ਕਿ ਜਦੋਂ ਹਰਦੇਵ ਸਿੰਘ ਗਰੇਵਾਲ ਨੇ 2008 ਦੀਆਂ ਚੋਣਾਂ ਤੋਂ ਬਾਅਦ ਨਵੇਂ ਪ੍ਰਬੰਧਕਾਂ ਦੇ ਹਲਫ ਸਮਾਗਮ ਵਿਚ ਆਖਿਆ ਕਿ ਅੱਜ ਕੀ ਲੋੜ ਹੈ ਹਥਲਿਖਤ ਸਰੂਪਾਂ ਦੀ ਤਾਂ ਇਹ ਪ੍ਰਬੰਧਕ ਚੁੱਪ ਵੱਟੀ ਬੈਠੇ ਰਹੇ। ਜਿਹੜੇ ਘਰ ਨੂੰ ਫਜ਼ੂਲ ਦੱਸਦੇ ਰਹੇ ਹਨ ਅੱਜ ਉਸੇ ਘਰ ਨੂੰ ਦਸ ਯੂਨਿਟ ਦਾ ਅਪਾਰਟਮੈਂਟ ਕੰਪਲੈਕਸ ਅਤੇ ਸੀਨੀਅਰ ਸੈਂਟਰ ਬਣਾਉਣ ਦੀ ਯੋਜਨਾ ਵਜੋਂ ਆਪਣੇ ਮੈਨੀਫੈਸਟੋ ਦੇ ਚੋਣ ਏਜੰਡੇ ਵਿਚ ਸ਼ਾਮਲ ਕੀਤਾ ਗਿਆ ਹੈ। ਹਰਜੋਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਦੋਗਲਾਪਨ ਵੇਖੋ ਕਿ ਸੌ ਏਕੜ ਜ਼ਮੀਨ ਨੂੰ ਤਾਂ ਪਾਣੀ ਪੀ ਪੀ ਕੋਸੀ ਜਾ ਰਹੇ ਹਨ ਪਰ ਉਸੇ ਜ਼ਮੀਨ ਨਾਲ ਖਰੀਦੇ ਗਏ ਘਰ ਨੂੰ ਆਪਣੇ ਚੋਣ ਏਜੰਡੇ ਵਿਚ ਸ਼ਾਮਲ ਕਰ ਰਹੇ ਹਨ।

ਅਖੀਰ ਵਿਚ ਸਾਧ ਸੰਗਤ ਨੂੰ ਬੇਨਤੀ ਹੈ ਕਿ ਅਸੀਂ ਤਿੰਨ ਸਾਲ ਦੇ ਅਰਸੇ ਵਿਚ ਸੌ ਏਕੜ ਜ਼ਮੀਨ ਖਰੀਦੀ, ਗੁਰੂ ਘਰ ਦੇ ਪਾਠੀ ਸਿੰਘਾਂ ਲਈ ਘਰ ਖਰੀਦਿਆ, ਕੈਨੋਪੀ ਦਾ ਕਾਰਜ ਅਰੰਭਿਆ, ਲੰਗਰ ਹਾਲ ਦੇ ਵਿਸਥਾਰ ਲਈ ਪੁਰਾਣੀ ਬਿਲਡਿੰਗ ਨੂੰ ਸਿਟੀ ਦੇ ਕੋਡਾਂ ਦੇ ਅਨੁਰੂਪ ਕੀਤਾ ਜਿਨ੍ਹਾਂ ਦੀ ਕੁਲ ਲਾਗਤ ਲਗਭਗ ਤੀਹ ਲੱਖ ਡਾਲਰ ਬਣਦੀ ਹੈ। ਇਹ ਸਭ ਕੁਝ ਸੰਗਤ ਦੀ ਸਹੂਲਤ ਲਈ ਕੀਤਾ ਗਿਆ ਕਿਸੇ ਨੇ ਕੋਈ ਰਕਮ ਆਪਣੀ ਜੇਬ ਵਿਚ ਨਹੀਂ ਪਾ ਲਈ।

ਪਿਛਲੀ ਕਮੇਟੀ ਦੇ ਅਰੰਭੇ ਕਾਰਜਾਂ ਨੂੰ ਆਪਣੇ ਖਾਤੇ ਪਾ ਕੇ ਅੱਜ ਇਹ ਲੋਕ ਵੱਡੇ ਦਮਗਜੇ ਮਾਰਨੋਂ ਨਹੀਂ ਥੱਕਦੇ। ਕਰਜ਼ੇ ਦੇ ਬੋਝ ਦਾ ਸ਼ੋਰ ਮਚਾਉਣ ਵਾਲੇ ਇਹ ਭੱਦਰਪੁਰਸ਼ ਕੀ ਸੰਗਤ ਨੂੰ ਦੱਸਣਗੇ ਕਿ 1996 ਤੋਂ ਸੰਨ 2004 ਤੱਕ ਉਨ੍ਹਾਂ ਕਮਿਊਨਿਟੀ ਲਈ ਕੀ ਕੀਤਾ? ਅਸੀਂ ਚੇਤੇ ਕਰਵਾ ਦਈਏ ਕਿ ਇਨ੍ਹਾਂ ਨੇ ਪੁਲਿਸ ਨੂੰ 7 ਹਜ਼ਾਰ ਡਾਲਰ ਦਾ ਕੁੱਤਾ ਲੈ ਕੇ ਦਿੱਤਾ, ਹਿਸਾਬ ਮੰਗਣ ਉਤੇ ਸੰਗਤ ਦੇ ਮੈਂਬਰਾਂ ਨੂੰ ਕੁਟਾਪਾ ਚਾੜ੍ਹਿਆ। ਇਕ ਪਾਠੀ ਸੱਜਣ 84 ਹਜ਼ਾਰ ਡਾਲਰ ਲੈ ਕੇ ਫੁਰਰ ਹੋ ਗਿਆ, ਕਿਸੇ ਨੂੰ ਦਸ ਹਜ਼ਾਰ ਡਾਲਰ ਲੰਡਨ ਤੋਂ ਅਸਤਰ-ਬਸਤਰ ਲਿਆਉਣ ਲਈ ਦਿੱਤਾ ਪਰ ਉਹ ਪੈਸਾ ਕਦੇ ਨਾ ਮੁੜਿਆ ਅਤੇ ਨਾ ਹੀ ਅਸਤਰ-ਬਸਤਰ ਆਏ। ਹੋਰ ਬੇਹਿਸਾਬਾ ਕੀ ਕੁਝ ਹੋਇਆ, ਕਿਸੇ ਨੂੰ ਕੀ ਪਤਾ? ਚੋਣਾਂ ਰੁਕਵਾਉਣ ਲਈ ਗੁਰੂ ਘਰ ਦਾ ਕੋਈ 5 ਲੱਖ ਡਾਲਰ ਕੋਰਟ ਕਚਹਿਰੀਆਂ ਦੇ ਲੇਖੇ ਲਾ ਦਿੱਤਾ। ਸੰਗਤ ਜਾਨਣਾ ਚਾਹੇਗੀ ਕਿ ਇਹ ਪੈਸਾ ਇਹ ਲੋਕ ਕਦੋਂ ਮੋੜਨਗੇ? ਅੱਜ ਵੀ ਵੇਖੋ ਇਹ ਲੋਕ ਕੀ ਕਰ ਰਹੇ ਹਨ। ਸੌ ਏਕੜ ਜ਼ਮੀਨ ਦਾ ਬੇਲੋੜਾ ਵਿਰੋਧ, ਸੰਗਤ ਲਈ ਕੀਤੇ ਕਾਰਜਾਂ ਦਾ ਮੂਰਖਤਾ ਭਰਿਆ ਵਿਰੋਧ ਅਤੇ ਪੈਸੇ ਜੋੜਨ ਦਾ ਝੂਠਾ ਭਰਵਾਸਾ।

ਅਖੀਰ ਵਿਚ ਸਾਧ ਸੰਗਤ ਜੀ ਬੇਨਤੀ ਹੈ ਕਿ ਇਨ੍ਹਾਂ ਭੱਦਰਪੁਰਸ਼ਾਂ ਦੇ ਕਾਰਨਾਮੇ ਤੁਸੀਂ ਵੀ ਜਾਣਦੇ ਹੋ, ਅਸੀਂ ਵੀ ਜਾਣਦੇ ਹਾਂ। ਜੇ ਬਹੁਤਾ ਕੁਝ ਲਿਖਿਆ ਤਾਂ ਕਹਿਣਗੇ, "ਮਾੜਾ ਲਿਖਦੇ ਐ, ਮਾੜਾ ਲਿਖਦੇ ਐ"। ਸਾਡੀ ਚੰਦਰੀ ਫੁੱਟ ਨੇ ਇਨ੍ਹਾਂ ਨੂੰ ਐਂਟਰੀ ਦੇ ਦਿੱਤੀ ਵਰਨਾ...।

ਆਪ ਜੀ ਨੂੰ ਬੇਨਤੀ ਹੈ ਕਿ 14 ਮਾਰਚ 2010 ਨੂੰ ਆਪਣੇ ਅਜ਼ਮਾਏ ਹੋਏ ਨਿਧੜਕ ਸੇਵਾਦਾਰ ਭਾਈ ਗੁਰਮੀਤ ਸਿੰਘ ਦੀ ਪੰਥਕ ਸਲੇਟ ਨੂੰ ਵੋਟਾਂ ਪਾ ਕੇ ਕਾਮਯਾਬ ਕਰੋ ਜੀ ਤਾਂ ਕਿ ਆਪਾਂ ਗੁਰੂ ਘਰ ਅਤੇ ਭਾਈਚਾਰੇ ਦਾ ਕੁਝ ਸੰਵਾਰ ਸਕੀਏ।

**ਜਾਰੀ ਕਰਤਾ:**
**ਭਾਈ ਕੁਲਜੀਤ ਸਿੰਘ ਅਤੇ ਭਾਈ ਹਰਮਿੰਦਰ ਸਿੰਘ**

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਮਾਨ ਸਿੰਘ ਪਿਹੋਵਾ ਦਾ ਡੇਰਾ ਫਿਰ ਵਿਵਾਦ ਦਾ ਕੇਂਦਰ ਬਣਿਆ

## ਡਾ. ਸੁਖਵਿੰਦਰ ਸਿੰਘ ਖਹਿਰਾ ਵਲੋਂ ਤੇਜ਼ਾਬ ਸੁੱਟ ਕੇ ਅੰਨ੍ਹਾ ਕਰਨ ਦਾ ਦੋਸ਼

**ਚੰਡੀਗੜ੍ਹ :**ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਹਰਿਆਣਾ ਦੇ ਪਿਹੋਵਾ ਡੇਰਾ ਦੇ ਪ੍ਰਮੁੱਖ ਮਾਨ ਸਿੰਘ ਵਲੋਂ ਚਲਾਏ ਜਾ ਰਹੇ ਚੈਰੀਟੇਬਲ ਹਸਪਤਾਲ ਦੇ ਡਾ. ਸੁਖਵਿੰਦਰ ਸਿੰਘ ਖਹਿਰਾ ਦੇ ਉਪਰ 3 ਸਾਲ ਪਹਿਲਾਂ ਤੇਜ਼ਾਬ ਪਾ ਕੇ ਅੱਖਾਂ ਤੋਂ ਅੰਨ੍ਹਾ ਬਣਾਉਣ ਤੇ ਉਸਦੇ ਜਲੰਧਰ ਸਥਿਤ ਮਕਾਨ ਨੂੰ ਜਲਾਉਣ ਦੇ ਮਾਮਲੇ ਸਬੰਧੀ 29 ਅਪ੍ਰੈਲ ਲਈ ਸੀ.ਬੀ.ਆਈ, ਪੰਜਾਬ ਸਰਕਾਰ ਤੇ ਹਰਿਆਣਾ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। ਡਾ. ਖਹਿਰਾ ਨੇ ਮਾਨ ਸਿੰਘ ਪਿਹੋਵਾ ਦੇ ਉੱਪਰ ਇਹ ਦੋਸ਼ ਲਗਾਇਆ ਹੈ ਕਿ ਉਸ ਦੇ ਕਹਿਣ 'ਤੇ ਪਰਮਜੀਤ ਸਿੰਘ ਕੰਗ ਤੇ ਹੋਰ ਵਿਅਕਤੀਆਂ ਨੇ ਜਾਨਲੇਵਾ ਹਮਲਾ ਕੀਤਾ ਸੀ ਤੇ ਤੇਜ਼ਾਬ ਪਾ ਕੇ ਅੱਖਾਂ ਦੀ ਰੌਸ਼ਨੀ ਖਤਮ ਕਰ ਦਿੱਤੀ ਸੀ।

ਪਹਿਲਾਂ ਡਾ. ਖਹਿਰਾ ਨੇ ਆਪਣੇ ਉੱਪਰ ਹੋਏ ਹਮਲੇ ਸਬੰਧੀ ਪੁਲਸ ਨੂੰ ਬਿਆਨ ਨਹੀਂ ਦਿੱਤੇ ਸਨ, ਜਿਸ ਕਾਰਨ ਦੋਸ਼ੀਆਂ 'ਤੇ ਦਰਜ ਮਾਮਲੇ ਰੱਦ ਹੋ ਗਏ ਸਨ। ਯਾਦ ਰਹੇ ਇਸ ਮਾਮਲੇ ਦੇ ਮੁੜ ਪਨਪਣ ਨਾਲ ਸੰਤ ਮਾਨ ਸਿੰਘ ਪਿਹੋਵਾ ਵਾਲੇ ਦਾ ਕੁਰੂਕਸ਼ੇਤਰ ਸਥਿਤ ਮੁੱਖ ਡੇਰਾ ਇਕ ਵਾਰ ਫਿਰ ਨਵੇਂ ਵਿਵਾਦ 'ਚ ਆ ਗਿਆ ਹੈ। ਲੰਘੀ 24 ਫਰਵਰੀ ਨੂੰ ਪ੍ਰੈਸ ਕਾਨਫਰੰਸ ਕਰਕੇ ਆਯੁਰਵੈਦਿਕ 'ਚ ਡਾਇਬਟੀਜ਼ ਵਿਸ਼ੇ 'ਤੇ



ਸੰਤ ਮਾਨ ਸਿੰਘ ਪਿਹੋਵਾ

ਐੱਮ.ਡੀ.ਡਾ. ਸੁਖਵਿੰਦਰ ਸਿੰਘ ਖਹਿਰਾ ਤੇ ਉਸ ਦੀ ਵਿਧਵਾ ਮਾਤਾ ਜੋਗਿੰਦਰ ਕੌਰ ਨੇ ਗੰਭੀਰ ਦੋਸ਼ ਲਾਏ ਸਨ ਤੇ ਇਸ ਮਾਮਲੇ ਨੂੰ ਸੀ.ਬੀ.ਆਈ. ਜਾਂਚ ਲਈ ਹਾਈਕੋਰਟ ਜਾਣ ਦਾ ਐਲਾਨ ਕੀਤਾ ਸੀ। ਡਾ. ਖਹਿਰਾ ਨੇ ਦੋਸ਼ ਲਾਇਆ ਕਿ ਉਸਨੂੰ ਸਬਕ ਸਿਖਾਉਣ ਲਈ ਡੇਰੇ 'ਚ ਐਸਿਡ ਸੁੱਟ ਕੇ 3 ਸਾਲ ਪਹਿਲਾਂ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ ਗਿਆ ਤੇ ਉਹ ਹੁਣ ਪੰਜਾਬ ਪੁਲਿਸ ਦੀ ਸੁਰਖਿਆ ਮਿਲਣ ਤੋਂ ਬਾਅਦ ਪੂਰੇ ਢਾਈ ਸਾਲਾਂ ਦੇ ਸਮੇਂ ਬਾਅਦ ਅੰਡਰ ਗਰਾਊਂਡ ਰਹਿਣ ਤੋਂ ਬਾਅਦ ਸਾਹਮਣੇ ਆਇਆ ਹੈ। ਉਸਨੇ ਦੋਸ਼ ਲਾਇਆ ਕਿ ਡੇਰੇ ਅੰਦਰ ਦੀਆਂ ਕਈ ਅਨੈਤਿਕ ਕਾਰਵਾਈਆ ਤੇ ਹੋਰ ਗਲਤ ਗਤੀਵਿਧੀਆਂ ਬਾਰੇ ਉਸਨੇ ਸਬੂਤ ਜੁਟਾ ਲਏ ਸਨ, ਜਿਸ ਕਰਕੇ ਉਸਨੂੰ ਸਬਕ ਸਿਖਾਉਣ ਲਈ ਇੰਝ ਕੀਤਾ ਗਿਆ। ਪ੍ਰੈੱਸ ਕਾਨਫਰੰਸ 'ਚ ਡਾ. ਖਹਿਰਾ ਦੇ ਨਾਲ ਮਾਝਾ ਐਕਸ ਸਰਵਿਸ ਮੈਨ ਹਿਊਮਨ ਰਾਈਟ ਫਰੰਟ ਦੇ ਚੇਅਰਮੈਨ ਕਰਨਲ ਜੀ.ਐਸ.ਸੰਧੂ, ਪੰਜਾਬ ਹਿਊਮਨ ਰਾਈਟ ਆਰਗੇਨਾਈਜੇਸ਼ਨ ਦੇ ਜਸਟਿਸ ਅਜੀਤ ਸਿੰਘ ਬੈਂਸ, ਸਿੱਖ ਸੰਘਰਸ਼ ਕਮੇਟੀ ਵਲੋਂ ਭਾਈ ਸਾਹਿਬ ਸਿੰਘ ਤੇ ਐਡਵੋਕੇਟ ਰਾਜਬਿੰਦਰ ਸਿੰਘ ਬੈਂਸ ਵੀ ਮੌਜੂਦ ਸਨ।

ਖਹਿਰਾ ਨੇ ਦੱਸਿਆ ਕਿ ਡੇਰਾ ਪਿਹੋਵਾ 'ਚ ਚਲਾਏ ਜਾ ਰਹੇ ਸੰਤ ਈਸ਼ਰ ਸਿੰਘ ਚੈਰੀਟੇਵਲ ਹਸਪਤਾਲ 'ਚ ਡਿਊਟੀ ਦੌਰਾਨ ਉਸ ਉਪਰ ਤੇਜਾਬ ਸੁਟਿਆ ਗਿਆ ਸੀ ਤੇ ਤਿੰਨ ਸਾਲ ਪਹਿਲਾਂ ਤਿੰਨ ਮਹੀਨੇ ਤਕ ਇਸ ਘਟਨਾ ਤੋਂ ਬਾਅਦ ਪੀ.ਜੀ.ਆਈ. 'ਚ ਉਸਦਾ ਇਲਾਜ ਚਲਦਾ ਰਿਹਾ। ਉਸਨੇ ਦੱਸਿਆ ਕਿ ਇਲਾਜ ਦੇ ਸਮੇਂ ਦੌਰਾਨ ਵੀ ਉਸ ਨੂੰ ਪਰਿਵਾਰ ਸਮੇਤ ਖਤਮ ਕੀਤੇ ਜਾਣ ਦੀਆਂ ਧਮਕੀਆਂ ਮਿਲਦੀਆਂ ਰਹੀਆਂ। ਉਸ ਦੱਸਿਆ ਕਿ ਇਸ ਕਾਰਨ ਹੀ ਉਸਨੇ ਤਿੰਨ ਸਾਲ ਡਰਦਿਆਂ ਲੁਕ ਛਿਪਕੇ ਕੱਟ ਲਏ ਤੇ ਕਿਸੇ ਖਿਲਾਫ ਬਿਆਨ ਨਹੀਂ ਦਿੱਤਾ। ਉਸ ਦੱਸਿਆ ਕਿ ਤਿੰਨ ਸਾਲਾਂ ਦੇ ਸਮੇਂ ਵਿਚ ਉਸ ਨੇ ਧੁੱਪ ਤਕ ਨਹੀਂ ਦੇਖੀ। ਉਸ ਦੀ ਮਾਤਾ ਜੋਗਿੰਦਰ ਕੌਰ ਨੇ ਦੱਸਿਆ ਕਿ ਇਸ ਸਮੇਂ ਤੱਕ ਆਪਣੇ ਬੱਚਿਆਂ ਨੂੰ ਵੀ ਨਾਂ ਬਦਲ ਕੇ ਸਕੂਲਾਂ 'ਚ ਪੜ੍ਹਾਇਆ। ਉਨ੍ਹਾਂ ਦੱਸਿਆ ਕਿ ਕਰਨਲ ਸੰਧੂ ਨਾਲ ਸੰਪਰਕ ਹੋਣ ਤੋਂ ਬਾਅਦ ਉਹ ਇਸ ਬਾਰੇ ਡੀ.ਜੀ.ਪੀ.ਪੀ.ਐਸ. ਗਿੱਲ ਨੂੰ 9 ਫਰਵਰੀ ਨੂੰ ਮਿਲੇ। ਜਿਨ੍ਹਾਂ ਨੇ ਤੁਰੰਤ ਹੀ ਦੋ ਸੁਰੱਖਿਆ ਕਰਮਚਾਰੀ ਮੁਹੱਈਆ ਕਰਵਾ ਦਿਤੇ। ਪ੍ਰੰਤੂ ਇਹ ਸੁਰੱਖਿਆ ਕਾਫੀ ਨਹੀਂ ਕਿਉਂਕਿ ਘਰ 'ਤੇ ਵੀ ਸੁਰੱਖਿਆ ਜ਼ਰੂਰੀ ਹੈ। ਇਸ ਮੌਕੇ ਐਡਵੋਕੇਟ ਰਾਜਬਿੰਦਰ ਬੈਂਸ ਨੇ ਦੱਸਿਆ ਕਿ ਹੋਰ ਸੁਰੱਖਿਆ ਦੀ ਮੰਗ ਕੀਤੀ ਜਾਵੇਗੀ। ਡਾ. ਖਹਿਰਾ ਨੇ ਮਾਨ ਸਿੰਘ ਪਿਹੋਵਾ 'ਤੇ ਦੋਸ਼ ਲਾਉਂਦਿਆਂ ਕਿਹਾ ਕਿ ਉਹ ਆਪਣੇ ਡੇਰੇ 'ਚ ਗਰਭਵਤੀ ਮਹਿਲਾਵਾਂ ਦਾ ਅਲਟਰਾਸਾਊਂਡ ਕਰਵਾਉਣ ਲਈ ਕਹਿੰਦਾ ਸੀ ਪ੍ਰੰਤੂ ਮੈਂ ਅਜਿਹਾ ਕਰਨ ਤੋਂ ਇਨਕਾਰ ਕਰ ਦਿਤਾ ਤੇ ਡੇਰੇ ਦੀਆਂ ਕਈ ਗਤੀਵਿਧੀਆਂ ਬਾਰੇ ਜਦੋਂ ਮੇਰੇ ਕੋਲ ਸਬੂਤ ਇਕੱਠੇ ਹੋ ਗਏ ਤਾਂ ਉਸ ਖਿਲਾਫ ਸਾਜ਼ਿਸ਼ ਰਚੀ ਗਈ। ਡਾ. ਖਹਿਰਾ ਨੇ ਜਲੰਧਰ ਦੇ ਇਕ ਡਾਕਟਰ ਪਰਮਜੀਤ ਸਿੰਘ 'ਤੇ ਉਸ ਦੇ ਤਿੰਨ ਚਾਰ ਸਾਥੀਆਂ ਖਿਲਾਫ ਵੀ ਮਾਰੂ ਹਮਲਾ ਕਰਨ ਦਾ ਦੋਸ਼ ਲਾਇਆ ਤੇ ਕਿਹਾ ਕਿ ਪੀ.ਜੀ.ਆਈ. ਪਹੁੰਚਾਉਣ 'ਚ ਵੀ ਦੇਰੀ ਕੀਤੀ ਗਈ। ਇਸ ਤੋਂ ਇਲਾਵਾ ਉਸ ਦੇ ਬੱਚੇ ਤੇ ਮਾਂ ਵੀ ਉਨ੍ਹਾਂ ਦੇ ਕਬਜ਼ੇ 'ਚ ਹੋਣ ਦੀ ਗੱਲ ਆਖੀ ਗਈ ਸੀ। ਉਸ ਨੇ ਦੱਸਿਆ ਕਿ ਇਸੇ ਦੌਰਾਨ ਜਲੰਧਰ ਕੈਂਟ 'ਚ ਬਣੇ ਮਕਾਨ ਨੂੰ ਵੀ ਕੁਝ ਲੋਕਾਂ ਨੇ ਅੱਗ ਲਾ ਦਿਤੀ ਸੀ ਪ੍ਰੰਤੂ ਉਥੋਂ ਭੱਜ ਕੇ ਜਾਨ ਬਚਾਈ। ਜਦੋਂ ਡਾ. ਪਰਮਜੀਤ ਸਿੰਘ ਤੋਂ ਉਸ ਉਪਰ ਲਾਏ ਗਏ ਦੋਸ਼ਾਂ ਬਾਰੇ ਉਸਦਾ ਪੱਖ ਜਾਣਿਆ ਗਿਆ ਤਾਂ ਉਸ ਨੇ ਕਿਹਾ ਕਿ ਡਾ. ਖਹਿਰਾ ਵਲੋਂ ਲਾਏ ਗਏ ਦੋਸ਼ ਪੂਰੀ ਤਰ੍ਹਾਂ ਬੇਬੁਨਿਆਦ ਹਨ ਤੇ ਇਸ 'ਚ ਕੋਈ ਸਚਾਈ ਨਹੀਂ । ਉਸ ਨੇ ਕਿਹਾ ਕਿ ਉਸ ਉਪਰ ਕਿਸੇ ਤਰ੍ਹਾਂ ਦਾ ਉਸ ਨੇ ਹਮਲਾ ਨਹੀਂ ਕੀਤਾ ਤੇ ਨਾ ਹੀ ਉਸ ਦਾ ਕੋਈ ਐਸਿਡ ਸੁੱਟਣ ਦੇ ਮਾਮਲੇ 'ਚ ਲੈਣਾ ਦੇਣਾ ਹੈ। ਉਲਟਾ ਉਸਨੇ ਡਾ. ਖਹਿਰਾ ਉਪਰ ਕਈ ਗੰਭੀਰ ਦੋਸ਼ ਲਾਏ ਤੇ ਕਿਹਾ ਕਿ ਉਹ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰਨ ਲਈ ਤਿਆਰ ਹੈ। ਮਾਨ ਸਿੰਘ ਪਿਹੋਵਾ ਡੇਰਾ ਪ੍ਰਬੰਧਕਾਂ ਨਾਲ ਕੋਸ਼ਿਸ਼ ਦੇ ਬਾਵਜੂਦ ਸੰਪਰਕ ਨਹੀਂ ਹੋ ਸਕਿਆ।



ਪ੍ਰੈਸ ਕਾਨਫਰੰਸ ਦੌਰਾਨ ਡਾ. ਖਹਿਰਾ (ਬਿਲਕੁਲ ਸੱਜੇ) ਤੇ ਹੋਰ।

## ਚੀਨ 'ਚ ਬੈਟਰੀਆਂ ਬਣਾਉਣ ਵਾਲੀ ਫੈਕਟਰੀ 'ਚ ਧਮਾਕਾ, 13 ਮਰੇ

**ਬੀਜਿੰਗ:**ਉਤਰੀ ਚੀਨ ਦੀ ਇੱਕ ਬੈਟਰੀਆਂ ਬਣਾਉਣ ਵਾਲੀ ਫੈਕਟਰੀ 'ਚ ਹੋਏ ਜ਼ਬਰਦਸਤ ਧਮਾਕੇ 'ਚ 13 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 5 ਲਾਪਤਾ ਹੋ ਗਏ।

ਸ਼ਿਨਹੁਆ ਨਿਊਜ਼ ਏਜੰਸੀ ਅਨੁਸਾਰ ਹੇਬੇਈ ਪ੍ਰਾਂਤ ਦੀ ਲਿਹੁਆ ਬੈਟਰੀ ਬਣਾਉਣ ਵਾਲੀ ਫੈਕਟਰੀ 'ਚ ਇਹ ਧਮਾਕਾ ਬੁੱਧਵਾਰ ਦੇਰ ਰਾਤ ਨੂੰ ਹੋਇਆ, ਜਿਸ ਵਿਚ 50 ਲੋਕ ਜ਼ਖ਼ਮੀ ਹੋ ਗਏ। ਸੂਬਾ ਸਰਕਾਰ ਨੇ ਧਮਾਕੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕਰ ਦਿੱਤਾ ਹੈ।

## ਤਖ਼ਤੂਪੁਰਾ ਕੇਸ 'ਚ ਹਾਈ ਕੋਰਟ ਤੋਂ ਜਾਂਚ ਦੀ ਮੰਗ

**ਨਿਹਾਲ ਸਿੰਘ ਵਾਲਾ:** ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ ਏਕਤਾ) ਦੇ ਸੂਬਾਈ ਆਗੂ ਸਾਧੂ ਸਿੰਘ ਤਖ਼ਤੂਪੁਰਾ ਨੂੰ ਸ਼ਰਧਾਂਜਲੀ ਦੇਣ ਲਈ 22 ਮਜ਼ਦੂਰ-ਕਿਸਾਨ ਜਥੇਬੰਦੀਆਂ ਨੇ ਇਥੇ ਵਿਸ਼ਾਲ ਸ਼ਹੀਦੀ ਸਮਾਗਮ ਕਰ ਕੇ ਸ਼ਹੀਦ ਕਿਸਾਨ ਸਾਧੂ ਸਿੰਘ ਤਖ਼ਤੂਪਰਾ ਦੀ ਹਤਿਆ ਬਾਰੇ ਸਚਾਈ ਸਾਹਮਣੇ ਲਿਆਉਣ ਲਈ ਹਾਈ ਕੋਰਟ ਤੋਂ ਜਾਂਚ ਕਰਾਉਣ ਦੀ ਮੰਗ ਕੀਤੀ। ਤਖ਼ਤੂਪੁਰਾ ਵਿਚ ਇਤਿਹਾਸਕ ਮੇਲੇ ਵਾਲੀ ਥਾਂ 'ਤੇ ਮੇਲੇ ਵਾਂਗ ਹੀ ਹਜ਼ਾਰਾਂ ਦੀ ਗਿਣਤੀ ਵਿਚ ਇਕੱਠ ਵਿਚ ਰੋਹ ਭਰਪੂਰ ਨਾਹਰੇ ਲਗਾਏ ਗਏ। ਭਾਰਤੀ ਕਿਸਾਨ ਯੂਨੀਅਨ ਉਗਰਾਹਾਂ ਏਕਤਾ ਦੇ ਪ੍ਰਧਾਨ ਸ. ਜੋਗਿੰਦਰ ਸਿੰਘ ਉਗਰਾਹਾਂ ਨੇ ਜੋਸ਼ੀਲੀ ਤਕਰੀਰ ਰਾਹੀਂ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ, ''ਅੰਮ੍ਰਿਤਸਰ ਦੀ ਧਰਤੀ 'ਤੇ ਵਹਾਏ ਗਏ ਖ਼ੂਨ ਨਾਲ ਸੰਘਰਸ਼ ਹੋਰ ਤਿੱਖੇ ਹੋਣਗੇ। ਜ਼ਮੀਨਾਂ ਦੀ ਲੜਾਈ ਵਿਚ ਜ਼ਿੰਦਗੀਆਂ ਲਗਦੀਆਂ ਹਨ। ਅਗਲੀਆਂ ਸਫ਼ਾ ਦੇ ਆਗੂਆਂ ਨੂੰ ਕਤਲ ਕਰ ਕੇ ਪੁੱਠਾ ਰਸਤਾ ਅਖ਼ਤਿਆਰ ਕੀਤਾ ਜਾ ਰਿਹਾ ਹੈ। ਤਖ਼ਤੂਪੁਰਾ ਕਤਲ ਕਾਂਡ ਦੀ ਜਾਂਚ ਹਾਈ ਕੋਰਟ ਤੋਂ ਕਰਵਾਉਣ, ਮੁੱਖ ਦੋਸ਼ੀਆਂ ਰਛਪਾਲ ਸਿੰਘ ਥਾਣੇਦਾਰ, ਕੁਲਵਿੰਦਰ ਸਿੰਘ ਸਰਪੰਚ ਸੌੜੀ, ਸਰਬਜੀਤ ਸਿੰਘ ਲੋਧੀਨੰਗਲ ਅਤੇ ਵੀਰ ਸਿੰਘ ਲੋਪੋਕੇ ਨੂੰ ਗ੍ਰਿਫ਼ਤਾਰ ਕਰ ਕੇ ਫਾਹੇ ਲਾਉਣ ਦੀ ਮੰਗ ਕੀਤੀ ਗਈ।

ਖੰਨਾ ਚਮਾਰਾਂ ਕਾਂਡ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਅਤੇ ਗੁਰਦਾਸਪੁਰ ਮੋਰਚੇ ਦੇ ਸ਼ਹੀਦ ਕਿਸਾਨ ਨੂੰ ਸ਼ਰਧਾਂਜਲੀ ਦੇ ਪੰਜ ਮਤੇ ਰੱਖੇ ਗਏ ਜਿਨ੍ਹਾਂ ਨੂੰ ਹੱਥ ਖੜੇ ਕਰ ਕੇ ਨਾਹਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਹੋਰ ਬੁਲਾਰਿਆਂ ਸੁਮਨ, ਕੰਵਲਜੀਤ ਪੰਨੂੰ ਕਿਸਾਨ ਸੰਘਰਸ਼ ਕਮੇਟੀ ਪ੍ਰਧਾਨ, ਭਗਵੰਤ ਸਿੰਘ ਸਮਾਉ, ਮਜ਼ਦੂਰ ਮੁਕਤੀ ਮੋਰਚਾ ਪੰਚ ਹਰਦੇਵ ਸਿੰਘ ਸੰਧੂ ਸਮੇਤ ਹੋਰਨਾਂ ਸੂਬਾ ਆਗੂਆਂ ਨੇ ਸਾਧੂ ਸਿੰਘ ਤਖ਼ਤੂਪੁਰਾ ਦੇ ਸੰਘਰਸ਼ ਨੂੰ ਯਾਦ ਕਰਦਿਆਂ ਕਿਹਾ ਕਿ ਸਰਕਾਰ ਵਲੋਂ ਚਾਰ ਮੁੱਖ ਦੋਸ਼ੀਆਂ ਨੂੰ ਕੇਸ ਵਿਚੋਂ ਕਢਿਆ ਜਾ ਰਿਹਾ ਹੈ। ਸਾਧੂ ਸਿੰਘ ਦੇ ਕਤਲ ਨੂੰ ਵੀ ਆਮ ਮੌਤ ਸਾਬਤ ਕੀਤਾ ਜਾ ਰਿਹਾ ਹੈ।


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

| Vital Shield Plus 2900 Generic Rx | | | |
|---|---|---|---|
| Age Range | Individual | Individual & Spouse | Family |
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

An independent Licensee of the Blue Shield Association A36145(1/09)

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.



Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਮੁਕਰ ਗਿਆ ਬੀਬੀ ਜਗੀਰ ਕੌਰ ਦਾ ਕਥਿਤ ਜਵਾਈ



**ਪਟਿਆਲਾ :** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਦੀ ਪੁੱਤਰੀ ਹਰਪ੍ਰੀਤ ਕੌਰ ਦੇ ਕਥਿਤ ਕਤਲ ਦੇ ਮਾਮਲੇ ਵਿਚ ਸੀ.ਬੀ.ਆਈ ਵਲੋਂ ਮੁਕਰੇ ਗਵਾਹ ਗਰਦਾਨੇ ਗਏ ਕੰਵਲਜੀਤ ਸਿੰਘ ਨੇ ਲੰਘੀ 26 ਫਰਵਰੀ ਨੂੰ ਇਥੇ ਅਦਾਲਤ ਵਿਚ ਕਿਹਾ ਕਿ ਉਸਨੇ ਇਸ ਕੇਸ ਸਬੰਧੀ ਕਦੇ ਵੀ ਖੁਦ ਪਹੁੰਚ ਕਰ ਕੇ ਕੇਸ ਦੀ ਪੈਰਵੀ ਨਹੀਂ ਕੀਤੀ। ਕੰਵਲਜੀਤ ਸਿੰਘ ਨੇ ਹਰਪ੍ਰੀਤ ਕੌਰ ਦੀ ਮੌਤ ਮਗਰੋਂ ਦਾਅਵਾ ਕੀਤਾ ਸੀ ਕਿ ਉਹ ਉਸ ਦਾ ਪਤੀ ਹੈ। ਜ਼ਿਲ੍ਹਾ ਅਤੇ ਸੈਸ਼ਨ ਜੱਜ ਵਰਿੰਦਰ ਕੁਮਾਰ ਦੀ ਅਦਾਲਤ ਵਿਚ ਪੇਸ਼ੀ ਦੌਰਾਨ ਸੀ.ਬੀ.ਆਈ.ਦੇ ਵਕੀਲਾਂ ਵਲੋਂ ਉਸਨੂੰ ਇਹ ਪੁੱਛੇ ਜਾਣ 'ਤੇ ਕਿ ਉਸਨੇ ਬੀਬੀ ਜਗੀਰ ਕੌਰ ਵਿਰੁਧ ਅਦਾਲਤ ਵਿਚ ਕੋਈ ਪਟੀਸ਼ਨ ਦਾਇਰ ਕੀਤੀ ਸੀ, ਤਾਂ ਉਸਨੇ ਜਵਾਬ ਨਾ ਵਿਚ ਦਿੱਤਾ। ਉਹ ਕਿਸੇ ਰਣਜੀਤ ਸਿੰਘ ਰੰਧਾਵਾ ਨਾਂ ਦੇ ਵਕੀਲ ਨੂੰ ਕੀਤੇ ਜਾਣ ਤੋਂ ਵੀ ਮੁਕਰ ਗਿਆ। ਉਧਰ ਅਦਾਲਤ ਨੇ ਇਸ ਮਾਮਲੇ ਦੀ ਅਗਲੀ ਪੇਸ਼ੀ 12 ਅਤੇ 13 ਮਾਰਚ ਨੂੰ ਦੋ ਦਿਨ ਇਕੱਠੇ ਹੀ ਰੱਖ ਲਈ ਹੈ।

ਕੰਵਲਜੀਤ ਸਿੰਘ ਵਲੋਂ ਪਹਿਲਾਂ ਦਿਤੇ ਬਿਆਨਾਂ 'ਤੇ ਹੋਈ ਜਿਰਾਹ ਦੌਰਾਨ ਉਸਨੇ ਇਥੋਂ ਤਕ ਕਹਿ ਦਿਤਾ ਕਿ ਜਦੋਂ ਹਰਪ੍ਰੀਤ ਦੀ ਮੌਤ ਹੋਈ, ਤਾਂ ਉਹ ਉਸ ਵੇਲੇ ਸਦਮੇ ਵਿਚ ਸੀ ਅਤੇ ਬੀਬੀ ਜਗੀਰ ਕੌਰ ਦੇ ਵਿਰੋਧੀ ਧੜੇ ਕਾਂਗਰਸ ਅਤੇ ਅਕਾਲੀ ਦਲ ਮਾਨ ਦੇ ਕਾਰਕੁਨਾਂ ਨੇ ਉਸ ਕੋਲੋਂ ਖ਼ਾਲੀ ਕਾਗਜ਼ਾਂ ਉਪਰ ਦਸਤਖਤ ਕਰਵਾਏ ਸਨ, ਜੋ ਉਸਨੂੰ ਪਤਾ ਨਹੀਂ ਕਿ ਉਹ ਕਿੱਥੇ ਵਰਤੇ ਗਏ? ਅਦਾਲਤ ਵਿਚ ਕੋਈ ਪਟੀਸ਼ਨ ਨਾ ਪਾਉਣ ਦਾ ਦਾਅਵਾ ਕਰਦਿਆਂ ਉਸਨੇ ਕਿਹਾ ਕਿ ਇਸ ਕੇਸ ਦਾ ਤਾਂ ਉਦੋਂ ਪਤਾ ਲੱਗਾ ਜਦੋਂ ਉਸ ਨੂੰ ਅਦਾਲਤ ਵਲੋਂ ਸੰਮਨ ਆਏ। ਜਦੋਂ ਉਸ ਨੂੰ ਇਹ ਪੁਛਿਆ ਗਿਆ ਕਿ ਉਸ ਦੀਆਂ ਭੈਣਾਂ ਨੇ ਵੀ ਇਸ ਮਾਮਲੇ ਵਿਚ ਗਵਾਹੀ ਦਿਤੀ ਹੈ, ਤਾਂ ਉਹ ਇਸ ਤੋਂ ਵੀ ਮੁਕਰ ਗਿਆ ਤੇ ਆਖਿਆ ਕਿ ਉਸਦੀ ਆਪਣੀਆਂ ਭੈਣਾਂ ਨਾਲ ਕੋਈ ਗੱਲ ਨਹੀਂ ਹੋਈ। ਸੁਰੱਖਿਆ ਮਿਲਣ ਬਾਰੇ ਉਸਨੇ ਆਖਿਆ ਕਿ ਉਸ ਨੂੰ ਨਹੀਂ ਪਤਾ ਕਿ ਇਹ ਸੁਰਖਿਆ ਕਿਉਂ ਦਿਤੀ ਗਈ ਹੈ ਅਤੇ ਨਾ ਹੀ ਉਸ ਨੇ ਇਹ ਸੁਰੱਖਿਆ ਮੰਗੀ। ਇਸ ਲਈ ਉਹ ਸੁਰੱਖਿਆ ਵਾਪਸ ਕਰਨ ਲਈ ਕੋਈ ਅਰਜ਼ੀ ਕਿਉਂ ਪਾਵੇ? ਉਸਨੇ ਆਪਣੇ ਆਪ ਨੂੰ ਉਨ੍ਹਾਂ ਲੋਕਾਂ ਤੋਂ ਖਤਰਾ ਦਸਿਆ ਜੋ ਬੀਬੀ ਜਗੀਰ ਕੌਰ ਦੇ ਵਿਰੋਧੀ ਹੋਣ ਕਰ ਕੇ ਉਸ ਉਪਰ ਇਹ ਕੇਸ ਚਲਾਉਣ ਲਈ ਕਥਿਤ ਤੌਰ 'ਤੇ ਦਬਾਅ ਪਾ ਰਹੇ ਸਨ ਹਾਲਾਂਕਿ ਉਸਨੇ ਕਿਸੇ ਦਾ ਨਾਂ ਨਹੀਂ ਲਿਆ। ਉਸਨੇ ਸੀ.ਬੀ.ਆਈ. ਅਫ਼ਸਰਾਂ ਉਪਰ ਧਮਕਾਉਣ ਦੇ ਦੋਸ਼ ਲਗਾਏ । ਪੇਸ਼ੀ ਦੌਰਾਨ ਬਚਾਅ ਪੱਖ ਦੇ ਵਕੀਲਾਂ ਅਤੇ ਬੀਬੀ ਜਗੀਰ ਕੌਰ ਸਮੇਤ ਸਾਰੇ ਕਥਿਤ ਮੁਲਜ਼ਮ ਅਦਾਲਤ ਵਿਚ ਹਾਜ਼ਰ ਸਨ।

ਦੱਸਣਯੋਗ ਹੈ ਕਿ ਪੇਸ਼ੀ ਦੌਰਾਨ ਵੀ ਕੰਵਲਜੀਤ ਸਿੰਘ ਇਸ ਗੱਲੋਂ ਮੁਕਰ ਗਿਆ ਸੀ ਕਿ ਹਰਪ੍ਰੀਤ ਕੌਰ ਨਾਲ ਉਸ ਦੀ ਕੋਈ ਸ਼ਾਦੀ ਹੋਈ ਸੀ ਜਾਂ ਮੰਗਣੀ। ਉਸ ਦਾ ਕਹਿਣਾ ਸੀ ਕਿ ਉਸਨੇ ਮੰਗਣੀ ਦੀਆਂ ਤਸਵੀਰਾਂ ਤਾਂ ਐਵੇਂ ਹੀ ਬਣਵਾਈਆਂ ਸਨ, ਤਾਂ ਜੋ ਹਰਪ੍ਰੀਤ ਕੌਰ ਅਤੇ ਬੀਬੀ ਜਗੀਰ ਕੌਰ ਵਲੋਂ ਮੁਕਰਨ 'ਤੇ ਇਨ੍ਹਾਂ ਨੂੰ ਵਰਤਿਆ ਜਾ ਸਕੇ। ਆਪਣੇ ਬਿਆਨਾਂ ਤੋਂ ਮੁਕਰ ਜਾਣ ਕਰ ਕੇ ਸੀ.ਬੀ.ਆਈ. ਨੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਕੰਵਲਜੀਤ ਸਿੰਘ ਨੂੰ ਮੁਕਰਿਆ ਗਵਾਹ ਮੰਨ ਲਿਆ ਜਾਵੇ, ਜੋ ਕਿ ਅਦਾਲਤ ਨੇ ਪ੍ਰਵਾਨ ਕਰ ਲਈ ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ 'ਚ ਵੋਟਰਾਂ ਲਈ ਕੇਸਧਾਰੀ ਹੋਣ ਦਾ ਮੁੱਦਾ ਭਾਰੂ ਰਿਹਾ

**ਚੰਡੀਗੜ੍ਹ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਗੁਰਦੁਆਰਾ ਚੋਣ ਕਮਿਸ਼ਨ ਵਲੋਂ ਸਬੰਧਤ ਰਾਜਾਂ ਦੀ ਸੱਦੀ ਮੀਟਿੰਗ ਵਿਚ ਵੋਟਰ ਬਣਨ ਲਈ ਕੇਸਧਾਰੀ ਹੋਣ ਦਾ ਮੁੱਦਾ ਭਾਰੂ ਰਿਹਾ। ਵੋਟਰ ਬਣਨ ਨਾਲ ਜੁੜੇ ਇਤਰਾਜ਼ ਨੂੰ ਮੁੱਢਲੀ ਵੋਟਰ ਲਿਸਟ ਬਣਨ ਬਾਅਦ ਸਬੰਧਤ ਅਧਿਕਾਰੀ ਵੱਲੋਂ ਸੁਣੇ ਜਾਣਗੇ ਅਤੇ ਲੋੜ ਪੈਣ 'ਤੇ ਡਾਕਟਰੀ ਜਾਂਚ ਵੀ ਕਰਵਾਈ ਜਾਵੇਗੀ।

ਵਰਨਣਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਨੂੰ ਲੈ ਕੇ ਮੇਦਾਨ ਭਖਣਾ ਸ਼ੁਰੂ ਹੋ ਗਿਆ ਹੈ। ਇਸਦੇ ਪਹਿਲੇ ਪੜਾਅ ਵਿਚ ਤਕਰੀਬਨ 80 ਲੱਖ ਵੋਟਰ ਫਾਰਮ ਵੰਡੇ ਜਾ ਚੁੱਕੇ ਹਨ ਅਤੇ ਇਹ ਫਾਰਮ ਹੇਠਾਂ ਤੱਕ ਸਬੰਧਤ ਅਧਿਕਾਰੀਆਂ ਤੱਕ ਪੁੱਜ ਵੀ ਗਏ ਹਨ। ਇਸ ਤੋਂ ਇਲਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੇਠਲੀ ਪੱਧਰ 'ਤੇ ਮਾਨਤਾ ਵਾਲੇ ਗੁਰਦੁਆਰਿਆਂ ਵਿਚ ਵੀ ਇਹ ਫਾਰਮ ਭੇਜੇ ਗਏ ਹਨ। ਇਸਤੋਂ ਇਲਾਵਾ ਕੋਈ ਵੀ ਵੋਟਰ ਫਾਰਮ ਨੂੰ ਫੋਟੋਸਟੇਟ ਕਰਵਾ ਕੇ ਵੀ ਭਰਕੇ ਦੇ ਸਕਦਾ ਹੈ। ਇਸ ਵਾਰ ਇਹ ਵੀ ਅਹਿਮ ਹੈ ਕਿ ਵੋਟਰ ਨੂੰ ਆਪ ਫਾਰਮ ਜਾ ਕੇ ਦੇਣਾ ਪਏਗਾ ਅਤੇ ਸਬੰਧਤ ਅਧਿਕਾਰੀ ਸਾਹਮਣੇ ਵੀ ਆਪਣੇ ਦਸਤਖਤ ਕਰਨੇ ਹੋਣਗੇ। ਮੁੱਖ ਤੌਰ 'ਤੇ 70 ਲੱਖ ਫਾਰਮ ਪੰਜਾਬ ਲਈ ਵੰਡੇ ਗਏ ਅਤੇ ਬਾਕੀ ਦੇ ਦਸ ਲੱਖ ਫਾਰਮ ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਰਾਜਾਂ ਲਈ ਵੰਡੇ ਗਏ ਹਨ।

ਇਥੇ ਜਸਟਿਸ (ਸੇਵਾ ਮੁਕਤ) ਹਰਫੂਲ ਸਿੰਘ ਬਰਾੜ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਨੇ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਅਧਿਕਾਰੀਆਂ ਦੀ ਚੋਣਾਂ ਦੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਬੁਲਾਈ ਸੀ। ਮੀਟਿੰਗ ਵਿਚ ਗੁਰਦੁਆਰਾ ਕਮਿਸ਼ਨ ਦੇ ਸਕੱਤਰ ਗੁਰਦੇਵ ਸਿੰਘ ਸਿੱਧੂ, ਪੰਜਾਬ ਦੇ ਗੁਰਦੁਆਰਾ ਕਮਿਸ਼ਨ ਕੁਲਬੀਰ ਸਿੰਘ ਅਤੇ ਡਾ. ਅਰਵਿੰਦਰ ਸਿੰਘ, ਹਰਿਆਣਾ ਦੇ ਜਾਇੰਟ ਕਮਿਸ਼ਨਰ ਸੁਭਾਸ਼ ਗੋਇਲ, ਚੰਡੀਗੜ੍ਹ ਦੇ ਅਸ਼ਵਨੀ ਕੁਮਾਰ ਅਤੇ ਹਿਮਾਚਲ ਦੇ ਸ੍ਰੀ ਕੇਵਲ ਸ਼ਰਮਾ ਸ਼ਾਮਲ ਹੋਏ। ਤਕਰੀਬਨ ਦੋ ਘੰਟੇ ਚੱਲੀ ਮੀਟਿੰਗ ਵਿਚ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਨਾਲ ਜੁੜੇ ਕਈ ਅਹਿਮ ਮਾਮਲਿਆਂ ਬਾਰੇ ਵਿਚਾਰ ਕੀਤੀ ਗਈ। ਇਨ੍ਹਾਂ ਮਾਮਲਿਆਂ ਬਾਰੇ ਅੰਤਿਮ ਫੈਸਲਾ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਨੇ ਲੈਣਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਮੀਟਿੰਗ ਵਿਚ ਵੋਟਰ ਲਈ ਲਾਜ਼ਮੀ ਸ਼ਰਤ ਕੇਸਧਾਰੀ ਹੋਣ ਬਾਰੇ ਗੰਭੀਰਤਾ ਨਾਲ ਵਿਚਾਰ ਹੋਈ। ਇਸ ਅਨੁਸਾਰ ਸਰੀਰ ਦੇ ਰੋਮਾਂ ਦੀ ਬੇਅਦਬੀ ਕਰਨ ਵਾਲਾ ਕੋਈ ਵੀ ਵਿਅਕਤੀ ਵੋਟਰ ਨਹੀਂ ਹੋ ਸਕਦਾ। ਮੀਟਿੰਗ ਵਿਚ ਇਹ ਰਾਇ ਸੀ ਕਿ ਇਸਨੂੰ ਹੇਠਲੇ ਪੱਧਰ 'ਤੇ ਸਖਤੀ ਨਾਲ ਲਾਗੂ ਕੀਤਾ ਜਾਵੇ। ਇਹ ਸ਼ਰਤ ਏਨੀ ਪੱਕੀ ਹੈ ਕਿ ਇਸ ਨੂੰ ਕਾਇਮ ਰੱਖਣ ਲਈ ਆਮ ਚੋਣਾਂ ਦੇ ਉਲਟ ਹਰ ਪੰਜ ਸਾਲ ਪੂਰੀ ਵੋਟਰ ਲਿਸਟ ਨਹੀਂ ਬਣਦੀ ਹੈ ਅਤੇ ਵੋਟਰ ਨੂੰ ਫਾਰਮ ਭਰ ਕੇ ਦੇਣਾ ਪੈਂਦਾ ਹੈ ਕਿ ਉਹ ਸਾਰੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਮੀਟਿੰਗ 'ਚ ਇਹ ਰਾਇ ਬਣੀ ਕਿ ਵੋਟਰ ਲਿਸਟ ਮੁੱਢਲੇ ਤੌਰ 'ਤੇ ਪ੍ਰਕਾਸ਼ਤ ਕਰਕੇ ਇਤਰਾਜ਼ ਮੰਗੇ ਜਾਣਗੇ। ਜੇਕਰ ਕਿਸੇ ਵੋਟਰ ਬਾਰੇ ਇਤਰਾਜ਼ ਹੋਵੇਗਾ ਤਾਂ ਇਸ ਦੀ ਸੁਣਵਾਈ ਅਧਿਕਾਰੀ ਦੇ ਪੱਧਰ 'ਤੇ ਹੋਵੇਗੀ ਅਤੇ ਉਸਨੂੰ ਮੈਡੀਕਲ ਜਾਂਚ ਲਈ ਡਾਕਟਰ ਅੱਗੇ ਪੇਸ਼ ਹੋਣਾ ਪਏਗਾ। ਇਸਤੋਂ ਬਾਅਦ ਅੰਤਿਮ ਸੂਚੀ ਪ੍ਰਕਾਸ਼ਿਤ ਹੋਵੇਗੀ।

ਸੂਤਰਾਂ ਅਨੁਸਾਰ ਪਿਛਲੀ ਚੋਣ ਨਾਲੋਂ ਵੋਟਾਂ ਦੀ ਗਿਣਤੀ ਕਰਨ ਦਾ ਸਿਸਟਮ ਵੀ ਬਦਲਿਆ ਗਿਆ ਹੈ। ਇਸ ਮੁਤਾਬਕ ਹੁਣ ਵੋਟਾਂ ਦੀ ਗਿਣਤੀ ਰਿਟਰਨਿੰਗ ਅਫਸਰਾਂ ਦੇ ਪੱਧਰ 'ਤੇ ਹੋਵੇਗੀ ਅਤੇ ਇੰਜ ਸਬ-ਡਵੀਜ਼ਨ ਪੱਧਰ 'ਤੇ ਵੋਟਾਂ ਗਿਣੀਆਂ ਜਾਣਗੀਆਂ। ਪਹਿਲਾਂ ਇਨ੍ਹਾਂ ਵੋਟਾਂ ਦੀ ਗਿਣਤੀ ਬੂਥ ਪੱਧਰ 'ਤੇ ਕਰ ਲਈ ਜਾਂਦੀ ਸੀ ਅਤੇ ਬਾਅਦ ਵਿਚ ਜੋੜ ਕਰਕੇ ਨਤੀਜੇ ਦਾ ਐਲਾਨ ਹੋ ਜਾਂਦਾ ਸੀ। ਇਹ ਵੀ ਤੈਅ ਹੋ ਗਿਆ ਹੈ ਕਿ ਵੋਟਾਂ ਪੈਣ ਦਾ ਕੰਮ ਰਵਾਇਤੀ ਢੰਗ ਨਾਲ ਡੱਬਿਆਂ ਨਾਲ ਹੀ ਕੀਤਾ ਜਾਵੇਗਾ। ਇਲੈਕਟਰੋਨਿਕਸ ਮਸ਼ੀਨਾਂ ਲੈਣ ਬਾਰੇ ਵੀ ਮੀਟਿੰਗ ਵਿਚ ਚਰਚਾ ਹੋਈ ਸੀ ਪਰ ਇਸ ਨੂੰ ਅਮਲੀ ਰੂਪ ਨਹੀਂ ਦਿਤਾ ਜਾ ਸਕਿਆ।

ਇਹ ਪਹਿਲਾਂ ਹੀ ਤੈਅ ਹੈ ਕਿ 21 ਸਾਲ ਦਾ ਹੀ ਵਿਅਕਤੀ ਵੋਟਰ ਬਣ ਸਕਦਾ ਹੈ ਤੇ ਆਮ ਚੋਣਾਂ ਵਾਗ 18 ਸਾਲ ਦੇ ਵਿਅਕਤੀ ਨੂੰ ਵੋਟਰ ਬਣਨ ਦਾ ਅਧਿਕਾਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਕਮਿਸ਼ਨ ਵੱਲੋਂ ਕਈ ਸਾਲ ਪਹਿਲਾਂ ਬੇਨਤੀ ਕਰਨ ਦੇ ਬਾਵਜੂਦ ਵੀ ਨਹੀਂ ਦਿੱਤਾ ਹੈ। ਇਸ ਵਾਰ ਇਹ ਵੀ ਤੈਅ ਹੈ ਕਿ ਸਹਿਜਧਾਰੀ ਸਿੱਖ ਵੋਟਰ ਬਣਨ ਦਾ ਹੀ ਹੱਕਦਾਰ ਨਹੀਂ ਹੈ। ਇਸਤੋਂ ਪਿਛਲੀ ਵਾਰ ਸਹਿਜਧਾਰੀ ਵੋਟਾਂ ਤਾਂ ਬਣ ਗਈਆਂ ਸਨ ਪਰ ਬਾਅਦ ਵਿਚ ਕੱਟ ਦਿਤੀਆਂ ਗਈਆਂ ਸਨ। ਬੋਗਸ ਵੋਟਰਾਂ ਨੂੰ ਰੋਕਣ ਲਈ ਵੋਟਰ ਲਈ ਕੋਈ ਸ਼ਨਾਖਤੀ ਕਾਰਡ ਨਾਲ ਲਿਆਉਣਾ ਲਾਜ਼ਮੀ ਹੈ।

ਸ੍ਰੀ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠਲੇ ਸ਼੍ਰੋਮਣੀ ਅਕਾਲੀ ਦਲ ਨੇ ਗੁਰਦੁਆਰੇ ਕਮਿਸ਼ਨ ਨਾਲ ਮੀਟਿੰਗ ਕਰਕੇ ਚੋਣਾਂ ਬਾਰੇ ਆਪਣੀ ਰਾਇ ਦਿੱਤੀ। ਸ੍ਰੀ ਮਾਨ ਵੱਲੋਂ ਸ਼੍ਰੋਮਣੀ ਕਮੇਟੀ ਚੋਣਾਂ ਪੂਰੀ ਤਰ੍ਹਾਂ ਨਿਯਮਾਂ ਅਧੀਨ ਕਰਵਾਉਣ ਦੀ ਮੰਗ ਕੀਤੀ ਗਈ ਹੈ। ਉਨ੍ਹਾਂ ਨੇ ਚੋਣ ਲਈ ਕਈ ਸੁਝਾਅ ਵੀ ਦਿਤੇ ਹਨ। ਉਨ੍ਹਾਂ ਨੇ ਦਲ ਬਦਲੀ ਕਾਨੂੰਨ ਲਾਗੂ ਕਰਨ ਦੀ ਮੰਗ ਵੀ ਕੀਤੀ ਹੈ।

# ਗੁਰਦੁਆਰਾ ਐਕਟ ਵਿਚ ਅਕਾਲੀ ਵੱਡਾ ਰੋੜਾ



**ਬਠਿੰਡਾ :** ਗੁਰਮਤਿ ਸਿਧਾਂਤ ਲਾਗੂ ਕਰਵਾਉਣ ਅਤੇ ਪੰਥਕ ਇਕਸੁਰਤਾ ਲਈ ਪੰਜਾਂ ਤਖਤਾਂ ਦੀ ਇੱਕੋ ਮਰਯਾਦਾ ਹੋਣੀ ਲਾਜ਼ਮੀ ਹੈ, ਜੋ ਸਿਰਫ਼ ਆਲ ਇੰਡੀਆ ਗੁਰਦੁਆਰਾ ਐਕਟ ਬਣਨ ਪਿੱਛੋਂ ਹੀ ਲਾਗੂ ਹੋ ਸਕਦੀ ਹੈ। ਆਲ ਇੰਡੀਆ ਐਕਟ ਬਣਨ 'ਚ ਸਭ ਤੋਂ ਵੱਧ ਪੰਜਾਬ ਦੇ ਅਕਾਲੀ ਆਗੂ ਹੀ ਰੋੜਾ ਬਣਦੇ ਹਨ। ਇਹ ਸ਼ਬਦ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਪ੍ਰੋ. ਦਰਸ਼ਨ ਸਿੰਘ ਨੇ ਬੀਤੀ 25 ਫਰਵਰੀ ਨੂੰ ਗੁਰਦੁਆਰਾ ਸਿੰਘ ਸਭਾ ਬਠਿੰਡਾ ਦੇ ਸਾਬਕਾ ਸਕੱਤਰ ਰਣਜੀਤ ਸਿੰਘ ਦੇ ਘਰ ਜੁੜੇ ਜਾਗਰੂਕ ਸਿੱਖਾਂ ਦੇ ਵੱਡੀ ਗਿਣਤੀ ਵਿਚ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਹੇ। ਉਨ੍ਹਾਂ ਦੱਸਿਆ ਕਿ ਕੁਝ ਤਾਕਤਾਂ ਸ਼ੁਰੂ ਤੋਂ ਹੀ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲੋਂ ਤੋੜਨ ਦਾ ਯਤਨ ਕਰਦੀਆਂ ਹਨ, ਪਰ ਉਹ ਇਸ ਵਿਚ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕੀਆਂ, ਪਰ ਉਨ੍ਹਾਂ ਦੀਆਂ ਕੋਸ਼ਿਸ਼ਾਂ ਲਗਾਤਾਰ ਜਾਰੀ ਹਨ। ਅੰਗਰੇਜ਼ ਵੀ ਇਸ ਗੱਲ ਨੂੰ ਸਮਝ ਗਏ ਸਨ ਕਿ ਭਾਰਤ ਵਿਚ ਉਨ੍ਹਾਂ ਦੇ ਰਾਜ ਨੂੰ ਸਿਰਫ਼ ਸਿੱਖ ਹੀ ਚੁਣੌਤੀ ਦੇ ਸਕਦੇ ਹਨ ਅਤੇ ਜਦੋਂ ਤੱਕ ਸਿੱਖ, ਗੁਰੂ ਗ੍ਰੰਥ ਸਾਹਿਬ ਨਾਲ ਜੁੜੇ ਰਹੇ, ਉਸ ਸਮੇਂ ਤੱਕ ਇਨ੍ਹਾਂ ਨੂੰ ਕਾਬੂ ਕਰਨਾ ਮੁਸ਼ਕਲ ਹੈ। ਇਸ ਲਈ ਉਨ੍ਹਾਂ ਪੁਜਾਰੀਆਂ ਨਾਲ ਮਿਲ ਕੇ ਬਚਿੱਤਰ ਨਾਟਕ ਨਾਮੀ ਪੁਸਤਕ ਨੂੰ ਦਸਮ ਗ੍ਰੰਥ ਦਾ ਨਾਮ ਦੇ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਤੁਲ ਪ੍ਰਕਾਸ਼ ਕਰਵਾਉਣਾ ਸ਼ੁਰੂ ਕਰ ਦਿੱਤਾ। ਗੁਰਦੁਆਰਾ ਸੁਧਾਰ ਲਹਿਰ ਮੌਕੇ ਸਿੱਖਾਂ ਦੀ ਮੁੱਖ ਮੰਗ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਸੀ, ਪਰ ਅੰਗਰੇਜ਼ ਇਸ ਨੂੰ ਆਪਣੇ ਰਾਜ ਲਈ ਚੁਣੌਤੀ ਸਮਝਦੇ ਸਨ, ਇਸ ਲਈ ਉਨ੍ਹਾਂ ਸਿਰਫ਼ ਪੰਜਾਬ ਲਈ ਗੁਰਦੁਆਰਾ ਐਕਟ 1925 ਹੀ ਬਣਾਇਆ। ਪ੍ਰੋ. ਦਰਸ਼ਨ ਸਿੰਘ ਨੇ ਦੱਸਿਆ ਕਿ ਦੇਸ਼ ਦੀ ਅਜ਼ਾਦੀ ਪਿੱਛੋਂ ਪੰਜਾਬ ਦੇ ਅਕਾਲੀਆਂ ਨੂੰ ਵੀ ਸੱਤਾ ਦੀ ਕੁਰਸੀ ਦਾ ਸੁਆਦ ਪੈ ਗਿਆ ਤੇ ਉਹ ਸਮਝਣ ਲੱਗ ਪਏ ਕਿ ਆਲ ਇੰਡੀਆ ਐਕਟ ਬਣਨ ਪਿੱਛੋਂ ਪੰਜਾਬ ਤੋਂ ਬਾਹਰ ਦੇ ਸਿੱਖ ਉਨ੍ਹਾਂ ਦੀ ਸਰਦਾਰੀ ਨੂੰ ਚੁਣੌਤੀ ਦੇ ਸਕਦੇ ਹਨ, ਇਸ ਲਈ ਬਾਹਰੀ ਤੌਰ 'ਤੇ ਤਾਂ ਬੇਸ਼ੱਕ ਉਹ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੀ ਮੰਗ ਨੂੰ ਲੈ ਕੇ ਬਿਆਨ ਦਾਗਦੇ ਰਹਿੰਦੇ ਹਨ, ਪਰ ਅੰਦਰੂਨੀ ਤੌਰ 'ਤੇ ਉਹ ਹੀ ਇਸ ਦੇ ਬਣਨ ਵਿਚ ਵੱਡਾ ਰੋੜਾ ਹਨ। ਸਮਾਗਮ ਤੋਂ ਬਾਅਦ ਜਦੋਂ ਪ੍ਰੋ. ਦਰਸ਼ਨ ਸਿੰਘ ਤੋਂ ਪੱਤਰਕਾਰਾਂ ਨੇ ਪੁੱਛਿਆ ਕਿ ਕੀ ਵਿਵਾਦ ਹੱਲ ਕਰਨ ਲਈ ਉਹ ਅਕਾਲ ਤਖਤ ਸਾਹਿਬ 'ਤੇ ਪੇਸ਼ ਹੋ ਸਕਦੇ ਹਨ? ਤਾਂ ਉਨ੍ਹਾਂ ਕਿਹਾ ਕਿ ਜਿਹੜੇ ਜਥੇਦਾਰ ਖ਼ੁਦ ਅਕਾਲ ਤਖਤ ਸਾਹਿਬ ਦੇ ਹੁਕਮਨਾਮੇ ਨਹੀਂ ਮੰਨਦੇ ਤੇ ਦਸਮ ਗ੍ਰੰਥ ਨੂੰ ਮੱਥਾ ਟੇਕਦੇ ਹਨ, ਉਨ੍ਹਾਂ ਸਾਹਮਣੇ ਗੋਡੇ ਟੇਕਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ।

# ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਦੇ ਮਾਮਲੇ ਦਾ ਹਾਈ ਕੋਰਟ ਵਲੋਂ ਨੋਟਿਸ

**ਚੰਡੀਗੜ੍ਹ:** ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਵਲੋਂ ਡਿਪਟੀ ਕਮਿਸ਼ਨਰਾਂ ਨੂੰ ਜਾਰੀ ਪੱਤਰ ਜਿਸ ਵਿਚ 40 ਵਿਸ਼ੇਸ਼ ਅਕਾਲੀ ਆਗੂਆਂ ਦਾ ਖਾਸ ਖਿਆਲ ਰੱਖਣ ਸਬੰਧੀ ਹਦਾਇਤਾਂ ਦਿੱਤੀਆਂ ਹਨ, ਦਾ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸਖਤ ਨੋਟਿਸ ਲਿਆ ਹੈ। ਇਸ ਮਾਮਲੇ ਸਬੰਧੀ ਦਾਇਰ ਪਟੀਸ਼ਨ ਦਾ ਨੋਟਿਸ ਲੈਂਦਿਆਂ ਮੁੱਖ ਜੱਜ ਮੁਕਲ ਮੁਦਗਿਲ ਤੇ ਜਸਟਿਸ ਜਸਬੀਰ ਸਿੰਘ ਨੇ ਇਸ ਮਾਮਲੇ ਦੀ ਸੁਣਵਾਈ ਲਈ 15 ਮਾਰਚ ਨਿਸ਼ਚਿਤ ਕੀਤੀ ਹੈ।

ਬਾਰ ਐਟ ਲਾਅ ਦੀ ਤਰਫੋਂ ਲੋਕ ਹਿਤ 'ਚ ਦਾਇਰ ਇਸ ਪਟੀਸ਼ਨ ਵਿਚ ਬੈਰਿਸਟਰ ਹਿੰਮਤ ਸਿੰਘ ਸ਼ੇਰਗਿੱਲ ਨੇ ਸ੍ਰੀ ਬਾਦਲ, ਪੰਜਾਬ ਸਰਕਾਰ ਤੇ ਪੁਲੀਸ ਮੁਖੀ ਨੂੰ ਧਿਰ ਬਣਾਉਂਦਿਆਂ ਕਿਹਾ ਕਿ ਡਿਪਟੀ ਕਮਿਸ਼ਨਰਾਂ ਨੂੰ ਹਦਾਇਤਾਂ ਦੇਣੀਆਂ ਅਹੁਦੇ ਦੀ ਸਹੁੰ ਚੁੱਕਣ ਮੌਕੇ ਭੇਤ ਗੁਪਤ ਰੱਖਣ ਸਬੰਧੀ ਸਹੁੰ ਦੀ ਉਲੰਘਣਾ ਦਾ ਕੇਸ ਦਰਜ ਕਰਨ ਸਬੰਧੀ ਮੁੱਢਲੇ ਸਬੂਤ ਮੁਹੱਈਆ ਕਰਦੀਆਂ ਹਨ।


CTR CENTRAL TRAILER REPAIR

3275 E Central Fresno, CA
Ph: 559 268 8231

We work on all makes & models of refrigeration units.



- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)

E-mail:paul@cfxfresno.com



Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH

Notary Free

Cell:510-452-7370

MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com

## ਲੁਧਿਆਣਾ ’ਚ ਮਾਨਵ ਰਹਿਤ ਜਹਾਜ਼ ਦਾ ਮਾਡਲ ਤਿਆਰ

**ਲੁਧਿਆਣਾ:** ਇਥੋਂ ਦੀ ਇਕ ਫਰਮ ਨੇ ਮਾਨਵ ਰਹਿਤ ਜਹਾਜ਼ ਦੇ ਮਾਡਲ ਤਿਆਰ ਕੀਤੇ ਹਨ ਜਿਸ ਨਾਲ ਭਾਰਤ ਹੁਣ ਆਪਣੇ ਸਵਦੇਸ਼ੀ ਮਾਨਵ ਰਹਿਤ ਜਹਾਜ਼ ਹੋਣ ‘ਤੇ ਫਖਰ ਕਰ ਸਕਦਾ ਹੈ। ਇਸ ਕਾਢ ਨਾਲ ਇਸਰਾਇਲੀ ਕੰਪਨੀ ਦੀ ਲੰਮੇ ਚਿਰ ਤੋਂ ਮਾਨਵ ਰਹਿਤ ਜਹਾਜ਼ ਬਣਾਉਣ ਦੀ ਸਰਦਾਰੀ ਨੂੰ ਖੋਰਾ ਲੱਗਾ ਹੈ। ਇਸ ਮਾਡਲ ਨੂੰ ਲੁਧਿਆਣਾ ਦੀ ਭੋਗਲ ਹੌਬੀ ਟੈਕਨਾਲੋਜੀ ਨੇ ਤਿਆਰ ਕੀਤਾ ਹੈ। ਇਹ ਹਾਫਸਕੇਲ ਮਾਨਵ ਰਹਿਤ ਜਹਾਜ਼ ਭਾਰਤੀ ਹਵਾਈ ਫੌਜ ਵਲੋਂ ਵਰਤੇ ਜਾਣਗੇ ਜੋ ਪਹਿਲਾਂ ਫੂਲ ਸਕੇਲ ਮਾਨਵ ਰਹਿਤ ਜਹਾਜ਼ਾਂ ਦੇ ਪਾਇਲਟਾਂ ਨੂੰ ਸਿਖਲਾਈ ਦੇਵੇਗੀ। ਇਹ ਜਹਾਜ਼ ਅੱਧੇ ਮੁੱਲ ‘ਤੇ ਮਿਲਣਗੇ। ਇਹ ਮਾਡਲ 28 ਕਿਲੋ ਵਜ਼ਨ ਤੇ ਇੰਜਣ 86 ਸੀ.ਸੀ. ਦਾ ਹੈ। ਛੇ ਲੱਖ ਰੁਪਏ ਦੀ ਕੀਮਤ ਵਾਲਾ ਇਹ ਜਹਾਜ਼ 14 ਫੁੱਟ ਚੌੜਾ ਹੈ। ਭਾਰਤੀ ਹਵਾਈ ਫੋਰਸ (ਆਈ. ਏ. ਐਫ.) ਦੇ ਮਾਹਰ ਇਸ ਦੀ ਪਰਖ ਕਰ ਚੁੱਕੇ ਹਨ।

ਇਸ ਮਾਡਲ ਨੂੰ ਈਜਾਦ ਕਰਨ ਵਾਲਾ ਤੇ ਫਰਮ ਦਾ ਪ੍ਰਬੰਧਕੀ ਹਿੱਸੇਦਾਰ ਮਨਜੀਵ ਭੋਗਲ ਨੇ ਕਿਹਾ, ‘‘ਭਾਰਤੀ ਹਵਾਈ ਫੋਰਸ ਦੇ ਅਧਿਕਾਰੀਆਂ ਨੇ ਹਰੀ ਝੰਡੀ ਦੇ ਦਿੱਤੀ ਹੈ।’’ ਉਸਨੇ ਅੱਗੇ ਕਿਹਾ ਕਿ ਉਹ ਆਈ.ਏ.ਐੱਫ ਨੂੰ ਦੱਸ ਚੁੱਕੇ ਹਨ ਕਿ ਇਨ੍ਹਾਂ ਮਾਨਵ ਰਹਿਤ ਜਹਾਜ਼ਾਂ ਨੂੰ ਵਿਕਸਤ ਕੀਤਾ ਜਾਵੇ ਕਿਉਂਕਿ ਇਸਰਾਇਲ ਦੇ ਬਣੇ ਜਹਾਜ਼ ਵੱਧ ਮਹਿੰਗੇ ਹਨ। ਇੱਥੋਂ ਤੱਕ ਕਿ ਉਹ ਕੰਪਨੀ ਜਹਾਜ਼ਾਂ ਦੀ ਮੁਰੰਮਤ ਲਈ ਸਪੇਅਰ ਪਾਰਟਸ ਨਹੀਂ ਦੇ ਸਕੀ। ਸ੍ਰੀ ਭੋਗਲ ਨੇ ਕਿਹਾ, ‘ਸਾਨੂੰ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਆਈ.ਏ.ਐਫ. ਨੇ ਸਾਨੂੰ ਕਿਹਾ ਕਿ ਉਹ ਮਾਡਲ ਖੋਜ ਤੇ ਵਿਕਾਸ ਲਈ ਕੋਈ ਸਹਾਇਤਾ ਨਹੀਂ ਦੇਣਗੇ। ਅਸੀਂ ਸਹਿਮਤ ਹੋ ਕੇ ਇਥੇ ਆਪਣੇ ਕੇਂਦਰ ਵਿਚ ਵਿਕਸਤ ਕਰ ਲਿਆ। ਉਹ ਸਾਡੇ ਇਨ੍ਹਾਂ ਨਤੀਜਿਆਂ ਤੋਂ ਖੁਸ਼ ਹਨ। ਇਸ ਫਰਮ ਵਲੋਂ ਪਹਿਲਾਂ ਭਾਰਤੀ ਹਵਾਈ ਫੋਰਸ ਤੇ ਫੌਜ ਨੂੰ ਏਅਰੋ ਮਾਡਲ ਸਪਲਾਈ ਕੀਤੇ ਜਾਂਦੇ ਹਨ।

# ਪੰਥਕ ਸਰਕਾਰ ਨੇ ਟੀਚਰਾਂ ਦੀਆਂ ਪੱਗਾਂ ਉਤਾਰੀਆਂ

**ਮੁਹਾਲੀ:** ਪੰਥਕ ਅਖਵਾਉਂਦੀ ਪੰਜਾਬ ਸਰਕਾਰ ਨੂੰ ਦਸਤਾਰਾਂ ਦੀ ਕਿੰਨੀ ਕੁ ਕਦਰ ਹੈ, ਇਸ ਦਾ ਸਬੂਤ ਬੀਤੀ 23 ਫ਼ਰਵਰੀ ਨੂੰ ਇਥੇ ਅਧਿਆਪਕਾਂ ਨੂੰ ਸਨਮਾਨਤ ਕਰਨ ਲਈ ਕਰਵਾਏ ਸਮਾਗਮ ਵਿਚ ਈ.ਟੀ.ਟੀ. ਅਧਿਆਪਕਾਂ ਦੀਆਂ ਦਸਤਾਰਾਂ ਉਤਾਰ ਕੇ ਦੱਸ ਦਿਤਾ ਗਿਆ। ਸਥਾਨਕ ਮਾਨਵ ਮੰਗਲ ਸਕੂਲ ਵਿਚ ਜਦੋਂ ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਵਧੀਆ ਕੰਮ ਕਰਨ ਵਾਲੇ ਅਧਿਆਪਕਾਂ ਨੂੰ ਸਨਮਾਨਤ ਕਰਨ ਲਈ ਰੱਖੇ ਸਮਾਗਮ ਵਿਚ ਤਕਰੀਰ ਕਰਨ ਲੱਗੇ ਤਾਂ ਬੇਰੁਜ਼ਗਾਰ ਈ.ਟੀ.ਟੀ. ਅਧਿਆਪਕ ਜਿਹੜੇ ਪਹਿਲਾਂ ਹੀ ਹਾਲ ਵਿਚ ਬੈਠੇ ਸਨ, ਨੇ ਪੰਜਾਬ ਸਰਕਾਰ ਵਿਰੁਧ ਜ਼ੋਰਦਾਰ ਨਾਹਰੇਬਾਜ਼ੀ ਸ਼ੁਰੂ ਕਰ ਦਿਤੀ। ਜਿਵੇਂ ਹੀ ਨਾਹਰੇਬਾਜ਼ੀ ਸ਼ੁਰੂ ਹੋਈ ਤਾਂ ਪੁਲਿਸ ਨੂੰ ਭਾਜੜਾਂ ਪੈ ਗਈਆਂ ਤੇ ਉਸ ਨੇ ਅਧਿਆਪਕਾਂ ਨੂੰ ਖਿੱਚ-ਧੂਹ ਕੇ ਹਾਲ ਵਿਚੋਂ ਬਾਹਰ ਕਢਿਆ। ਇਸ ਦੌਰਾਨ ਕਈ ਅਧਿਆਪਕਾਂ ਦੀਆਂ ਦਸਤਾਰਾਂ ਉਤਰ ਗਈਆਂ। ਹਾਲ ਤੋਂ ਬਾਹਰ ਵੀ ਮਾਸਟਰ ਸਿਖਿਆ ਮੰਤਰੀ ਤੇ ਪੰਜਾਬ ਸਰਕਾਰ ਮੁਰਦਾਬਾਦ ਦੇ ਨਾਹਰੇ ਲਾਉਂਦੇ ਰਹੇ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਨੀਅਨ ਦੇ ਪ੍ਰਧਾਨ ਜਗਤਾਰ ਸਿੰਘ ਝੱਬਰ, ਜਨਰਲ ਸਕੱਤਰ ਹਰਪ੍ਰੀਤ ਸਿੰਘ ਉਪਲ, ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਸੋਹਣ ਸਿੰਘ ਅਤੇ ਮੋਹਾਲੀ ਜ਼ਿਲ੍ਹੇ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਕਿਹਾ, ‘‘ਪੰਥਕ ਸਰਕਾਰ ਦੇ ਸਮੇਂ ਸਾਡੀ ਦਸਤਾਰ ਵੀ ਸੁਰੱਖਿਅਤ ਨਹੀਂ ਰਹੀ। ਅੱਜ ਜਿਸ ਤਰ੍ਹਾਂ ਅਧਿਆਪਕਾਂ ਦੀਆਂ ਪੱਗਾਂ ਉਤਾਰੀਆਂ ਗਈਆਂ ਹਨ, ਸਰਕਾਰ ਨੂੰ ਉਸ ਦਾ ਖ਼ਮਿਆਜ਼ਾ ਆਉਂਦੀਆਂ ਚੋਣਾਂ ਵਿਚ ਭੁਗਤਣਾ ਪਵੇਗਾ।’’ ਜਗਤਾਰ ਸਿੰਘ ਝੱਬਰ ਨੇ ਕਿਹਾ ਕਿ ਲਗਭਗ 2200 ਅਧਿਆਪਕ 4 ਸਾਲ ਦਾ ਕੋਰਸ ਕਰ ਕੇ ਵਿਹਲਾ ਫਿਰ ਰਿਹਾ ਹੈ। ਸਰਕਾਰ ਅਧਿਆਪਕਾਂ ਦੀਆਂ ਮੰਗਾਂ ਮੰਨਣ ਲਈ ਸੰਜੀਦਾ ਨਹੀਂ ਹੈ। ਉਨ੍ਹਾਂ ਕਿਹਾ ਕਿ ਮੰਗਾਂ ਨਾ ਮੰਨਣ ਦੀ ਹਾਲਤ ਵਿਚ ਯੂਨੀਅਨ ‘ਗੁਰੀਲਾ ਨੀਤੀ’ ਅਖ਼ਤਿਆਰ ਕਰੇਗੀ ਤੇ ਸਿਖਿਆ ਮੰਤਰੀ ਨੂੰ ਕਿਧਰੇ ਵੀ ਬੋਲਣ ਨਹੀਂ ਦਿਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਬਾਹਰਲੀਆਂ ਯੂਨੀਵਰਸਿਟੀਆਂ ਦੇ ਈ.ਟੀ.ਟੀ ਵਿਦਿਆਰਥੀਆਂ ਨੂੰ ਮਾਨਤਾ ਦੇਣ ਜਾ ਰਹੀ ਹੈ ਜੋ ਕਿ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ। ਇਹ ਯੂਨੀਵਰਸਿਟੀਆਂ ਫ਼ਰਜ਼ੀ ਡਿਗਰੀਆਂ ਦਿੰਦੀਆਂ ਹਨ। ਸਿਖਿਆ ਮੰਤਰੀ ਡਾ. ਉਪਿੰਦਰਜੀਤ ਕੌਰ ਨੇ ਕਿਹਾ ਕਿ ਜੰਮੂ ਤੋਂ ਈ.ਟੀ.ਟੀ ਕਰਨ ਵਾਲੇ ਵੀ ਪੰਜਾਬ ਵਾਸੀ ਹੀ ਹਨ ਤੇ ਉਨ੍ਹਾਂ ਨਾਲ ਵੀ ਵਿਤਕਰਾ ਨਹੀਂ ਕੀਤਾ ਜਾ ਸਕਦਾ। ਅਸੀਂ ਅਧਿਆਪਕਾਂ ਦੀਆਂ ਮੰਗਾਂ ਸਬੰਧੀ ਆਉਂਦੇ ਦਿਨਾਂ ਵਿਚ ਕੋਈ ਹੱਲ ਕੱਢ ਲਵਾਂਗੇ।

# ਜਾਅਲੀ ਕਾਂਗਰਸੀ ਭਰਤੀ; ਹਾਈਕਮਾਨ ਨੇ ਚੁੱਪੀ ਵੱਟੀ

**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਦੀ ਭਰਤੀ ਦੇ ਮੁੱਦੇ ‘ਤੇ ਨੁਕਤਾਚੀਨੀ ਕਰਨ ਵਾਲੇ ਨੇਤਾਵਾਂ ਨੂੰ ਹਾਈਕਮਾਨ ਨੇ ਕੋਈ ਹੁੰਗਾਰਾ ਨਹੀਂ ਦਿਤਾ ਜਿਸ ਕਾਰਨ ਫ਼ਾਰਮਾਂ ਦੀ ਜਾਂਚ ਕਰਵਾਉਣ ਦਾ ਮੁੱਦਾ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ। ਜਾਂਚ ਦੀ ਮੰਗ ਕਰਨ ਵਾਲੇ ਕੁਝ ਨੇਤਾ ਵੀ ਹੁਣ ਖ਼ਾਮੋਸ਼ ਹੋ ਗਏ ਹਨ। ਪ੍ਰਦੇਸ਼ ਕਾਂਗਰਸ ਦੇ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪੰਜਾਬ ‘ਚ ਮੈਂਬਰਾਂ ਦੀ ਰਿਕਾਰਡ ਭਰਤੀ ਨੂੰ ਵੇਖ ਕੇ ਕਾਂਗਰਸ ਹਾਈਕਮਾਨ ਨੇ ਖ਼ੁਦ ਪ੍ਰਸ਼ੰਸਾ ਕੀਤੀ ਹੈ ਅਤੇ ਹੁਣ ਪ੍ਰਦੇਸ਼ ਕਾਂਗਰਸ ਦੀ ਅੰਦਰੂਨੀ ਲੜਾਈ ਕਾਰਨ, ਭਰਤੀ ਨੂੰ ਜਾਅਲੀ ਦੱਸਣ ਦਾ ਪ੍ਰਚਾਰ ਹਾਈਕਮਾਨ ਕਿਵੇਂ ਪਸੰਦ ਕਰੇਗੀ? ਕਾਂਗਰਸ ਦਾ ਕੋਈ ਵੀ ਨੇਤਾ ਇਹ ਪਸੰਦ ਨਹੀਂ ਕਰੇਗਾ ਕਿ ਜਾਅਲੀ ਭਰਤੀ ਦੇ ਨਾਮ ਹੇਠ ਕਿਸੇ ਤਰ੍ਹਾਂ ਦੀ ਜਾਂਚ ਹੋਵੇ ਅਤੇ ਫਿਰ ਕਾਂਗਰਸ ਦੀਆਂ ਵਿਰੋਧੀ ਪਾਰਟੀਆਂ ਹੱਥ ਕਾਂਗਰਸ ਨੂੰ ਭੰਡਣ ਲਈ ਇਕ ਮੁੱਦਾ ਦਿਤਾ ਜਾਵੇ। ਮਿਲੀ ਸੂਚਨਾ ਅਨੁਸਾਰ ਕਾਂਗਰਸ ਹਾਈਕਮਾਨ ਜਾਅਲੀ ਭਰਤੀ ਦੇ ਪ੍ਰਚਾਰ ਨੂੰ ਪਾਰਟੀ ਵਿਰੋਧੀ ਕਾਰਵਾਈਆਂ ਮੰਨ ਰਹੀ ਹੈ। ਪ੍ਰਦੇਸ਼ ਕਾਂਗਰਸ ਦਾ ਵੀ ਇਹੀ ਤਰਕ ਹੈ ਕਿ ਪ੍ਰਦੇਸ਼ ਕਾਂਗਰਸ ਦੇ ਡੈਲੀਗੇਟਾਂ ਦੀ ਚੋਣ ਤੋਂ ਪਹਿਲਾਂ ਬਕਾਇਦਾ ਭਰੇ ਗਏ ਫ਼ਾਰਮਾਂ ਦੀ ਚੋਣ ਰਿਟਰਨਿੰਗ ਅਧਿਕਾਰੀ ਵਲੋਂ ਪੜਤਾਲ ਹੋਵੇਗੀ ਅਤੇ ਸਹੀ ਫ਼ਾਰਮਾਂ ਵਾਲੇ ਵਿਅਕਤੀ ਹੀ ਮੈਂਬਰ ਮੰਨੇ ਜਾਣਗੇ। ਉਧਰ ਪ੍ਰਦੇਸ਼ ਕਾਂਗਰਸ ਦੀ ਚੋਣ ਰਿਟਰਨਿੰਗ ਅਫ਼ਸਰ, ਸੀਨੀਅਰ ਕਾਂਗਰਸੀ ਨੇਤਾ, ਊਸ਼ਾ ਠੱਕਰ ਵੀ ਪਿਛਲੇ ਇਕ ਹਫ਼ਤੇ ਤੋਂ ਗੁਜਰਾਤ ਚਲੇ ਗਏ ਹਨ ਅਤੇ ਹੁਣ ਉਨ੍ਹਾਂ ਦੀ ਵਾਪਸੀ ਮਾਰਚ ਦੇ ਦੂਜੇ ਹਫ਼ਤੇ ਹੀ ਸੰਭਵ ਹੈ। ਉਸ ਤੋਂ ਬਾਅਦ ਹੀ ਜ਼ਿਲ੍ਹਾ ਚੋਣ ਕਮੇਟੀਆਂ ਦੇ ਗਠਨ ਦੀ ਪ੍ਰਕ੍ਰਿਆ ਅਰੰਭ ਹੋਵੇਗੀ। ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਦਾ ਕਹਿਣਾ ਹੈ ਕਿ ਲੋਕਾਂ ‘ਚ ਕਾਂਗਰਸ ਪ੍ਰਤੀ ਵਿਸ਼ਵਾਸ ਵਧਿਆ ਹੈ, ਇਸੇ ਕਾਰਨ 34 ਲੱਖ ਫ਼ਾਰਮ ਭਰੇ ਗਏ ਜੋ ਇਕ ਰਿਕਾਰਡ ਹੈ। ਜਾਅਲੀ ਫ਼ਾਰਮਾਂ ਬਾਰੇ ਪੁਛੇ ਜਾਣ ‘ਤੇ ਉਨ੍ਹਾਂ ਸਪੱਸ਼ਟ ਕੀਤਾ ਕਿ ਹਰ ਫ਼ਾਰਮ ਉਪਰ ਮੈਂਬਰ ਬਣਨ ਵਾਲੇ ਵਿਅਕਤੀ ਦੀ ਅਸਲ ਫ਼ੋਟੋ ਲੱਗੀ ਹੈ ਨਾ ਕਿ ਫ਼ੋਟੋ ਕਾਪੀ, ਫਿਰ ਜਾਅਲੀ ਫ਼ਾਰਮ ਕਿਵੇਂ ਭਰੇ ਜਾ ਸਕਦੇ ਹਨ? ਉਨ੍ਹਾਂ ਦ੍ਰਿੜਤਾ ਨਾਲ ਕਿਹਾ ਕਿ ਚੋਣ ਪ੍ਰਕ੍ਰਿਆ ਸਮੇਂ ਫ਼ਾਰਮਾਂ ਦੀ ਪੜਤਾਲ ਤੋਂ ਸਾਫ਼ ਹੋ ਜਾਵੇਗਾ ਕਿ ਕਿੰਨੇ ਜਾਅਲੀ ਫ਼ਾਰਮ ਹਨ। ਪੁਛੇ ਜਾਣ ‘ਤੇ ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਇਸ ਪ੍ਰਚਾਰ ‘ਚ ਕੋਈ ਦਮ ਨਹੀਂ ਕਿ ਜਾਅਲੀ ਫ਼ਾਰਮਾਂ ਦੀ ਜਾਂਚ ਲਈ ਕੋਈ ਵਖਰੀ ਕਮੇਟੀ ਬਣਾਈ ਗਈ ਹੈ।


## Matrimonials



Match for 27, 5’-2” Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5’-10” seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5’11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ ‘ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843

*To Advertise with us*
*call: 847-359-0746*
*Fax:847-705-9388*

**MRP TRAVEL**

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Airfare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133

*CST: 2097308-40*



Asiana Airlines · Emirates · KOREAN AIR · SINGAPORE AIRLINES · CATHAY PACIFIC · Lufthansa · CHINA AIRLINES

**We Also Offer Notary Service**

**B & Sons Travel**

➤All Airlines ➤International and Domestic
➤Wholesale Fares Around the World

**We Will Beat or Match any Fare !**

**Office Hours**
**Mon-Fri:**
9am -6pm
**Saturday**
9am-5pm



**CST. REG. # 2092042-40**

**President : Avtar Singh**

**Tel:707-703-1451, Cell:707-688-6094**

Fax : (707) 427-6573, Email:bsonstravel@yahoo.com

**1652 West Texas St. Suite 205, Fairfield, CA 94533**

**We Also Have Special Vacation Packages**

**Contact any time from anywhere**

NCP College of Nursing

Educate | Grow | Succeed

**100% NCLEX-PN Pass Rate!**
SSF Campus
5 Consecutive Quarters
January 1008 - March 2009

**Affordable Payment Plans!**
Up to 10 years Repayment Terms on Approved Credit

**Start your career now!**
Find a job fast using our Job Placement Office.

Full Time
Part Time
Day & Evening

Start Your Nursing Career Today!



**12 Month LVN Program • 20 Day CNA Program**

- LVN Vocational Nursing Program
- CNA Nursing Assistant Training
- CNA Acute Care Training
- IV Therapy & Blood Withdrawal Certification Course
- NCLEX-PN Test Preparation Workshop
- CPR
- Medical Terminology
- Continuing Education for RNs

Peninsula Campus
257 Longford Drive #5
So. San Francisco, CA 94080
1.800.339.5145

East Bay Campus
21615 Hesperian Blvd, Ste A
Hayward, CA 94541
1.800.611.4054

Choose which is right for you...
Your career is a call away. **Call today!**

**www.ncpcollegeofnursing.com**

FARMERS INSURANCE GROUP
Symbol of Superior Service

**FARMERS**

ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ

***Auto *Home *Life *Umbrella**
***Business Work Comp.**

**Duabba Insurance Agency**

2450 Peralta Blvd Suite 120, Fremont CA 94536

**Phone: 510-797-7989 Fax: 510-794-7398**

visit us@ farmers.com



**Gurcharan Singh Mann**
**Insurance Agent**
License # 0C 70672

ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪ੍ਰਣਬ ਮੁਖਰਜੀ ਵਲੋਂ ਆਮ ਆਦਮੀ ਨੂੰ ਨੁਕਸਾਨ ਵਾਲਾ ਬਜ਼ਟ ਪੇਸ਼

**ਨਵੀਂ ਦਿੱਲੀ:** ਭਾਰਤ ਦੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਸ਼ੁੱਕਰਵਾਰ ਨੂੰ ਆਪਣਾ ਸੰਵਿਧਾਨਕ ਫ਼ਰਜ਼ ਨਿਭਾਉਂਦੇ ਹੋਏ ਕੇਂਦਰੀ ਸਰਕਾਰ ਦਾ ਆਮ ਬਜਟ ਸੰਸਦ 'ਚ ਪੇਸ਼ ਕਰ ਦਿੱਤਾ ਹੈ। ਇਸ ਬਜਟ 'ਚ ਸਾਲ 2010-11 ਲਈ ਕੁਲ ਖ਼ਰਚੇ ਦਾ ਅਨੁਮਾਨ 11,18,749 ਕਰੋੜ ਰੁਪਏ ਦਾ ਕਿਆਸਿਆ ਗਿਆ ਹੈ। ਇਸ ਦੇ ਨਾਲ ਹੀ 5.5 ਫ਼ੀਸਦੀ ਦਾ ਬਜਟੀ ਘਾਟਾ ਵਿਖਾਇਆ ਗਿਆ ਹੈ। ਭਾਰਤ ਦੇ ਰੱਖਿਆ ਮੰਤਰਾਲੇ ਲਈ ਇਸ ਬਜਟ 'ਚ 1,47,344 ਕਰੋੜ ਰੁਪਏ ਦਾ ਪਰਾਵਧਾਨ ਕੀਤਾ ਗਿਆ ਹੈ। ਸਮਾਜਿਕ ਸੁਰੱਖਿਆ ਲਈ 4500 ਕਰੋੜ ਰੁਪਏ ਰੱਖੇ ਗਏ ਹਨ ਜਦਕਿ ਘਟ ਗਿਣਤੀਆਂ ਦੀ ਭਲਾਈ ਲਈ ਸਿਰਫ਼ 2600 ਕਰੋੜ ਰੁਪਏ ਹੀ ਰੱਖੇ ਗਏ ਹਨ। ਦੇਸ਼ 'ਚ ਆਧਾਰ ਢਾਂਚੇ ਨੂੰ ਮਜ਼ਬੂਤ ਕਰਨ ਲਈ 1,73,000 ਕਰੋੜ ਰੁਪਏ ਦਾ ਪ੍ਰਸਤਾਵ ਰਖਿਆ ਗਿਆ ਹੈ ਅਤੇ ਹਰ ਰੋਜ਼ ਦੇਸ਼ 'ਚ 20 ਕਿਲੋਮੀਟਰ ਸੜਕਾਂ ਦਾ ਨਿਰਮਾਣ ਕਰਨ ਦਾ ਤਹੱਈਆ ਜ਼ਾਹਰ ਕੀਤਾ ਗਿਆ ਹੈ। ਦਿਹਾਤੀ ਵਿਕਾਸ ਲਈ 66,100 ਕਰੋੜ ਰੁਪਏ ਰੱਖੇ ਗਏ ਹਨ ਅਤੇ ਨਰੇਗਾ ਸਕੀਮ ਲਈ 40,100 ਕਰੋੜ ਰੁਪਏ ਰੱਖੇ ਗਏ ਹਨ। ਇਸ ਤੋਂ ਬਿਨਾਂ ਭਾਰਤ ਨਿਰਮਾਣ ਲਈ 48,000 ਕਰੋੜ ਰੁਪਏ ਖ਼ਰਚਣ ਦੀ ਤਜਵੀਜ਼ ਹੈ।ਜਿੱਥੋਂ ਤੱਕ ਵਿਅਕਤੀਗਤ ਆਮਦਨ ਦਾ ਸਬੰਧ ਹੈ ਇਸ 'ਤੇ ਆਮਦਨ ਦੀ ਮੁਢਲੀ ਸਲੈਬ 'ਚ ਕੋਈ ਤਬਦੀਲੀ ਨਹੀਂ ਕੀਤੀ ਗਈ। ਇਹ 1 ਲੱਖ 60 ਹਜ਼ਾਰ ਹੀ ਰੱਖੀ ਗਈ ਹੈ ਭਾਵੇਂ ਕਿ ਇਸ ਤੋਂ ਉਪਰ ਪੰਜ ਲੱਖ ਤੱਕ ਦੀ ਆਮਦਨ 'ਤੇ ਟੈਕਸ 10 ਫ਼ੀਸਦੀ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ 5 ਲੱਖ ਤੋਂ ਵੱਧ ਆਮਦਨ ਵਾਲੇ ਲੋਕਾਂ ਨੂੰ 8 ਲੱਖ ਤੱਕ 20 ਫ਼ੀਸਦੀ ਟੈਕਸ ਦੇਣਾ ਪਵੇਗਾ ਤੇ ਉਸ ਤੋਂ ਉਪਰ 30 ਫ਼ੀਸਦੀ ਟੈਕਸ ਦੀ ਦਰ ਰੱਖੀ ਗਈ ਹੈ। ਵਿੱਤ ਮੰਤਰੀ ਨੇ ਜਿਨ੍ਹਾਂ ਵਸਤਾਂ ਨੂੰ ਸਸਤੀਆਂ ਕਰਨ ਦੀ ਤਜਵੀਜ਼ ਰੱਖੀ ਹੈ ਉਨ੍ਹਾਂ 'ਚ ਮੋਬਾਈਲ ਫੋਨ, ਖਿਲੌਣੇ, ਮੈਡੀਕਲ ਉਪਕਰਨ, ਮਾਈਕਰੋਵੇਵ ਆਦਿ ਹਨ ਜਦਕਿ ਕਾਰਾਂ 'ਤੇ 2 ਫ਼ੀਸਦੀ ਟੈਕਸ ਵਧਾ ਦਿੱਤਾ ਗਿਆ ਹੈ। ਪਰ ਜਿਹੜੀ ਤਜਵੀਜ਼ ਆਮ ਲੋਕਾਂ ਨੂੰ ਬਹੁਤ ਪ੍ਰੇਸ਼ਾਨ ਕਰ ਰਹੀ ਹੈ ਉਹ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਕੀਤਾ ਗਿਆ ਵਾਧਾ ਹੈ। ਪੈਟਰੋਲ ਦੀ ਕੀਮਤ 2.71 ਰੁਪਏ ਤੇ ਡੀਜ਼ਲ ਦੀ 2.55 ਰੁਪਏ ਫ਼ੀ ਲੀਟਰ ਵਧ ਗਈ ਹੈ। ਇਸ ਨਾਲ ਸਾਰੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ 'ਚ ਭਾਰੀ ਉਭਾਰ ਆਵੇਗਾ। ਪਹਿਲਾਂ ਹੀ ਦੇਸ਼ 'ਚ ਮਹਿੰਗਾਈ 20 ਫ਼ੀਸਦੀ ਦੇ ਲਗਭਗ ਹੈ। ਇਸ ਬਜਟੀ ਤਜਵੀਜ਼ ਨਾਲ ਇਹ ਹੋਰ ਵੀ ਵਧ ਜਾਵੇਗੀ। ਸਰਕਾਰ ਨੇ ਉਚੀ ਆਮਦਨ ਵਾਲੇ ਲੋਕਾਂ ਤੇ ਕਾਰਪੋਰੇਟ ਸੈਕਟਰ ਨੂੰ ਟੈਕਸਾਂ 'ਚ ਭਾਰੀ ਛੋਟ ਦਿੱਤੀ ਹੈ ਜਿਸ ਤੋਂ ਜਾਪਦਾ ਹੈ ਕਿ ਸਰਕਾਰ ਦੀ ਨਜ਼ਰ ਆਮ ਆਦਮੀ ਵਲ ਨਹੀਂ ਸਗੋਂ ਅਮੀਰ ਲੋਕਾਂ ਨੂੰ ਫਾਇਦਾ ਪਹੁੰਚਾਉਣ ਵਲ ਹੈ। ਸਰਕਾਰ ਨੇ ਆਪ ਮੰਨਿਆ ਕਿ ਉਸ ਨੇ ਆਮਦਨ ਕਰ 'ਚ 26,000 ਕਰੋੜ ਰੁਪਏ ਦੀ ਰਾਹਤ ਦਿੱਤੀ ਹੈ ਤੇ ਕਾਰਪੋਰੇਟ ਸੈਕਟਰ ਨੂੰ 80,000 ਕਰੋੜ ਰੁਪਏ ਦੀਆਂ ਰਿਆਇਤਾਂ ਦਿੱਤੀਆਂ ਹਨ।ਇਸੇ ਤਰ੍ਹਾਂ ਸਰਕਾਰ ਨੇ ਕੇਂਦਰੀ ਪਲੈਨ ਖ਼ਰਚੇ 'ਚ 15 ਫ਼ੀਸਦੀ ਦਾ ਵਾਧਾ ਕੀਤਾ ਹੈ ਪਰ ਰਾਜਾਂ ਨੂੰ ਜਿਹੜੀ ਕੇਂਦਰੀ ਸਹਾਇਤਾ ਦਿੱਤੀ ਜਾਂਦੀ ਹੈ ਉਸ 'ਚ ਸਿਰਫ਼ 8 ਫ਼ੀਸਦੀ ਦਾ ਵਾਧਾ ਹੀ ਕੀਤਾ ਗਿਆ ਹੈ। ਸਰਕਾਰ ਨੇ 13ਵੇਂ ਵਿੱਤ ਕਮਿਸ਼ਨ ਦੀਆਂ ਤਜਵੀਜ਼ਾਂ ਕਿ ਕੇਂਦਰੀ ਦੇ ਵੰਡੇ ਜਾਣ ਵਾਲੇ ਟੈਕਸਾਂ 'ਚੋਂ ਰਾਜਾਂ ਨੂੰ 32 ਫ਼ੀਸਦੀ ਹਿੱਸਾ ਦਿੱਤਾ ਜਾਵੇ ਇਸ ਬਜਟ 'ਚ ਲਾਗੂ ਕਰ ਦਿੱਤਾ ਹੈ ਜਦਕਿ ਰਾਜ 50 ਫ਼ੀਸਦੀ ਦੇ ਹਿੱਸੇ ਦੀ ਮੰਗ ਕਰ ਰਹੇ ਸਨ। ਸਰਕਾਰ ਨੇ ਸਿਹਤ ਤੇ ਸਿੱਖਿਆ ਦੇ ਖੇਤਰ ਨੂੰ ਇਸ ਬਜਟ 'ਚ ਇਕ ਵਾਰ ਫ਼ਿਰ ਨਜ਼ਰਅੰਦਾਜ਼ ਕਰ ਦਿੱਤਾ ਹੈ। ਮੁਢਲੀ ਸਿੱਖਿਆ 'ਤੇ ਖ਼ਰਚੀ ਜਾਣ ਵਾਲੀ ਰਾਸ਼ੀ 'ਚ ਸਿਰਫ਼ 5000 ਕਰੋੜ ਰੁਪਏ ਦਾ ਵਾਧਾ ਹੀ ਕੀਤਾ ਹੈ। ਦੂਜੇ ਪਾਸੇ ਸਰਕਾਰ ਚੌਦਾਂ ਸਾਲ ਤੱਕ ਦੇ ਬੱਚਿਆਂ ਲਈ ਸਿੱਖਿਆ ਦਾ ਅਧਿਕਾਰ ਬਿਲ ਪਾਸ ਕਰ ਚੁੱਕੀ ਹੈ। ਜਿੱਥੋਂ ਤੱਕ ਖੇਤੀ, ਸਿੰਚਾਈ ਤੇ ਦਿਹਾਤੀ ਵਿਕਾਸ ਦਾ ਸਬੰਧ ਹੈ ਸਰਕਾਰ ਨੇ ਇਨ੍ਹਾਂ ਦੇ ਖ਼ਰਚੇ 'ਚ ਕੋਈ ਖਾਸ ਵਾਧਾ ਨਹੀਂ ਕੀਤਾ ਸਗੋਂ ਜੇਕਰ ਮਹਿੰਗਾਈ ਦਰ ਇਸ 'ਚੋਂ ਘਟਾ ਦਿੱਤੀ ਜਾਵੇ ਤਾਂ ਇਹ ਰਾਸ਼ੀ ਪਹਿਲਾਂ ਨਾਲੋਂ ਵੀ ਘੱਟ ਬਣਦੀ ਹੈ। ਜਿੱਥੋਂ ਤੱਕ ਗਰੀਬੀ ਰੇਖਾ ਤੋਂ ਥੱਲੇ ਰਹਿ ਰਹੀ ਅਬਾਦੀ ਦਾ ਸਬੰਧ ਹੈ, ਉਨ੍ਹਾਂ ਦੀ ਖ਼ੁਰਾਕ ਸਬਸਿਡੀ 400 ਕਰੋੜ ਰੁਪਏ ਘਟਾ ਦਿੱਤੀ ਹੈ, ਜਦਕਿ ਦੂਜੇ ਪਾਸੇ ਸਰਕਾਰ ਖ਼ੁਰਾਕ ਸੁਰੱਖਿਆ ਬਿਲ ਪਾਸ ਕਰਨ ਜਾ ਰਹੀ ਹੈ। ਪਹਿਲਾਂ ਹੀ ਸਰਕਾਰ ਖਾਦਾਂ 'ਤੇ 3000 ਕਰੋੜ ਰੁਪਏ ਦੀ ਸਬਸਿਡੀ ਘਟਾ ਚੁੱਕੀ ਹੈ। ਹੌਲੀ-ਹੌਲੀ ਸਰਕਾਰ ਜਨਤਕ ਵੰਡ ਪ੍ਰਣਾਲੀ ਨੂੰ ਵੀ ਖੋਰਾ ਲਾ ਰਹੀ ਹੈ ਤੇ ਇਸ ਦੀ ਥਾਂ 'ਤੇ "ਕੂਪਨ ਸਿਸਟਮ" ਲਾਗੂ ਕਰਨ ਜਾ ਰਹੀ ਹੈ ਜੋ ਕਿ ਗਰੀਬ ਲੋਕਾਂ ਨੂੰ ਹੋਰ ਵੀ ਨਪੀੜ ਕੇ ਰੱਖ ਦੇਵੇਗਾ। ਵਿੱਤ ਮੰਤਰੀ ਨੇ ਜਨਤਕ ਅਦਾਰਿਆਂ ਦੇ ਨਿੱਜੀਕਰਨ ਲਈ 40,000 ਕਰੋੜ ਰੁਪਏ ਰੱਖੇ ਹਨ। ਇਸ ਨਾਲ ਸਟੌਕ ਮਾਰਕਿਟ ਦੇ ਸੱਟੇਬਾਜ਼ਾਂ ਨੂੰ ਹੀ ਲਾਭ ਪਹੁੰਚੇਗਾ ਤੇ ਨਾਲ ਨਾਲ ਜਨਤਕ ਅਦਾਰੇ ਨਿੱਜੀ ਹੱਥਾਂ 'ਚ ਚਲੇ ਜਾਣਗੇ। ਸਰਕਾਰ ਨੂੰ ਸਭ ਤੋਂ ਪਹਿਲਾਂ ਡੀਜ਼ਲ ਤੇ ਪੈਟਰੋਲ ਦੀਆਂ ਕੀਮਤਾਂ 'ਚ ਕੀਤਾ ਵਾਧਾ ਤੁਰੰਤ ਵਾਪਸ ਲੈਣਾ ਚਾਹੀਦਾ ਹੈ ਤੇ ਲੋਕਾਂ 'ਤੇ ਅਸਿੱਧੇ ਟੈਕਸਾਂ ਰਾਹੀਂ ਪਾਇਆ ਬੋਝ ਘਟਾਉਣਾ ਚਾਹੀਦਾ ਹੈ।

ਕੇਂਦਰ ਨੇ ਐਲਾਨ ਕੀਤਾ ਕਿ ਉਹ ਸੂਬਾ ਸਰਕਾਰਾਂ ਨੂੰ ਅਪਣੇ ਟੈਕਸਾਂ ਵਿਚੋਂ 32 ਫ਼ੀ ਸਦੀ ਹਿੱਸਾ ਦੇਵੇਗਾ ਜੋ ਅਗਲੇ ਪੰਜ ਸਾਲਾਂ ਦੌਰਾਨ ਗਰਾਂਟ ਵਜੋਂ ਦਿਤੇ ਜਾਣ ਵਾਲੇ 3.19 ਲੱਖ ਕਰੋੜ ਰੁਪਏ ਤੋਂ ਵਖਰਾ ਹੋਵੇਗਾ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ 13ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਪ੍ਰਵਾਨ ਕਰਦਿਆਂ ਇਹ ਪ੍ਰਗਟਾਵਾ ਕੀਤਾ। ਸਰਕਾਰ ਵਲੋਂ ਉਦਯੋਗਾਂ ਨੂੰ ਦਿਤੇ ਆਰਥਕ ਪੈਕੇਜ ਦਾ ਵਿੱਤੀ ਬੋਝ ਹੋਣ ਦੇ ਬਾਵਜੂਦ ਸੂਬਿਆਂ ਦਾ ਕਰਾਂ ਵਿਚ ਹਿੱਸਾ 30.5 ਫ਼ੀ ਸਦੀ ਤੋਂ ਵਧ ਕੇ 32 ਫ਼ੀ ਸਦੀ ਹੋ ਗਿਆ ਹੈ। 2009-10 ਦੇ ਬਜਟ ਵਿਚ ਕੇਂਦਰ ਨੇ ਟੈਕਸਾਂ 'ਚ ਹਿੱਸੇ ਵਜੋਂ ਸੂਬਿਆਂ ਨੂੰ 1,64,361 ਕਰੋੜ ਰੁਪਏ ਦਿਤੇ ਸਨ ਜਦਕਿ ਉਸ ਤੋਂ ਪਿਛਲੇ ਬਜਟ ਵਿਚ 1,78,765 ਕਰੋੜ




## ਉਦਯੋਗ ਜਗਤ ਖੁਸ਼...ਪਰ ਐਮ.ਏ.ਟੀ. ਦੇ ਵਾਧੇ ਤੋਂ ਨਿਰਾਸ਼

**ਨਵੀਂ ਦਿੱਲੀ :** ਭਾਰਤੀ ਸਨਅਤ ਜਗਤ ਨੇ ਕੇਂਦਰੀ ਆਮ ਬਜਟ ਦੀ ਸ਼ਲਾਘਾ ਕਰਦਿਆਂ ਇਸਨੂੰ ਸੰਤੁਲਿਤ ਅਤੇ ਵਿਕਾਸ ਮੁਖੀ ਕਰਾਰ ਦਿੱਤਾ ਹੈ ਪਰ ਨਾਲ ਹੀ ਕੰਪਨੀਆਂ ਉਤੇ ਘੱਟੋ-ਘੱਟ ਬਦਲਵਾਂ ਟੈਕਸ (ਐਮ.ਏ.ਟੀ.) ਵਧਾ ਕੇ 15 ਤੋਂ 18 ਫੀਸਦੀ ਕੀਤੇ ਜਾਣ ਉਤੇ ਅਫ਼ਸੋਸ ਪ੍ਰਗਟਾਇਆ ਹੈ ਹਾਲਾਂਕ ਆਟੇ ਅਤੇ ਦੂਜੀਆਂ ਵਸਤਾਂ ਬਣਾਉਣ ਵਾਲਿਆਂ ਨੇ ਉਤਪਾਦਾਂ ਦੀ ਕੀਮਤ ਵਿਚ ਵਾਧਾ ਕੀਤਾ ਹੈ।

ਬਹੁਤੇ ਸਨਅਤੀ ਮੋਹਰੀਆਂ ਨੇ ਸਨਅਤੀ ਰਾਹਤ ਪੈਕੇਜਾਂ ਵਿਚ 'ਥੋੜ੍ਹੀ ਕਟੌਤੀ' ਦਾ ਵੀ ਸਵਾਗਤ ਕੀਤਾ ਹੈ ਕਿਉਂਕਿ ਵਿੱਤ ਮੰਤਰੀ ਨੇ ਉਤਪਾਦ ਕਰ ਵਿਚ ਦੋ ਫੀਸਦੀ ਦਾ ਵੀ ਵਾਧਾ ਕੀਤਾ ਹੈ ਜਿਸ ਰਾਹੀਂ ਇਹ 8 ਤੋਂ 10 ਫੀਸਦੀ ਹੋ ਗਿਆ ਹੈ। ਪਰ ਕੁਝ ਹੋਰਾਂ ਨੇ ਇਸਨੂੰ ਮਹਿੰਗਾਈ ਵਧਾਉਣ ਵਾਲਾ ਦੱਸਿਆ ਹੈ। ਫਿੱਕੀ-ਇੰਡਸਟਰੀ ਚੈਂਬਰ ਫਿੱਕੀ ਦੇ ਪ੍ਰਧਾਨ ਹਰਸ਼ਪਤੀ ਸਿੰਘਾਨੀਆ ਨੇ ਬਜਟ ਦੀ ਸ਼ਲਾਘਾ ਕਰਦਿਆਂ ਕਿਹਾ, "ਵਿੱਤ ਮੰਤਰੀ ਨੇ ਵਧੀਆ ਤੇ ਸੰਤੁਲਿਤ ਬਜਟ ਬਣਾਇਆ ਹੈ। ਉਹ ਵਿੱਤੀ ਘਾਟੇ ਨੂੰ 6.9 ਫੀਸਦੀ ਤਕ ਰੱਖਣ ਵਿਚ ਕਾਮਯਾਬ ਰਹੇ ਹਨ ਜਿਹੜਾ ਬਹੁਤ ਵਧੀਆ ਹੈ।"

ਸੀ.ਆਈ.ਆਈ.-ਚੈਂਬਰ ਆਫ ਇੰਡੀਅਨ ਇੰਡਸਟਰੀ (ਸੀ.ਆਈ.ਆਈ.) ਦੇ ਪ੍ਰਧਾਨ ਵੀ ਸ੍ਰਿਨਿਵਾਸਨ ਨੇ ਕਿਹਾ, "ਬਜਟ ਨਾਲ ਵਿਕਾਸ ਜਾਰੀ ਰਹੇਗਾ। ਆਮਦਨ ਕਰ ਸਲੈਬ ਵਿਚ ਤਬਦੀਲੀ ਸਵਾਗਤਯੋਗ ਹੈ।" ਭਾਰਤੀ ਇੰਟਰਪ੍ਰਾਈਜ਼ਿਜ਼ ਦੇ ਉਪ ਚੇਅਰਮੈਨ ਰਾਜਨ ਮਿੱਤਲ ਨੇ ਕਿਹਾ, "ਜੇ ਘੱਟੋ-ਘੱਟ ਬਦਲਵਾਂ ਕਰ (ਐਮ.ਏ.ਟੀ.) ਨਾ ਵਧਾਇਆ ਜਾਂਦਾ ਤਾਂ ਅਸੀਂ ਹੋਰ ਖੁਸ਼ ਹੁੰਦੇ। ਸਰਚਾਰਜ ਵਿਚ ਕਮੀ ਜਿੱਥੇ ਖੁਸ਼ ਕਰਦੀ ਹੈ ਉੱਥੇ ਐਮ.ਏ.ਟੀ. ਵਿਚ ਵਾਧਾ ਨਿਰਾਸ਼ ਕਰਦਾ ਹੈ।"

ਇਨਫੋਸਿਸ ਦੇ ਸੀ.ਈ.ਓ. ਸ੍ਰੀ ਐਸ. ਗੋਪਾਲਾਕ੍ਰਿਸ਼ਨਨ ਨੇ ਵੀ ਬਜਟ ਨੂੰ 10 ਵਿਚੋਂ ਸੱਤ ਅੰਕ ਦਿੰਦਿਆਂ ਇਸ ਨੂੰ 'ਕੁੱਲ ਮਿਲਾ ਕੇ ਵਧੀਆ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਮੈਂ ਬਜਟ ਨੂੰ 10 ਵਿਚੋਂ 7 ਅੰਕਾਂ ਦਿੰਦਾ ਹਾਂ।" ਉਨ੍ਹਾਂ ਬਜਟ ਨੂੰ ਸੂਚਨਾ ਤਕਨਾਲੋਜੀ ਸਨਅਤ ਲਈ ਵਧੀਆ ਦੱਸਿਆ।

ਅਨਿਲ ਅੰਬਾਨੀ ਗਰੁੱਪ ਦੀ ਵਿੱਤੀ ਸੇਵਾਵਾਂ ਸਬੰਧੀ ਕੰਪਨੀ ਰਿਲਾਇੰਸ ਕੈਪਟਨ ਦੇ ਸੀ.ਈ.ਓ. ਸੈਮ. ਘੋਸ਼ ਨੇ ਕਿਹਾ, "ਮੈਂ ਇਸ ਐਲਾਨ ਦਾ ਸਵਾਗਤ ਕਰਦਾ ਹਾਂ ਕਿ ਆਰ.ਬੀ.ਆਈ. ਵਲੋਂ ਨਵੇਂ ਕਾਰੋਬਾਰੀਆਂ ਤੇ ਐਨ.ਬੀ.ਐਫ. ਸੀਜ਼ ਨੂੰ ਬੈਂਕਿੰਗ ਲਾਇਸੈਂਸ ਦੇਣ ਲਈ ਵਿਚਾਰ ਕੀਤੀ ਜਾ ਰਹੀ ਹੈ। ਵਿੱਤੀ ਖੇਤਰ ਦੇ ਮਾਹਿਰਾਂ ਨੇ ਵੀ ਪੇਸ਼ ਕੀਤੇ ਗਏ ਆਮ ਬਜਟ ਦੀ ਸ਼ਲਾਘਾ ਕਰਦਿਆਂ ਇਸਨੂੰ 'ਹਾਂ-ਪੱਖੀ ਅਤੇ ਵਿਹਾਰਕ' ਕਰਾਰ ਦਿੱਤਾ ਹੈ। ਬਜਟ ਆਉਣ ਤੋਂ ਬਾਅਦ ਬੰਬਈ ਸ਼ੇਅਰ ਬਾਜ਼ਾਰ ਦੇ ਸੂਚਕ ਅੰਕ ਵਿਚ 350 ਅੰਕਾਂ ਦਾ ਵਾਧਾ ਹੋਇਆ, ਜਿਸਨੂੰ ਤਕਨੀਕੀ ਪੱਖੋਂ ਮਜ਼ਬੂਤ ਅਤੇ ਵਿਕਾਸ ਵਧਾਉਣ ਤੇ ਵਿੱਤੀ ਘਾਟਾ ਘਟਾਉਣ ਵਾਲਾ ਦੋਸਤਾਨਾ ਬਜਟ ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਸਾਲ 2010-11 ਦੇ ਆਮ ਬਜਟ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਨਾਲ ਅਰਥ ਵਿਵਸਥਾ ਨੂੰ ਮੁੜ ਸਾਲਾਨਾ 9 ਫੀਸਦੀ ਵਿਕਾਸ ਦਰ 'ਤੇ ਲਿਜਾਉਣ ਲਈ ਮਦਦ ਮਿਲੇਗੀ। ਡਾ. ਸਿੰਘ ਨੇ ਇਸ ਖਦਸ਼ੇ ਨੂੰ ਸਿਰੇ ਤੋਂ ਖਾਰਜ਼ ਕਰਦਿਆਂ ਕਿਹਾ ਕਿ ਇਸ ਬਜਟ ਨਾਲ ਮਹਿੰਗਾਈ ਵਧਣ ਦੀਆਂ ਸੰਭਾਵਨਾਵਾਂ ਨੂੰ ਮਜ਼ਬੂਤੀ ਮਿਲੇਗੀ। ਪ੍ਰਧਾਨ ਮੰਤਰੀ ਨੇ ਸੰਸਦ 'ਚ ਪੇਸ਼ ਕੀਤੇ ਗਏ ਬਜਟ ਸਬੰਧੀ ਆਪਣੀ ਪ੍ਰਤੀਕਿਰਿਆ ਜਾਹਿਰ ਕਰਦਿਆਂ ਕਿਹਾ ਕਿ ਵਿੱਤ ਮੰਤਰੀ ਸ੍ਰੀ ਮੁਖਰਜੀ ਨੇ ਆਪਣਾ ਕੰਮ ਬਾਖੂਬੀ ਪੂਰਾ ਕੀਤਾ ਹੈ। ਉਨ੍ਹਾਂ ਕਿਹਾ ਕਿ ਬਜਟ ਤੋਂ ਉਭਰੀ ਪੂਰੀ ਤਸਵੀਰ 'ਤੇ ਗੌਰ ਕਰਨੀ ਚਾਹੀਦੀ ਹੈ।

ਦੂਜੇ ਪਾਸੇ ਸਮੁੱਚੀ ਵਿਰੋਧੀ ਧਿਰ ਅਤੇ ਸਰਕਾਰ ਨੂੰ ਬਾਹਰ ਤੋਂ ਸਮਰਥਨ ਦੇਣ ਵਾਲੀਆਂ ਕੁਝ ਪਾਰਟੀਆਂ ਨੇ ਸੰਸਦ ਵਿਚ ਪੇਸ਼ ਕੀਤੇ ਗਏ ਆਮ ਬਜਟ ਦੀ ਨਿੰਦਾ ਕਰਦਿਆਂ ਕਿਹਾ ਕਿ ਇਨ੍ਹਾਂ ਤਜਵੀਜ਼ਾਂ ਨਾਲ ਪਹਿਲਾਂ ਹੀ ਮਹਿੰਗਾਈ ਦੀ ਮਾਰ ਝੱਲ ਰਹੇ ਆਮ ਆਦਮੀ ਦਾ ਲੱਕ ਟੁੱਟ ਜਾਵੇਗਾ।

# ਪੰਜਾਬ-ਹਰਿਆਣਾ ਵਲੋਂ ਰਲਿਆ-ਮਿਲਿਆ ਪ੍ਰਤੀਕਰਮ

**ਚੰਡੀਗੜ੍ਹ :** ਪੰਜਾਬ ਦੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕੇਂਦਰੀ ਵਿੱਤ ਮੰਤਰੀ ਵਲੋਂ ਪੇਸ਼ ਕੀਤੇ ਬਜਟ 'ਤੇ ਪੰਜਾਬ ਦਾ ਨਜ਼ਰੀਆ ਪੇਸ਼ ਕਰਦੇ ਹੋਏ ਕਿਹਾ ਹੈ ਕਿ ਪੰਜਾਬ ਦੀਆਂ ਐਨਕਾਂ ਵਿਚ ਬਜਟ ਨੂੰ ਵੇਖਣ ਨਾਲ ਨਿਰਾਸ਼ਾ ਹੀ ਪੱਲੇ ਪੈਂਦੀ ਹੈ। ਉਨ੍ਹਾਂ ਕਿਹਾ ਕਿ ਖੁੱਲ੍ਹੀ ਮਾਰਕਿਟ ਵਿਚ ਖਾਦ ਦੇਣ ਨਾਲ ਖਾਦ ਦੀਆਂ ਕੀਮਤਾਂ ਵਧਣਗੀਆਂ ਤੇ ਇਸਦਾ ਸਭ ਤੋਂ ਵਧੇਰੇ ਬੋਝ ਪੰਜਾਬ 'ਤੇ ਪਏਗਾ। ਉਨ੍ਹਾਂ ਕਿਹਾ ਕਿ ਕੇਂਦਰ ਇੱਕ ਢੰਗ ਨਾਲ ਖਾਦ ਦੀ ਸਬਸਿਡੀ ਖਤਮ ਕਰਨ ਵਾਲੇ ਰਾਹ ਹੀ ਤੁਰ ਪਿਆ ਹੈ।

ਵਿੱਤ ਮੰਤਰੀ ਸ੍ਰੀ ਬਾਦਲ ਨੇ ਕਿਹਾ ਹੈ ਕਿ ਕੇਂਦਰੀ ਵਿੱਤ ਮੰਤਰੀ ਸ੍ਰੀ ਮੁਖਰਜੀ ਨੇ ਆਪਣੇ ਸੂਬੇ ਬੰਗਾਲ ਤੇ ਆਪਣੇ ਹਲਕੇ ਨੂੰ ਪਹਿਲ ਦਿੱਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਤਾਮਿਲਨਾਡੂ ਵਿਚ ਟੈਕਸਟਾਈਲ ਦਾ ਪ੍ਰਦੂਸ਼ਣ ਖ਼ਤਮ ਕਰਨ ਲਈ ਬਜਟ ਵਿਚ ਪੈਸਾ ਰੱਖਿਆ ਜਾ ਸਕਦਾ ਹੈ ਤਾਂ ਪੰਜਾਬ ਦੇ ਲੁਧਿਆਣਾ ਲਈ ਕਿਉਂ ਨਹੀਂ ਰੱਖਿਆ ਜਾ ਸਕਦਾ। ਉਨ੍ਹਾਂ ਕਿਹਾ ਕਿ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਦਾ ਪੰਜਾਬ 'ਤੇ ਬਹੁਤ ਬੋਝ ਪਏਗਾ। ਉਨ੍ਹਾਂ ਕਿਹਾ ਕਿ ਸਿਹਤ ਤੇ ਸਿੱਖਿਆ ਦੇ ਖੇਤਰ ਵਿਚ ਮਾਮੂਲੀ 15 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਵਿੱਤ ਮੰਤਰੀ ਨੇ ਪੰਜਾਬ ਦੇ ਦਰਦ ਦਾ ਜ਼ਿਕਰ ਕਰਦੇ ਹੋਏ ਕਿਹਾ, 'ਪੰਜਾਬ ਹੁਣ ਦਿੱਲੀ ਵਲ ਨਾ ਵੇਖੇ। ਦਿੱਲੀ ਵਲ ਵੇਖ ਕੇ ਪਹਿਲਾਂ ਉਮੀਦਾਂ ਜੁੜਦੀਆਂ ਹਨ ਤੇ ਫਿਰ ਟੁੱਟਦੀਆਂ ਹਨ। ਪੰਜਾਬ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਹੋਵੇਗਾ।' ਵਿੱਤ ਮੰਤਰੀ ਸ੍ਰੀ ਬਾਦਲ ਨੇ ਦੋ ਨੁਕਤਿਆਂ 'ਤੇ ਬਜਟ ਦੀ ਸ਼ਲਾਘਾ ਕਰਦੇ ਹੋਏ ਇਹ ਵੀ ਕਿਹਾ ਹੈ ਕਿ ਆਮਦਨ ਕਰ ਵਿਚ ਦਿੱਤੀ ਛੋਟ ਚੰਗਾ ਕਦਮ ਹੈ ਤੇ ਸਮੇਂ ਸਿਰ ਕਰਜ਼ਾ ਮੋੜਨ ਵਾਲੇ ਕਿਸਾਨ ਨੂੰ 2 ਪ੍ਰਤੀਸ਼ਤ ਦੀ ਰਾਹਤ ਵੀ ਚੰਗਾ ਕਦਮ ਹੈ।

ਅਸਲ 'ਚ ਬਜਟ ਵਿਚ ਪੰਜਾਬ ਦੇ ਅਹਿਮ ਖੇਤਰਾਂ ਦੀ ਅਣਦੇਖੀ ਤਾਂ ਕੀਤੀ ਹੀ ਗਈ ਹੈ ਸਗੋਂ ਖੇਤੀਬਾੜੀ ਦੇ ਖੇਤਰ ਨੂੰ ਵੱਡਾ ਰਗੜਾ ਲਗਾ ਦਿੱਤਾ ਗਿਆ ਹੈ। ਸਰਸਰੀ ਝਾਤ ਮਾਰਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕੇਂਦਰ ਸਰਕਾਰ ਵਲੋਂ ਫ਼ਸਲੀ ਕਰਜ਼ੇ ਦੀ ਵਿਆਜ ਦਰ ਇਕ ਫੀਸਦੀ ਘਟਾਉਣ ਨਾਲ ਕਿਸਾਨਾਂ ਨੂੰ ਓਨਾ ਲਾਭ ਨਹੀਂ ਹੋਣਾ ਜਿੰਨਾ ਬੋਝ ਡੀਜ਼ਲ ਦੀਆਂ ਕੀਮਤਾਂ ਨਾਲ ਪੈ ਜਾਣਾ ਹੈ। ਡੀਜ਼ਲ ਤੇਲ ਦੀਆਂ ਕੀਮਤਾਂ ਵਿਚ ਵਾਧੇ ਨਾਲ ਪੰਜਾਬ ਦੇ ਕਿਸਾਨਾਂ ਦੀਆਂ ਜੇਬਾਂ 'ਤੇ 258 ਕਰੋੜ ਰੁਪਏ ਦਾ ਸਾਲਾਨਾ ਬੋਝ ਪੈਣਾ ਹੈ। ਰਾਜ ਦੇ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਦਾ ਦਾਅਵਾ ਹੈ ਕਿ ਵਿਆਜ ਦਰ ਘਟਾਉਣ ਨਾਲ ਕਿਸਾਨਾਂ ਨੂੰ ਮਹਿਜ਼ ਪੌਣੇ ਦੋ ਸੌ ਕਰੋੜ ਰੁਪਏ ਦਾ ਸਾਲਾਨਾ ਲਾਭ ਮਿਲਣਾ ਹੈ। ਵਿੱਤ ਮੰਤਰੀ ਨੇ ਆਗਾਮੀ ਵਰ੍ਹੇ ਦੇ ਬਜਟ ਵਿਚ ਹਰੀ ਕਰਾਂਤੀ ਨੂੰ ਪ੍ਰਫੁਲਤ ਕਰਨ ਦੇ ਨਾਂ 'ਤੇ ਉਲੀਕੀਆਂ ਯੋਜਨਾਵਾਂ ਵਿਚੋਂ ਵੀ ਪੰਜਾਬ ਨੂੰ ਲਾਂਭੇ ਕਰ ਦਿੱਤਾ ਗਿਆ ਹੈ।

ਵਿੱਤ ਮੰਤਰੀ ਨੇ ਐਲਾਨ ਕੀਤਾ ਕਿ ਜਿਹੜੇ ਕਿਸਾਨ ਬੈਂਕਾਂ ਦੇ ਕਰਜ਼ੇ ਦਾ ਭੁਗਤਾਨ ਵੇਲੇ ਸਿਰ ਕਰਦੇ ਹਨ ਉਨ੍ਹਾਂ ਨੂੰ 5 ਫੀਸਦੀ ਵਿਆਜ ਦਰ 'ਤੇ ਫਸਲੀ ਕਰਜ਼ਾ ਦਿੱਤਾ ਜਾਣਾ ਹੈ। ਪੰਜਾਬ ਵਿਚ ਚਾਲੂ ਮਾਲੀ ਸਾਲ (2009-2010) ਦੌਰਾਨ ਬੈਂਕਾਂ ਨੇ ਕਿਸਾਨਾਂ ਨੂੰ ਤਕਰੀਬਨ 22298 ਕਰੋੜ ਰੁਪਏ ਦਾ ਕਰਜ਼ਾ ਦੇਣ ਦੀ ਯੋਜਨਾ ਬਣਾਈ ਹੈ। ਇਸ ਯੋਜਨਾ ਮੁਤਾਬਕ ਤਕਰੀਬਨ 18000 ਕਰੋੜ ਰੁਪਏ ਦੇ ਕਰਜ਼ੇ ਦਿੱਤੇ ਜਾਣ ਦਾ ਅਨੁਮਾਨ ਹੈ। ਇਸ ਤਰ੍ਹਾਂ ਨਾਲ ਕਿਸਾਨਾਂ ਨੂੰ ਮਹਿਜ਼ ਲਗਭਗ ਪੌਣੇ ਦੋ ਸੌ ਕਰੋੜ ਰੁਪਏ ਦਾ ਸਾਲਾਨਾ ਲਾਭ ਮਿਲੇਗਾ। ਪੰਜਾਬ ਸਰਕਾਰ ਵਲੋਂ ਖੇਤੀ ਕਰਜ਼ਿਆਂ ਦੀ ਵਿਆਜ ਦਰ 4 ਫੀਸਦੀ ਕਰਨ ਦੀ ਮੰਗ ਕੀਤੀ ਜਾ ਰਹੀ ਹੈ। ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਨੂੰ ਇੱਕ ਹੱਥ ਦੇ ਕੇ ਦੂਜੇ ਹੱਥ ਵਾਪਸ ਲੈ ਲਿਆ ਹੈ। ਪੰਜਾਬ ਵਿਚ ਸਿਰਫ਼ ਖੇਤੀ ਸੈਕਟਰ ਅੰਦਰ ਹੀ 10 ਲੱਖ ਕਿਲੋ ਲੀਟਰ ਡੀਜ਼ਲ ਤੇਲ ਦੀ ਖਪਤ ਹੈ। ਡੀਜ਼ਲ ਤੇਲ 'ਤੇ ਆਬਕਾਰੀ ਡਿਊਟੀ ਵਧਾਉਣ ਨਾਲ ਪ੍ਰਤੀ ਲੀਟਰ 2 ਰੁਪਏ 59 ਪੈਸੇ ਦਾ ਵਾਧਾ ਹੋ ਗਿਆ ਹੈ। ਇਸ ਹਿਸਾਬ ਨਾਲ ਕਿਸਾਨਾਂ ਦੀਆਂ ਜੇਬਾਂ 'ਚੋਂ 258 ਕਰੋੜ ਰੁਪਏ ਸਾਲਾਨਾ ਵੱਧ ਨਿਕਲੇਗਾ।

ਕੇਂਦਰ ਸਰਕਾਰ ਨੇ ਕਰਜ਼ਾ ਮੁਆਫੀ ਸਕੀਮ ਨੂੰ ਹੋਰ ਇੱਕ ਸਾਲ ਲਈ ਵਧਾ ਤਾਂ ਦਿੱਤਾ ਹੈ ਪਰ ਪੰਜਾਬ ਨੂੰ ਇਸ ਯੋਜਨਾ ਦਾ ਪਹਿਲਾਂ ਵੀ 70,000 ਕਰੋੜ ਦੀ ਯੋਜਨਾ ਵਿਚੋਂ ਮਹਿਜ਼ 1.5 ਫੀਸਦੀ ਲਾਭ ਮਿਲਿਆ ਸੀ ਤੇ ਭਵਿੱਖ 'ਚ ਵੀ ਪੰਜਾਬ ਦੇ ਕਿਸਾਨਾਂ ਨੂੰ ਇਸ ਯੋਜਨਾ ਦਾ ਕੋਈ ਲਾਭ ਮਿਲਣ ਦੀ ਸੰਭਾਵਨਾ ਨਹੀਂ ਹੈ। ਕੇਂਦਰ ਸਰਕਾਰ ਨੇ ਖਾਦਾਂ ਦੀਆਂ ਸਬਸਿਡੀਆਂ ਸਿੱਧੀਆਂ ਕਰਨ ਨਾਲ 170 ਕਰੋੜ ਰੁਪਏ ਦਾ ਸਾਲਾਨਾ ਬੋਝ ਪਾ ਦਿੱਤਾ ਸੀ। ਇਸੇ ਤਰ੍ਹਾਂ ਯੂਰੀਆ ਖਾਦ ਦਾ ਭਾਅ ਵਧਣ ਨਾਲ ਵੀ ਪੰਜਾਬ ਦੇ ਕਿਸਾਨਾਂ ਨੂੰ 122 ਕਰੋੜ ਰੁਪਏ ਸਲਾਨਾ ਦਾ ਵਾਧੂ ਮਾਲੀ ਭਾਰ ਝੱਲਣਾ ਪਵੇਗਾ। ਕੇਂਦਰੀ ਬਜਟ ਵਿਚ ਪੱਛਮੀ ਬੰਗਾਲ, ਉੜੀਸਾ, ਛੱਤੀਸਗੜ੍ਹ, ਉੱਤਰ ਪ੍ਰਦੇਸ਼ ਆਦਿ ਰਾਜਾਂ ਲਈ 400 ਕਰੋੜ ਰੁਪਏ ਦੀ ਯੋਜਨਾ ਦਾ ਐਲਾਨ ਕੀਤਾ ਗਿਆ ਹੈ। ਵਿੱਤ ਮੰਤਰੀ ਨੇ ਕੌਮੀ ਖੇਤੀ ਵਿਕਾਸ ਯੋਜਨਾ ਨੂੰ 4000 ਕਰੋੜ ਰੁਪਏ ਤੋਂ ਵਧਾ ਕੇ 6722 ਕਰੋੜ ਰੁਪਏ ਕਰ ਦੇਣ ਨਾਲ ਵੀ ਪੰਜਾਬ ਦੇ ਹੱਥ ਪੱਲੇ ਕੱਖ ਨਹੀਂ ਪੈਣ ਵਾਲਾ। ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਤੇ ਵਿੱਤ ਮੰਤਰੀ ਨੇ ਕੇਂਦਰੀ ਬਜਟ ਨੂੰ ਆਮ ਆਦਮੀ ਤੇ ਕਿਸਾਨ ਪੱਖੀ ਦੱਸਿਆ ਹੈ ਜਦੋਂਕਿ ਵਿਰੋਧੀ ਧਿਰ ਨੇ ਬਜਟ ਨੂੰ ਲੋਕ ਵਿਰੋਧੀ ਦੱਸਦਿਆਂ ਕਿਹਾ ਹੈ ਕਿ ਇਸ ਨਾਲ ਮਹਿੰਗਾਈ ਹੋਰ ਵਧੇਗੀ ਤੇ ਜਨਤਾ 'ਤੇ ਬੋਝ ਪਵੇਗਾ।

# 4 ਸਾਲਾਂ 'ਚ ਚੀਨ ਤੋਂ ਅੱਗੇ ਲੰਘ ਜਾਵੇਗਾ ਭਾਰਤ



**ਨਵੀਂ ਦਿੱਲੀ :** ਬਜਟ ਤੋਂ ਇਕ ਦਿਨ ਪਹਿਲਾਂ ਆਰਥਕ ਸਰਵੇਖਣ ਵਿਚ ਵਿੱਤੀ ਸਾਲ 2010-11 'ਚ ਦੇਸ਼ ਦੀ ਵਿਕਾਸ ਦਰ 8.75 ਫ਼ੀ ਸਦੀ ਰਹਿਣ ਦੀ ਭਵਿੱਖਬਾਣੀ ਕੀਤੀ ਗਈ ਜਦਕਿ ਆਲਮੀ ਮੰਦੀ ਨਾਲ ਨਜਿੱਠਣ ਲਈ ਦਿਤੇ ਆਰਥਕ ਪੈਕੇਜ ਵਾਪਸ ਲੈਣ ਦੀ ਸਿਫ਼ਾਰਸ਼ ਵੀ ਕੀਤੀ ਗਈ। ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਬੀਤੀ 25 ਫਰਵਰੀ ਨੂੰ ਆਰਥਕ ਸਰਵੇਖਣ ਅਤੇ 13ਵੇਂ ਵਿੱਤ ਕਮਿਸ਼ਨ ਦੀ ਰੀਪੋਰਟ ਸੰਸਦ ਵਿਚ ਪੇਸ਼ ਕੀਤੀ। ਸਰਵੇਖਣ ਮੁਤਾਬਕ ਭਾਰਤ ਅਗਲੇ ਚਾਰ ਸਾਲਾਂ ਵਿਚ ਦੁਨੀਆਂ ਦਾ ਸਭ ਤੋਂ ਤੇਜ਼ੀ ਨਾਲ ਵਧਦਾ ਅਰਥਚਾਰਾ ਬਣ ਜਾਵੇਗਾ ਪਰ ਨਾਲ ਹੀ ਮਹਿੰਗਾਈ ਦੇ ਜਾਰੀ ਰਹਿਣ ਦੀ ਚੇਤਾਵਨੀ ਵੀ ਦਿਤੀ ਗਈ। ਸਰਵੇਖਣ ਵਿਚ ਖੇਤੀਬਾੜੀ ਖੇਤਰ ਦੀ ਕਮਜ਼ੋਰ ਕਾਰਗੁਜ਼ਾਰੀ ਤੋਂ ਪੈਦਾ ਹੋਈਆਂ ਚਿੰਤਾਵਾਂ ਦਰਮਿਆਨ ਮਹਿੰਗਾਈ ਵਧਣ ਲਈ ਖ਼ੁਰਾਕ ਪ੍ਰਬੰਧ ਦੀਆਂ ਨੀਤੀਆਂ ਨੂੰ ਜ਼ੁੰਮੇਵਾਰ ਠਹਿਰਾਇਆ। ਸਰਕਾਰ ਨੂੰ ਕਿਹਾ ਗਿਆ ਕਿ ਉਹ ਖੇਤੀ ਖੇਤਰ ਦੀ 4 ਫ਼ੀ ਸਦੀ ਵਿਕਾਸ ਦਰ ਹਾਸਲ ਕਰਨ ਲਈ ਗੰਭੀਰ ਪਹਿਲ ਕਰੇ। 2009-10 ਵਿਚ ਖੇਤੀ ਖੇਤਰ ਦੀ ਵਿਕਾਸ ਦਰ 'ਚ 0.2 ਫ਼ੀ ਸਦੀ ਕਮੀ ਆਉਣ ਦਾ ਖ਼ਦਸ਼ਾ ਪ੍ਰਗਟਾਇਆ ਗਿਆ। ਸਰਵੇਖਣ ਮੁਤਾਬਕ ਸਾਉਣੀ ਦੀਆਂ ਫ਼ਸਲਾਂ ਦੀ ਪੈਦਾਵਾਰ ਘੱਟ ਹੋਣ ਬਾਰੇ ਕਾਫ਼ੀ ਰੌਲਾ ਪੈ ਗਿਆ ਅਤੇ ਹਾੜੀ ਦੀਆਂ ਫ਼ਸਲਾਂ ਦੇ ਸੁਧਾਰ ਵਲ ਵੀ ਧਿਆਨ ਨਹੀਂ ਦਿਤਾ ਗਿਆ। ਇਸ ਦੇ ਨਤੀਜੇ ਵਜੋਂ ਖਾਣ-ਪੀਣ ਵਾਲੀਆਂ ਵਸਤਾਂ ਦੀ ਮਹਿੰਗਾਈ ਦਰ ਅਸਮਾਨ ਚੜ੍ਹ ਗਈ। ਸਰਵੇਖਣ ਵਿਚ ਇਸ ਗੱਲ 'ਤੇ ਖ਼ਦਸ਼ਾ ਜ਼ਾਹਰ ਕੀਤਾ ਗਿਆ ਕਿ ਫ਼ਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿਚ ਵਾਧੇ ਨਾਲ ਕੀ ਛੋਟੇ ਕਿਸਾਨਾਂ ਨੂੰ ਅਸਲ ਵਿਚ ਲਾਭ ਹੋਵੇਗਾ ਵੀ? ਸਰਕਾਰੀ ਅੰਕੜਿਆਂ ਮੁਤਾਬਕ ਦੇਸ਼ ਦੀ ਕੁਲ 60 ਕਰੋੜ ਖੇਤੀਬਾੜੀ 'ਤੇ ਨਿਰਭਰ ਆਬਾਦੀ ਵਿਚੋਂ 80 ਫ਼ੀ ਸਦੀ ਕਿਸਾਨਾਂ ਕੋਲ 5 ਹੈਕਟੇਅਰ ਤੋਂ ਘੱਟ ਜ਼ਮੀਨ ਹੈ। 2009-10 ਵਿਚ ਸਰਕਾਰ ਨੇ ਝੋਨੇ ਦਾ ਭਾਅ 50 ਰੁਪਏ ਦੇ ਬੋਨਸ ਸਣੇ ਵਧਾ ਕੇ 1000 ਰੁਪਏ ਕਰ ਦਿਤਾ ਸੀ। ਦਾਲਾਂ ਦਾ ਭਾਅ 1390 ਰੁਪਏ ਤੋਂ ਵਧਾ ਕੇ 2300 ਰੁਪਏ ਪ੍ਰਤੀ ਕੁਇੰਟਲ ਅਤੇ ਕਣਕ ਦਾ ਭਾਅ 1100 ਰੁਪਏ ਪ੍ਰਤੀ ਕੁਇੰਟਲ ਕਰ ਦਿਤਾ ਸੀ। 13ਵੇਂ ਵਿੱਤ ਕਮਿਸ਼ਨ ਦੀ ਰੀਪੋਰਟ ਵਿਚ ਸਰਕਾਰ ਨੂੰ ਕਿਹਾ ਗਿਆ ਕਿ ਆਲਮੀ ਮੰਦੀ ਦੌਰਾਨ ਦਿਤੇ ਗਏ ਆਰਥਕ ਪੈਕੇਜ ਦੀ ਪੜਾਅਵਾਰ ਵਾਪਸੀ ਕੀਤੀ ਜਾਵੇ ਅਤੇ ਟੈਕਸਾਂ ਵਿਚ ਰਾਜਾਂ ਦਾ ਹਿੱਸਾ 30.5 ਫ਼ੀ ਸਦੀ ਤੋਂ ਵਧਾ ਕੇ 32 ਫ਼ੀ ਸਦੀ ਕੀਤਾ ਜਾਵੇ। ਰੀਪੋਰਟ 'ਚ ਅਗਲੇ ਵਿੱਤੀ ਸਾਲ ਦੌਰਾਨ ਆਰਥਕ ਮਜ਼ਬੂਤੀ 'ਤੇ ਜ਼ੋਰ ਦਿੰਦੇ ਹੋਏ ਸਰਕਾਰ ਦੀਆਂ ਖ਼ਰਚ ਵਧਾਉਣ ਵਾਲੀਆਂ ਵਿੱਤੀ ਨੀਤੀਆਂ ਦੀ ਪੜਾਅਵਾਰ ਵਾਪਸੀ ਦੀ ਲੋੜ ਦੱਸੀ ਗਈ। ਸਰਕਾਰ ਨੇ ਆਲਮੀ ਮੰਦੀ ਦਾ ਟਾਕਰਾ ਕਰਨ ਲਈ 2008-09 ਅਤੇ 2009-10 ਵਿਚ ਘਰੇਲੂ ਉਦਯੋਗਾਂ ਨੂੰ ਐਕਸਾਈਜ਼ ਡਿਊਟੀ ਅਤੇ ਸੇਵਾ ਕਰ ਵਿਚ ਰਿਆਇਤਾਂ ਦਿਤੀਆਂ ਸਨ।

ਆਰਥਕ ਸਰਵੇਖਣ ਵਿਚ ਪੈਟਰੋਲੀਅਮ ਉਤਪਾਦਾਂ ਦੀਆਂ ਕੀਮਤਾਂ ਦੀ ਸਮੀਖਿਆ ਦੀ ਸਿਫ਼ਾਰਸ਼ ਕਰਦੇ ਹੋਏ ਕਿਹਾ ਗਿਆ ਕਿ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਕੀਮਤਾਂ ਵਧਣ ਦੇ ਬਾਵਜੂਦ ਘਰੇਲੂ ਬਾਜ਼ਾਰ ਵਿਚ ਘੱਟ ਕੀਮਤਾਂ ਰਖਣਾ ਵਿਹਾਰਕ ਨਹੀਂ। ਸਰਵੇਖਣ ਵਿਚ ਸਰਕਾਰ ਨੂੰ ਕਿਹਾ ਗਿਆ ਕਿ ਖ਼ੁਰਾਕੀ ਪਦਾਰਥਾਂ, ਰਸਾਇਣਕ ਖਾਦਾਂ ਅਤੇ ਡੀਜ਼ਲ-ਮਿੱਟੀ ਦੇ ਤੇਲ ਦੀਆਂ ਕੀਮਤਾਂ ਤੋਂ ਸਰਕਾਰੀ ਕੰਟਰੋਲ ਖ਼ਤਮ ਕੀਤਾ ਜਾਵੇ।

# ਕਾਮਰੇਡ ਨੇਤਾਵਾਂ ਦੀ ਸੁਰੱਖਿਆ ਵਾਪਸ ਲੈਣ ਦਾ ਵਿਰੋਧ

**ਅੰਮ੍ਰਿਤਸਰ:**ਸੀ.ਪੀ.ਆਈ. (ਐਮ.) ਦੇ ਸੂਬਾ ਸਕੱਤਰੇਤ ਮੈਂਬਰ ਕਾਮਰੇਡ ਵਿਜੈ ਮਿਸ਼ਰਾ ਨੇ ਅਤਿਵਾਦ ਖ਼ਿਲਾਫ ਡੱਟ ਕੇ ਲੜਾਈ ਲੜਣ ਵਾਲੇ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਸ਼ੌਰਿਆ ਚੱਕਰ ਵਿਜੇਤਾ ਅਤੇ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ ਦੀ ਪੰਜਾਬ ਪੁਲੀਸ ਵਲੋਂ ਸੁਰੱਖਿਆ ਵਾਪਸ ਲਏ ਜਾਣ 'ਤੇ ਇਤਰਾਜ਼ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਮਾਮਲਾ ਪਾਰਟੀ ਪੱਧਰ 'ਤੇ ਮੁੱਖ ਮੰਤਰੀ ਅੱਗੇ ਰੱਖਿਆ ਜਾਵੇਗਾ। ਸ਼ੌਰਿਆਂ ਚੱਕਰ ਵਿਜੇਤਾ ਕਾਮਰੇਡ ਬਲਵਿੰਦਰ ਸਿੰਘ ਭਿੱਖੀਵਿੰਡ ਤੇ ਉਨ੍ਹਾਂ ਦੀ ਪਤਨੀ ਸ੍ਰੀਮਤੀ ਜਗਦੀਸ਼ ਕੌਰ ਅਤੇ ਕਾਮਰੇਡ ਮੇਜਰ ਸਿੰਘ ਭਿੱਖੀਵਿੰਡ ਦੀ ਹਾਜ਼ਰੀ ਵਿਚ ਕਾਮਰੇਡ ਵਿਜੈ ਮਿਸ਼ਰਾ ਨੇ ਦੱਸਿਆ ਕਿ ਪੰਜਾਬ ਵਿਚ ਅਤਿਵਾਦ ਦੌਰਾਨ ਇਹ ਦੋਵਾਂ ਆਗੂਆਂ ਨੇ ਕਈ ਅਤਿਵਾਦੀ ਹਮਲਿਆਂ ਨੂੰ ਪਛਾੜਿਆ ਸੀ। ਅਤਿਵਾਦੀਆਂ ਦਾ ਡੱਟ ਕੇ ਮੁਕਾਬਲਾ ਕਰਨ ਦੇ ਸਿੱਟੇ ਵਜੋਂ ਹੀ ਤਤਕਾਲੀ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਵਲੋਂ ਕਾਮਰੇਡ ਬਲਵਿੰਦਰ ਸਿੰਘ, ਉਨ੍ਹਾਂ ਦੀ ਪਤਨੀ ਜਗਦੀਸ਼ ਕੌਰ, ਭਰਾ ਰਣਜੀਤ ਸਿੰਘ ਤੇ ਉਸਦੀ ਪਤਨੀ ਬਲਰਾਜ ਕੌਰ ਨੂੰ ਸ਼ੌਰਿਆ ਚੱਕਰ ਦੇ ਕੇ ਸਨਮਾਨਿਤ ਕੀਤਾ ਸੀ।

ਸ੍ਰੀ ਮਿਸ਼ਰਾ ਨੇ ਕਿਹਾ ਕਿ ਦੇਸ਼ ਦੀ ਏਕਤਾ ਤੇ ਅਖੰਡਤਾ ਲਈ ਲੜਨ ਵਾਲੇ ਇਹ ਕਾਮਰੇਡ ਆਗੂਆਂ ਤੋਂ ਹੁਣ ਸੁਰੱਖਿਆ ਵਾਪਸ ਲੈ ਲਈ ਗਈ ਹੈ ਅਤੇ ਇਨ੍ਹਾਂ ਕੋਲ ਸਿਰਫ਼ ਇਕ ਇਕ ਸੁਰੱਖਿਆ ਕਰਮਚਾਰੀ ਹੈ ਜਿਸ ਕਾਰਨ ਇਨ੍ਹਾਂ ਦੀ ਜਾਨ ਨੂੰ ਖਤਰਾ ਹੈ। ਉਨ੍ਹਾਂ ਨੇ ਸੁਰਖਿਆ ਵਾਪਸ ਲੈਣ ਦੀ ਇਸ ਕਾਰਵਾਈ ਨੂੰ ਗ਼ੈਰ ਜਿੰਮੇਵਾਰਨਾ ਕਾਰਵਾਈ ਕਰਾਰ ਦਿੱਤਾ ਅਤੇ ਪਾਰਟੀ ਪੱਧਰ 'ਤੇ ਇਸ ਦੀ ਨਿਖੇਧੀ ਕੀਤੀ। ਉਹ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਕਿ ਦੋਵੇਂ ਕਾਮਰੇਡ ਆਗੂਆਂ ਦੀ ਪਹਿਲਾਂ ਵਾਂਗ ਸੁਰਖਿਆ ਬਹਾਲ ਕੀਤੀ ਜਾਵੇ।


ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ

ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440


ੴ ਸਤਿਗੁਰ ਪ੍ਰਸਾਦਿ॥

# ਅਕਾਲ ਤਖ਼ਤ ਅੰਮ੍ਰਿਤ ਏਕ ਹੈ

ਖਾਲਸਾ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਿਹ॥

ਦਸਮ ਗੁਰੂ ਗ੍ਰੰਥ ਦਾ ਫੁਰਮਾਨ ਹੈ ਕਿ ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸ ਚਲਾਏ॥ ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥ ਜਿਵੇਂ ਸਿੱਖ ਰਹਿਤ ਮਰਿਆਦਾ ਵਿਚ ਪੰਨਾ ਨੰਬਰ 9 ਉਪਰ ਲਿਖਿਆ ਹੈ, ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ-ਸ਼ਖਸੀ ਤੇ ਪੰਥਕ। ਸ਼ਖਸੀ ਰਹਿਣੀ, ਨਾਮ ਬਾਣੀ ਦਾ ਅਭਿਆਸ, ਗੁਰਮਤਿ ਦੀ ਰਹਿਣੀ, ਸੇਵਾ, ਸਿੱਖ ਅੰਮ੍ਰਿਤ ਵੇਲੇ ਜਾਗ ਕੇ ਇਸ਼ਨਾਨ ਕਰਕੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ ਨਾਮ ਜਪੇ'।

ਮੈਂ ਸੰਗਤ ਦਾ ਧਿਆਨ ਇਸ ਗੱਲ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਜਿਹੜੇ ਉਮੀਦਵਾਰ ਫਰੀਮਾਂਟ ਦੀ ਸੁਪਰੀਮ ਕੌਂਸਲ ਲਈ 14 ਮਾਰਚ ਨੂੰ ਚੋਣ ਲੜਨ ਜਾ ਰਹੇ ਹਨ, ਸਾਨੂੰ ਵੋਟਾਂ ਉਸ ਉਮੀਦਵਾਰ ਨੂੰ ਹੀ ਪਾਉਣੀਆਂ ਚਾਹੀਦੀਆਂ ਹਨ ਜੋ ਅਕਾਲ ਪੁਰਖ ਦਾ ਧਿਆਨ ਧਰਨ ਦੀ ਕਲਾ ਜਾਣਦੇ ਹਨ ਅਤੇ ਸਾਨੂੰ ਵੀ ਸਿਖਾ ਸਕਦੇ ਹਨ। ਅਕਾਲ ਤਖ਼ਤ ਦੀ ਮਰਿਆਦਾ ਤੋਂ ਭਗੌੜੇ ਨਾ ਹੋਣ, ਖਾਲਸਾ ਸਾਰੇ ਮਤਾਂ ਤੋਂ ਨਿਆਰਾ ਰਹੇ ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ, ਗੁਰੂ ਦਾ ਸਿੱਖ ਗਰੀਬ ਦੀ ਰਸਨਾ ਨੂੰ ਗੋਲਕ ਜਾਣੇ। ਗੁਰਲੀਨ ਕੌਰ ਸਿਖਿਆਰਥੀ ਦੀ ਯਾਦ ਤਾਜ਼ਾ ਕਰਦਿਆਂ ਦਾਸ ਬੇਨਤੀ ਕਰਦਾ ਹੈ।

ਦਾਸ:ਸੁਖਦੇਵ ਸਿੰਘ ਸਿਖਿਆਰਥੀ
ਟਕਸਾਲ, ਜਥਾ ਪਹੁਵਿੰਡ
ਫੋਨ:510-734-2047


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ

SELL YOUR HOME FOR CASH TODAY
#1 SHORT SALE EXPERT

CALL TOADY & STOP WORRYING

Manjit Gill - 209.524.4008
Real Estate & Loans - 510.415.2368

ਸਸਤੀ ਅਤੇ ਵਧੀਆ ਇੰਸ਼ੋਰੈਂਸ

GILL FINANCIAL & INSURANCE



Manjit Gill
President
CA Lic#0B23990

- AUTO
- HOME
- LIFE
- HEALTH
- LIQUOR STORES
- GAS STATIONS
- TRUCK INSURANCE

EDUCATION FUNDING
RETIREMENT ਦੇ ਵਧੀਆ PROGRAM

ਅੱਜ ਹੀ ਕਾਲ ਕਰੋ

510-415-2368 / 209-524-4008

www.gillfinancial.com





M&J ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ



BRIDGESTONE MICHELIN Firestone YOKOHAMA GOODYEAR BFGoodrich

MAJOR BRANDED & WHOLE SALE PRICE
TIRES • RIMS • ROAD SERVICE • SNOW CHAINS
SECURE TRUCK PARKING

Freeway 5 - 11401 Harlan Rd. Lathrop CA 95330
Across from Kenworth

Freeway 99 - 3327 South Hwy 99, Stockton CA 95215
New & Used Tires & Truck Repair Service Available

Hardeep Singh Cell: 209-450-8981
Off : 209-456-0182

# ਤਾਲਿਬਾਨ ਦੀ ਕਰਤੂਤ ਕਾਰਨ ਪੰਜਾਬ ਵਿਚ ਸਿਆਸਤ ਗਰਮਾਈ

**ਅੰਮ੍ਰਿਤਸਰ :** ਤਾਲਿਬਾਨ ਵਲੋਂ ਪਾਕਿਸਤਾਨ 'ਚ ਰਹਿੰਦੇ ਸਿੱਖਾਂ ਨੂੰ ਬਲੈਕਮੇਲ ਕਰਨ ਮਗਰੋਂ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਨ ਦੇ ਅਮਾਨਵੀ ਕਾਰਨਾਮੇ ਨੇ ਵਿਸ਼ਵ ਭਰ 'ਚ ਬੈਠੇ ਸਿੱਖਾਂ ਨੂੰ ਹਿਲਾ ਕੇ ਰੱਖ ਦਿੱਤਾ ਹੈ। ਤਲਿਬਾਨ ਦੀ ਕਰਤੂਤ ਦਾ ਜਿੱਥੇ ਪੂਰੇ ਵਿਸ਼ਵ ਵਿਚ ਵਿਰੋਧ ਹੋ ਰਿਹਾ ਹੈ, ਉਥੇ ਪੰਜਾਬ ਦੇ ਸਿੱਖਾਂ ਵਲੋਂ ਵੀ ਤਾਲਿਬਾਨ ਦੇ ਅੱਤਿਆਚਾਰ ਦੀ ਜ਼ਬਰਦਸਤ ਵਿਰੋਧਤਾ ਹੋ ਰਹੀ ਹੈ। ਪੰਜਾਬ ਸੂਬੇ ਦੀ ਸਿਆਸਤ ਵਿਚ ਵਿਚਰਦਿਆਂ ਮੌਕਾ ਪ੍ਰਸਤ ਹੋ ਨਿਬੜੇ ਸਿਆਸਤਦਾਨ ਪਾਕਿਸਤਾਨ ਦੇ ਸਿੱਖਾਂ ਦੇ ਭਾਰਤ ਵਿਚ ਮੁੜ ਵਸੇਬੇ ਲਈ ਜ਼ਮੀਨੀ ਪੱਧਰ 'ਤੇ ਕੋਈ ਯਤਨ ਕਰਨ ਦੀ ਬਜਾਏ ਮੀਡੀਆ ਨੂੰ ਆਧਾਰ ਬਣਾ ਕੇ ਵੋਟ ਬੈਂਕ ਦੀ ਰਾਜਨੀਤੀ ਕਰਦੇ ਵੇਖੇ ਜਾ ਰਹੇ ਹਨ। ਤਾਲਿਬਾਨ ਦੇ ਕਹਿਰ ਦਾ ਸ਼ਿਕਾਰ ਹੋਏ ਪਾਕਿਸਤਾਨ ਦੇ ਸਿੱਖ ਪਰਿਵਾਰ, ਹਿੰਦੂ ਪਰਿਵਾਰਾਂ ਦੇ ਭਾਰਤ ਵਿਚ ਮੁੜ ਵਸੇਬੇ ਬਾਰੇ ਅਣਜਾਣ ਬਣੇ ਬੈਠੇ ਪੰਜਾਬ ਦੇ ਹਾਕਮ ਪਾਕਿ ਦੇ ਸਿੱਖਾਂ ਦੀ ਸੁਰੱਖਿਆ ਤੋਂ ਮੋਨ ਕਿਉਂ ਧਾਰੀ ਬੈਠੇ ਹਨ। ਪੰਜਾਬ ਦੀ ਬਾਦਲ ਸਰਕਾਰ ਪੀੜ੍ਹਤ ਪਰਿਵਾਰਾਂ ਦੀ ਮਦਦ ਦੀ ਟੇਕ ਕੇਂਦਰ 'ਤੇ ਲਾਈ ਬੈਠੀ ਹੈ ਤੇ ਆਪ ਵੋਟ ਰਾਜਨੀਤੀ ਵਲ ਕੇਂਦਰਤ ਹੈ। ਤਾਲਿਬਾਨ ਦੇ ਸ਼ਿਕਾਰ ਹੋ ਚੁੱਕੇ ਸਿੱਖ ਪਰਿਵਾਰਾਂ ਦੇ ਭਵਿੱਖ ਬਾਰੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਤੇ ਰਾਜ ਸਭਾ ਮੈਂਬਰ ਨਰੇਸ਼ ਗੁਜਰਾਲ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਦਿੱਲੀ ਤੋਂ ਗੱਲਬਾਤ ਕਰਦਿਆਂ ਕਿਹਾ ਕਿ ਅਸੀਂ ਤਾਲਿਬਾਨ ਦੇ ਅਮਾਨਵੀ ਕਾਰਨਾਮੇ ਦੀ ਨਿਖੇਧੀ ਕਰਦੇ ਹਾਂ। ਉਨ੍ਹਾਂ ਦਾਅਵਾ ਕੀਤਾ ਕਿ ਅਸੀਂ ਪਾਰਟੀ ਪੱਧਰ 'ਤੇ ਵੀ ਇਸ ਦੀ ਜ਼ਬਰਦਸਤ ਵਿਰੋਧਤਾ ਕਰ ਰਹੇ ਹਾਂ। ਜਦੋਂ ਗੁਜਰਾਲ ਕੋਲੋਂ ਪੁੱਛਿਆ ਗਿਆ ਕਿ ਪਾਕਿਸਤਾਨ ਵਿਚ ਹਿਜ਼ਰਤ ਕਰਕੇ ਭਾਰਤ ਵਿਚ ਵਸਣ ਦੇ ਇਛੁੱਕ ਸਿੱਖਾਂ ਤੇ ਹਿੰਦੂ ਪਰਿਵਾਰਾਂ ਦੇ ਮੁੜ ਵਸੇਬੇ ਲਈ ਕੀ ਪ੍ਰੋਗਰਾਮ ਹੈ? ਤਾਂ ਉਹ ਜਵਾਬ ਦੇਣ ਤੋਂ ਮੁਨਕਰ ਹੋ ਗਏ ਤੇ ਚੁੱਪ ਸਾਧ ਲਈ। ਜਦੋਂ ਪੰਜਾਬ ਸਰਕਾਰ ਦੇ ਭਾਈਵਾਲ ਭਾਜਪਾ ਦੇ ਪ੍ਰਧਾਨ ਮਾਮਲਿਆਂ ਦੇ ਇੰਚਾਰਜ ਤੇ ਜਨਰਲ ਸਕੱਤਰ ਬਲਬੀਰ ਪੁੰਜ ਨਾਲ ਸੰਪਰਕ ਕਰਕੇ ਪੀੜਤ ਸਿੱਖ ਦੀ ਮਦਦ ਬਾਰੇ ਗੱਲਬਾਤ ਕਰਨ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਨੇ ਗੇਂਦ ਸਿੱਧੀ ਕੇਂਦਰ ਦੇ ਪਾਲੇ ਵਿਚ ਸੁੱਟਦੇ ਹੋਏ ਆਖਿਆ ਕਿ ਪਾਕਿਸਤਾਨ ਵਿਚ ਵਸਦੇ ਸਿੱਖਾਂ ਦੇ ਇੱਥੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੈ। ਉਨ੍ਹਾਂ ਨੇ ਦਲੀਲ ਦਿੰਦਿਆਂ ਕਿਹਾ ਕਿ ਜੇ ਤਿੱਬਤ ਤੇ ਦੱਖਣ ਪੂਰਬ ਦੀਆਂ ਸਰਹੱਦਾਂ 'ਤੇ ਦੇਸ਼ਾਂ ਦੇ ਪੀੜਤਾਂ ਨੂੰ ਸਾਡੇ ਵਿਚ ਸ਼ਰਨ ਦਿੱਤੀ ਜਾ ਸਕਦੀ ਹੈ ਤਾਂ ਪਾਕਿਸਤਾਨ ਦੇ ਪੀੜਤ ਸਿੱਖਾਂ ਤੇ ਹਿੰਦੂਆਂ ਨੂੰ ਕਿਉਂ ਨਹੀਂ। ਨਾਲ ਹੀ ਉਨ੍ਹਾਂ ਨੇ ਕਿਹਾ ਕਿ ਤਾਲਿਬਾਨ ਦੀ ਇਸ ਕਰਤੂਤ ਮਗਰੋਂ ਭਾਰਤ-ਪਾਕਿ ਦੇ ਵਿਦੇਸ਼ ਸਕੱਤਰਾਂ ਦੀ ਹੋਣ ਜਾ ਰਹੀ ਇਕੱਤਰਤਾ ਦੀ ਕੋਈ ਤੁਕ ਨਹੀਂ ਰਹਿ ਜਾਂਦੀ। ਉਨ੍ਹਾਂ ਨੇ ਕੇਂਦਰ 'ਤੇ ਵਾਰ ਕਰਦਿਆਂ ਕਿਹਾ ਕਿ ਮਨਮੋਹਨ ਸਿੰਘ ਦੀ ਸਰਕਾਰ ਦੀ ਅਸਫ਼ਲ ਕੂਟਨੀਤੀ ਸਦਕਾ ਪਾਕਿ ਵਿਚ ਤਾਲਿਬਾਨਾਂ ਨੇਂ ਸਿੱਖਾਂ 'ਤੇ ਜ਼ੁਲਮ ਕਰਨ ਦੀ ਹਿੰਮਤ ਕੀਤੀ ਹੈ। ਚੇਤੇ ਰਹੇ ਕਿ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਵਲੋਂ ਪੀੜਤ ਸਿੱਖਾਂ ਦੀ ਮੁਸ਼ਕਲ ਦਾ ਜਾਇਜ਼ਾ ਲੈਣ ਲਈ ਇੱਕ ਵਫ਼ਦ ਪਾਕਿਸਤਾਨ ਭੇਜਣ ਦੀ ਗੱਲ ਕਰਦਿਆਂ ਤਾਲਿਬਾਨ ਦੀ ਦਹਿਸ਼ਤ ਦਾ ਸ਼ਿਕਾਰ ਹੋਏ ਸਿੱਖ ਮ੍ਰਿਤਕਾਂ ਦੇ ਪਰਿਵਾਰਾਂ ਨੂੰ 5-5 ਲੱਖ ਰੁਪਏ ਦਿੱਤੇ ਜਾਣ ਦਾ ਐਲਾਨ ਕਰਕੇ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਨਿਭਾਈ ਡਿਊਟੀ ਨੂੰ ਕੁਝ ਚਿੰਤਕਾਂ ਵਲ ਵੋਟ ਬੈਂਕ ਦੀ ਰਾਜਨੀਤੀ ਦਾ ਹਿੱਸਾ ਦੱਸਿਆ ਹੈ। ਚੇਤੇ ਰਹੇ ਕਿ ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਨੇੜੇ ਭਵਿੱਖ ਵਿਚ ਹੋਣ ਜਾ ਰਹੀਆਂ ਹਨ। ਸ਼੍ਰੋਮਣੀ ਕਮੇਟੀ ਨੂੰ ਮਾਤ ਦੇਣ ਤੇ ਸਿੱਖ ਵੋਟਰਾਂ ਦੀ ਹਮਦਰਦੀ ਪ੍ਰਾਪਤ ਕਰਨ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਤਾਲਿਬਾਨ ਦੇ ਵਿਰੋਧ ਵਿਚ ਦਿੱਲੀ ਸਥਿਤ ਪਾਕਿਸਤਾਨ ਦੇ ਹਾਈ ਕਮਿਸ਼ਨਰ ਸਾਹਮਣੇ ਜ਼ਬਰਦਸਤ ਰੋਸ ਪ੍ਰਗਟ ਕਰਕੇ ਕੌਮਾਂਤਰੀ ਪੱਧਰ 'ਤੇ ਸਿੱਖਾਂ ਦਾ ਧਿਆਨ ਆਪਣੇ ਵਲ ਖਿਚਿਆ ਹੈ।

ਅਨੁਮਾਨ ਹੈ ਕਿ ਦਿੱਲੀ ਕਮੇਟੀ ਮੌਕਾਪ੍ਰਸਤੀ ਦੇ ਰਾਹ ਤੁਰਦਿਆਂ ਸ਼੍ਰੋਮਣੀ ਕਮੇਟੀ ਨੂੰ ਪਛਾੜਨ ਲਈ ਪਿਸ਼ਾਵਰ ਦੇ ਸਿੱਖਾਂ ਦੀ ਆਰਥਿਕ ਮਦਦ ਦਾ ਐਲਾਨ ਕਰ ਸਕਦੀ ਹੈ।

**ਮੁਸਲਮਾਨਾਂ ਵਿਚ ਵੀ ਭਾਰੀ ਰੋਸ :** ਭਾਰਤੀ ਮੁਸਲਮਾਨ ਆਗੂਆਂ ਨੇ ਪਾਕਿਸਤਾਨ ਵਿਚ ਦੋ ਮਾਸੂਮ ਸਿੱਖਾਂ ਦੇ ਕਤਲ ਦੀ ਸਖ਼ਤ ਨਿਖੇਧੀ ਕਰਦਿਆਂ ਇਸ ਹਰਕਤ ਨੂੰ ਗ਼ੈਰ ਇਸਲਾਮਿਕ ਅਤੇ ਅਣਮਨੁੱਖੀ ਕਰਾਰ ਦਿਤਾ। ਮੁਸਲਮਾਨ ਆਗੂਆਂ ਵਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਇਸਲਾਮ ਦੇ ਨਾਂ 'ਤੇ ਜੇਹਾਦ ਕਰ ਰਹੇ ਅਤਿਵਾਦੀਆਂ ਦਾ ਅਸਲ ਚਿਹਰਾ ਸਾਹਮਣੇ ਆ ਗਿਆ ਹੈ ਜਿਨ੍ਹਾਂ ਦਾ ਧਰਮ ਨਾਲ ਕੋਈ ਵਾਹ-ਵਾਸਤਾ ਨਹੀਂ। ਉਨ੍ਹਾਂ ਪਾਕਿਸਤਾਨ ਸਰਕਾਰ ਤੋਂ ਦੋਸ਼ੀਆਂ ਵਿਰੁਧ ਤੁਰੰਤ ਕਾਰਵਾਈ ਕਰਨ ਦੀ ਮੰਗ ਕੀਤੀ। ਬਿਆਨ ਉਪਰ ਦਸਤਖ਼ਤ ਕਰਨ ਵਾਲੇ ਆਗੂਆਂ ਵਿਚ ਹਨਨ ਮੁੱਲਾ ਸਾਬਕਾ ਸੰਸਦ ਮੈਂਬਰ, ਨਿਆਜ਼ ਫ਼ਾਰੂਕੀ ਸਕੱਤਰ ਜਮਾਇਤ ਉਲੇਮਾ ਏ ਹਿੰਦ, ਨੁਸਰਤ ਅਲੀ ਸਕੱਤਰ ਜਨਰਲ ਜਮਾਇਤ ਏ ਇਸਲਾਮੀ ਹਿੰਦ ਅਤੇ ਡਾ. ਜ਼ਫ਼ਰਉਲ-ਇਸਲਾਮ ਖ਼ਾਨ ਸੰਪਾਦਕ 'ਮਿਲੀ ਗਜ਼ਟ' ਸਣੇ ਘੱਟ ਗਿਣਤੀਆਂ ਬਾਰੇ ਦੱਖਣੀ ਏਸ਼ੀਆਈ ਕੌਂਸਲ ਦੇ ਸਕੱਤਰ ਨਾਵੇਦ ਹਾਮਿਦ ਵੀ ਸ਼ਾਮਲ ਹਨ। ਇਸੇ ਦੌਰਾਨ ਭਾਰਤ ਵਿਚਲੀਆਂ ਮਸਜਿਦਾਂ ਦੇ ਇਮਾਮਾਂ ਦੀ ਜਥੇਬੰਦੀ ਦੇ ਪ੍ਰਧਾਨ ਉਮਰ ਅਹਿਮਦ ਇਲਿਆਸੀ ਨੇ ਕਿਹਾ ਕਿ ਸਿੱਖਾਂ ਦਾ ਕਤਲ ਕੁਰਾਨ ਦੀਆਂ ਸਿਖਿਆਵਾਂ ਦੇ ਵਿਰੁਧ ਹੈ। ਮੁਸਲਮਾਨਾਂ ਵਲੋਂ ਮੈਂ ਮਰਨ ਵਾਲੇ ਸਿੱਖਾਂ ਦੇ ਪਰਿਵਾਰਾਂ ਦੀ ਖ਼ੈਰੀਅਤ ਦੀ ਦੁਆ ਕਰਦਾ ਹਾਂ। ਮੁਸਲਮਾਨਾਂ ਦੀ ਜਥੇਬੰਦੀ ਨੇ ਤਾਲਿਬਾਨ ਨੂੰ ਅੱਲਾ ਦੇ ਨਾਂ 'ਤੇ ਮੁਸਲਮਾਨਾਂ ਦਾ ਅਕਸ ਖ਼ਰਾਬ ਨਾ ਕਰਨ ਦੀ ਨਸੀਹਤ ਵੀ ਦਿਤੀ। ਇਲਿਆਸੀ ਨੇ ਕਿਹਾ ਕਿ ਦੇਸ਼ ਦੇ ਇਮਾਮ ਆਉਣ ਵਾਲੇ ਜੁੰਮੇ ਨੂੰ ਹਰ ਮਸਜਿਦ ਵਿਚ ਵਿਸ਼ੇਸ਼ ਨਮਾਜ਼ ਅਦਾ ਕਰਨਗੇ।

ਇਸ ਦੌਰਾਨ ਕੈਨੇਡੀਅਨ ਸਿੱਖਾਂ ਨੇ ਤਾਲਿਬਾਨ ਵਲੋਂ ਸਿੱਖਾਂ ਦੇ ਸਿਰ ਕਲਮ ਕਰਨ ਦੇ ਕਾਰੇ ਨੂੰ ਅਣਮਨੁੱਖੀ ਕਰਾਰ ਦਿੰਦੇ ਹੋਏ ਪਾਕਿ ਸਰਕਾਰ ਦੀ ਇਸ ਗੱਲੋਂ ਸਖ਼ਤ ਅਲੋਚਨਾ ਕੀਤੀ ਹੈ ਕਿ ਉਹ ਘੱਟ ਗਿਣਤੀਆਂ ਦੀ ਰਾਖੀ ਕਰਨ ਵਿਚ ਬੁਰੀ ਤਰ੍ਹਾਂ ਨਾਕਾਮ ਰਹੀ ਹੈ। ਬੀਰਇੰਦਰ ਸਿੰਘ ਅਹਲੂਵਾਲੀਆ ਜੋ ਕਿ ਟੋਰਾਂਟੋ ਵਿਚ ਸਭ ਤੋਂ ਵੱਡਾ ਡਾਇਆਗੋਨੈਸਟਿਕ ਸੈਂਟਰ ਚਲਾਉਂਦੇ ਹਨ, ਨੇ ਕਿਹਾ ਕਿ ਇਹ ਕਾਰਾ ਇਸ ਗੱਲ ਦਾ ਪ੍ਰਤੀਕ ਹੈ ਅਤਿਵਾਦੀਆਂ ਦੇ ਦਿਲਾਂ ਵਿਚ ਮਨੁੱਖਤਾ ਲਈ ਕੋਈ ਥਾਂ ਨਹੀਂ ਹੈ, ਇਸ ਦੀ ਜਿੰਨੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਦੁਨੀਆਂ ਭਰ ਵਿਚ ਬੈਠੇ ਸਿੱਖ ਅਪਣੇ ਪੀੜਤ ਭਰਾਵਾਂ ਦੀ ਸਹਾਇਤਾ ਕਰਨਗੇ। ਸਿੱਖ ਸੰਸਦ ਮੈਂਬਰ ਗੁਰਬਖ਼ਸ਼ ਸਿੰਘ ਮੱਲ੍ਹੀ ਨੇ ਕਿਹਾ ਕਿ ਪਾਕਿ ਵਿਚ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਨੂੰ ਜਿਸ ਤਰ੍ਹਾਂ ਦਰੜਿਆ ਜਾ ਰਿਹਾ ਹੈ, ਉਸ ਵਲ ਕੈਨੇਡਾ ਸਰਕਾਰ ਨੂੰ ਤੁਰਤ ਧਿਆਨ ਦੇਣਾ ਚਾਹੀਦਾ ਹੈ। ਘੱਟ ਗਿਣਤੀਆਂ ਨੂੰ ਸਰਕਾਰ ਸੁਰੱਖਿਆ ਦੇਣ ਵਿਚ ਨਾਕਾਮ ਰਹੀ ਹੈ ਤੇ ਉਨ੍ਹਾਂ ਨੂੰ ਤਾਲਿਬਾਨ ਦੇ ਰਹਿਮ 'ਤੇ ਛੱਡ ਦਿਤਾ ਗਿਆ ਹੈ। ਉਨ੍ਹਾਂ ਕੈਨੇਡਾ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਨੂੰ ਪਾਕਿ ਸਰਕਾਰ ਕੋਲ ਚੁੱਕੇ ਤੇ ਉਥੋਂ ਰਫ਼ਿਊਜ਼ੀਆਂ ਦੀਆਂ ਅਰਜ਼ੀਆਂ 'ਤੇ ਪਹਿਲ ਨਾਲ ਗੌਰ ਕਰੇ। ਵੈਨਕੂਵਰ ਦੇ ਸਭ ਤੋਂ ਪੁਰਾਣੇ ਗੁਰਦਵਾਰੇ ਰੋਜ਼ ਸਟਰੀਟ ਦੇ ਜਰਨੈਲ ਸਿੰਘ ਨੇ ਕਿਹਾ ਕਿ ਪਾਕਿ ਨੂੰ ਸਿੱਖਾਂ ਦੀ ਸੁਰੱਖਿਆ ਵਧਾਉਣ ਤੇ ਅਤਿਵਾਦੀਆਂ ਵਿਰੁਧ ਸਖ਼ਤ ਕਾਰਵਾਈ ਕਰਨੀ ਚਾਹੀਦੀ ਹੈ। ਭਾਰਤ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮਾਮਲਾ ਪਾਕਿ ਸਰਕਾਰ ਕੋਲ ਚੁਕਣਾ ਚਾਹੀਦਾ ਹੈ। ਡਿਕਸੀ ਰੋਡ ਗੁਰਦਵਾਰੇ ਦੇ ਸਾਬਕਾ ਪ੍ਰਧਾਨ ਨਛੱਤਰ ਸਿੰਘ ਨੇ ਕਿਹਾ ਕਿ ਤਾਲਿਬਾਨ ਨੂੰ ਉਸ ਦੇ ਕਾਰੇ ਦੀ ਸਜ਼ਾ ਮਿਲਣੀ ਚਾਹੀਦੀ ਹੈ। ਮਨੁੱਖੀ ਅਧਿਕਾਰ ਐਸੋਸੀਏਸ਼ਨ ਦੇ ਚੇਅਰਮੈਨ ਰੋਜ਼ਰ ਨੇਅਰ ਨੇ ਕਿਹਾ ਕਿ ਅਸੀਂ ਪਾਕਿ ਸਰਕਾਰ ਤੇ ਸੰਸਾਰ ਭਾਈਚਾਰੇ ਤੋਂ ਮੰਗ ਕਰਦੇ ਹਾਂ ਕਿ ਤਾਲਿਬਾਨ ਵਿਰੁਧ ਤੁਰਤ ਕਾਰਵਾਈ ਕੀਤੀ ਜਾਵੇ। ਉਧਰ ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਅਪੀਲ ਕੀਤੀ ਹੈ ਕਿ ਉਹ ਜ਼ਾਲਮਾਨਾ ਹਰਕਤ ਕਰਨ ਵਾਲੇ ਇਨ੍ਹਾਂ ਹਤਿਆਰਿਆਂ ਨੂੰ ਭਾਰਤ ਲਿਆ ਕੇ ਉਨ੍ਹਾਂ 'ਤੇ ਮੁਕੱਦਮਾ ਚਲਾਉਣ।

ਇਸ ਦੌਰਾਨ ਅਮਰੀਕੀ ਸਿੱਖਾਂ ਨੇ ਰਾਸ਼ਟਪਤੀ ਬਰਾਕ ਓਬਾਮਾ ਨੂੰ ਕਿਹਾ ਹੈ ਕਿ ਉਹ ਤਾਲਿਬਾਨ ਦੇ ਸਿੱਖ ਵਿਰੋਧੀ ਕਾਰੇ ਦੇ ਸਬੰਧ ਵਿਚ ਇਸਲਾਮਾਬਾਦ ਨਾਲ ਗੱਲ ਕਰਨ। ਵਾਸ਼ਿੰਗਟਨ ਦੀ ਸਿੱਖ ਕੌਂਸਲ ਨੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ ਵਿਚ ਕਿਹਾ ਕਿ ਉਹ ਇਸਲਾਮਾਬਾਦ 'ਤੇ ਦਬਾਅ ਪਾ ਕੇ ਪੀੜਤਾਂ ਨੂੰ ਇਨਸਾਫ਼ ਦਿਵਾਉਣ।

ਸਿੱਖ ਕੌਂਸਲ ਦੇ ਚੇਅਰਮੈਨ ਰਾਜਵੰਤ ਸਿੰਘ ਨੇ ਕਿਹਾ ਕਿ ਅਮਰੀਕੀ ਸਰਕਾਰ ਨੂੰ ਪਾਕਿ 'ਤੇ ਦਬਾਅ ਪਾਉਣਾ ਚਾਹੀਦਾ।

## ਅਡਵਾਨੀ ਤੇ ਸੁਸ਼ਮਾ ਨੇ ਮਰਿਆਦਾ ਦਾ ਅਪਮਾਨ ਕੀਤਾ

**ਨਵੀਂ ਦਿੱਲੀ :** ਭਾਰਤੀ ਜਨਤਾ ਪਾਰਟੀ ਦੇ ਨੇਤਾ ਅਤੇ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ ਅਤੇ ਸੁਸ਼ਮਾ ਸਵਰਾਜ ਪਿਛਲੇ ਦਿਨੀਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ





ਨੂੰ ਬਿਨਾਂ ਸੂਚਨਾ ਦਿੱਤੇ ਗੁਰਦੁਆਰਾ ਬੰਗਲਾ ਸਾਹਿਬ ਆਏ। ਉਸ ਸਮੇਂ ਉਥੇ ਕੀਰਤਨ ਚੱਲ ਰਹੇ ਰਿਹਾ ਸੀ ਇਹ ਦੋਵੇਂ ਨੇਤਾ ਬਾਦਲ ਅਕਾਲੀ ਦਲ ਦੇ ਇੱਕ ਸਾਂਸਦ ਨਾਲ ਜ਼ਬਰਦਸਤੀ ਸਟੇਜ 'ਤੇ ਬੈਠ ਗਏ, ਜਿਸ ਨਾਲ ਉਥੇ ਚੱਲ ਰਹੇ ਕੀਰਤਨ 'ਚ ਰੁਕਾਵਟ ਪਈ। ਇੱਥੇ ਬੱਸ ਨਹੀਂ ਬਾਦਲ ਦਲ ਦੇ ਉਨ੍ਹਾਂ ਸਮਰਥਕਾਂ ਵਲੋਂ ਇਸ ਮੌਕੇ ਦੋਵਾਂ ਭਾਜਪਾ ਆਗੂਆਂ ਨੂੰ ਸਿਰੋਪਾਓ ਵੀ ਭੇਟ ਕੀਤੇ ਗਏ। ਇਸ ਤਰ੍ਹਾਂ ਉਨ੍ਹਾਂ ਲੋਕਾਂ ਨੇ ਗੁਰੂ ਮਰਿਆਦਾ ਦਾ ਅਪਮਾਨ ਕੀਤਾ ਹੈ, ਜਿਸ ਲਈ ਉਨ੍ਹਾਂ ਨੂੰ ਸਿੱਖ ਭਾਈਚਾਰੇ ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸ਼ਰਨਾ ਨੇ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਨੇਤਾਵਾਂ ਦਾ ਕਹਿਣਾ ਹੈ ਕਿ ਉਹ ਪਾਕਿਸਤਾਨ 'ਚ ਤਾਲਿਬਾਨੀਆਂ ਹੱਥੋਂ ਮਾਰੇ ਗਏ ਦੋ ਸਿੱਖਾਂ ਲਈ ਅਰਦਾਸ ਕਰਨ ਆਏ ਸਨ। ਸ੍ਰੀ ਸਰਨਾ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਸਿੱਖਾਂ ਦੇ ਕਤਲ ਦਾ ਇੰਨਾ ਹੀ ਦੁੱਖ ਸੀ ਤਾਂ ਉਹ ਉਪ ਮੁੱਖ ਮੰਤਰੀ ਰਹਿੰਦਿਆਂ ਉਸ ਸਮੇਂ ਕਸ਼ਮੀਰ ਕਿਉਂ ਨਹੀਂ ਗਏ ਜਦੋਂ ਛੱਤੀਸ ਸਿੰਘਪੁਰਾ 32 ਸਿੱਖਾਂ ਨੂੰ ਕਤਲ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਅਡਵਾਨੀ ਅਤੇ ਸੁਸ਼ਮਾ ਸਵਰਾਜ ਦੀ ਕਾਰਵਾਈ ਰਾਜਨੀਤੀ ਤੋਂ ਪ੍ਰੇਰਿਤ ਹੈ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਅਲੋਚਨਾ ਕਰਦਿਆਂ ਕਿਹਾ ਕਿ ਬਾਦਲ ਦਲ ਪਾਕਿਸਤਾਨ ਵਿਖੇ ਕਤਲ ਹੋਏ ਸਿੱਖਾਂ ਦੀ ਘਟਨਾ 'ਤੇ ਵੀ ਰਾਜਨੀਤੀ ਕਰ ਰਹੇ ਹਨ। ਉਨ੍ਹਾਂ ਵਲੋਂ ਤਾਲਿਬਾਨੀਆਂ ਖ਼ਿਲਾਫ਼ ਕੀਤਾ ਜਾ ਰਿਹਾ ਪ੍ਰਦਰਸ਼ਨ ਨਾਟਕ ਹੈ। ਉਹ ਲੋਕ ਸਿੱਖ ਭਾਈਚਾਰੇ ਲਈ ਮਗਰਮੱਛ ਦੇ ਹੰਝੂ ਵਹਾ ਰਹੇ ਹਨ।

# ਤਾਲਿਬਾਨ ਵਲੋਂ ਸਿੱਖਾਂ ਦੇ ਕਤਲਾਂ ਦਾ ਮਾਮਲਾ ਸੰਯੁਕਤ ਰਾਸ਼ਟਰ ਪੁੱਜਾ

**ਚੰਡੀਗੜ੍ਹ :** ਪਾਕਿਸਤਾਨ ਦੇ ਸਰਹੱਦੀ ਸੂਬੇ ਵਿਚ ਸਿੱਖਾਂ 'ਤੇ ਹੋ ਰਹੇ ਜ਼ੁਲਮਾਂ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਦੀ ਮਨੁੱਖੀ ਅਧਿਕਾਰ ਕੌਂਸਲ ਕੋਲ ਪਟੀਸ਼ਨ ਦਾਖ਼ਲ ਕੀਤੀ ਗਈ ਹੈ।

ਦੁਨੀਆਂ ਵਿਚ ਸਿੱਖਾਂ ਦੀ ਆਵਾਜ਼ ਬੁਲੰਦ ਕਰਨ ਵਾਲੀ ਜਥੇਬੰਦੀ ਸਿੱਖ ਨੇਸ਼ਨਜ਼ ਆਰਗੇਨਾਈਜੇਸ਼ਨ ਵਲੋਂ ਦਾਖ਼ਲ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਘੱਟ ਗਿਣਤੀਆਂ ਵਿਰੁਧ ਹੋ ਰਹੇ ਜ਼ੁਲਮਾਂ ਲਈ ਪਾਕਿਸਤਾਨ ਸਰਕਾਰ ਜ਼ਿੰਮੇਵਾਰ ਹੈ। ਅਜਿਹੀ ਜ਼ਾਲਮਾਨਾ ਕਾਰਵਾਈ ਰੋਕਣ ਤੋਂ ਅਸਮਰੱਥ ਪਾਕਿ ਸਰਕਾਰ ਤੋਂ ਸੰਯੁਕਤ ਰਾਸ਼ਟਰ ਨੂੰ ਜਵਾਬ ਤਲਬੀ ਕਰਨੀ ਚਾਹੀਦੀ ਹੈ। ਉਥੋਂ ਦੀ ਸਰਕਾਰ ਇਸ ਘਟਨਾ ਨੂੰ ਅਤਿਵਾਦੀ ਗਤੀਵਿਧੀ ਕਹਿ ਕੇ ਪੱਲਾ ਨਹੀਂ ਝਾੜ ਸਕਦੀ ਕਿਉਂਕਿ ਪਾਕਿ ਸਰਕਾਰ ਨੇ ਹੀ ਉਨ੍ਹਾਂ ਨੂੰ ਹਥਿਆਰਬੰਦ ਕੀਤਾ ਅਤੇ ਹੁਣ ਤਾਲਿਬਾਨੀ ਸਿੱਖਾਂ, ਹਿੰਦੂਆਂ ਅਤੇ ਇਸਾਈਆਂ ਦੇ ਜਾਨ-ਮਾਲ ਲਈ ਖ਼ਤਰਾ ਬਣੇ ਹੋਏ ਹਨ ਏ.ਜੀ.ਪੀ.ਸੀ. ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ ਨੇ ਪਾਕਿਸਤਾਨ ਦੇ ਗੜਬੜੀ ਵਾਲੇ ਕਬਾਇਲੀ ਇਲਾਕੇ ਵਿਚ ਤਾਲਿਬਾਨ ਅਤਿਵਾਦੀਆਂ ਵਲੋਂ ਇਕ ਸਿੱਖ ਭਾਈ ਜਸਪਾਲ ਸਿੰਘ ਦਾ ਸਿਰ ਕਲਮ ਕਰਨ ਦੀ ਜ਼ਾਲਮਾਨਾ ਹਰਕਤ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਉਸ ਬਹਾਦਰ ਸਿੱਖ ਨੂੰ ਖ਼ਾਲਸਾ ਪੰਥ ਦਾ ਸ਼ਹੀਦ ਕਰਾਰ ਦਿਤਾ ਹੈ, ਜਿਸ ਨੇ ਧਰਮ ਤਬਦੀਲ ਕਰਕੇ ਆਪਣੀ ਜਾਨ ਬਚਾਉਣ ਦੀ ਬਜਾਏ ਸਿੱਖ ਧਰਨ ਲਈ ਆਪਾ ਵਾਰ ਦਿਤਾ ਤੇ ਧਰਮ ਦੀ ਲਾਜ ਰੱਖ ਕੇ ਸਿੱਖ ਧਰਮ ਦੀਆਂ ਮਹਾਨ ਰਵਾਇਤਾਂ ਦੀ ਗਵਾਹੀ ਦਿਤੀ। ਡਾ: ਪ੍ਰਿਤਪਾਲ ਸਿੰਘ ਹੁਰਾਂ ਕਿਹਾ ਕਿ ਉਹ ਇਸ ਸੰਬੰਧੀ ਅਮਰੀਕਾ ਦੇ ਸਟੇਟ ਵਿਭਾਗ ਵਿਚਲੇ ਮਨੁੱਖੀ ਅਧਿਕਾਰਾਂ ਦੇ ਅਫ਼ਸਰਾਂ ਨਾਲ ਅਗਲੇ ਹਫ਼ਤੇ ਹੋ ਰਹੀ ਮੀਟਿੰਗ ਵਿਚ ਇਸ ਗੰਭੀਰ ਮਸਲੇ ਬਾਰੇ ਜਾਣਕਾਰੀ ਦੇਣਗੇ ਤੇ ਸਿੱਖਾਂ ਦੀ ਹਿਫ਼ਾਜ਼ਤ ਲਈ ਅਪਣੇ ਅਸਰ ਰਸੂਖ਼ ਦੀ ਵਰਤੋਂ ਕਰਨ ਲਈ ਕਹਿਣਗੇ। ਡਾ: ਸਿੰਘ ਨੇ ਕਿਹਾ ਕਿ ਇਸ ਬਾਰੇ ਉਨ੍ਹਾਂ ਦੀ ਪਾਕਿਸਤਾਨੀ ਔਕਾਫ਼ ਬੋਰਡ ਦੇ ਚੇਅਰਮੈਨ ਜਨਾਬ ਸਈਅਦ ਆਸਿਫ਼ ਹਾਸ਼ਮੀ ਤੇ ਹੋਰ ਉਚ ਅਧਿਕਾਰੀਆਂ ਨਾਲ ਵੀ ਗੱਲਬਾਤ ਹੋਈ ਹੈ ਜਿਨ੍ਹਾਂ ਇਸ ਘੋਰ ਅਣਮਨੁੱਖੀ ਕਾਰੇ ਦੀ ਸਖ਼ਤ ਲਫ਼ਜ਼ਾਂ ਵਿਚ ਨਿਖੇਧੀ ਕੀਤੀ ਹੈ ਤੇ ਕਿਹਾ ਹੈ ਕਿ ਇਸ ਲਈ ਜ਼ਿਮੇਵਾਰ ਅਨਸਰਾਂ ਨੂੰ ਬਖ਼ਸ਼ਿਆ ਨਹੀਂ ਜਾਏਗਾ ਤੇ ਸਖ਼ਤ ਸਜ਼ਾ ਦਿਤੀ ਜਾਏਗੀ। ਹਾਸ਼ਮੀ ਹੁਰਾਂ ਕਿਹਾ ਹੈ ਕਿ ਪਾਕਿਸਤਾਨ ਸਰਕਾਰ ਸ਼ਹੀਦ ਹੋਏ ਜਸਪਾਲ ਸਿੰਘ ਅਤੇ ਮੁਸੀਬਤਾਂ ਝੱਲ ਰਹੇ ਹੋਰ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਵੀ ਦੇਵੇਗੀ। ਏ.ਜੀ.ਪੀ.ਸੀ. ਨੇ ਪਾਕਿਸਤਾਨ ਸਰਕਾਰ ਨੂੰ ਕਬਾਇਲੀ ਇਲਾਕੇ ਵਿਚ ਸਿੱਖਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਜ਼ੋਰ ਦਿਤਾ ਹੈ। ਇਥੇ ਇਹ ਯਾਦ ਕਰਵਾਇਆ ਜਾਂਦਾ ਹੈ ਕਿ ਪਿਛਲੇ ਲਗਪਗ ਇਕ ਮਹੀਨੇ ਤੋਂ ਤਿੰਨ ਸਿੱਖਾਂ ਨੂੰ ਤਾਲਿਬਾਨ ਦਹਿਸ਼ਤਵਾਦੀਆਂ ਨੇ ਯਰਗਮਾਲ ਬਣਾ ਲਿਆ ਸੀ ਤੇ ਉਨ੍ਹਾਂ ਕੋਲੋਂ ਜਜ਼ੀਏ ਦੇ ਰੂਪ ਵਿਚ ਤਿੰਨ ਕਰੋੜ ਰੁਪਏ ਦੇਣ ਜਾਂ ਇਸਲਾਮ ਧਾਰਨ ਕਰਨ ਦੀ ਸ਼ਰਤ ਰੱਖੀ ਸੀ। ਉਨ੍ਹਾਂ ਨੂੰ ਛਡਾਉਣ ਲਈ ਕਬਾਇਲੀ ਖੇਤਰ ਦੇ ਜਿਰਗੇ ਸਮੇਤ ਸਿੱਖਾਂ ਤੇ ਹੋਰ ਹਮਦਰਦ ਸਖ਼ਸ਼ੀਅਤਾਂ ਨੇ ਭਾਰੀ ਕੋਸ਼ਿਸ਼ ਕੀਤੀ ਪਰ ਤਾਲਿਬਾਨ ਟੱਸ ਤੋਂ ਮੱਸ ਨਾ ਹੋਏ ਤੇ ਇਹ ਵਹਿਸ਼ੀ ਕਾਰਾ ਕਰ ਦਿੱਤਾ। ਹਾਲੇ ਦੋ ਹੋਰ ਸਿੱਖ ਤਾਲਿਬਾਨ ਦੀ ਹਿਰਾਸਤ ਵਿਚ ਹਨ ਤੇ ਉਹ ਉਨ੍ਹਾਂ ਦੀ ਰਿਹਾਈ ਲਈ ਦੋ ਕਰੋੜ ਰੁਪਏ ਦੀ ਮੰਗ ਕਰ ਰਹੇ ਹਨ। ਤਾਲਿਬਾਨ ਦੇ ਇਸ ਜ਼ਾਲਮਾਨਾ ਰਵਈਏ ਵਿਰੁਧ ਸੰਸਾਰ ਦੇ ਸਮੂਹ ਸਿੱਖਾਂ ਵਿਚ ਭਾਰੀ ਰੋਸ ਤੇ ਗੁੱਸੇ ਦੀ ਲਹਿਰ ਹੈ।

ਇਸ ਦੌਰਾਨ ਚੰਡੀਗੜ੍ਹ ਤੋਂ ਮਿਲੀ ਰਿਪੋਰਟ ਅਨੁਸਾਰ ਆਰ. ਐੱਸ. ਐੱਸ. ਨੇ ਪਾਕਿਸਤਾਨ 'ਚ ਤਾਲਿਬਾਨੀ ਅੱਤਵਾਦ ਦਾ ਸ਼ਿਕਾਰ ਹੋਏ ਸਿੱਖ ਨੌਜਵਾਨਾਂ ਨੂੰ ਦੇਸ਼ ਦਾ ਸ਼ਹੀਦ ਕਰਾਰ ਦਿਤਾ ਹੈ।

ਸੰਘ ਦੇ ਜਨਰਲ ਸਕੱਤਰ ਸੁਰੇਸ਼ ਜੋਸ਼ੀ ਵਲੋਂ ਬੀਤੀ 25 ਫਰਵਰੀ ਨੂੰ ਇਥੇ ਜਾਰੀ ਬਿਆਨ 'ਚ ਕਿਹਾ ਗਿਆ ਕਿ ਇਸਲਾਮ ਧਰਮ ਸਵੀਕਾਰ ਕਰਨ ਤੋਂ ਇਨਕਾਰ ਕਰਨ ਵਾਲੇ 2 ਸਿੱਖਾਂ ਦੀ ਪਾਕਿਸਤਾਨੀ ਤਾਲਿਬਾਨੀ ਅੱਤਵਾਦੀਆਂ ਵਲੋਂ ਕੀਤੀ ਗਈ ਦਰਦਨਾਕ ਹੱਤਿਆ ਦੀ ਦੇਸ਼ ਦੇ ਹਰ ਸਭਿਅਕ ਨਾਗਰਿਕ ਵਲੋਂ ਘੋਰ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਜੋਸ਼ੀ ਨੇ ਕਿਹਾ ਕਿ ਪਾਕਿਸਤਾਨੀ ਅੱਤਵਾਦੀਆਂ ਵਲੋਂ ਕੀਤੀ ਗਈ ਇਹ ਹੱਤਿਆ ਇਸ ਭਿਆਨਕ ਸੱਚ ਨੂੰ ਉਜਾਗਰ ਕਰਦੀ ਹੈ ਕਿ ਸਾਡੇ ਗਵਾਂਢ 'ਚ ਇਸਲਾਮੀ ਅੱਤਵਾਦ ਨੂੰ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ।

ਸੁਰੇਸ਼ ਜੋਸ਼ੀ ਨੇ ਕਿਹਾ ਕਿ ਜਿਸ ਤਰ੍ਹਾਂ ਧਰਮ ਦੀ ਰੱਖਿਆ ਖ਼ਾਤਰ ਗੁਰੂ ਤੇਗ ਬਹਾਦਰ ਨੇ ਆਪਣੇ ਸੀਸ ਦਾ ਬਲੀਦਾਨ ਦੇ ਦਿਤਾ ਸੀ। ਉਸ ਤਰ੍ਹਾਂ ਹੀ ਆਪਣੀ ਪ੍ਰਾਚੀਨ ਪਰੰਪਰਾਵਾਂ ਦਾ ਸਨਮਾਨ ਕਰਦੇ ਹੋਏ ਦੋਵੇਂ ਸਿੱਖ ਨੌਜਵਾਨਾਂ ਨੇ ਧਰਮ ਦੀ ਖ਼ਾਤਰ ਜੇਹਾਦੀਆਂ ਸਾਹਮਣੇ ਸਿਰ ਝੁਕਾਉਣ ਦੀ ਬਜਾਏ ਸਿਰ ਕਟਵਾਉਣ ਨੂੰ ਪਹਿਲ ਦਿਤੀ। ਆਪਣੇ ਪ੍ਰਾਣਾਂ ਦਾ ਬਲੀਦਾਨ ਦੇ ਕੇ ਦੋਵੇਂ ਸਿੱਖ ਯੁਵਕਾਂ ਨੇ ਇਕ ਉਜਲ ਮਿਸਾਲ ਕਾਇਮ ਕੀਤੀ ਹੈ।

ਜੋਸ਼ੀ ਨੇ ਸ਼ਹੀਦ ਸਿੱਖ ਨੌਜਵਾਨਾਂ ਦੇ ਸ਼ੋਕਗ੍ਰਸਤ ਪਰਿਵਾਰਾਂ ਨਾਲ ਹਮਦਰਦੀ ਜਤਾਉਂਦੇ ਹੋਏ ਕਿਹਾ ਕਿ ਲੱਖਾਂ ਭਾਰਤੀ ਉਨ੍ਹਾਂ ਦੇ ਦਰਦ 'ਚ ਸ਼ਰੀਕ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਦੀ ਰੱਖਿਆ ਲਈ ਆਰ.ਐੱਸ.ਐੱਸ. ਨੇ ਹਮੇਸ਼ਾ ਸਰਗਰਮ ਭੂਮਿਕਾ ਨਿਭਾਈ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਪਾਕਿਸਤਾਨ ਨਾਲ ਵਾਰਤਾ ਦੀ ਪਹਿਲ ਕਰਨ ਵਾਲੀ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਪਾਕਿਸਤਾਨ 'ਚ ਰਹਿਣ ਵਾਲੇ ਹਿੰਦੂ ਤੇ ਸਿੱਖਾਂ ਦੇ ਵਿਸ਼ੇ ਨੂੰ ਪਹਿਲੀ ਤਰਜੀਹ ਦੇਵੇ ਤੇ ਇਸਲਾਮੀ ਅੱਤਵਾਦੀਆਂ ਵਲੋਂ ਅਗਵਾ ਸਿੱਖ ਯੁਵਕਾਂ ਦੀ ਸੁਰੱਖਿਅਤ ਰਿਹਾਈ ਲਈ ਜ਼ਰੂਰੀ ਦਬਾਅ ਪਾਏ।

## ਅਗਵਾ ਸਿੱਖ ਨੌਜਵਾਨ ਦੇ ਪਿਤਾ ਵਲੋਂ ਬੇਟੇ ਲਈ ਅਪੀਲ

**ਚੰਡੀਗੜ੍ਹ :** ਪਾਕਿ ਵਿਚ ਅਗਵਾ ਕੀਤੇ ਗਏ ਰੌਬਿਨ ਸਿੰਘ ਦੇ ਪਿਤਾ ਬਿਸ਼ਨ ਦਾਸ ਨੇ ਕੈਨੇਡਾ ਵਿਖੇ ਇਕ ਪ੍ਰੈਸ ਕਾਨਫਰੰਸ ਦੌਰਾਨ ਅਪਣੇ ਪੁੱਤਰ ਨੂੰ ਬਚਾਉਣ ਲਈ ਦੁਨੀਆਂ ਭਰ ਦੇ ਲੋਕਾਂ ਨੂੰ ਅਪੀਲ ਕੀਤੀ ਹੈ। ਬਰੈਮਪਟਨ ਦੇ ਗੁਰਦਵਾਰੇ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿਸ਼ਨ ਦਾਸ ਨੇ ਦਸਿਆ ਕਿ ਅਗਵਾਕਾਰਾਂ ਨੇ ਉਸ ਦੇ ਪੁੱਤਰ ਰੌਬਿਨ ਸਿੰਘ ਨੂੰ 12 ਫ਼ਰਵਰੀ ਨੂੰ ਪੇਸ਼ਾਵਰ ਚੋਂ ਅਗਵਾ ਕਰ ਕੇ ਇਕ ਕਰੋੜ ਰੁਪਏ ਦੀ ਫਿਰੌਤੀ ਮੰਗੀ ਹੈ। ਰੌਬਿਨ ਸਿੰਘ ਦੇ ਮਾਪੇ 1990 ਵਿਚ ਕੈਨੇਡਾ ਚਲੇ ਗਏ ਸਨ ਤੇ ਇਸ ਸਮੇਂ ਬਰੈਮਪਟਨ ਵਿਖੇ ਰਹਿ ਰਹੇ ਹਨ। ਬਿਸ਼ਨ ਦਾਸ ਨੇ ਦਸਿਆ ਕਿ ਉਹ ਨਹੀਂ ਜਾਣਦਾ ਕਿ ਉਸ ਦੇ ਪੁੱਤਰ ਨੂੰ ਕਿਸ ਨੇ ਅਗਵਾ ਕੀਤਾ ਹੈ। ਮੈਂ ਨਹੀਂ ਕਹਿ ਸਕਦਾ ਕਿ ਉਹ ਤਾਲਿਬਾਨ ਹਨ ਪਰ ਉਹ ਅਤਿਵਾਦੀ ਹਨ। ਰੌਬਿਨ ਸਿੰਘ ਜਦੋਂ ਅਪਣੇ ਕੰਮ 'ਤੇ ਜਾ ਰਿਹਾ ਸੀ ਤਾਂ ਉਸ ਨੂੰ ਪੇਸ਼ਾਵਰ ਚੋਂ ਅਗਵਾ ਕਰ ਲਿਆ ਗਿਆ। ਉਸ ਤੋਂ ਬਾਅਦ ਉਸ ਦੇ ਭਰਾ ਨੂੰ ਇਕ ਫ਼ੋਨ ਆਇਆ, ਜਿਸ ਵਿਚ ਕਿਹਾ ਗਿਆ ਕਿ ਉਹ ਉਨ੍ਹਾਂ ਕੋਲ ਹੈ। ਦੋ ਦਿਨ ਬਾਅਦ ਫ਼ੋਨ ਆਇਆ ਜਿਸ ਵਿਚ ਫਿਰੌਤੀ ਦੀ ਮੰਗ ਕੀਤੀ ਗਈ। ਉਸ ਤੋਂ ਬਾਅਦ ਕੋਈ ਫ਼ੋਨ ਨਹੀਂ ਆਇਆ। ਬਿਸ਼ਨ ਦਾਸ ਨੂੰ ਸ਼ੱਕ ਹੈ ਕਿ ਉਸ ਦੇ ਪੁੱਤਰ ਨੂੰ ਕਬਾਇਲੀ ਇਲਾਕੇ ਵਿਚ ਰਖਿਆ ਗਿਆ ਹੈ। ਬਿਸ਼ਨ ਦਾਸ ਨੇ ਰੋਂਦੇ ਹੋਏ ਕਿਹਾ ਕਿ ਅਸੀਂ ਬਹੁਤ ਵੱਡੀ ਮੁਸੀਬਤ ਵਿਚ ਹਾਂ। ਮਿਹਰਬਾਨੀ ਕਰ ਕੇ ਕੁਝ ਵੀ ਕਰੋ ਸਾਡੇ ਪੁੱਤਰ ਨੂੰ ਵਾਪਸ ਲਿਆਉ। ਉਸ ਨੇ ਕਿਹਾ ਕਿ ਪਾਕਿ ਅਧਿਕਾਰੀਆਂ ਨੂੰ ਦਸਿਆ ਗਿਆ ਹੈ ਪਰ ਉਹ ਕੁਝ ਨਹੀਂ ਕਰ ਰਹੇ। ਸਾਨੂੰ ਡਰ ਹੈ ਕਿ ਉਸ ਨੂੰ ਵੀ ਮਾਰ ਦਿਤਾ ਜਾਵੇਗਾ। ਓਨਟਾਰੀਓ ਸਿੱਖ ਗੁਰਦਵਾਰਾ ਕੌਂਸਲ ਨੇ ਕਿਹਾ ਕਿ ਰੌਬਿਨ ਸਿੰਘ ਨੂੰ ਤਾਲਿਬਾਨ ਨੇ ਅਗਵਾ ਕੀਤਾ ਹੈ। ਉਨ੍ਹਾਂ ਕੈਨੇਡਾ ਸਰਕਾਰ ਨੂੰ ਕਿਹਾ ਕਿ ਰੌਬਿਨ ਸਿੰਘ ਨੂੰ ਰਿਹਾਅ ਕਰਵਾਉਣ ਲਈ ਪਾਕਿ 'ਤੇ ਦਬਾਅ ਪਾਵੇ। ਲਿਬਰਲ ਸੰਸਦ ਮੈਂਬਰ ਡਾਨ ਨੇ ਕਿਹਾ ਕਿ ਉਹ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਨ।

# GILL DIGITAL VIDEO



Harry Gill 209-648-9716
Jaji 916-470-9781

ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ, ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ ਦੇ ਸਮਾਗਮਾਂ ਲਈ ਵਧੀਆ ਅਤੇ ਭਰੋਸੇਮੰਦ ਸੇਵਾਵਾਂ ਪ੍ਰਦਾਨ ਕਰਦੇ ਹਾਂ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ

www.gilldigitalvideo.com
email: gillvideo@yahoo.com




# JAGDEEP SINGH
## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ ਦੀ ਇੰਸ਼ੋਰੈਂਸ ਵੀ ਕਰਦੇ ਹਾਂ

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ ਜੀ



Jagdeep Singh
CA Lic #0E42884

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave. #300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



ਸਮੋਗ ਚੈਕ ਸਮੋਗ ਚੈਕ

# SMOG CHECK

STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਦਿ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

Big Christmas Special 39.75
Big+DMV Certificate
Free Repair Upto $500
Ask for Tech

| | |
|---|---|
| • 901 California Ave & P | : 661.325-6666 |
| • 1629 California Ave & H | : 661.323.3333 |
| • 406 S. Chester Ave & Terrace Way (Inside Gas Station) | : 661.832.4444 |
| • 5333 Whtie Ln & Grissom (Inside Big Brand Tire) | : 661396.7664 (Smog) |
| • 1017 Bearmountain Blvd (Arvin) | : 661.854.7664 (Smog) |
| • 1222 Golden State & M | : 661.326.0346 |
| • 1506 N. Black Stone & Mckinley (Fresno) | : 559.268.7574 |
| • 2597 N Black Stone (Fresno) (Between Clinton & Shield) | : 559.222.9999 |
| • 1161-I Street Reedley &12th St | : 559.638.9017 |
| • 416 Orisi Ca & 63 Hwy | : 559.528.6848 |
| • 2420 Whiteson Ave & Thompson (By Kragen Auto Parts) Selma | : 559.896.5555 |
| • 646 Dinuba Ave (Reedley) (By the DMV 3073) | : 559.638.3243 |
| 1512 Dairy Ave Corcoran CA | : 559.922.4500 |

MOST CARS

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



# Grand Opening
# ALL TIRE 4 LESS

ਇਥੇ ਕਾਰਾਂ, ਟਰੱਕ-ਟਰੇਲਰ, ਫਾਰਮ ਟਰੈਕਟਰ ਅਤੇ RV ਦੇ ਟਾਇਰ ਵਧੀਆ ਅਤੇ ਸਸਤੀ ਕੀਮਤ ਉਪਰ ਮਿਲਦੇ ਹਨ । ਇਸ ਤੋਂ ਇਲਾਵਾ ਅਸੀਂ ਟਰੱਕ ਟਰੇਲਰ ਅਤੇ ਰੀਫਰ ਦੀ ਰਿਪੇਅਰ ਅਤੇ ਸਰਵਿਸ ਦਾ ਕੰਮ ਤਸੱਲੀਬਖਸ ਤਰੀਕੇ ਨਾਲ ਕਰਦੇ ਹਾਂ ।



24 Hours Road Service

NEW & USED TIRE SALE & SERVICE

ਸਪੈਸ਼ਲ : ਅਸੀਂ ਟਰੱਕਾਂ ਦੇ ਹਰ ਤਰਾਂ ਦੇ ਸਾਈਨ ਵੀ ਬਣਾਉਂਦੇ ਹਾਂ

710 South Hwy 59 Merced CA 95304

ਕਾਲ ਕਰੋ
Shop ▶ 209.384.0424
Hardeep S. Rai ▶ Cell:209.678.6176

bigrigtire@yahoo.com
www.alltire4less.com

# ਪੰਜਾਬ ਟਾਈਮਜ਼

ਸਨਿਚਰਵਾਰ, 6 ਮਾਰਚ, 2010


*ਦੂਰ ਜੇਕਰ ਅਜੇ ਸਵੇਰਾ ਹੈ, ਇਸ 'ਚ ਕਾਫੀ ਕਸੂਰ ਮੇਰਾ ਹੈ।*

## ਡੇਰਾ ਸੱਚਾ ਸੌਦਾ ਵਾਲਿਆਂ ਦਾ ਝੂਠਾ ਰੋਹ

ਡੇਰਾ ਸੱਚਾ ਸੌਦਾ, ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਦੇ ਖਿਲਾਫ਼ ਸੀ ਬੀ ਆਈ ਵਲੋਂ ਕਤਲ ਦਾ ਇਕ ਹੋਰ ਕੇਸ ਦਰਜ ਕੀਤੇ ਜਾਣ ਉਪਰੰਤ ਇਸ ਡੇਰੇ ਦੇ ਉਪਾਸ਼ਕਾਂ ਨੇ ਲੰਘੇ ਸਨਿਚਰ ਅਤੇ ਐਤਵਾਰ ਨੂੰ ਪੰਜਾਬ ਅਤੇ ਹਰਿਆਣਾ ਦੇ ਬਹੁਤ ਸਾਰੇ ਸ਼ਹਿਰਾਂ ਵਿਚ ਜਿਸ ਤਰ੍ਹਾਂ ਭੰਨ-ਤੋੜ ਅਤੇ ਸਾੜ-ਫੂਕ ਕੀਤੀ ਹੈ, ਉਸਨੇ ਪਿਛਲੇ ਸਾਲ ਡੇਰਾ ਬੱਲਾਂ ਦੇ ਮੁਖੀ ਦੇ ਵਿਆਨਾ ਵਿਚ ਕਤਲ ਤੋਂ ਬਾਅਦ ਡੇਰੇ ਦੇ ਉਪਾਸ਼ਕਾਂ ਵਲੋਂ ਕੀਤੀ ਗਈ ਤਬਾਹੀ ਦੀ ਯਾਦ ਤਾਜਾ ਕਰਵਾ ਦਿਤੀ ਹੈ। ਜ਼ਿਕਰਯੋਗ ਹੈ ਕਿ 26 ਫਰਵਰੀ ਨੂੰ ਸੀ ਬੀ ਆਈ ਨੇ ਇਸੇ ਡੇਰੇ ਦੇ ਇਕ ਮੈਨੇਜਰ ਫਕੀਰ ਚੰਦ ਦੇ 1991 'ਚ ਹੋਏ ਕਤਲ ਦੇ ਸਿਲਸਿਲੇ ਵਿਚ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਅਤੇ ਚਾਰ ਹੋਰਨਾਂ ਵਿਰੁਧ ਕਤਲ ਦਾ ਕੇਸ ਦਰਜ ਕੀਤਾ ਹੈ। ਡੇਰਾ ਮੁਖੀ ਵਿਰੁਧ ਸਿਰਸਾ ਦੇ ਇਕ ਪੱਤਰਕਾਰ ਛੱਤਰਪਤੀ ਦੇ ਕਤਲ ਦੇ ਸਿਲਸਿਲੇ ਵਿਚ ਪਹਿਲਾਂ ਵੀ ਕੇਸ ਚਲ ਰਿਹਾ ਹੈ। ਇਸ ਤੋਂ ਇਲਾਵਾ ਦੋ ਸਾਲ ਪਹਿਲਾਂ ਇਸੇ ਡੇਰੇ ਦੇ ਉਪਾਸ਼ਕਾਂ ਵਲੋਂ ਕੀਤੀ ਗਈ ਹਿੰਸਾ ਦੇ ਸਿਲਸਿਲੇ ਵਿਚ ਵੀ ਸਾਜਿਸ਼ ਦਾ ਕੇਸ ਅਦਾਲਤਾਂ ਵਿਚ ਚਲ ਰਿਹਾ ਹੈ।

ਡੇਰੇ ਸੱਚਾ ਸੌਦਾ ਦੇ ਪੈਰੋਕਾਰ ਡੇਰਾ ਮੁਖੀ ਵਿਰੁਧ ਸੀ ਬੀ ਆਈ ਵਲੋਂ ਦਰਜ ਕੀਤੇ ਗਏ ਤਾਜਾ ਕੇਸ ਨੂੰ ਵਾਪਸ ਲੈਣ ਦੀ ਮੰਗ ਕਰ ਰਹੇ ਸਨ ਅਤੇ ਖਬਰਾਂ ਅਨੁਸਾਰ ਸਨਿਚਰ ਅਤੇ ਐਤਵਾਰ ਨੂੰ ਸੱਚਾ ਸੌਦਾ ਡੇਰੇ ਦੇ ਉਪਾਸ਼ਕਾਂ ਨੇ 30 ਤੋਂ ਵੱਧ ਬੱਸਾਂ ਸਾੜ ਦਿੱਤੀਆਂ ਅਤੇ ਹਰਿਆਣਾ ਵਿਚ ਸਿਰਸਾ, ਜੀਂਦ, ਕਰਨਾਲ, ਹਿਸਾਰ, ਫਤਿਹਾਬਾਦ ਤੇ ਕੈਥਲ ਅਤੇ ਪੰਜਾਬ ਵਿਚ ਬਠਿੰਡਾ, ਕੋਟਕਪੂਰਾ, ਲੁਧਿਆਣਾ, ਮਾਨਸਾ, ਬਰਨਾਲਾ, ਮੋਗਾ, ਬਾਘਾਪੁਰਾਣਾ ਅਤੇ ਅਬੋਹਰ ਵਿਚ ਵਖ ਵਖ ਥਾਵਾਂ ਉਤੇ ਸਰਕਾਰੀ ਜਾਇਦਾਦ ਦੀ ਸਾੜ-ਫੂਕ ਕਰ ਕੇ ਵਡੇ ਪੱਧਰ ਉਤੇ ਨੁਕਸਾਨ ਕੀਤਾ ਹੈ। ਅੰਬਾਲਾ ਵਿਚ ਇਕ ਆਦਮੀ ਬੱਸ ਨੂੰ ਅੱਗ ਲਗਾਏ ਜਾਣ ਪਿਛੋਂ ਬਾਹਰ ਨਾ ਨਿਕਲ ਸਕਣ ਕਰ ਕੇ ਜਿਉਂਦਾ ਹੀ ਸੜ ਗਿਆ। ਬਹੁਤ ਸਾਰੇ ਥਾਈਂ ਉਪਦਰੀਆਂ ਨੇ ਰੇਲਵੇ ਜਾਇਦਾਦ ਅਤੇ ਰੇਲਗੱਡੀਆਂ ਦੇ ਡੱਬਿਆਂ ਨੂੰ ਅੱਗ ਲਗਾ ਦਿਤੀ। ਡੇਰਾ ਮੁਖੀ ਵਿਰੁਧ ਕੇਸ ਦਰਜ ਹੋਣ ਦੀ ਖਬਰ ਪਿਛੋਂ ਜਿਸ ਤਰੀਕੇ ਨਾਲ ਹਿੰਸਾ ਫੈਲੀ ਹੈ, ਉਸ ਬਾਰੇ ਸਰਕਾਰ ਦੇ ਕੁਝ ਜਿੰਮੇਵਾਰ ਅਧਿਕਾਰੀਆਂ ਨੂੰ ਸ਼ੱਕ ਹੈ ਕਿ ਇਹ ਹਿੰਸਾ ਸਿਰਸਾ ਤੋਂ ਕਿਸੇ ਦੇ ਇਸ਼ਾਰੇ ਉਤੇ ਗਿਣ-ਮਿਥ ਕੇ ਕੀਤੀ ਗਈ।

ਸੂਤਰਾਂ ਦਾ ਕਹਿਣਾ ਹੈ ਕਿ ਡੇਰੇ ਦੇ ਉਪਾਸ਼ਕਾਂ ਨੂੰ ਫੋਨ ਉਤੇ ਇਹ ਹਦਾਇਤ ਦਿੱਤੀ ਗਈ ਕਿ ਬੱਸਾਂ ਤੇ ਸਰਕਾਰੀ ਜਾਇਦਾਦ ਨੂੰ ਅੱਗ ਲਗਾਈ ਜਾਵੇ। ਉਂਜ ਡੇਰੇ ਦੇ ਇਕ ਬੁਲਾਰੇ ਨੇ ਇਸ ਦੋਸ਼ ਦਾ ਖੰਡਨ ਕੀਤਾ ਹੈ ਪਰੰਤੂ ਇਹ ਗੱਲ ਕਿਸੇ ਤੋਂ ਗੁਝੀ ਨਹੀਂ ਕਿ ਅਕਸਰ ਅਜਿਹੀ ਹਿੰਸਾ ਕਿਸੇ ਦੇ ਇਸ਼ਾਰੇ 'ਤੇ ਹੀ ਭੜਕਦੀ ਹੈ। 1978 ਵਿਚ ਜਦੋਂ ਨਿਰੰਕਾਰੀ ਮੁਖੀ ਦੇ ਪੈਰੋਕਾਰਾਂ ਵਲੋਂ ਮੁਜਾਹਰਾ ਕਰਨ ਆਏ ਸਿੱਖਾਂ ਤੇ ਗੋਲੀ ਚਲਾਈ ਗਈ ਸੀ ਤਾਂ ਆਖਿਆ ਉਦੋਂ ਵੀ ਇਹੋ ਗਿਆ ਸੀ। 2007 ਵਿਚ ਬਠਿੰਡਾ ਅਤੇ ਹੋਰਨੀਂ ਥਾਈਂ ਕੀਤੀ ਗਈ ਹਿੰਸਾ ਵੇਲੇ ਵੀ ਇਸ ਡੇਰੇ ਨੇ ਆਪਣੇ ਆਪ ਨੂੰ ਦੁਧ ਧੋਤਾ ਹੀ ਦੱਸਿਆ ਸੀ।

ਸਿੱਖ ਭਾਈਚਾਰੇ ਦੇ ਮਨਾਂ ਵਿਚ ਪਹਿਲਾਂ ਹੀ ਇਹ ਗੱਲ ਘਰ ਕਰੀ ਬੈਠੀ ਹੈ ਕਿ ਸਿਆਸਤਦਾਨਾਂ ਦੀ ਸ਼ਹਿ ਕਰ ਕੇ ਹੀ ਕਦੀ ਡੇਰਾ ਸੱਚਾ ਸੌਦਾ, ਕਦੀ ਨਿਰੰਕਾਰੀ, ਕਦੀ ਡੇਰਾ ਭੰਨਿਆਰਾਂ ਵਾਲਾ ਅਤੇ ਕਦੀ ਆਸ਼ੂਤੋਸ਼ ਦੇ ਚੇਲੇ ਹਿੰਸਾ ਤੇ ਉਤਾਰੂ ਹੁੰਦੇ ਹਨ। ਇਹ ਗੱਲ ਚੰਗੀ ਹੈ ਕਿ ਇਸ ਵਾਰ ਪੰਜਾਬ ਤੇ ਹਰਿਆਣਾ ਵਿਚਲੀਆਂ ਸਰਕਾਰਾਂ ਨੇ ਤੁਰੰਤ ਕਾਰਵਾਈ ਕਰਦਿਆਂ ਇਸ ਹਿੰਸਾ ਉਤੇ ਛੇਤੀ ਕਾਬੂ ਪਾ ਲਿਆ। ਫਿਰ ਵੀ ਦੋ ਦਿਨ ਪੰਜਾਬ ਤੇ ਹਰਿਆਣਾ ਦੇ ਬਹੁਤੇ ਸ਼ਹਿਰਾਂ ਵਿਚ ਸਾੜ-ਫੂਕ ਕਰ ਕੇ ਆਵਾਜਾਈ ਬੰਦ ਰਹਿਣ ਕਰ ਕੇ ਆਮ ਲੋਕਾਂ ਨੂੰ ਬੇਹੱਦ ਪਰੇਸ਼ਾਨੀ ਹੋਈ। ਕੁਝ ਥਾਵਾਂ 'ਤੇ ਪੁਲਿਸ ਨੇ ਉਪੱਦਰ ਕਰਨ ਵਾਲੇ ਲੋਕਾਂ ਵਿਰੁਧ ਭੰਨ-ਤੋੜ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਦੋਸ਼ ਵਿਚ ਕੇਸ ਵੀ ਦਰਜ ਕੀਤੇ ਹਨ ਅਤੇ ਕੁਝ ਗ੍ਰਿਫਤਾਰੀਆਂ ਵੀ ਕੀਤੀਆਂ ਹਨ।

ਸਹਿਜੇ ਹੀ ਇਹ ਸਵਾਲ ਮਨ ਵਿਚ ਆਉਂਦਾ ਹੈ ਕਿ ਅਜਿਹੀ ਹਿੰਸਾ ਕਿਉਂ? ਇਹ ਵੀ ਸਵਾਲ ਹੈ ਕਿ ਕੀ ਅਜਿਹੀ ਹਿੰਸਾ ਲੋਕਾਂ ਦਾ ਸੁਤੇ-ਸਿਧ ਰੋਹ ਹੈ ਜਾਂ ਫਿਰ ਸਰਕਾਰ ਉਤੇ ਦਬਾਓ ਪਾਉਣ ਲਈ ਵਰਤੇ ਗਏ ਹੱਥਕੰਡੇ? ਅਜਿਹੀ ਹਿੰਸਾ ਵੇਲੇ ਖੂਫੀਆ ਏਜੰਸੀਆਂ ਅਤੇ ਪੁਲਿਸ ਮਹਿਕਮੇ ਦੀ ਨਾਕਾਮੀ ਵੀ ਸਵਾਲ ਪੈਦਾ ਕਰਦੀ ਹੈ। ਦਰਅਸਲ ਇਸ ਸਭ ਕਾਸੇ ਦਾ ਇਕੋ ਇਕ ਮਕਸਦ ਸਿਆਸਤਦਾਨਾਂ ਨੂੰ ਆਪਣੀ ਤਾਕਤ ਦਿਖਾਉਣਾ ਹੈ। ਇਹ ਗੱਲ ਕਹਿਣ ਦੀ ਲੋੜ ਨਹੀਂ ਕਿ ਭਾਵੇਂ ਕੋਈ ਡੇਰਾ ਮੁਖੀ ਹੈ ਜਾਂ ਕੋਈ ਲੀਡਰ, ਕਾਨੂੰਨ ਤੋਂ ਉਪਰ ਕੋਈ ਨਹੀਂ ਹੈ। ਜੇ ਸੀ ਬੀ ਆਈ ਨੇ ਕੇਸ ਦਰਜ ਕੀਤਾ ਹੈ ਤਾਂ ਕਾਨੂੰਨ ਨੂੰ ਆਪਣੀ ਸ਼ਕਲ ਅਖਤਿਆਰ ਕਰਨੀ ਹੀ ਚਾਹੀਦੀ ਹੈ। ਡੇਰਾ ਸੱਚਾ ਸੌਦਾ ਦੇ ਸ਼ਰਧਾਲੂਆਂ ਦੀ ਗਿਣਤੀ ਵਿਚ ਪਿਛਲੇ ਕੁਝ ਦਹਾਕਿਆਂ ਵਿਚ ਬਹੁਤ ਵਾਧਾ ਹੋਇਆ ਹੈ। ਪਿਛਲੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਇਸ ਡੇਰੇ ਦੀ ਚੌਖਟ ਉਤੇ ਪੰਜਾਬ ਦੀਆਂ ਦੋਵੇਂ ਵਡੀਆਂ ਪਾਰਟੀਆਂ ਦੇ ਆਗੂ ਮੱਥਾ ਟੇਕਦੇ ਰਹੇ ਹਨ। ਸਾਰਾ ਪੁਆੜਾ ਇਥੇ ਹੀ ਹੈ। ਡੇਰੇਦਾਰਾਂ ਨੂੰ ਪਤਾ ਹੈ ਕਿ ਜਦੋਂ ਤਕ ਉਨ੍ਹਾਂ ਪਾਸ ਵੋਟਾਂ ਹਨ ਅਤੇ ਸਿਆਸਤਦਾਨਾਂ ਨੂੰ ਇਨ੍ਹਾਂ ਵੋਟਾਂ ਦੀ ਲੋੜ ਹੈ, ਉਨ੍ਹਾਂ ਦਾ ਸਿੱਕਾ ਚਲਦਾ ਰਹੇਗਾ।

ਇਹ ਗੱਲ ਧਿਆਨ ਵਿਚ ਰਖਣੀ ਚਾਹੀਦੀ ਹੈ ਕਿ ਜਦੋਂ ਤਕ ਸਿਆਸਤਦਾਨ ਆਪਣੀਆਂ ਵੋਟਾਂ ਖਾਤਰ ਡੇਰੇ ਵਾਲਿਆਂ ਦੇ ਚੁਲ੍ਹੇ ਤੇ ਰੋਟੀਆਂ ਸੇਕਦੇ ਰਹਿਣਗੇ, ਅਜਿਹੀ ਹਿੰਸਾ ਲਈ ਰਾਹ ਪੱਧਰਾ ਹੀ ਰਹੇਗਾ ਅਤੇ ਇਸ ਦਾ ਖਮਿਆਜ਼ਾ ਆਮ ਲੋਕ ਭੁਗਤਦੇ ਰਹਿਣਗੇ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਜੰਗ ਗੋਲਕਾਂ ਦਾ!*

ਗੁਰੂ ਘਰਾਂ ਵਿਚ ਧਰਮ ਦੇ ਧੜੇ ਕਰ'ਤੇ, ਹਉਮੈ ਹੈਂਕੜਾਂ ਦੀਆਂ ਬਿਮਾਰੀਆਂ ਨੇ।
ਜੰਗ ਗੋਲਕ ਦੀ ਰਾਖੀ ਦਾ ਹੋਈ ਜਾਂਦਾ, ਭਿੜਦੇ ਕਰ ਕਰ ਕੇ ਖੂਬ ਤਿਆਰੀਆਂ ਨੇ।
ਇਕੋ ਗ੍ਰੰਥ ਤੇ ਪੰਥ ਦਾ ਰਾਗ ਗਾ ਕੇ, ਆਪੋ ਵਿਚੀਂ ਹੀ ਪੱਗਾਂ ਉਤਾਰੀਆਂ ਨੇ।
ਸਿੱਖੀ ਸਿਦਕ ਇਤਿਹਾਸ ਵਿਚ ਗੁੰਮ ਹੋਇਆ, ਹਾਸੋਹੀਣੀਆਂ ਹੋਈਆਂ ਸਰਦਾਰੀਆਂ ਨੇ।
ਚਿਹਰੇ-ਮੋਹਰੇ ਹੀ ਦਰਸ਼ਨੀ ਲੱਗਦੇ ਨੇ, ਭਰੀਆਂ ਦਿਲਾਂ ਵਿਚ ਪਈਆਂ ਮੱਕਾਰੀਆਂ ਨੇ।
ਬਾਜਾਂ ਵਾਲੇ ਦਾ ਪੰਥ ਬਦਨਾਮ ਕਰਿਆ, ਤਿੱਤਰ ਬਟੇਰਿਆਂ ਦੀਆਂ ਉਡਾਰੀਆਂ ਨੇ!

### *ਹਰਿਆਣਾ 'ਚ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ*

# ਭਾਸ਼ਾ ਲਾਗੂ ਕਰਨ ਦੀ ਜ਼ਿੰਮੇਵਾਰੀ ਸਾਡੀ ਆਪਣੀ

**ਮਨਧੀਰ ਸਿੰਘ ਦਿਓਲ**

ਹਰਿਆਣਾ ਸਰਕਾਰ ਵਲੋਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਕੀਤੇ ਗਏ ਅਹਿਮ ਫੈਸਲੇ ਮਗਰੋਂ ਹੁਣ ਸੂਬੇ ਦੀ ਅਫਸਰਸ਼ਾਹੀ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਰੀਬ ਤੀਹ ਫੀਸਦੀ ਇਥੇ ਰਹਿੰਦੇ ਪੰਜਾਬੀਆਂ ਦੇ ਜਜ਼ਬਾਤ ਨੂੰ ਸਮਝਦੇ ਹੋਏ ਈਮਾਨਦਾਰੀ ਨਾਲ ਸਾਰੀਆਂ ਮਦਾਂ ਲਾਗੂ ਕਰੇ। ਨਾਲ ਹੀ ਹੁਣ ਸਭ ਤੋਂ ਵੱਡੀ ਜ਼ਿੰਮੇਵਾਰੀ ਹਰਿਆਣਾ ਦੇ ਪੰਜਾਬੀਆਂ ਦੀ ਵੀ ਬਣਦੀ ਹੈ ਕਿ ਉਹ ਪੰਜਾਬੀ ਬਾਰੇ ਗੌਰਵ ਮਹਿਸੂਸ ਕਰਦੇ ਹੋਏ ਆਪਣੀ ਨਵੀਂ ਪੀੜ੍ਹੀ ਨੂੰ ਪੰਜਾਬੀ ਨਾਲ ਜੋੜੀ ਰੱਖਣ।

ਲੰਬੇ ਸਮੇਂ ਤੋਂ ਪੰਜਾਬੀਆਂ ਦੀ ਇਹ ਮੰਗ ਪੂਰੀ ਹੋਣ 'ਤੇ ਪੰਜਾਬੀਆਂ ਦਾ ਖੁਸ਼ ਹੋਣਾ ਲਾਜ਼ਮੀ ਹੈ ਪਰ ਇਸ ਫੈਸਲੇ ਦੇ ਪਿਛੋਕੜ 'ਚ ਵੀ ਝਾਤ ਮਾਰਨੀ ਜ਼ਰੂਰੀ ਹੈ। ਭੁਪਿੰਦਰ ਸਿੰਘ ਹੁੱਡਾ ਦੀ ਅਗਵਾਈ ਹੇਠਲੀ ਪਿਛਲੀ ਸਰਕਾਰ ਵਲੋਂ ਪੰਜਾਬੀ ਭਾਸ਼ਾ ਬਾਰੇ ਨੋਟੀਫਿਕੇਸ਼ਨ ਜਾਰੀ ਕਰਨ 'ਚ ਵਾਰ-ਵਾਰ ਅਣਦੇਖੀ ਕੀਤੀ ਗਈ ਸੀ। ਹਾਲਾਂਕਿ ਓਮ ਪ੍ਰਕਾਸ਼ ਚੌਟਾਲਾ ਦੀ ਅਗਵਾਈ ਵਾਲੀ ਸਰਕਾਰ ਵਲੋਂ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਲਈ ਕਾਨੂੰਨੀ ਅਮਲ ਸ਼ੁਰੂ ਕਰ ਦਿੱਤਾ ਗਿਆ ਸੀ। ਇਸੇ ਦੌਰਾਨ ਵੱਖ-ਵੱਖ ਮੰਚਾਂ ਤੋਂ ਪੰਜਾਬੀ ਭਾਸ਼ਾ ਐਕਟ ਨੂੰ ਲਾਗੂ ਕਰਨ ਲਈ ਆਵਾਜ਼ਾਂ ਉਠਦੀਆਂ ਰਹੀਆਂ।

ਪੰਜ ਸਾਲ ਲੰਘਣ ਬਾਅਦ ਹੁੱਡਾ ਸਰਕਾਰ ਨੂੰ ਆਪਣੀ ਗਲਤੀ ਦਾ ਅਹਿਸਾਸ ਉਦੋਂ ਹੋਇਆ ਜਦੋਂ ਹਰਿਆਣਾ ਦੀ ਪੰਜਾਬੀ ਪੱਟੀ ਵਿਚੋਂ ਪੰਜਾਬੀਆਂ ਨੇ 'ਵੋਟ ਤੰਤਰ' ਰਾਹੀਂ ਭੁਪਿੰਦਰ ਸਿੰਘ ਹੁੱਡਾ ਨੂੰ ਰਾਜਸੀ ਝਟਕਾ ਦਿੱਤਾ। ਬਹੁਤ ਜ਼ਿਆਦਾ ਆਤਮ ਵਿਸ਼ਵਾਸ ਦੇ ਸਹਾਰੇ ਚੋਣ ਮੈਦਾਨ 'ਚ ਨਿੱਤਰੇ ਸ੍ਰੀ ਹੁੱਡਾ ਨੂੰ ਇਹ ਉਮੀਦ ਨਹੀਂ ਸੀ ਕਿ ਉਨ੍ਹਾਂ ਨੂੰ ਘੱਟ ਸੀਟਾਂ ਮਿਲਣਗੀਆਂ ਤੇ ਮਰ ਖੱਪ ਚੁੱਕੀ ਸਮਝੀ ਜਾਂਦੀ ਇਨੈਲੋ ਤੀਹ ਤੋਂ ਵਧ ਸੀਟਾਂ ਲੈ ਜਾਵੇਗੀ। ਅਸਲ ਵਿਚ ਪੰਜਾਬੀ ਪੱਟੀ ਚੌਟਾਲਾ ਦੇ ਨਾਲ ਖੜ੍ਹੋ ਗਈ ਸੀ।

ਇਥੇ ਹੀ ਪੰਜਾਬੀਆਂ ਨੂੰ ਆਪਣੀ ਰਾਜਸੀ ਸ਼ਕਤੀ ਨੂੰ ਸਮਝਣਾ ਚਾਹੀਦਾ ਹੈ। ਉਨ੍ਹਾਂ ਵਲੋਂ ਆਪਣੇ 'ਲੋਕਤੰਤਰੀ ਹੱਕ' ਰਾਹੀਂ ਆਪਣੀ ਨਾਰਾਜ਼ਗੀ ਜ਼ਾਹਰ ਕਰਨ ਦਾ ਇਹ ਫਲ ਮਿਲਿਆ ਕਿ ਜੋ ਕੰਮ ਪਿਛਲੇ ਪੰਜ ਸਾਲਾਂ ਦੌਰਾਨ ਨਹੀਂ ਹੋਇਆ, ਉਹ ਹੁੱਡਾ ਸਰਕਾਰ ਦੀ ਦੂਜੀ ਪਾਰੀ ਦੇ ਸ਼ੁਰੂ ਦੇ ਮਹੀਨਿਆਂ ਦੌਰਾਨ ਹੀ ਹੋ ਗਿਆ। ਇਹ ਇਸ ਲਈ ਸੰਭਵ ਹੋ ਸਕਿਆ ਕਿਉਂਕਿ ਹੁਣ ਹਰਿਆਣਾ ਦੇ ਪੰਜਾਬੀ (ਹਿੰਦੂ ਅਤੇ ਸਿੱਖ ਦੋਵੇਂ) ਪੰਜਾਬੀਅਤ ਦੇ ਨਾਂ 'ਤੇ ਕਰੀਬ ਹੁੰਦੇ ਜਾ ਰਹੇ ਹਨ। ਰਾਜਸੀ ਪ੍ਰਬੰਧ ਚਲਾਉਣ ਵਾਲੀਆਂ ਧਿਰਾਂ 'ਤੇ ਉਨ੍ਹਾਂ ਦੇ 'ਥਿੰਕ ਟੈਂਕ' ਅਜਿਹੀਆਂ ਸਮਾਜਕ ਸਰਗਰਮੀਆਂ ਉਪਰ ਤਿੱਖੀ ਨਜ਼ਰ ਰੱਖਦੇ ਹਨ।

ਹਰਿਆਣਾ ਅੰਦਰ ਰਾਜਸੀ ਤਾਕਤ ਬਹੁਤਾ ਕਰ ਕੇ ਗੈਰ ਪੰਜਾਬੀਆਂ ਦੇ ਹੱਥ ਹੀ ਰਹੀ ਹੈ। ਇਸ ਦਾ ਨਤੀਜਾ ਇਹ ਰਿਹਾ ਹੈ ਕਿ ਪੰਜਾਬੀ (ਹਿੰਦੂ-ਸਿੱਖਾਂ ਸਮੇਤ) ਕਰੀਬ ਆ ਗਏ। ਹੁਣ ਹਰਿਆਣਾ ਦਾ ਸ਼ਹਿਰੀ ਪੰਜਾਬੀ ਹਿੰਦੂ ਖੁਦ ਨੂੰ ਪੰਜਾਬੀ ਅਖਵਾ ਕੇ ਵਧ ਖੁਸ਼ ਹੁੰਦਾ ਹੈ। ਉਹ 'ਜਾਟ ਰਾਜਨੀਤੀ' ਤੋਂ ਉਕਤਾ ਚੁੱਕਾ ਹੈ, ਪਰ ਉਸ ਕੋਲ ਅਜਿਹਾ ਸਾਂਝਾ ਰਾਜਸੀ ਫਰੰਟ ਨਹੀਂ ਹੈ। ਹੁਣ ਉਮੀਦ ਕੀਤੀ ਜਾ ਰਹੀ ਹੈ ਕਿ ਪੰਜਾਬੀ ਦੇ ਮੁੱਦੇ 'ਤੇ ਪੰਜਾਬੀ ਉਵੇਂ ਹੀ ਇਕੱਠੇ ਰਹਿਣਗੇ, ਜਿਵੇਂ ਇਸ ਵਾਰ ਵੋਟ ਰਾਜਨੀਤੀ ਦੌਰਾਨ ਉਨ੍ਹਾਂ ਸਥਾਪਤ ਹੋਣ ਜਾ ਰਹੀ ਧਿਰ ਨੂੰ ਵੀ ਅੱਖਾਂ ਦਿਖਾ ਦਿੱਤੀਆਂ। ਬਿਨਾ ਸ਼ੱਕ ਹੁੱਡਾ ਸਰਕਾਰ ਨੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇ ਕੇ ਸ਼ਲਾਘਾਯੋਗ ਕਦਮ ਪੁੱਟਿਆ ਹੈ ਪਰ ਹੁਣ ਜ਼ਿੰਮੇਵਾਰੀ ਪੰਜਾਬੀਆਂ ਸਿਰ ਆ ਗਈ ਹੈ ਕਿ ਉਹ ਪੰਜਾਬੀ ਨੂੰ 'ਪਟਰਾਣੀ' ਬਣਾਉਣ। ਆਪਣੇ ਬੱਚਿਆਂ ਨਾਲ ਪੰਜਾਬੀ ਬੋਲਣ ਤੇ ਘਰਾਂ 'ਚ ਪੰਜਾਬੀ ਦਾ ਵਾਰਾ-ਪਹਿਰਾ ਹੋਣ ਦੇਣ। ਫਿਰ ਹੀ ਪੰਜਾਬੀ ਸਹੀ ਅਰਥਾਂ 'ਚ ਲਾਗੂ ਹੋਵੇਗੀ। ਬੱਚਿਆਂ ਨੂੰ ਉਥੇ ਪੜ੍ਹਾਉਣ ਜਿੱਥੇ ਪੰਜਾਬੀ ਭਾਸ਼ਾ ਪੜ੍ਹਾਈ ਜਾਣ ਦਾ ਸਮੁੱਚਾ ਪ੍ਰਬੰਧ ਹੋਵੇ। ਜੇਕਰ ਪੰਜਾਬੀ ਲਾਗੂ ਹੋ ਕੇ ਫਾਈਲਾਂ ਤੱਕ ਹੀ ਸੀਮਿਤ ਰਹੀ ਤਾਂ ਫਿਰ ਵੀ ਪੰਜਾਬੀਆਂ ਦੇ ਹੱਥ ਪੱਲੇ ਕੁਝ ਨਹੀਂ ਪੈਣਾ।

ਪੰਜਾਬੀ ਦੇ ਹੱਕ 'ਚ ਨਿੱਤਰੀਆਂ ਜਥੇਬੰਦੀਆਂ ਨੂੰ ਆਪਣਾ ਦਬਾਅ ਇਵੇਂ ਵੀ ਕਾਇਮ ਰੱਖਣਾ ਪਵੇਗਾ ਤਾਂ ਹੀ ਲਾਲ ਫੀਤਾਸ਼ਾਹੀ ਇਸ ਨੋਟੀਫਿਕੇਸ਼ਨ ਨੂੰ ਸਹੀ ਤੇ ਸੱਚੇ ਅਰਥਾਂ 'ਚ ਲਾਗੂ ਕਰੇਗੀ। ਹੁਣ ਅਵੇਸਲੇ ਹੋਣ ਦਾ ਵੇਲਾ ਨਹੀਂ ਸਗੋਂ ਪਹਿਲਾਂ ਨਾਲੋਂ ਵੀ ਵਧ ਚੌਕਸੀ ਦੀ ਲੋੜ ਹੈ ਕਿਉਂਕਿ ਰਾਜਸੀ ਧਿਰਾਂ ਦੇ ਸਾਰੇ ਫੈਸਲੇ ਵੋਟ ਰਾਜਨੀਤੀ ਤੋਂ ਹੀ ਪ੍ਰੇਰਤ ਹੁੰਦੇ ਹਨ ਜਿਵੇਂ ਪੰਜ ਸਾਲ ਨੋਟੀਫਿਕੇਸ਼ਨ ਜਾਰੀ ਕਰਨ ਨੂੰ ਹੀ ਲੱਗ ਗਏ। ਹੁਣ ਅਗਲੀ ਕਾਰਵਾਈ ਲਈ ਵੀ ਸਮਾਂ ਜਾਇਆ ਨਾ ਕੀਤਾ ਜਾਵੇ ਇਸ ਲਈ ਪੰਜਾਬੀਆਂ ਨੂੰ ਸਖਤ ਪਹਿਰਾ ਦੇਣਾ ਪਵੇਗਾ।

ਹੁਣ ਪੰਜਾਬੀਆਂ ਲਈ ਇਹ ਬਹਾਨਾ ਖਤਮ ਹੋ ਜਾਵੇਗਾ ਕਿ ਸਰਕਾਰ ਪੰਜਾਬੀ ਲਈ ਕੁਝ ਨਹੀਂ ਕਰਦੀ। ਜੇਕਰ ਸਰਕਾਰ ਈਮਾਨਦਾਰੀ ਦਿਖਾਉਂਦੀ ਹੈ ਤਾਂ ਹੁਣ ਪੰਜਾਬੀ ਵੀ ਸੁਹਿਰਦ ਹੋ ਕੇ ਡਟ ਜਾਣ। ਉਨ੍ਹਾਂ ਲਈ ਇਥੋਂ ਹੀ ਭਵਿੱਖ ਸੰਵਾਰਨ ਦੇ ਮੌਕੇ ਮਿਲਣੇ ਹਨ ਤੇ ਪੰਜਾਬੀਆਂ 'ਚ ਇਕਸੁਰਤਾ, ਇਕਰੂਪਤਾ ਆਵੇਗੀ ਜੋ ਰਾਜਸੀ ਸਿਸਟਮ 'ਚ ਉਨ੍ਹਾਂ ਦੀ ਭੂਮਿਕਾ ਨੂੰ ਹੋਰ ਵੀ ਪੁਖਤਾ ਕਰੇਗੀ। ਵਰਤਮਾਨ ਸਮਾਜਕ ਪ੍ਰਬੰਧ 'ਚ ਸੱਤਾ ਤਾਕਤ ਪ੍ਰਸੰਗਕ ਹੈ ਤੇ ਭਵਿੱਖ ਨੂੰ ਸੁਰੱਖਿਅਤ ਰੱਖਣ, ਸਭਿਆਚਾਰਕ ਹੋਂਦ ਕਾਇਮ ਰੱਖਣ। ਆਪਣੀ ਪਛਾਣ ਨੂੰ ਸਦੀਵੀ ਬਣਾਈ ਰੱਖਣ ਵਾਲੀ ਚਾਬੀ ਸਾਂਝੇ ਮੰਚ ਤੋਂ ਹੀ ਲੱਭਣੀ ਹੈ। ਬਿਨਾ ਸ਼ੱਕ ਹਰਿਆਣਵੀ ਪੰਜਾਬੀਆਂ ਲਈ ਇਹ ਵੇਲਾ ਖੁਸ਼ ਹੋਣ ਦਾ ਹੈ, ਉਨ੍ਹਾਂ ਦੀ ਬੋਲੀ ਜੱਦੋਜਹਿਦ ਸਦਕਾ ਸਰਕਾਰ ਜਾਗੀ ਹੈ। ਨਵੀਂ ਪੀੜ੍ਹੀ ਗੁਰਮੁਖੀ ਲਿਪੀ ਤੋਂ ਦੂਰ ਹੋ ਚੁੱਕੀ ਹੈ। ਹਰਿਆਣਵੀ ਸਭਿਆਚਾਰ 'ਤੇ ਪੰਜਾਬੀ ਅਤੇ ਰਾਜਸਥਾਨੀ ਸਭਿਆਚਾਰ ਦਾ ਕਾਫੀ ਰਲਵਾਂ-ਮਿਲਵਾਂ ਪ੍ਰਭਾਵ ਹੈ। ਹੁਣ ਪੰਜਾਬੀ ਬੋਲੀ ਦੇ ਵਿਕਾਸ ਸਦਕਾ ਇਸ ਖਿੱਤੇ 'ਚ ਭਰਪੂਰ ਪੰਜਾਬੀ ਸਭਿਆਚਾਰ ਹੋਰ ਤਰੱਕੀ ਕਰੇਗਾ।

ਪੰਜਾਬੀਆਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਮੁਹੱਈਆ ਹੋਣ ਦੀ ਉਮੀਦ ਹੈ ਤੇ ਪੰਜਾਬੀ ਸਾਹਿਤਕ ਖੇਤਰ 'ਚ ਵੀ ਸਰਗਰਮੀਆਂ ਵਧਣਗੀਆਂ। ਇਸ ਲਈ ਹਰਿਆਣਾ ਦੀ ਪੰਜਾਬੀ ਅਕਾਦਮੀ ਦੀ ਭੂਮਿਕਾ ਵੀ ਵਧੇਗੀ ਇਸ ਲਈ ਅਕਾਦਮੀ ਉਪਰ ਅੱਖ ਰੱਖਣੀ ਜ਼ਰੂਰੀ ਹੋਵੇਗੀ। ਸੂਚਨਾ ਅਧਿਕਾਰ ਐਕਟ ਇਸ ਲਈ ਸਭ ਤੋਂ ਵਧ ਕਾਰਗਰ ਰਹੇਗਾ। ਸਾਹਿਤਕਾਰਾਂ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਗੁੱਟਬਾਜ਼ੀਆਂ ਤੋਂ ਉਪਰ ਉੱਠ ਕੇ ਵਿਚਰਨ। ਖੁਦ ਨੂੰ ਪੰਜਾਬ ਦੇ ਸਾਹਿਤਕਾਰਾਂ ਵਾਂਗ ਸਥਾਪਤ ਕਰਨ। ਹਰਿਆਣਵੀ ਪੰਜਾਬੀਆਂ ਨਾਲ ਜੁੜਨ। ਹਰਿਆਣਾ ਅੰਦਰ ਪੰਜਾਬੀ 'ਚ ਪੱਤਰਕਾਰੀ ਕਰਨਾ ਬਹੁਤ ਔਖਾ ਕਾਰਜ ਹੈ। ਹਾਲਾਂਕਿ ਪੰਜਾਬ ਤੋਂ ਛਪਦੇ ਪੰਜਾਬੀ ਦੇ ਰੋਜ਼ਾਨਾ ਅਖਬਾਰ ਹਰਿਆਣਾ ਦੀ ਕਵਰੇਜ ਵੀ ਕਰਦੇ ਹਨ ਤੇ ਰਾਜ ਦੀਆਂ ਪ੍ਰਮੁੱਖ ਰਾਜਸੀ, ਸਮਾਜਿਕ ਸਰਗਰਮੀਆਂ ਨੂੰ ਥਾਂ ਦਿੱਤੀ ਜਾਂਦੀ ਹੈ ਪਰ ਪੰਜਾਬੀ ਅਖਬਾਰਾਂ ਦੀ ਹਰਿਆਣਾ 'ਚ ਵਿਕਣ ਦੀ ਗਿਣਤੀ ਇੰਨੀ ਥੋੜ੍ਹੀ ਹੈ ਕਿ ਅਖਬਾਰਾਂ ਨੂੰ ਖਰਚੇ ਵੀ ਕੱਢਣੇ ਔਖੇ ਹੋ ਜਾਂਦੇ ਹਨ। ਹਰਿਆਣਾ 'ਚ ਪੰਜਾਬੀਆਂ ਦਾ ਧਨਾਢ ਵਰਗ ਰਹਿੰਦਾ ਹੈ ਪਰ ਉਹ ਪੰਜਾਬੀ ਅਖਬਾਰਾਂ ਨੂੰ ਘੱਟ ਹੀ ਤਰਜੀਹ ਦਿੰਦਾ ਹੈ। ਸਭ ਤੋਂ ਪਹਿਲਾਂ ਪੰਜਾਬੀਆਂ ਨੂੰ ਹਰਿਆਣਾ 'ਚ ਵੀ ਪੰਜਾਬੀ ਮੀਡੀਆ/ਪ੍ਰੈੱਸ ਨੂੰ ਮਜ਼ਬੂਤ ਕਰਨ 'ਚ ਆਪਣੀ ਭੂਮਿਕਾ ਤਨਦੇਹੀ ਨਾਲ ਨਿਭਾਉਣੀ ਪਵੇਗੀ।

## ਇਹ ਵਕਤ ਵੀ ਗੁਜ਼ਰ ਜਾਏਗਾ...

**ਬੂਟਾ ਸਿੰਘ ਵਾਕਫ਼**

ਛੁੱਟੀ ਵਾਲੇ ਦਿਨ ਸਵੇਰੇ-ਸਵੇਰੇ ਇਕ ਮਿੱਤਰ ਅਧਿਆਪਕ ਨੇ ਮੋਬਾਈਲ ਸੰਦੇਸ਼ ਭੇਜਿਆ। ਸੰਦੇਸ਼ ਕੁਝ ਇਸ ਤਰ੍ਹਾਂ ਸੀ ਕਿ ਇਕ ਮਹਾਰਾਜੇ ਨੇ ਆਪਣੇ ਵਜ਼ੀਰ ਨੂੰ ਇਕ ਅੰਗੂਠੀ ਦਿੱਤੀ ਅਤੇ ਕਿਹਾ ਕਿ ਉਹ ਅੰਗੂਠੀ 'ਤੇ ਕੁਝ ਅਜਿਹੇ ਸ਼ਬਦ ਲਿਖਵਾ ਕੇ ਦੇਵੇ ਕਿ ਜਦੋਂ ਉਹ (ਮਹਾਰਾਜਾ) ਖੁਸ਼ਗਵਾਰ ਮਾਹੌਲ ਸਮੇਂ ਉਸ ਅੰਗੂਠੀ ਵਲ ਵੇਖੇ ਤਾਂ ਉਹ ਖੁਦ-ਬ-ਖੁਦ ਅਸਲੀਅਤ ਦੇ ਧਰਾਤਲ 'ਤੇ ਪਰਤ ਆਵੇ ਅਤੇ ਜਦੋਂ ਉਹ ਦੁੱਖਾਂ ਵਿਚ ਡੁੱਬਿਆ ਹੋਇਆ ਉਸ ਅੰਗੂਠੀ 'ਤੇ ਝਾਤੀ ਮਾਰੇ ਤਾਂ ਉਸਦੇ ਚਿਹਰੇ 'ਤੇ ਖੁਸ਼ੀਆਂ ਦੀ ਆਸ ਦੀ ਲਹਿਰ ਦੌੜ ਜਾਵੇ। ਵਜ਼ੀਰ ਨੇ ਕਾਫੀ ਸੋਚ ਵਿਚਾਰ ਉਪਰੰਤ ਮਹਾਰਾਜੇ ਦੀ ਅੰਗੂਠੀ ਉਤੇ 'ਇਹ ਵਕਤ ਵੀ ਗੁਜ਼ਰ ਜਾਏਗਾ' ਸ਼ਬਦ ਲਿਖਵਾ ਦਿੱਤੇ। ਸੱਚਮੁੱਚ ਹੀ ਸਮਾਂ ਬੇਹੱਦ ਬਲਵਾਨ ਹੈ ਜੋ ਕਿ ਨਿਰੰਤਰ ਚਾਲ ਪਿਆ ਰਹਿੰਦਾ ਹੈ। ਜ਼ਿੰਦਗੀ ਦੀ ਡਗਰ 'ਤੇ ਚੱਲਦਿਆਂ ਮਨੁੱਖ 'ਤੇ ਉਹ ਦਿਨ ਵੀ ਆਉਂਦੇ ਹਨ ਜਦੋਂ ਉਹ ਖੁਸ਼ੀਆਂ 'ਚ ਖੀਵਾ ਹੋ ਸਾਰੀ ਲੋਕਾਈ ਨੂੰ ਭੁੱਲ ਜਾਂਦਾ ਹੈ। ਸਿਰਫ 'ਮੈਂ ਹੀ ਮੈਂ' ਉਸ ਦੇ ਪੱਲੇ ਹੁੰਦੀ ਹੈ ਤੇ ਕਦੇ ਉਹ ਵਕਤ ਵੀ ਆਉਂਦਾ ਹੈ ਜਦੋਂ ਦੁਨੀਆਂ ਉਸ ਨੂੰ ਆਪਣੇ ਜ਼ਿਹਨ ਵਿਚੋਂ ਖਾਰਜ ਕਰ ਦਿੰਦੀ ਹੈ। ਲੋੜ ਇਸ ਗੱਲ ਨੂੰ ਸਮਝਣ ਦੀ ਹੈ ਕਿ ਹਰ ਰਾਤ ਕਾਲੀ-ਬੋਲੀ ਨਹੀਂ ਹੁੰਦੀ, ਕੁਝ ਰਾਤਾਂ ਚਾਨਣੀਆਂ ਵੀ ਹੁੰਦੀਆਂ ਹਨ ਪ੍ਰੰਤੂ ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਹਰ ਰਾਤ ਹੀ ਚਾਨਣੀ ਹੋ ਨਿਬੜੇ। ਦੁੱਖਾਂ ਤੇ ਸੁੱਖਾਂ, ਗਮੀਆਂ ਤੇ ਖੁਸ਼ੀਆਂ, ਹਾਸਿਆਂ ਤੇ ਰੋਣਿਆਂ ਦਾ ਪਰਸਪਰ ਗਹਿਰਾ ਸਬੰਧ ਹੈ। ਹਰ ਇਨਸਾਨ ਦੀ ਜ਼ਿੰਦਗੀ ਵਿਚ ਅਨੇਕਾਂ ਵਾਰ ਦੁੱਖ ਆਉਂਦੇ ਹਨ ਤੇ ਉਤਨੇ ਹੀ ਵਾਰ ਖੁਸ਼ੀਆਂ ਵੀ ਉਸ ਦੀ ਦਹਿਲੀਜ਼ 'ਤੇ ਦਸਤਕ ਦਿੰਦੀਆਂ ਹਨ। ਖੁਸ਼ੀਆਂ ਭਾਵੇਂ ਪਹਾੜਾਂ ਨਾਲੋਂ ਵੀ ਵੱਡੀਆਂ ਹੋਣ, ਥੋੜ੍ਹੀਆਂ ਹੀ ਜਾਪਦੀਆਂ ਹਨ, ਮਾਨੋਂ ਖੁਸ਼ੀ ਦਾ ਸਮਾਂ ਖੰਭ ਲਾ ਕੇ ਉੱਡ ਜਾਂਦਾ ਹੈ। ਦੂਸਰੇ ਪਾਸੇ ਦੁੱਖ ਭਾਵੇਂ ਰਾਈ ਸਾਮਾਨ ਹੀ ਹੋਣ ਤਾਂ ਵੀ ਉਹ ਪਹਾੜਾਂ ਤੋਂ ਵੀ ਵਡੇਰੇ ਜਾਪਦੇ ਹਨ, ਕੱਟਣ 'ਚ ਨਹੀਂ ਆਉਂਦੇ ਜਿਵੇਂ ਸਮਾਂ ਥਾਏਂ ਹੀ ਰੁਕ ਗਿਆ ਹੋਵੇ। ਦੁੱਖਾਂ ਸਮੇਂ ਘਬਰਾਉਣ ਦੀ ਲੋੜ ਨਹੀਂ ਹੁੰਦੀ, ਹਿੰਮਤ ਦੀ ਲੋੜ ਹੁੰਦੀ ਹੈ, ਆਸ਼ਾਵਾਦੀ ਸੋਚ ਦੀ ਲੋੜ ਹੁੰਦੀ ਹੈ। ਦੁੱਖਾਂ ਦੇ ਪਰਛਾਵੇਂ ਇੰਨੇ ਲੰਬੇ ਨਹੀਂ ਹੁੰਦੇ ਕਿ ਉਹ ਢਲਣ ਹੀ ਨਾ। ਜਿਹੜਾ ਮਨੁੱਖ ਖੁਸ਼ੀਆਂ ਸਮੇਂ ਆਪਣਾ ਚਾਰ-ਚੁਫ਼ੇਰਾ ਹਾਸਿਆਂ-ਖੇੜਿਆਂ ਨਾਲ ਲਬਰੇਜ਼ ਕਰਨ ਦੇ ਸਮਰੱਥ ਹੁੰਦਾ ਹੈ ਉਹ ਦੁਨੀਆਂ ਦੇ ਦੁੱਖਾਂ ਨੂੰ ਵੀ ਜਿੱਤਣ ਦੇ ਯੋਗ ਹੁੰਦਾ ਹੈ। ਯਾਦ ਰੱਖੋ, ਜੇ ਬਹਾਰਾਂ ਹਮੇਸ਼ਾ ਹੀ ਖੁਸ਼ੀਆਂ ਦੇ ਗੀਤ ਨਹੀਂ ਗਾਉਂਦੀਆਂ ਤਾਂ ਪੱਤਝੜਾਂ ਦਾ ਸੋਗਮਈ ਆਲਮ ਵੀ ਸਦਾ ਨਹੀਂ ਗੂੰਜਦਾ ਰਹਿੰਦਾ।

ਜੇ ਸਾਡੇ 'ਚ ਦੂਸਰਿਆਂ ਦੀਆਂ ਭਾਵਨਾਵਾਂ ਨੂੰ ਸਤਿਕਾਰ ਦੇਣ ਦਾ ਮਾਦਾ ਹੈ, ਜੇ ਸਾਡੇ ਅੰਦਰ ਦੂਸਰਿਆਂ ਨੂੰ ਸਮਝਣ ਦੀ ਸ਼ਕਤੀ ਹੈ, ਜੇ ਸਾਡਾ ਦੂਸਰਿਆਂ ਨਾਲ ਮੇਲ ਜੋਲ ਗੂੜ੍ਹਾ ਹੈ, ਆਪਸੀ ਸਾਂਝ ਹੈ, ਅਪਣੱਤ ਹੈ, ਮਾਨਵੀ ਪਿਆਰ ਦੀ ਭਾਵਨਾ ਹੈ ਤਾਂ ਅਸੀਂ ਇਸ ਸਮਰਥਾ ਸਦਕਾ ਹੋਰਨਾਂ ਦੀ ਨਿੱਕੀ ਖੁਸ਼ੀ ਨੂੰ ਵੀ ਧੁਰ ਅੰਬਰ ਤੱਕ ਪਹੁੰਚਾਉਣ ਦੇ ਯੋਗ ਹੁੰਦੇ ਹਾਂ ਜਦਕਿ ਉਨ੍ਹਾਂ ਦੇ ਸਾਰੇ ਦੁੱਖਾਂ ਨੂੰ ਵੀ ਮੋਰੀ ਥਾਣੀਂ ਲੰਘਾ ਸਕਦੇ ਹਾਂ।

ਜਿਹੜੇ ਮਨੁੱਖ ਨੂੰ ਕਦੇ ਸੂਈ ਦੀ ਚੋਭ ਜਿੰਨੇ ਦਰਦ ਦਾ ਅਹਿਸਾਸ ਹੀ ਨਹੀਂ ਹੋਇਆ ਉਹ ਮਨੁੱਖ ਖੁਸ਼ੀਆਂ ਦੀ ਅਸਲ ਮਹਿਕ ਤੋਂ ਹਮੇਸ਼ਾ ਹੀ ਸੱਖਣਾ ਰਹਿੰਦਾ ਹੈ। ਜਿਹੜੇ ਮਨੁੱਖ ਖੁਸ਼ੀਆਂ ਨੂੰ ਰੱਜ ਕੇ ਮਾਣਦੇ ਹਨ ਉਨ੍ਹਾਂ ਦੇ ਮਨ ਅੰਦਰ ਦੁੱਖਾਂ ਦੇ ਪਹਾੜਾਂ ਨੂੰ ਜਰਨ ਦਾ ਜੇਰਾ ਵੀ ਹੁੰਦਾ ਹੈ। ਰੱਜੇ ਮਨੁੱਖ ਨੂੰ ਖਾਣੇ ਦੇ ਸੁਆਦ ਦਾ ਅਹਿਸਾਸ ਨਹੀਂ ਹੋ ਸਕਦਾ ਚਾਹੇ ਉਸ ਦੇ ਮੂਹਰੇ ਛੱਤੀ ਪ੍ਰਕਾਰ ਦੇ ਵਿਅੰਜਨ ਪਰੋਸ ਦਿੱਤੇ ਜਾਣ, ਪ੍ਰੰਤੂ ਭੁੱਖਾਂ ਹੰਢਾਉਣ ਵਾਲੇ ਨੂੰ ਅੰਨ ਦੀ ਰੁੱਖੀ-ਸੁੱਕੀ ਬੁਰਕੀ ਵੀ ਬਹਿਸ਼ਤ ਦਾ ਸੁਆਦ ਦੇ ਜਾਂਦੀ ਹੈ। ਸਾਨੂੰ ਖੁਸ਼ੀਆਂ ਦੇ ਪਲਾਂ ਨੂੰ ਇਹ ਸੋਚ ਕੇ ਵੀ ਗੁਆ ਨਹੀਂ ਦੇਣਾ ਚਾਹੀਦਾ ਕਿ ਇਨ੍ਹਾਂ ਪਲਾਂ ਦੇ ਬੀਤ ਜਾਣ ਉਪਰੰਤ ਦੁੱਖ ਹੀ ਤੁਰੇ ਆਉਣਗੇ ਅਤੇ ਦੁਖੀ ਇਨਸਾਨ ਨੂੰ ਇਸ ਗੱਲੋਂ ਹੌਂਸਲਾ ਨਹੀਂ ਤਿਆਗ ਦੇਣਾ ਚਾਹੀਦਾ ਕਿ ਹੁਣ ਤਾਂ ਕਦੇ ਉਸ ਦੀ ਜ਼ਿੰਦਗੀ ਵਿਚ ਸਵੇਰਾ ਹੀ ਨਹੀਂ ਹੋਵੇਗਾ। ਹਨੇਰੀਆਂ ਰਾਤਾਂ ਵਿਚ ਤੁਰਦਿਆਂ ਸੱਪਾਂ ਦੀਆਂ ਸਿਰੀਆਂ ਮਿੱਧਣੀਆਂ ਪੈ ਸਕਦੀਆਂ ਹਨ ਪਰ ਜਿਹੜੇ ਆਪਣੇ ਹਿਰਦੇ ਅੰਦਰ ਆਸ ਦਾ ਦੀਪ ਬਾਲ ਕੇ ਜੁਗਨੂੰਆਂ ਵਾਂਗ ਹਨੇਰਿਆਂ ਦਾ ਮੁਕਾਬਲਾ ਕਰਦੇ ਤੁਰਦੇ ਜਾਂਦੇ ਹਨ, ਸੱਜਰੀ ਸਵੇਰ ਅਵੱਸ਼ ਹੀ ਉਨ੍ਹਾਂ ਦਾ ਨਿੱਘਾ ਸੁਆਗਤ ਕਰਦੀ ਹੈ। ਚਲਣਾ ਹੀ ਜ਼ਿੰਦਗੀ ਹੈ, ਰੁਕਣਾ ਅੰਤ ਹੈ, ਮੌਤ ਹੈ। ਜੋ ਇਨਸਾਨ ਅਵੇਸਲਾ ਹੈ, ਜ਼ਿੰਮੇਵਾਰੀਆਂ ਤੋਂ ਕੰਨੀ ਕਤਰਾਉਂਦਾ ਹੈ ਤਾਂ ਜ਼ਰਖੇਜ਼ ਧਰਤੀਆਂ ਬੰਜਰ ਹੁੰਦੀਆਂ ਦੇਖੀਆਂ ਜਾਂਦੀਆਂ ਹਨ। ਜੇਕਰ ਪੱਲੇ ਹਿੰਮਤ ਹੈ, ਦਲੇਰੀ ਹੈ, ਲਗਨ ਹੈ ਤਾਂ ਕਲਰਾਈਆਂ ਧਰਤੀਆਂ ਵੀ ਖੂਬਸੂਰਤ ਫੁੱਲਾਂ ਦਾ ਮੰਜ਼ਰ ਪੇਸ਼ ਕਰਨ ਦੇ ਯੋਗ ਹੋ ਜਾਂਦੀਆਂ ਹਨ।

# ਭਾਰਤੀ ਸਮੁੰਦਰੀ ਸੁਰੱਖਿਆ ਵਲ ਸਰਕਾਰ ਦਾ ਖਾਸ ਧਿਆਨ ਨਹੀਂ

**ਡਾ. ਸੁਵੀਰ ਸਿੰਘ**

ਹਿੰਦ ਮਹਾਂਸਾਗਰ ਦੁਨੀਆਂ ਦਾ ਤੀਸਰਾ ਵੱਡਾ ਸਮੁੰਦਰ ਹੈ ਜੋ ਦੁਨੀਆਂ ਦੇ ਸਾਰੇ ਸਮੁੰਦਰੀ ਖੇਤਰਾਂ ਦਾ 20% ਹਿੱਸਾ ਹੈ। ਇਸ ਵਿਚ 40 ਦੇ ਕਰੀਬ ਟਾਪੂ ਅਤੇ ਤੱਟੀ ਦੇਸ਼ ਪੈਂਦੇ ਹਨ। ਹਿੰਦ ਮਹਾਂਸਾਗਰ ਵਿਚ ਵੱਖ-ਵੱਖ ਕਿਸਮ ਦੀਆਂ ਮੱਛੀਆਂ ਤੋਂ ਇਲਾਵਾ 65% ਖਣਿਜ ਪਦਾਰਥ, 31% ਗੈਸ ਦੇ ਭੰਡਾਰ ਅਤੇ ਦੁਨੀਆਂ ਦੀ 30% ਆਬਾਦੀ ਇਸ ਖੇਤਰ 'ਚ ਵਸਦੀ ਹੈ।

ਹਿੰਦ ਮਹਾਂਸਾਗਰ ਵਿਚ ਚਾਰ ਪ੍ਰਮੁੱਖ ਰਸਤੇ ਹਨ ਜਿਸ ਵਿਚ ਪਹਿਲਾ ਕੇਪ ਰਸਤਾ ਹੈ ਜੋ ਅਫਰੀਕੀ ਮਹਾਂਦੀਪ ਦੇ ਹੇਠਾਂ ਦੀ ਹੋ ਕੇ ਜਾਂਦਾ ਹੈ। ਇਹ ਏਸ਼ਿਆਈ ਦੇਸ਼ਾਂ ਦਾ ਯੂਰਪ ਜਾਣ ਦਾ ਸਭ ਤੋਂ ਪੁਰਾਣਾ ਰਸਤਾ ਹੈ। ਇਸੇ ਰਸਤੇ ਰਾਹੀਂ ਹੀ ਵਾਸਕੋਡੇਗਾਮਾ ਨੇ 14ਵੀਂ ਸਦੀ ਵਿਚ ਭਾਰਤ ਦੀ ਖੋਜ ਕੀਤੀ ਸੀ। ਅੱਜ ਵੀ ਬਹੁਤ ਵੱਡੇ ਮਾਲਵਾਹਕ ਜਹਾਜ਼ ਇਸ ਰਸਤੇ ਦੀ ਵਰਤੋਂ ਕਰਦੇ ਹਨ। ਦੂਸਰਾ ਰਸਤਾ ਸੁਏਜ਼ ਰਸਤਾ ਹੈ। ਇਹ ਰਸਤਾ 19ਵੀਂ ਸਦੀ ਦੇ ਅੰਤ ਵਿਚ ਬਰਤਾਨੀਆ, ਫਰਾਂਸ ਅਤੇ ਮਿਸਰ ਦੀ ਸੁਏਜ਼ ਨਹਿਰ ਪੁੱਟਣ ਨਾਲ ਬਣਿਆ। ਇਹ ਨਹਿਰ ਮਿਸਰ ਵਿਚ ਪੁੱਟੀ ਗਈ ਜੋ ਅਰਬ ਸਾਗਰ, ਭੂ ਮੱਧ ਸਾਗਰ ਅਤੇ ਲਾਲ ਸਾਗਰ ਨੂੰ ਮਿਲਾਉਂਦੀ ਹੈ। ਇਸ ਰਸਤੇ ਦੇ ਸ਼ੁਰੂ ਹੋਣ ਦੇ ਨਾਲ ਏਸ਼ਿਆਈ ਦੇਸ਼ਾਂ ਦੀ ਯੂਰਪ ਜਾਣ ਲਈ 1000 ਨਾਟੀਕਲ ਮੀਲ (ਸਮੁੰਦਰੀ ਦੂਰੀ ਮਾਪਣ ਦਾ ਪੈਮਾਨਾ) ਦੂਰੀ ਘੱਟ ਗਈ ਹੈ। ਤੀਸਰਾ ਰਸਤਾ ਹੋਰਮੂਜ਼ ਅਤੇ ਤਹਿਰਾਨ ਦਾ ਹੈ, ਇਸ ਵਿਚ ਹੋਰਮੂਜ਼ ਦਾ ਰਸਤਾ ਇਰਾਨ, ਮਸਕਟ ਅਤੇ ਓਮਾਨ ਵਿਚ ਪੈਂਦਾ ਹੈ ਅਤੇ ਤਹਿਰਾਨ ਦਾ ਰਸਤਾ ਮਿਸਰ ਅਤੇ ਸਾਊਦੀ ਅਰਬ ਨੂੰ ਓਕਾਬਾ ਦੀ ਖਾੜੀ ਨਾਲ ਮਿਲਾਉਂਦਾ ਹੈ। ਇਸ ਖੇਤਰ ਵਿਚ ਸਭ ਤੋਂ ਵੱਡੇ ਤੇਲ ਅਤੇ ਗੈਸ ਦੇ ਭੰਡਾਰ ਹਨ। ਚੌਥਾ ਰਸਤਾ ਮੱਲਕਾ ਦਾ ਹੈ ਜੋ ਮਲੇਸ਼ੀਆ, ਇੰਡੋਨੇਸ਼ੀਆ ਅਤੇ ਸਿੰਗਾਪੁਰ ਵਿਚੋਂ ਦੀ ਲੰਘਦਾ ਹੈ। ਇਸ ਰਸਤੇ ਦੀ ਵਰਤੋਂ ਜਪਾਨ ਅਤੇ ਕੋਰੀਆ ਤੇਲ ਦਾ ਆਯਾਤ ਕਰਨ ਲਈ ਕਰਦੇ ਹਨ।

ਹਿੰਦ ਮਹਾਂਸਾਗਰ ਵਿਚ 1200 ਦੇ ਕਰੀਬ ਟਾਪੂ ਹਨ ਜਿਨ੍ਹਾਂ ਵਿਚ ਲਕਸ਼ਦੀਪ, ਅੰਡੇਮਾਨ ਅਤੇ ਨਿਕੋਬਾਰ ਦੀਪ ਸਮੂਹ ਪ੍ਰਮੁੱਖ ਹਨ। ਇਨ੍ਹਾਂ ਸਾਰੇ ਟਾਪੂਆਂ ਨੂੰ ਮਿਲਾ ਕੇ ਭਾਰਤ ਦਾ ਤੱਟਵਰਤੀ ਇਲਾਕਾ 7615 ਕਿਲੋਮੀਟਰ ਹੈ। 1976 ਵਿਚ ਸੰਯੁਕਤ ਰਾਸ਼ਟਰ ਸੰਘ ਸਮੁੰਦਰੀ ਕਾਨੂੰਨ ਕਨਵੈਨਸ਼ਨ 999 ਜਨੇਵਾ ਵਿਖੇ ਹੋਈ ਜਿਸ ਵਿਚ ਭਾਰਤ ਨੇ ਵੀ ਹਿੱਸਾ ਲਿਆ। ਭਾਰਤ ਨੇ ਇਸ ਕਨਵੈਨਸ਼ਨ ਵਿਚ ਹੋਏ ਸਮਝੌਤੇ ਨੂੰ ਆਧਾਰ ਰੱਖ ਕੇ 1976 ਵਿਚ ਹੀ ਮੈਰੀਟਾਈਮ ਜ਼ੋਨ ਆਫ ਇੰਡੀਆ ਐਕਟ (ਐਮ.ਜ਼ੈਡ.ਆਈ.) ਪਾਸ ਕੀਤਾ ਜਿਸ ਤਹਿਤ ਭਾਰਤ ਦਾ ਆਪਣੇ ਤੱਟਾਂ ਤੋਂ 200 ਨਾਟੀਕਲ ਮੀਲ ਸਮੁੰਦਰ ਵਿਚ ਅਧਿਕਾਰ ਖੇਤਰ ਹੈ ਜਿਸ ਵਿਚ ਭਾਰਤੀ ਸਰਕਾਰ ਖਣਿਜ ਪਦਾਰਥ, ਤੇਲ ਅਤੇ ਗੈਸ ਦੇ ਭੰਡਾਰ ਦੀ ਖੋਜ ਕਰ ਸਕਦੀ ਹੈ ਅਤੇ ਉਨ੍ਹਾਂ ਦੀ ਵਰਤੋਂ ਕਰ ਸਕਦੀ ਹੈ। ਇਸਤੋਂ ਇਲਾਵਾ ਭਾਰਤੀ ਨਾਗਰਿਕ ਇਸ ਖੇਤਰ ਵਿਚ ਮੱਛੀਆਂ ਫੜਨ ਦਾ ਕਿੱਤਾ ਕਰ ਸਕਦੇ ਹਨ। ਇਹ ਭਾਰਤ ਦਾ ਹਿੰਦ ਮਹਾਂਸਾਗਰ ਵਿਚ 2.1 ਲੱਖ ਵਰਗ ਕਿਲੋਮੀਟਰ ਅਧਿਕਾਰ ਖੇਤਰ ਹੈ ਜਿਸਨੂੰ ਖਾਸ ਆਰਥਿਕ ਖੇਤਰ (ਐਕਸਕਲੂਸਿਵ ਇਕਨਾਮਿਕ ਜ਼ੋਨ) ਕਿਹਾ ਜਾਂਦਾ ਹੈ। ਇਸ ਖੇਤਰ ਵਿਚ ਭਾਰਤੀ ਨੌ ਸੈਨਾ ਅਤੇ ਭਾਰਤੀ ਕੋਸਟ ਗਾਰਡ ਕਈ ਕਰਤੱਵ ਨਿਭਾ ਰਹੇ ਹਨ। ਉਹ ਸਮੁੰਦਰ ਵਿਚ ਭਾਰਤੀ ਨਾਗਰਿਕਾਂ ਅਤੇ ਉਨ੍ਹਾਂ ਦੀਆਂ ਕਿਸ਼ਤੀਆਂ ਨੂੰ ਸੁਰੱਖਿਆ ਪ੍ਰਦਾਨ ਕਰਦੇ ਹਨ, ਭਾਰਤੀ ਨਾਗਰਿਕਾਂ ਅਤੇ ਸੰਪਤੀ ਨੂੰ ਕਿਸੇ ਕੁਦਰਤੀ ਪਰਲੋ ਤੋਂ ਬਾਅਦ ਮਦਦ ਦੇਣੀ, ਭਾਰਤੀ ਮਾਲਵਾਹਕ ਜਹਾਜ਼ਾਂ ਨੂੰ ਸੁਰੱਖਿਆ ਪ੍ਰਦਾਨ ਕਰਨੀ ਕਿਸੇ ਦੂਸਰੇ



ਦੇਸ਼ ਦੇ ਜਹਾਜ਼ ਨੂੰ ਭਾਰਤੀ ਖਾਸ ਅਧਿਕਾਰ ਖੇਤਰ ਵਿਚ ਮੱਛੀਆਂ ਫੜਨ ਅਤੇ ਪ੍ਰਦੂਸ਼ਣ ਕਰਨ ਤੋਂ ਰੋਕਣਾ, ਸਮਗਲਿੰਗ ਨੂੰ ਰੋਕਣਾ ਅਤੇ ਵਿਦੇਸ਼ੀ ਅਤਿਵਾਦੀ ਹਮਲੇ ਤੋਂ ਭਾਰਤ ਦੀ ਸੁਰੱਖਿਆ ਕਰਨੀ ਹੈ।

ਜੇਕਰ ਭਾਰਤ ਦੀ ਸੁਰੱਖਿਆ ਦੀ ਗੱਲ ਕੀਤੀ ਜਾਵੇ ਤਾਂ ਇਸ ਨੂੰ ਕਈ ਤਰ੍ਹਾਂ ਦੇ ਖਤਰੇ ਹਨ। ਪਹਿਲਾ ਖਤਰਾ ਵਿਦੇਸ਼ੀ ਤਾਕਤਾਂ ਦੀ ਹਿੰਦ ਮਹਾਂਸਾਗਰ ਵਿਚ ਮੌਜੂਦਗੀ ਹੈ। ਅਮਰੀਕਾ ਦਾ ਫੌਜੀ ਅੱਡਾ ਡੀਗੋ ਗਾਰਸ਼ੀਆ ਇਸ ਵਿਚ ਸਥਿਤ ਹੈ। ਇਸ ਫੌਜੀ ਅੱਡੇ ਦੀ ਵਰਤੋਂ ਇਰਾਕ 'ਤੇ ਹਮਲਿਆਂ ਸਮੇਂ ਕੀਤੀ ਗਈ ਸੀ ਅਤੇ 2001 ਵਿਚ ਜਦੋਂ ਅਮਰੀਕਾ ਨੇ ਅਫਗਾਨਿਸਤਾਨ 'ਤੇ ਮਿਸਾਈਲਾਂ ਦਾਗੀਆਂ ਤਾਂ ਇਸ ਫੌਜੀ ਅੱਡੇ ਦੀ ਵਰਤੋਂ ਕੀਤੀ ਗਈ ਸੀ। ਇਸਤੋਂ ਇਲਾਵਾ ਪਿਛਲੇ ਦਸ ਸਾਲਾਂ ਵਿਚ ਚੀਨ ਵੀ ਹਿੰਦ ਮਹਾਂਸਾਗਰ ਵਿਚ ਸਰਗਰਮੀ ਕਰ ਰਿਹਾ ਹੈ। ਚੀਨ ਨੇ ਮਿਆਂਮਾਰ ਦੇ ਟਾਪੂਆਂ 'ਤੇ ਗੁਪਤ ਸੂਚਨਾਵਾਂ ਇਕੱਠੀਆਂ ਕਰਨ ਲਈ ਫੌਜੀ ਅੱਡਾ ਬਣਾਇਆ ਹੈ ਜੋ ਭਾਰਤੀ ਅੰਡੇਮਾਨ ਦੀਪ ਸਮੂਹ ਦੇ ਬਹੁਤ ਨਜ਼ਦੀਕ ਹੈ। ਇਸਤੋਂ ਇਲਾਵਾ ਪਾਕਿਸਤਾਨ ਦੇ ਗਵਾਦਰਾ ਅਤੇ ਸ੍ਰੀਲੰਕਾ ਦੀ ਹਮਬਨ-ਤੋਤਾ ਬੰਦਰਗਾਹ ਨੂੰ ਵੀ ਚੀਨ ਨੇ ਆਪਣੀ ਵਰਤੋਂ ਲਈ ਵਿਕਸਤ ਕੀਤਾ ਹੈ। ਸ੍ਰੀਲੰਕਾ, ਮਾਲਦੀਵ ਅਤੇ ਬੰਗਲਾਦੇਸ਼ ਵੀ ਚੀਨ ਨਾਲ ਕਾਫੀ ਮਿਲਵਰਤਣ ਵਧਾ ਰਹੇ ਹਨ ਅਤੇ ਚੀਨੀ ਨੌ ਸੈਨਾ ਦੀ ਇਨ੍ਹਾਂ ਦੇਸ਼ਾਂ ਦੀਆਂ ਬੰਦਰਗਾਹਾਂ 'ਤੇ ਕਾਫੀ ਆਵਾਜਾਈ ਹੈ। ਹਿੰਦ ਮਹਾਂਸਾਗਰ ਵਿਚ ਇਨ੍ਹਾਂ ਫੌਜੀ ਅੱਡਿਆਂ ਅਤੇ ਨੌ ਸੈਨਾ ਦੀ ਮੌਜੂਦਗੀ ਭਾਰਤ ਦੀ ਸੁਰੱਖਿਆ ਨੂੰ ਖਤਰਾ ਪੈਦਾ ਕਰ ਸਕਦੀ ਹੈ।

ਮੈਰੀਟਾਈਮ ਜ਼ੋਨ ਆਫ ਇੰਡੀਆ ਐਕਟ ਬਣਨ ਤੋਂ ਬਾਅਦ ਇਹ ਵੇਖਣ ਵਿਚ ਆਇਆ ਕਿ ਭਾਰਤ ਦੀ ਅੰਦਰੂਨੀ ਸੁਰੱਖਿਆ ਨੂੰ ਕਈ ਤਰ੍ਹਾਂ ਦੇ ਬਾਹਰੀ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਭਾਰਤ ਦੀ ਸਮੁੰਦਰੀ ਸੁਰੱਖਿਆ ਲਈ ਜਿੱਥੇ ਭਾਰਤੀ ਨੌ ਸੈਨਾ ਕੰਮ ਕਰ ਰਹੀ ਸੀ, ਉੱਥੇ 1978 ਵਿਚ ਭਾਰਤੀ ਤੱਟਾਂ ਦੀ ਨਿਗਰਾਨੀ ਰੱਖਣ ਲਈ ਭਾਰਤੀ ਕੋਸਟ ਗਾਰਡ ਅਰਧ ਸੈਨਿਕ ਬਲ ਦੀ ਸਥਾਪਨਾ ਕੀਤੀ ਗਈ, ਕਿਉਂਕਿ ਉਸ ਸਮੇਂ ਤਕ ਭਾਰਤੀ ਅੰਦਰੂਨੀ ਸੁਰੱਖਿਆ ਨੂੰ ਕਈ ਨਵੇਂ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਇਸ ਵਿਚ ਭਾਰਤੀ ਮਾਲਵਾਹਕ ਜਹਾਜ਼ਾਂ ਨੂੰ ਇਕ ਖਤਰਾ ਸਮੁੰਦਰੀ ਡਾਕੂਆਂ ਤੋਂ ਰਿਹਾ ਹੈ। ਇਹ ਸਮੁੰਦਰੀ ਡਾਕੂ ਮੱਲਕਾ ਦੇ ਰਸਤੇ ਵਪਾਰਕ ਜਹਾਜ਼ਾਂ ਨੂੰ ਲੁੱਟਦੇ ਰਹਿੰਦੇ ਹਨ। ਸੁਮਾਲੀਆ ਦੇ ਸਮੁੰਦਰੀ ਡਾਕੂ ਜਿਹੜੇ ਹਿੰਦ ਮਹਾਂਸਾਗਰ ਦੇ ਈਡਨ ਦੀ ਖਾੜੀ ਵਿਚ ਪਿਛਲੇ 3-4 ਸਾਲਾਂ ਤੋਂ ਕਈ ਮਾਲਵਾਹਕ ਜਹਾਜ਼ਾਂ 'ਤੇ ਕਬਜ਼ਾ ਕਰਕੇ ਉਨ੍ਹਾਂ ਨੂੰ ਛੱਡਣ ਦੇ ਇਵਜ਼ ਵਿਚ ਪੈਸੇ ਲੈਂਦੇ ਰਹੇ ਹਨ। ਨਵੰਬਰ 2009 ਵਿਚ ਭਾਰਤੀ ਨੌ ਸੈਨਾ ਨੇ ਇਸ ਖੇਤਰ ਵਿਚ ਇਨ੍ਹਾਂ ਸਮੁੰਦਰੀ ਡਾਕੂਆਂ ਦੇ ਇਕ ਜਹਾਜ਼ 'ਤੇ ਹਮਲਾ ਕਰਕੇ ਉਸਨੂੰ ਡਬੋਇਆ ਸੀ।

ਭਾਰਤ ਦੀ ਅੰਦਰੂਨੀ ਸੁਰੱਖਿਆ ਨੂੰ ਸਮੁੰਦਰੀ ਰਸਤੇ ਹੋਣ ਵਾਲੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਤੋਂ ਵੀ ਖਤਰਾ ਹੈ। ਭਾਰਤ ਨਸ਼ੀਲੇ ਪਦਾਰਥਾਂ ਦੇ ਉਤਪਾਦਨ ਕਰਨ ਵਾਲੇ ਦੋ ਵੱਡੇ ਖੇਤਰ ਗੋਲਡਨ ਕਰੈਸੈਂਟ (ਇਰਾਨ, ਪਾਕਿਸਤਾਨ ਅਤੇ ਅਫਗਾਨਿਸਤਾਨ) ਅਤੇ ਗੋਲਡਨ ਟਰਾਈਐਂਗਲ (ਮਿਆਂਮਾਰ, ਥਾਈਲੈਂਡ ਅਤੇ ਲਾਓਸ) ਦੇ ਵਿਚਕਾਰ ਪੈਂਦਾ ਹੈ। ਇਨ੍ਹਾਂ ਨਸ਼ੀਲੇ ਪਦਾਰਥਾਂ ਨੂੰ ਜ਼ਮੀਨੀ ਰਸਤੇ ਦੇ ਨਾਲ-ਨਾਲ ਸਮੁੰਦਰੀ ਰਸਤੇ ਰਾਹੀਂ ਭਾਰਤ ਵਲ ਧੱਕਿਆ ਜਾ ਰਿਹਾ।

ਤੀਸਰਾ ਵੱਡਾ ਖਤਰਾ ਭਾਰਤ ਨੂੰ ਆਧੁਨਿਕ ਛੋਟੇ ਹਥਿਆਰਾਂ ਦੀ ਤਸਕਰੀ ਦਾ ਹੈ। 1996 ਅਤੇ 2004 ਵਿਚ ਬੰਗਲਾਦੇਸ਼ ਦੇ ਚਿਟਾਗਾਂਗ ਖੇਤਰ ਵਿਚ ਆਧੁਨਿਕ ਹਥਿਆਰਾਂ ਦੇ ਜ਼ਖੀਰੇ ਫੜੇ ਗਏ ਜਿਨ੍ਹਾਂ ਦੀ ਗਿਣਤੀ 4000 ਤੋਂ ਉਪਰ ਸੀ। ਇਨ੍ਹਾਂ ਵਿਚ ਏ.ਕੇ. 47 ਰਾਈਫਲਾਂ, ਰਾਕਟ ਲਾਂਚਰ ਅਤੇ ਥਾਮਸਨ ਰਾਈਫਲਾਂ ਵਰਗੇ ਆਧੁਨਿਕ ਕਿਸਮ ਦੇ ਹਥਿਆਰ ਸਨ। ਬੰਗਲਾਦੇਸ਼ ਵਿਚ ਚਿਟਾਗਾਂਗ ਅਤੇ ਕੋਕਸ ਬਾਜ਼ਾਰ ਦੇ ਅਜਿਹੇ ਖੇਤਰ ਹਨ ਜੋ ਛੋਟੇ ਹਥਿਆਰਾਂ ਦੀ ਤਸਕਰੀ ਲਈ ਬਦਨਾਮ ਹਨ। ਇਨ੍ਹਾਂ ਖੇਤਰਾਂ ਤੋਂ ਹਥਿਆਰ ਜਾਂ ਤਾਂ ਜ਼ਮੀਨੀ ਰਸਤੇ ਰਾਹੀਂ ਉੱਤਰ-ਪੂਰਬੀ ਰਾਜਾਂ (ਨਾਗਾਲੈਂਡ, ਮਿਜ਼ੋਰਮ, ਅਸਾਮ ਅਤੇ ਤ੍ਰਿਪੁਰਾ) ਜਿੱਥੇ ਖਾੜਕੂਵਾਦ ਸਰਗਰਮ ਹੈ, ਨੂੰ ਭੇਜੇ ਜਾਂਦੇ ਹਨ ਜਾਂ ਇਨ੍ਹਾਂ ਨੂੰ ਸਮੁੰਦਰੀ ਰਸਤੇ ਰਾਹੀਂ ਪੱਛਮੀ ਬੰਗਾਲ ਦੀਆਂ ਬੰਦਰਗਾਹਾਂ 'ਤੇ ਭੇਜਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

ਚੌਥਾ ਵੱਡਾ ਖਤਰਾ ਅਤਿਵਾਦੀਆਂ ਦੁਆਰਾ ਸਮੁੰਦਰੀ ਰਸਤੇ ਰਾਹੀਂ ਭਾਰਤੀ ਸ਼ਹਿਰਾਂ ਨੂੰ ਆਪਣਾ ਨਿਸ਼ਾਨਾ ਬਣਾਉਣਾ ਹੈ, ਜਿਵੇਂ ਕਿ 26 ਨਵੰਬਰ, 2008 ਵਿਚ ਮੁੰਬਈ 'ਤੇ ਹਮਲਾ ਕੀਤਾ ਗਿਆ ਸੀ। ਭਾਰਤੀ ਸੁਰੱਖਿਆ ਏਜੰਸੀਆਂ ਦੁਆਰਾ ਇਸ ਪਹਿਲੂ ਵਲ ਤਵੱਜੋ ਇਸ ਹਮਲੇ ਤੋਂ ਬਾਅਦ ਹੀ ਦਿੱਤੀ ਗਈ। ਇਸ ਤਰ੍ਹਾਂ ਦੀ ਕਾਰਵਾਈ ਦੀ ਕੋਸ਼ਿਸ਼ ਅਲ-ਕਾਇਦਾ ਨੇ ਜਨਵਰੀ 2002 ਵਿਚ ਕੀਤੀ ਸੀ। ਇਹ ਉਦੋਂ ਸਾਹਮਣੇ ਆਇਆ ਜਦੋਂ ਅਮਰੀਕੀ ਨੌ ਸੈਨਾ ਨੇ ਇਕ ਵਿਦੇਸ਼ੀ ਮਾਲਵਾਹਕ ਜਹਾਜ਼ ਦੀ ਤਲਾਸ਼ੀ ਲਈ ਤੇ ਵੇਖਿਆ ਕਿ ਜਹਾਜ਼ ਵਿਚ ਸਾਮਾਨ ਲਿਜਾਣ ਲਈ ਵਰਤੇ ਜਾਣ ਵਾਲੇ ਲੋਹੇ ਦੇ ਵੱਡੇ ਕੰਟੇਨਰਾਂ ਨੂੰ ਇਸ ਤਰ੍ਹਾਂ ਵਿਕਸਤ ਕੀਤਾ ਗਿਆ ਸੀ ਕਿ ਉਸ ਵਿਚ ਤਿੰਨ ਜਾਂ ਚਾਰ ਬੰਦੇ ਲੰਬੇ ਸਮੇਂ ਤੱਕ ਅੰਦਰ ਰਹਿ ਸਕਣ। ਪਰ ਇਸਦੀ ਤਲਾਸ਼ੀ ਤੋਂ ਪਹਿਲਾਂ ਹੀ ਅਤਿਵਾਦੀ ਉੱਥੋਂ ਫਰਾਰ ਹੋ ਗਏ ਸਨ। ਇਨ੍ਹਾਂ ਕੰਟੇਨਰਾਂ ਵਿਚੋਂ ਕੈਨੇਡਾ, ਥਾਈਲੈਂਡ ਅਤੇ ਮਿਸਰ ਵਿਚ ਦਾਖਲ ਹੋਣ ਲਈ ਸੁਰੱਖਿਆ ਪਾਸ ਵੀ ਬਰਾਮਦ ਹੋਏ। ਇਨ੍ਹਾਂ ਕੰਟੇਨਰਾਂ ਨੂੰ ਸੀਲਾਂ ਲਾ ਕੇ ਬੰਦ ਕੀਤਾ ਜਾਂਦਾ ਹੈ ਅਤੇ ਕਿਸੇ ਦੇਸ਼ ਵਿਚ ਪਹੁੰਚਣ 'ਤੇ ਘੱਟ ਹੀ ਚੈਕ ਕੀਤਾ ਜਾਂਦਾ ਹੈ। ਇਨ੍ਹਾਂ ਕੰਟੇਨਰਾਂ ਨੂੰ ਕੋਈ ਵੀ ਅਤਿਵਾਦੀ ਜਥੇਬੰਦੀ, ਕਿਸੇ ਵੀ ਦੇਸ਼ 'ਤੇ ਹਮਲੇ ਲਈ ਅਤਿਵਾਦੀਆਂ ਨੂੰ ਭੇਜਣ ਲਈ ਵਰਤ ਸਕਦੀ ਹੈ।

ਭਾਰਤ ਵਿਚ ਸੁਰੱਖਿਆ ਦੇ ਮਾਮਲੇ ਵਿਚ ਇਕ ਗਲਤ ਧਾਰਨਾ ਹੈ ਕਿ ਘਟਨਾ ਤੋਂ ਬਾਅਦ ਹੀ ਸਰਗਰਮੀ ਵਿਖਾਈ ਜਾਂਦੀ ਹੈ, ਜਿਵੇਂ ਕਿ 26/11 ਮੁੰਬਈ ਹਮਲੇ ਤੋਂ ਬਾਅਦ ਵੇਖਣ ਵਿਚ ਆਇਆ ਹੈ। ਹਾਲੇ ਵੀ ਭਾਰਤੀ ਸਮੁੰਦਰੀ ਸੁਰੱਖਿਆ ਦੇ ਕਈ ਅਜਿਹੇ ਪਹਿਲੂ ਹਨ, ਜਿਨ੍ਹਾਂ ਬਾਰੇ ਸਰਕਾਰ ਵਲੋਂ ਕੋਈ ਖਾਸ ਧਿਆਨ ਨਹੀਂ ਦਿੱਤਾ ਗਿਆ। ਮਿਸਾਲ ਵਜੋਂ ਭਾਰਤ ਦਾ 90 ਫੀਸਦੀ ਆਯਾਤ ਸਮੁੰਦਰੀ ਰਸਤੇ ਕੀਤਾ ਜਾਂਦਾ ਹੈ। ਇਸ ਆਯਾਤ ਨਾਲ ਕਈ ਮੰਤਰਾਲੇ (ਜਿਵੇਂ ਸੁਰੱਖਿਆ, ਘਰੇਲੂ, ਵਪਾਰ, ਜਹਾਜ਼ਰਾਨੀ, ਗੈਸ ਅਤੇ ਪੈਟਰੋਲੀਅਮ, ਵਿੱਤ ਅਤੇ ਖੇਤੀਬਾੜੀ) ਦਾ ਸਬੰਧ ਹੈ ਪਰ ਇਨ੍ਹਾਂ ਵਿਚ ਕੋਈ ਆਪਸੀ ਤਾਲਮੇਲ ਨਹੀਂ, ਕਿਉਂਕਿ ਇਨ੍ਹਾਂ ਵਿਦੇਸ਼ੀ ਮਾਲਵਾਹਕ ਜਹਾਜ਼ਾਂ 'ਤੇ ਨਿਗਰਾਨੀ ਰੱਖਣ ਲਈ ਭਾਰਤੀ ਸੁਰੱਖਿਆ ਏਜੰਸੀਆਂ ਕੋਲ ਨਾ ਕੋਈ ਜ਼ਿਆਦਾ ਕਾਨੂੰਨੀ ਸ਼ਕਤੀ ਹੈ ਤੇ ਨਾ ਹੀ ਆਧੁਨਿਕ ਸਾਜ਼ੋ ਸਾਮਾਨ ਹੈ। ਇਸ ਲਈ ਮੁੰਬਈ ਹਮਲੇ ਵਰਗੀ ਘਟਨਾ ਭਵਿੱਖ ਵਿਚ ਕਦੇ ਵੀ ਵਾਪਰ ਸਕਦੀ ਹੈ।

# ਸੁਖਨਾ ਜ਼ਮੀਨੀ ਵਿਵਾਦ ਦਾ ਸੰਤਾਪ ਕੌਣ ਭੋਗੂ

**ਕੁਲਦੀਪ ਸਿੰਘ ਕਾਹਲੋਂ**

ਕੁਝ ਦੇਰ ਤੋਂ ਪੱਛਮੀ ਬੰਗਾਲ ਦੇ ਉੱਤਰੀ ਧੁਰੇ 'ਤੇ ਸਥਾਪਤ ਸੁਖਨਾ ਮਿਲਟਰੀ ਸਟੇਸ਼ਨ ਅਖ਼ਬਾਰਾਂ ਦੀਆਂ ਸੁਰਖੀਆਂ ਅਤੇ ਟੀ.ਵੀ. ਚੈਨਲਾਂ 'ਤੇ ਨਜ਼ਰ ਆ ਰਿਹਾ ਹੈ। ਚਾਹੀਦਾ ਤਾਂ ਇਹ ਸੀ ਕਿ ਹਥਿਆਰਬੰਦ ਸੈਨਾਵਾਂ ਨਾਲ ਜੁੜੇ ਇਸ ਮਸਲੇ ਨੂੰ ਬੜੀ ਸੰਜੀਦਗੀ ਅਤੇ ਦੂਰਅੰਦੇਸ਼ੀ ਨਾਲ ਵਿਚਾਰਿਆ ਜਾਂਦਾ ਪ੍ਰੰਤੂ ਮੀਡੀਆ ਅਤੇ ਸਰਕਾਰ ਇੰਨੀ ਤੇਜ਼ੀ ਨਾਲ ਹਰਕਤ 'ਚ ਆ ਗਏ ਕਿ ਇਸ ਮਸਲੇ ਨੂੰ ਜ਼ਮੀਨ ਦੇ ਇਕ ਵੱਡੇ ਘੁਟਾਲੇ ਵਜੋਂ ਅੰਤਰਰਾਸ਼ਟਰੀ ਪੱਧਰ 'ਤੇ ਪੇਸ਼ ਕਰ ਦਿੱਤਾ ਗਿਆ। ਨੌਬਤ ਇਥੋਂ ਤਕ ਪਹੁੰਚ ਗਈ ਕਿ ਦੇਸ਼ ਦੇ ਰੱਖਿਆ ਮੰਤਰੀ ਨੇ 13 ਲੱਖ ਫੌਜ ਦੇ ਸੈਨਾ ਮੁਖੀ ਦੇ ਕਾਨੂੰਨੀ ਅਧਿਕਾਰਾਂ ਨੂੰ ਰੱਦ ਕਰਦਿਆਂ ਲੈਫ. ਜਨਰਲ ਅਵਦੇਸ਼ ਪ੍ਰਕਾਸ਼ ਦਾ ਕੋਰਟ ਮਾਰਸ਼ਲ ਕਰਨ ਦਾ ਹੁਕਮ ਜਾਰੀ ਕੀਤਾ।

ਇਸ ਸਮੁੱਚੇ ਕਾਂਡ ਨੇ ਕਈ ਸੁਆਲ ਖੜ੍ਹੇ ਕਰ ਦਿੱਤੇ ਹਨ। ਪਹਿਲਾ ਬਿੰਦੂ ਤਾਂ ਇਹ ਹੈ ਕਿ ਜਿਸ ਤਰੀਕੇ ਨਾਲ ਇਹ ਸਾਰਾ ਵਾ-ਵਰੋਲਾ ਉਠਿਆ ਅਤੇ ਉਸਨੂੰ ਹੋਰ ਉਛਾਲਿਆ ਗਿਆ, ਕੀ ਇਹ ਸਬੰਧਤ ਉੱਚ ਮਿਲਟਰੀ ਅਧਿਕਾਰੀਆਂ, ਰੱਖਿਆ ਵਿਭਾਗ ਤੇ ਅਫਸਰਸ਼ਾਹੀ ਅਤੇ ਰਾਜਨੀਤਕ ਨੇਤਾਵਾਂ ਦੀ ਪਰਪੱਕਤਾ ਦੀ ਨਿਸ਼ਾਨੀ ਹੈ? ਕੀ ਇਹ ਜਲਦਬਾਜ਼ੀ ਵਿਚ ਚੁੱਕਿਆ ਕਦਮ ਨਹੀਂ? ਕੀ ਇਸ ਨਾਲ ਦੇਸ਼ ਦੀ ਸੁਰੱਖਿਆ ਅਤੇ ਫੌਜ ਦੇ ਮਨੋਬਲ ਉਪਰ ਅਸਰ ਨਹੀਂ ਪਵੇਗਾ? ਇਨ੍ਹਾਂ ਸੁਆਲਾਂ ਦੇ ਜੁਆਬ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਸੁਖਨਾ ਮਿਲਟਰੀ ਸਟੇਸ਼ਨ ਦੀ ਰੂਪਰੇਖਾ ਤੇ ਭੂਗੋਲਿਕ ਸਥਿਤੀ ਕੀ ਹੈ? ਡਿਫੈਂਸ ਜ਼ਮੀਨ ਦੀ ਦੇਖ-ਰੇਖ ਕਿਵੇਂ ਹੁੰਦੀ ਹੈ? ਫੌਜ ਵਿਚ ਵੀ ਭ੍ਰਿਸ਼ਟਾਚਾਰ ਦਾ ਪਾਸਾਰ ਕਿਉਂ ਹੁੰਦਾ ਜਾ ਰਿਹਾ ਹੈ? ਦੇਸ਼ ਅੰਦਰ ਵਾਪਰ ਰਹੇ ਵੱਡੇ ਤੋਂ ਵੱਡੇ ਘੁਟਾਲੇ ਫੌਜ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ? ਇਨ੍ਹਾਂ ਮੁੱਦਿਆਂ ਉਪਰ ਇਕ ਝਾਤ ਮਾਰ ਕੇ ਪੂਰੇ ਮਸਲੇ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ।

ਸਿਲੀਗੁੜੀ ਦੇ ਨਜ਼ਦੀਕ ਚਾਹ ਬਗੀਚਿਆਂ ਦੀ ਮਹਿਕ ਵਿਚ ਕਾਇਮ ਸੁਖਨਾ ਮਿਲਟਰੀ ਸਟੇਸ਼ਨ ਭਾਰਤੀ ਫੌਜ ਦੀ 33 ਕੋਰ ਦਾ ਹੈਡਕੁਆਰਟਰ ਹੈ, ਜਿਸ ਦੀ ਕਮਾਨ ਇਕ ਲੈਫਟੀਨੈਂਟ ਜਨਰਲ ਕਰਦਾ ਹੈ। ਇਸ ਕੋਰ ਦੀ ਅਪਰੇਸ਼ਨਲ ਜ਼ਿੰਮੇਵਾਰੀ ਦਾ ਇਲਾਕਾ ਇਕ ਪਾਸੇ ਬੰਗਲਾਦੇਸ਼ ਨਾਲ ਲੱਗਦਾ ਹੈ ਅਤੇ ਦੂਸਰੇ ਪਾਸੇ ਸਿੱਕਮ ਅਤੇ ਅਰੁਣਾਚਲ ਪ੍ਰਦੇਸ਼ ਨਾਲ ਤਿਬਤ-ਚੀਨ ਨਾਲ ਲਗਦੀ ਸੀਮਾ ਦੀ ਰਖਵਾਲੀ ਵਾਲਾ ਹੈ। ਸੁਖਨਾ ਵਿਖੇ ਕੋਰ ਹੈਡਕੁਆਰਟਰ ਤੋਂ ਇਲਾਵਾ ਕੁਝ ਇਕ ਯੂਨਿਟਾਂ ਜਿਵੇਂ ਕਿ ਸਪਲਾਈ, ਇੰਜੀਨੀਅਰ, ਤੋਪਖਾਨਾ ਅਤੇ ਹੋਰ ਕਈ ਸਟੇਸ਼ਨ ਡਿਪੂ ਆਦਿ ਹਨ, ਜਿਨ੍ਹਾਂ ਦੀ ਦੇਖ-ਰੇਖ ਦੀ ਜ਼ਿੰਮੇਵਾਰੀ ਇਕ ਬ੍ਰਿਗੇਡੀਅਰ ਜਾਂ ਹੇਠਲੇ ਰੈਂਕ ਵਾਲੇ ਅਫਸਰ ਨੂੰ ਸੌਂਪੀ ਜਾਂਦੀ ਹੈ, ਜਿਸ ਨੂੰ ਸਟੇਸ਼ਨ ਕਮਾਂਡਰ ਦੇ ਨਾਮ ਨਾਲ ਜਾਣਿਆਂ ਜਾਂਦਾ ਹੈ। ਮੋਟੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਵੀ ਮਿਲਟਰੀ ਸਟੇਸ਼ਨ ਦੇ ਘੇਰੇ ਵਿਚ ਆਉਣ ਵਾਲੀਆਂ ਹਥਿਆਰਬੰਦ ਫੌਜਾਂ ਅਤੇ ਫੁਟਕਲ ਸੰਸਥਾਵਾਂ ਦੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਸਟੇਸ਼ਨ ਕਮਾਂਡਰ ਦੀ ਹੁੰਦੀ ਹੈ। ਮਿਲਟਰੀ ਸਟੇਸ਼ਨ ਕਮਾਂਡਰਾਂ ਦੀਆਂ ਡਿਊਟੀਆਂ ਰੈਗੂਲੇਸ਼ਨ ਆਫ ਦੀ ਆਰਮੀ-1962 ਦੀ ਧਾਰਾ 20 ਦੇ ਅਧੀਨ ਬਿਆਨ ਕੀਤੀਆਂ ਹੋਈਆਂ ਹਨ। ਮਿਲਟਰੀ ਸਟੇਸ਼ਨਾਂ ਦੀ ਜ਼ਮੀਨ ਦੀ ਦੇਖ-ਰੇਖ ਵਾਸਤੇ ਸਰਕਾਰ ਨੇ ''ਡਿਫੈਂਸ ਇਸਟੇਟ'' ਵਾਲਾ ਮਹਿਕਮਾ ਕਾਇਮ ਕੀਤਾ ਹੋਇਆ ਹੈ ਜੋ ਕਿ ਲੋਕਲ ਮਿਲਟਰੀ ਹੈਡਕੁਆਰਟਰ ਨਾਲ ਤਾਲ-ਮੇਲ ਕਰ ਕੇ ਜ਼ਮੀਨ ਦੀ ਦੇਖ-ਰੇਖ ਕਰਦਾ ਹੈ।

ਆਮ ਤੌਰ 'ਤੇ ਮਿਲਟਰੀ ਸਟੇਸ਼ਨਾਂ ਦੇ ਇਰਦ-ਗਿਰਦ ਤਕਰੀਬਨ ਇਕ ਕਿਲੋਮੀਟਰ ਦੇ ਘੇਰੇ ਵਾਲੇ ਇਲਾਕੇ ਅੰਦਰ ਕੋਈ ਵੀ ਨਾਗਰਿਕ ਵਪਾਰਕ ਰਿਹਾਇਸ਼ੀ ਸਥਾਨ ਕਾਇਮ ਨਹੀਂ ਕਰ ਸਕਦਾ। ਜੇ ਕੋਈ ਪ੍ਰਮਾਣੂ ਸ਼ਕਤੀ ਵਾਲਾ ਅੱਡਾ ਵੀ ਹੁੰਦਾ ਹੈ ਤਾਂ ਇਸ ਦਾ ਸੁਰੱਖਿਆ ਵਾਲਾ ਖੇਤਰ ਹੋਰ ਵਧਾਇਆ ਜਾਂਦਾ ਹੈ।

ਜੇ ਕਿਸੇ ਕਾਰਨ ਇਸ ਸੁਰੱਖਿਆ ਵਾਲੇ ਘੇਰੇ ਅੰਦਰ ਜ਼ਮੀਨ ਦੇ ਮਾਲਕ ਵਲੋਂ ਕੋਈ ਕੰਮ-ਕਾਜ ਚਲਾਉਣਾ ਹੋਵੇ ਤਾਂ ਸਟੇਸ਼ਨ ਕਮਾਂਡਰ ਜਾਂ ਉਸਦੇ ਉੱਚ ਅਧਿਕਾਰੀ ਪਾਸੋਂ ਸਿਵਲ ਪ੍ਰਸ਼ਾਸਨ ਦੀ ਰਾਇ ਨਾਲ 'ਕੋਈ ਇਤਰਾਜ਼ ਨਹੀਂ' ਵਾਲਾ ਸਰਟੀਫਿਕੇਟ ਲੈਣਾ ਪੈਂਦਾ ਹੈ।

ਸੁਖਨਾ ਜ਼ਮੀਨ ਮਾਮਲੇ ਵਿਚ ਐਸਾ ਪ੍ਰਤੀਤ ਹੁੰਦਾ ਹੈ ਕਿ ਸਿਲੀਗੁੜੀ ਦੇ ਇਕ ਪ੍ਰਾਪਰਟੀ ਡੀਲਰ ਦਲੀਪ ਅਗਰਵਾਲ, ਜਿਸ ਦੀਆਂ ਚਾਰ ਬੇਟੀਆਂ ਹਨ, ਦੀ ਖਾਹਿਸ਼ ਸੀ ਕਿ ਇਕ ਉੱਚ ਪੱਧਰੀ ਸਕੂਲ ਕਾਇਮ ਕੀਤਾ ਜਾਵੇ। ਇਸ ਮਨੋਰਥ ਦੀ ਪੂਰਤੀ ਵਾਸਤੇ ਅਗਰਵਾਲ ਨੇ ਸੁਖਨਾ ਮਿਲਟਰੀ ਸਟੇਸ਼ਨ ਦੇ ਨਾਲ ਲਗਦੀ ਤਕਰੀਬਨ 71 ਏਕੜ ਜ਼ਮੀਨ ਮਾਲਕਾਂ ਪਾਸੋਂ ਖਰੀਦਣ ਦੀ ਸਕੀਮ ਤਿਆਰ ਕੀਤੀ, ਜਿਸ ਨੂੰ ਨੇਪਰੇ ਚਾੜ੍ਹਨ ਖਾਤਰ ਸਟੇਸ਼ਨ ਕਮਾਂਡਰ ਪਾਸੋਂ 'ਕੋਈ ਇਤਰਾਜ਼ ਨਹੀਂ' ਵਾਲਾ ਸਰਟੀਫਿਕੇਟ ਪ੍ਰਾਪਤ ਕਰਨਾ ਜ਼ਰੂਰੀ ਸੀ। ਇਕ ਪਹਿਲੂ ਤਾਂ ਸਪਸ਼ਟ ਹੈ ਕਿ ਜਿਸ ਜ਼ਮੀਨ ਦਾ ਸੌਦਾ ਅਗਰਵਾਲ ਨੇ ਕੀਤਾ ਉਹ ਨਾ ਤਾਂ 'ਡਿਫੈਂਸ ਇਸਟੇਟ' ਸੀ ਅਤੇ ਨਾ ਹੀ ਫੌਜ ਦੀ ਕੋਈ ਟੁਕੜੀ ਉਸ ਉਪਰ ਕਾਬਜ਼ ਸੀ।

ਕੀ ਇਹ ਵਿਵਾਦਪੂਰਨ ਜਾਇਦਾਦ ਸੂਬਾ ਸਰਕਾਰ ਦੀ ਸੀ? ਜੇ ਨਹੀਂ ਤਾਂ ਇਸ ਦੀ ਮਲਕੀਅਤ ਬਾਰੇ ਵੇਰਵੇ ਤਾਂ ਪੱਛਮੀ ਬੰਗਾਲ ਦੀ ਸਰਕਾਰ ਪਾਸ ਹੋਣੇ ਲਾਜ਼ਮੀ ਹਨ। ਅਗਰ ਸ਼ੱਕ ਹੁੰਦਾ ਤਾਂ ਕੀ ਸਕੂਲ ਖੋਲ੍ਹਣ ਬਾਰੇ ਜੋ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮ.ਓ.ਯੂ.) ਤਿਆਰ ਕੀਤਾ ਗਿਆ, ਉਸਨੂੰ ਇਕ ਰਿਪੋਰਟ ਮੁਤਾਬਕ ਅੰਤਿਮ ਛੋਹਾਂ ਸੂਬਾ ਸਰਕਾਰ ਦੇ ਸਕੱਤਰੇਤ ਵਿਖੇ ਨਾ ਦਿੱਤੀਆਂ ਜਾਂਦੀਆਂ, ਜਿਸ ਉਤੇ ਫੌਜੀ ਅਧਿਕਾਰੀਆਂ ਅਤੇ ਚਾਰ ਹੋਰ ਧਿਰਾਂ ਨੇ ਦਸਤਖ਼ਤ ਵੀ ਕੀਤੇ? ਇਸ ਕਾਰਵਾਈ ਉਪਰੰਤ ਇਹ ਸਪਸ਼ਟ ਹੈ ਕਿ ਇਸ ਸਮਝੇ ਜਾਂਦੇ ਘਪਲੇ ਵਿਚ ਸਿਵਲੀਅਨ ਅਫਸਰਸ਼ਾਹੀ ਵੀ ਸ਼ਾਮਲ ਸੀ। ਖ਼ੈਰ ਇਸ ਐਮ.ਓ.ਯੂ. ਨੂੰ ਪੂਰਬੀ ਕਮਾਂਡ ਦੇ ਆਰਮੀ ਕਮਾਂਡਰ ਅਤੇ ਨਾਮਜ਼ਦ ਸੈਨਾ ਮੁਖੀ ਲੈਫਟੀਨੈਂਟ ਜਨਰਲ ਵੀ.ਕੇ. ਸਿੰਘ ਨੇ ਰੱਦ ਵੀ ਕਰ ਦਿੱਤਾ। ਫੌਜ ਵਲੋਂ ਕੀਤੀ ਗਈ 'ਕੋਰਟ ਆਫ ਇਨਕੁਆਇਰੀ' ਉਪਰੰਤ ਪੂਰਬੀ ਆਰਮੀ ਕਮਾਂਡਰ ਨੇ ਆਰਮੀ ਹੈਡਕੁਆਰਟਰ ਵਿਚ ਮਿਲਟਰੀ ਸੈਕਟਰੀ ਵਜੋਂ ਤਾਇਨਾਤ ਲੈਫਟੀਨੈਂਟ ਜਨਰਲ ਅਵਦੇਸ਼ ਪ੍ਰਕਾਸ਼ ਨੂੰ ਬਰਖਾਸਤ ਕਰਨ ਦੀ ਸਿਫਾਰਸ਼ ਕੀਤੀ ਅਤੇ ਉਸ ਸਮੇਂ ਦੇ ਕੋਰ ਕਮਾਂਡਰਾਂ ਲੈਫ. ਜਨਰਲ ਪੀ.ਕੇ. ਰਥ ਅਤੇ ਹੋਰ ਸਾਥੀਆਂ ਖ਼ਿਲਾਫ਼ ਆਰਮੀ ਐਕਟ ਮੁਤਾਬਕ ਕਾਰਵਾਈ ਆਰੰਭੀ।

ਪੂਰਬੀ ਆਰਮੀ ਕਮਾਂਡਰ ਮੁਤਾਬਕ ਅਗਰਵਾਲ ਨੂੰ ਐਨ.ਓ.ਸੀ. ਦਿਵਾਉਣ ਵਿਚ ਲੈਫ. ਜਨਰਲ ਅਵਦੇਸ਼ ਪ੍ਰਕਾਸ਼ ਅਤੇ ਹੋਰ ਜਰਨੈਲਾਂ ਦਾ ਵੀ ਅਸਿੱਧੇ ਤੌਰ 'ਤੇ ਹੱਥ ਸੀ। ਸੈਨਾ ਮੁਖੀ ਜਨਰਲ ਦੀਪਕ ਕਪੂਰ ਨੇ ਲੈਫ. ਜਨਰਲ ਰਥ ਦਾ ਕੋਰਟ ਮਾਰਸ਼ਲ ਕਰਨ ਦਾ ਹੁਕਮ ਦਿੱਤਾ, ਜਦੋਂਕਿ ਲੈਫ. ਜਨਰਲ ਪ੍ਰਕਾਸ਼ ਦੇ ਖ਼ਿਲਾਫ਼ (ਆਪਣੇ ਕਾਨੂੰਨੀ ਅਧਿਕਾਰਾਂ ਦਾ ਇਸਤੇਮਾਲ ਕਰਦਿਆਂ) ਕੇਵਲ ਪ੍ਰਸ਼ਾਸਕੀ ਕਾਰਵਾਈ ਕਰਨਾ ਹੀ ਉਚਿਤ ਸਮਝਿਆ। ਇਹ ਸੁਣ ਕੇ ਰੱਖਿਆ ਮੰਤਰੀ ਨੇ ਤੁਰੰਤ ਸੈਨਾ ਮੁਖੀ ਦੇ ਇਸ ਨਿਰਦੇਸ਼ ਨੂੰ ਰੱਦ ਕਰਦਿਆਂ ਜਨਰਲ ਪ੍ਰਕਾਸ਼ ਦਾ ਕੋਰਟ ਮਾਰਸ਼ਲ ਕਰਨ ਦੇ ਹੁਕਮ ਦਿੱਤੇ, ਜਿਸ ਨੂੰ ਚੀਫ ਨੇ ਪ੍ਰਵਾਨ ਕਰ ਲਿਆ।

**ਸੰਤਾਪ ਕੌਣ ਭੋਗੂ?:** ਸੁਖਨਾ ਜ਼ਮੀਨੀ ਕਾਂਡ ਨੂੰ ਸਮੁੱਚੇ ਤੌਰ 'ਤੇ ਘੋਖਣ ਉਪਰੰਤ ਇਹ ਤਾਂ ਸਪਸ਼ਟ ਹੈ ਕਿ ਐਨ.ਓ.ਸੀ. ਜਾਰੀ ਕਰਨ ਵਿਚ ਕੁਤਾਹੀ ਵਰਤੀ ਗਈ, ਪ੍ਰੰਤੂ ਇਸ ਨੂੰ ਫੌਜ ਦਾ ਜ਼ਮੀਨੀ ਘੁਟਾਲਾ ਕਹਿ ਕੇ ਜੋ ਭੰਡੀ ਕੀਤੀ ਗਈ ਉਹ ਨਾ ਤਾਂ ਦੇਸ਼ ਦੇ ਹਿੱਤ ਵਿਚ ਹੈ ਅਤੇ ਨਾ ਹੀ ਫੌਜ ਪ੍ਰਤੀ ਇਸ ਵਿਚ ਕੋਈ ਬਿਹਤਰੀ ਨਜ਼ਰ ਆਉਂਦੀ ਹੈ। ਇਸ ਪੂਰੇ ਮਾਮਲੇ ਅੰਦਰ ਦੋਸ਼ੀ ਪਾਏ ਗਏ ਅਧਿਕਾਰੀਆਂ ਖ਼ਿਲਾਫ਼ ਆਰਮੀ ਐਕਟ ਅਤੇ ਆਰਮੀ ਨਿਯਮਾਂ ਹੇਠ ਕਾਰਵਾਈ ਕਰਨੀ ਤਾਂ ਬਣਦੀ ਹੈ, ਪ੍ਰੰਤੂ ਇਕ ਅਪਰਾਧੀ ਨੂੰ ਕਿਸ ਕਿਸਮ ਦੀ ਅਤੇ ਕਿੰਨੀ ਸਜ਼ਾ ਦੇਣੀ ਹੈ, ਇਸ ਦਾ ਫੈਸਲਾ ਤਾਂ ਅਦਾਲਤਾਂ ਕਰਦੀਆਂ ਹਨ। ਪ੍ਰੰਤੂ ਜੇ ਫੌਜ ਦੇ ਮੁਖੀ ਵਲੋਂ ਐਲਾਨੀ ਗਈ ਅਨੁਸ਼ਾਸਨੀ ਕਾਰਵਾਈ ਰੱਦ ਕਰ ਕੇ ਰੱਖਿਆ ਮੰਤਰੀ ਏ.ਕੇ. ਐਂਟਨੀ ਵਲੋਂ ਕੋਰਟ ਮਾਰਸ਼ਲ ਕਰਨ ਦਾ ਐਲਾਨ ਕਰ ਦਿੱਤਾ ਜਾਂਦਾ ਹੈ ਤਾਂ ਇਸ ਕਿਸਮ ਦੇ ਜਲਦਬਾਜ਼ੀ 'ਚ ਲਏ ਗਏ ਫੈਸਲੇ ਸ਼ਾਇਦ ਹੀ ਕਾਨੂੰਨ ਦੀ ਕਸਵੱਟੀ ਉਤੇ ਖਰੇ ਉਤਰਨ। ਕੀ ਰੱਖਿਆ ਮੰਤਰੀ ਜਾਂ ਪ੍ਰਧਾਨ ਮੰਤਰੀ ਦਾ ਇਹ ਫਰਜ਼ ਨਹੀਂ ਸੀ ਬਣਦਾ ਕਿ ਉਹ ਵਿਚਾਰਦੇ ਕਿ ਜੋ ਸਿਵਲ ਅਧਿਕਾਰੀ ਫੌਜੀ ਜਰਨੈਲਾਂ ਨਾਲ ਮਿਲੀਭੁਗਤ ਕਰ ਕੇ ਅਗਰਵਾਲ ਨੂੰ ਐਨ.ਓ.ਸੀ. ਹਾਸਲ ਕਰਵਾਉਣ ਵਿਚ ਸ਼ਾਮਲ ਸਨ, ਉਨ੍ਹਾਂ ਖ਼ਿਲਾਫ਼ ਵੀ ਕਾਰਵਾਈ ਕਿਉਂ ਨਹੀਂ ਐਲਾਨੀ ਗਈ। ਸੁਖਨਾ ਕਾਂਡ ਵਿਚ ਜੋ ਕੁਝ ਵਾਪਰਿਆ ਉਸ ਵਿਚ ਜਰਨੈਲਾਂ ਦੀ ਆਪਸੀ ਖਹਿਬਾਜ਼ੀ ਵਾਲਾ ਲੁਕਿਆ ਇਕ ਪਹਿਲੂ ਵੀ ਹੈ। ਫੌਜ ਵਿਚ ਵੀ ਭ੍ਰਿਸ਼ਟਾਚਾਰ ਜ਼ੋਰ ਪਕੜਦਾ ਜਾ ਰਿਹਾ ਹੈ। ਨੇਤਾ ਲੋਕਾਂ ਦਾ ਜਾਂ ਭ੍ਰਿਸ਼ਟ ਸਿਵਲ ਅਫਸਰਾਂ ਦਾ ਕੁਝ ਨਹੀਂ ਵਿਗੜਦਾ, ਪ੍ਰੰਤੂ ਸੁਖਨਾ ਵਰਗੇ ਮਸਲਿਆਂ ਦਾ ਸੰਤਾਪ ਫੌਜ, ਦੇਸ਼ ਅਤੇ ਆਉਣ ਵਾਲੀਆਂ ਨਸਲਾਂ ਨੂੰ ਹੀ ਭੁਗਤਣਾ ਪਵੇਗਾ।

# ਕੇਸਗੜ੍ਹ ਸਾਹਿਬ ਦੀ ਬਖਸ਼ਿਸ਼ ਕਕਾਰਾਂ ਵਿਚ ਕੇਸ

## ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਆਚਾਰਯ ਰਜਨੀਸ਼ ਦੇ ਆਸ਼ਰਮ ਤੋਂ ਆਏ ਹੋਏ ਸਾਧੂ-ਜਨਾਂ ਵਲੋਂ ਨਵਾਂ ਸ਼ਹਿਰ ਦੇ ਇਕ ਨਿਜੀ ਹਸਪਤਾਲ ਵਿਚ ਤਿੰਨ ਦਿਨਾਂ ਧਿਆਨ-ਸਾਧਨਾ ਸ਼ਿਵਰ ਲਗਾਇਆ ਗਿਆ। ਸਥਾਨਕ ਪ੍ਰਬੰਧਕਾਂ ਵਿਚ ਸ਼ਾਮਲ ਮੇਰੇ ਇਕ ਜਾਣੂ ਸੱਜਣ ਨੇ, ਮੱਲੋ-ਮੱਲੀ ਮੇਰਾ ਨਾਂ ਵੀ ਧਿਆਨ ਲਗਾਉਣ ਦੀ 'ਵਿਧੀ' ਸਿੱਖਣ ਵਾਲਿਆਂ ਵਿਚ ਸ਼ਾਮਲ ਕਰ ਲਿਆ। ਰਜਨੀਸ਼ ਦੇ ਪੈਰੋਕਾਰ ਬਣੇ ਹੋਏ ਇਕ ਡਾਕਟਰ ਦੇ ਹਸਪਤਾਲ ਦੀ ਬੇਸਮੈਂਟ ਵਿਚ ਪੰਜੀ ਕੁ ਮਰਦ-ਔਰਤਾਂ ਨੂੰ ਧਿਆਨ ਦੀ ਤਕਨੀਕ ਸਿਖਾਈ ਜਾ ਰਹੀ ਸੀ। ਤਿੰਨੇ ਦਿਨ ਰੋਜ਼ਾਨਾ ਨਿਯਮਬੱਧ ਸ਼ਡਿਊਲ ਮੁਤਾਬਿਕ ਵੱਖ-ਵੱਖ ਤਰੀਕਿਆਂ ਨਾਲ, ਅਲੱਗ ਅਲੱਗ ਸਾਧੂ-ਜਨਾਂ ਵਲੋਂ ਸਾਨੂੰ ਟ੍ਰੇਨੀਆਂ ਨੂੰ 'ਸਾਧਕ' ਬਣਾਇਆ ਜਾ ਰਿਹਾ ਸੀ। ਕਦੇ ਉਦਾਸ-ਗੀਤ ਵਜਾ ਕੇ ਸਾਨੂੰ ਉੱਚੀ ਉੱਚੀ ਰੋਣ ਲਈ ਆਖਿਆ ਜਾਂਦਾ ਅਤੇ ਕਦੇ ਮਨੋਰੰਜਕ ਜਿਹੇ ਗੀਤ ਵਜਾ ਕੇ ਹੱਸ ਹੱਸ ਕੇ ਨੱਚਣ-ਟੱਪਣ ਲਈ ਕਿਹਾ ਜਾਂਦਾ। ਕਦੇ ਸਿੱਧੇ-ਸਪਾਟ ਲੰਮੇ ਪੈ ਕੇ ਸਾਹ ਰੋਕ ਰੋਕ ਕੇ, ਕੁਝ ਖਾਸ ਸ਼ਬਦਾਂ ਦਾ ਉਚਾਰਨ ਕਰਨ ਲਈ ਨਿਰਦੇਸ਼ ਦਿੱਤਾ ਜਾਂਦਾ। ਆਖਰ ਤੀਜੇ ਦਿਨ ਇੱਕ ਖੁੱਲ੍ਹਾ ਸੈਸ਼ਨ ਰੱਖਿਆ ਗਿਆ ਜਿਸ ਵਿਚ ਅਸੀਂ ਪ੍ਰਾਪਤ ਕੀਤੀ ਸਿੱਖਿਆ ਸਬੰਧੀ ਕੋਈ ਵੀ ਸਵਾਲ ਕਰ ਸਕਦੇ ਸਾਂ। ਤਿੰਨੇ ਦਿਨ ਸਿੱਖਿਆ ਦੇਣ ਵਾਲੇ ਸਾਰੇ ਹੀ ਸੰਨਿਆਸੀ ਇਸ ਸੈਸ਼ਨ ਵਿਚ ਇਕੱਠੇ ਹੀ ਸਟੇਜ ਉਪਰ ਹਲਕੇ ਗੁਲਾਬੀ ਰੰਗ ਦੇ ਚੋਲੇ ਪਾਈ ਬੈਠੇ ਸਨ। ਵੱਖ-ਵੱਖ ਉਮਰਾਂ ਵਾਲੇ ਇਹ ਸਾਧੂ ਐਨ ਸਫਾ-ਚੱਟ ਘੋਨ-ਮੋਨ ਸਨ, ਜਦਕਿ ਬੇਸਮੈਂਟ ਦੀਆਂ ਸਾਰੀਆਂ ਕੰਧਾਂ ਅਤੇ ਸਟੇਜ ਉੱਪਰ, ਆਚਾਰਯ ਰਜਨੀਸ਼ ਦੀਆਂ ਉਹ ਫੋਟੋਆਂ ਸਜਾਈਆਂ ਹੋਈਆਂ ਸਨ, ਜਿਨ੍ਹਾਂ ਵਿਚ ਪ੍ਰਭਾਵਸ਼ਾਲੀ ਖੂਬਸੂਰਤ ਖੁੱਲ੍ਹੀ ਦਾਹੜੀ ਅਤੇ ਭਰਵੀਆਂ ਮੁੱਛਾਂ ਨਾਲ ਉਹ ਪੁਰਾਤਨ ਰਿਸ਼ੀ ਮੁਨੀ ਲਗਦਾ ਸੀ।

ਸਟੇਜ 'ਤੇ ਸਜੇ ਬੈਠੇ ਘੋਨ-ਮੋਨ ਸੰਨਿਆਸੀਆਂ ਅਤੇ 'ਨਵੇਂ ਸਾਧਕਾਂ' ਦਰਮਿਆਨ ਸਵਾਲ-ਜਵਾਬ ਚੱਲਦਿਆਂ ਜਦੋਂ ਮੇਰੀ ਵਾਰੀ ਆਉਣ ਲੱਗੀ ਤਾਂ ਮੈਥੋਂ ਪਹਿਲਾਂ ਇਕ ਸੱਜਣ ਨੇ ਕੋਈ ਸਵਾਲ ਕਰਨ ਦੀ ਥਾਂ, ਇਸ ਸਾਧਨਾ ਕੈਂਪ ਵਿਚ ਪ੍ਰਾਪਤ ਹੋਇਆ ਕੋਈ ਕਥਿਤ ਅਧਿਆਤਮਿਕ ਅਨੁਭਵ ਸੁਣਾਉਣਾ ਸ਼ੁਰੂ ਕਰ ਦਿੱਤਾ। ਉਸਨੇ ਹਾਲੇ ਕੁਝ ਸ਼ਬਦ ਹੀ ਕਹੇ ਸਨ ਕਿ ਸਟੇਜ 'ਤੇ ਬੈਠੇ ਸਾਰੇ ਸਾਧੂਆਂ ਨੇ ਇਕ ਜ਼ੁਬਾਨ ਹੋ ਕੇ ਉਸ ਸਾਧਕ ਨੂੰ ਚੁੱਪ ਹੋ ਜਾਣ ਦਾ ਆਦੇਸ਼ ਦਿੱਤਾ। ਉਹ ਵਿਚਾਰਾ ਇਕ ਦਮ ਖਾਮੋਸ਼ ਹੋ ਗਿਆ। ਪ੍ਰਮੁੱਖ ਸੁਆਮੀ ਨੇ ਸਾਨੂੰ ਸਾਰਿਆਂ ਨੂੰ 'ਵਾਰਨਿੰਗ' ਦਿੱਤੀ ਕਿ ਅਸੀਂ ਕੋਈ ਨਾ ਕੋਈ ਸਵਾਲ ਤਾਂ ਜਰੂਰ ਕਰੀਏ, ਪਰ ਖੁਦ ਨੂੰ ਪ੍ਰਾਪਤ ਹੋਇਆ ਕੋਈ 'ਰੁਹਾਨੀ ਅਨੁਭਵ' ਕਿਸੇ ਦੂਜੇ ਨਾਲ ਬਿਲਕੁਲ ਸਾਂਝਾ ਨਾ ਕਰੀਏ। ਉਨ੍ਹਾਂ ਕਰੜੀ ਹਦਾਇਤ ਕੀਤੀ ਕਿ 'ਨਿਜੀ ਅਨੁਭੂਤੀ' ਕਦੇ ਵੀ, ਕਿਸੇ ਵੀ ਹਾਲਤ ਵਿਚ ਦੂਜਿਆਂ ਨੂੰ ਨਾ ਦੱਸੋ! ਉਨ੍ਹਾਂ ਦਾ ਕਹਿਣਾ ਸੀ ਕਿ 'ਓਸ਼ੋ ਧਾਰਾ' ਦੇ ਹਰੇਕ ਅਨੁਯਾਈ ਲਈ ਇਸ ਅਸੂਲ 'ਤੇ ਪਹਿਰਾ ਦੇਣਾ ਲਾਜ਼ਮੀ ਹੈ।


ਇਸਤੋਂ ਬਾਅਦ ਸਵਾਲ ਕਰਨ ਦੀ ਮੇਰੀ ਵਾਰੀ ਆਈ। ਮੈਂ ਖੜ੍ਹੇ ਹੋ ਕੇ ਆਖਿਆ ਕਿ ਸੁਆਮੀ ਜਨੋ, ਮੇਰੇ ਮਨ ਵਿਚ ਤਿੰਨ ਦਿਨਾਂ ਤੋਂ ਇਕ ਸਵਾਲ ਉੱਠ ਰਿਹਾ ਸੀ, ਪਰ ਹੁਣੇ ਹੁਣੇ ਮੈਨੂੰ ਉਸਦਾ ਜਵਾਬ ਮਿਲ ਗਿਆ ਹੈ ਇਸ ਲਈ ਹੁਣ ਮੇਰਾ ਕੋਈ ਸਵਾਲ ਨਹੀਂ ਹੈ। ਉਹ ਸਾਰੇ ਜਣੇ ਹੈਰਾਨ ਜਿਹੇ ਹੋ ਕੇ ਮੇਰੇ ਵਲ ਦੇਖਣ ਲੱਗ ਪਏ। ਆਪਸ ਵਿਚੀਂ ਘੁਸਰ-ਮੁਸਰ ਜਿਹੀ ਕਰਕੇ, ਉਨ੍ਹਾਂ 'ਚੋਂ ਇਕ ਸਾਧੂ ਬੋਲਿਆ, "ਆਪ ਕਾ ਕਿਆ ਸਵਾਲ ਥਾ, ਔਰ ਉਸਕਾ ਅਪਨੇ ਆਪ ਜਵਾਬ ਕੈਸੇ ਮਿਲ ਗਯਾ?...ਕੁਛ ਹਮੇਂ ਭੀ ਬਤਾਈਏ?''

ਮੈਂ ਵੀ ਪੰਜਾਬੀ ਰੰਗੀ ਹਿੰਦੀ ਬੋਲਦਿਆਂ ਆਖਿਆ, "ਆਪ ਦੁਆਰਾ ਪ੍ਰਚਾਰੀ ਜਾ ਰਹੀ ਓਸ਼ੋ-ਧਾਰਾ ਦੇ ਫਾਊਂਡਰ ਆਚਾਰਯ ਰਜਨੀਸ਼ ਜੀ,'' ਆਲੇ ਦੁਆਲੇ ਕੰਧਾਂ 'ਤੇ ਲੱਗੀਆਂ ਫੋਟੋਆਂ ਵਲ ਇਸ਼ਾਰਾ ਕਰਕੇ ਮੈਂ ਬੋਲਣਾ ਜਾਰੀ ਰੱਖਿਆ "ਇਨ੍ਹਾਂ ਤਸਵੀਰਾਂ ਅਨੁਸਾਰ ਉਹ ਜਟਾ-ਜੂਟ ਕੇਸਾ-ਧਾਰੀ ਸਨ। ਆਖਰੀ ਦਮ ਤੱਕ ਉਹ ਇਸੇ ਸਰੂਪ 'ਚ ਰਹੇ। ਤੁਹਾਡੇ ਸਭ ਦੇ ਨਾਵਾਂ ਵਿਚ ਵੀ 'ਓਸ਼ੋ' ਸ਼ਬਦ ਜੜਿਆ ਹੋਇਆ ਹੈ ਅਤੇ ਤੁਸੀਂ ਰਜਨੀਸ਼ ਜੀ ਦੀ ਵਿਚਾਰਧਾਰਾ ਨੂੰ ਪ੍ਰਣਾਏ ਹੋਏ ਪ੍ਰਚਾਰਕ ਹੋ। ਲੇਕਿਨ ਤੁਹਾਡੇ ਸਫਾ-ਚੱਟ ਚਿਹਰੇ ਮੋਹਰੇ ਦੇਖ ਕੇ, ਮੇਰੇ ਮਨ ਵਿਚ ਤਿੰਨਾਂ ਦਿਨਾਂ ਤੋਂ ਹੀ ਇਹ ਸਵਾਲ ਉੱਠ ਰਿਹਾ ਸੀ ਕਿ ਤੁਸੀਂ ਆਪਣੇ ਧਰਮ-ਗੁਰੂ ਦੇ ਇਸ ਸਰੂਪ ਨੂੰ ਅ-ਸਵੀਕਾਰ ਕਿਉਂ ਕਰਦੇ ਆ ਰਹੇ ਹੋ? ਮੈਨੂੰ ਇਹ ਸਵਾਲ ਕੁਰੇਦ ਰਿਹਾ ਸੀ ਕਿ ਰਜਨੀਸ਼ ਜੀ ਨੇ ਤੁਹਾਨੂੰ ਜਟਾ-ਜੂਟ ਜਾਂ ਸਾਬਤ-ਸੂਰਤ ਰਹਿਣ ਦਾ ਮਹਾਤਮ ਨਹੀਂ ਦੱਸਿਆ ਹੋਵੇਗਾ?...ਪਰ ਹੁਣੇ ਹੁਣੇ ਆਪ ਜੀ ਵਲੋਂ ਦਿੱਤੇ ਗਏ ਹੁਕਮ ਸੁਣ ਕੇ-'ਰੁਹਾਨੀ ਅਨੁਭੂਤੀ' ਕਿਸੇ ਨਾਲ ਵੀ ਸਾਂਝੀ ਨਹੀਂ ਕਰਨੀ, ਮੇਰੇ ਉਕਤ ਸਵਾਲ ਖਤਮ ਹੋ ਗਏ ਹਨ।''

"ਵੋਹ ਕੈਸੇ?'' ਬੜੀ ਉਤਸੁਕਤਾ ਨਾਲ ਉਨ੍ਹਾਂ ਮੈਨੂੰ ਫਿਰ ਪੁੱਛਿਆ।

"ਉਹ ਇਸ ਤਰ੍ਹਾਂ ਕਿ ਮੈਂ ਜਾਣ ਗਿਆ ਹਾਂ ਕਿ ਆਚਾਰਯ ਰਜਨੀਸ਼ ਜੀ ਨੇ ਸਾਬਤ-ਸੂਰਤ ਰਹਿਣ ਕਾਰਨ ਜੋ 'ਅਨੁਭੂਤੀ' ਹਾਸਲ ਕੀਤੀ ਹੋਵੇਗੀ, ਉਹ ਤੁਹਾਡੇ ਨਾਲ ਸਾਂਝੀ ਹੀ ਨਹੀਂ ਕਰ ਕੇ ਗਏ-ਇਸੇ ਕਰਕੇ ਤੁਸੀਂ ਸਾਰੇ ਜਣੇ ਕੇਸਾਂ ਦੀ ਰੱਬੀ ਦਾਤ ਤੋਂ ਵਿਹੂਣੇ ਹੋਏ ਬੈਠੇ ਹੋ...ਸੋ ਮੇਰੇ ਸਵਾਲ ਦਾ ਜਵਾਬ ਮੈਨੂੰ ਮਿਲ ਗਿਆ ਹੈ।'' ਇਹ ਗੱਲ ਕਹਿ ਕੇ ਮੈਂ ਜਦੋਂ ਬੈਠਣ ਲੱਗਾ ਤਾਂ ਇਕ ਸੁਆਮੀ, ਛਿੱਥੇ ਜਿਹੇ ਹੋਏ ਪਏ ਦੂਜੇ ਸਾਧੂਆਂ ਦੇ ਚਿਹਰਿਆਂ ਵਲ ਨਜ਼ਰ ਫੇਰ ਕੇ ਮੈਨੂੰ ਕਹਿੰਦਾ, "ਅਰੇ ਗਿਆਨੀ ਜੀ, ਅਧਿਆਤਮਵਾਦ ਔਰ ਰੁਹਾਨੀਅਤ ਮੈਂ ਬਾਹਰੀ ਸਵਰੂਪ ਕਾ ਕੋਈ ਅਰਥ ਨਹੀਂ ਹੋਤਾ! ਯਿਹ ਤੋ ਅੰਦਰ ਕੀ 'ਭੀਤਰੀ' ਬਾਤੇਂ ਹੋਤੀ ਹੈਂ!''

"ਇਹ 'ਭੀਤਰੀ-ਭੁਤਰੀ ਬਾਤਾਂ' ਦਾ ਮੈਨੂੰ ਨਹੀਂ ਪਤਾ, ਪਰ ਤੁਹਾਡਾ ਰੁਹਾਨੀਪੁਣਾ ਜਾਂ ਅਧਿਆਤਮਵਾਦ, ਦਸ ਗੁਰੂ ਸਾਹਿਬਾਨ ਦੇ ਫਲਸਫੇ ਤੋਂ ਉੱਚਾ ਨਹੀਂ ਹੋ ਸਕਦਾ! ਜਿਨ੍ਹਾਂ ਨੇ ਸਾਨੂੰ ਰੁਹਾਨੀ ਰੰਗ ਦੇ ਨਾਲ 'ਸਾਬਤ-ਸੂਰਤਿ ਦਸਤਾਰ ਸਿਰਾ' ਫਲਸਫਾ ਵੀ ਬਖਸ਼ਿਸ਼ ਕੀਤਾ ਹੈ!!'' ਮੈਂ ਫਿਰ ਹਿੰਦਕੀ ਜਿਹੀ ਛੱਡ ਕੇ ਠੇਠ ਪੰਜਾਬੀ 'ਚ ਆਖਿਆ।



ਆਪਸ ਵਿਚੀਂ ਕੁਝ ਪਲ ਕਾਨਾ-ਫੂਸੀ ਜਿਹੀ ਕਰਕੇ ਇਕ ਸੁਆਮੀ ਮੈਨੂੰ ਕਹਿੰਦਾ, "ਠੀਕ ਹੈ, ਸਰਦਾਰ ਜੀ ਆਪ ਬੈਠ ਜਾਈਏ!'' ਉਨ੍ਹਾਂ ਸੋਚਿਆ ਹੋਵੇਗਾ ਕਿ ਇੱਕ ਜਣੇ ਨੂੰ 'ਸਿੱਧਾ' ਕਰਦੇ ਕਰਦੇ ਕਿਤੇ ਅਹਿ ਵੀਹ-ਬਾਈ 'ਮੂਰਤੀਆਂ' ਵੀ ਨਾ ਗਵਾ ਲਈਏ। ਇਸ ਲਈ ਮੇਰੇ ਨਾਲ ਹੋਰ 'ਸੰਵਾਦ-ਰਚਾਉਣ' ਦੀ ਥਾਂ ਉਨ੍ਹਾਂ ਚੁੱਪ ਹੀ ਵੱਟ ਲਈ।

ਕੇਸਾਂ ਬਾਬਤ ਹੀ ਮੇਰੀ ਜ਼ਿੰਦਗੀ ਦਾ ਇੱਕ ਹੋਰ ਅਹਿਮ ਵਾਕਿਆ ਹੈ। ਸ਼੍ਰੋਮਣੀ ਕਮੇਟੀ ਮੈਂਬਰ ਵਜੋਂ ਵਿਚਰਦਿਆਂ ਮੈਨੂੰ ਇੱਕ ਉੱਜਲ-ਦੀਦਾਰੀ ਗੁਰਮੁਖ ਪਿਆਰੇ ਭਲੇ ਪੁਰਸ਼ ਦਾ ਸੰਗ ਮਾਨਣ ਦਾ ਮੌਕਾ ਮਿਲਿਆ। ਜਿਹੋ ਜਿਹਾ ਉਨ੍ਹਾਂ ਦਾ ਬਾਹਰੀ ਸਰੂਪ ਦਰਸ਼ਨੀ ਸੀ, ਉਹੋ ਜਿਹੇ ਹੀ ਉਹ ਅੰਦਰੋਂ ਵੀ ਪਰਪੱਕ ਜੀਵਨ ਵਾਲੇ ਸਿੰਘ ਸਨ। ਸਿਮਰਨ ਬਾਰੇ ਜਾਂ ਸਿੱਖੀ ਮੰਡਲ ਦੀਆਂ ਗੂਹੜ ਭਰੀਆਂ ਜਾਣਕਾਰੀਆਂ ਨਾਲ ਮਾਲਾ-ਮਾਲ ਇਸ ਸੱਜਣ ਤੋਂ ਮੈਂ ਬਹੁਤ ਕੁਝ ਗ੍ਰਹਿਣ ਕੀਤਾ। ਇਕ ਵਾਰ ਗੱਲਾਂ-ਬਾਤਾਂ ਕਰਦਿਆਂ ਮੈਂ ਉਨ੍ਹਾਂ ਕੋਲੋਂ ਸਹਿਜ-ਸੁਭਾ ਪੁੱਛ ਬੈਠਾ ਕਿ ਤੁਸੀਂ ਸਦਾ ਖੇੜੇ ਵਿਚ ਰਹਿੰਦੇ ਹੋ, ਤੁਹਾਨੂੰ ਕਿਸੇ ਗੱਲ ਦਾ ਕੋਈ ਝੋਰਾ, ਵਿਗੋਚਾ ਨਹੀਂ ਹੁੰਦਾ? ਜਾਂ ਕਿਸੇ ਤਰ੍ਹਾਂ ਦੀ ਅਧੂਰੀ ਖਾਹਿਸ਼, ਪੂਰੀ ਨਾ ਹੋਣ ਦਾ ਕੋਈ ਗਮ ਨਹੀਂ? ਮੇਰਾ ਸਵਾਲ ਸੁਣਦਿਆਂ ਹੀ ਸਤਿ-ਚਿੱਤ ਅਨੰਦ ਰਹਿਣ ਵਾਲੇ ਇਸ ਸੱਜਣ ਦੀਆਂ ਅੱਖਾਂ ਇਕ ਦਮ ਨਮ ਹੋ ਗਈਆਂ। ਬੜੀ ਹਲੀਮੀ ਨਾਲ ਧੀਮੀ ਆਵਾਜ਼ 'ਚ ਉਨ੍ਹਾਂ ਆਪਣਾ ਝੋਰਾ ਸੁਣਾਇਆ-

"ਮੈਂ ਇਕ ਕਾਲਜ ਵਿਚ ਲੈਕਚਰਾਰ ਲੱਗਾ ਹੋਇਆ ਸਾਂ। ਦੋਸਤਾਂ ਮਿੱਤਰਾਂ ਦੀ ਰੀਸੋ ਰੀਸੀ ਮੈਂ ਵੀ ਦਾਹੜੀ ਕੱਟਣ ਲੱਗ ਪਿਆ। ਗੁਰਮਤਿ ਫਿਲਾਸਫੀ ਬਾਰੇ ਮੈਨੂੰ ਕੋਈ ਡੂੰਘਾ ਗਿਆਨ ਨਹੀਂ ਸੀ। ਇਕ ਦਿਨ ਕਿਸੇ ਸਰਕਾਰੀ ਕੰਮ, ਬੱਸ ਰਾਹੀਂ ਚੰਡੀਗੜ੍ਹ ਜਾ ਰਿਹਾ ਸਾਂ। ਮੇਰੇ ਨਾਲ ਵਾਲੀ ਸੀਟ 'ਤੇ ਨੂਰਾਨੀ ਚਿਹਰੇ ਵਾਲੇ ਇਕ ਸਰਦਾਰ ਜੀ ਬੈਠੇ ਸਨ। ਮੈਂ ਮਹਿਸੂਸ ਕੀਤਾ ਕਿ ਉਹ ਅੱਖ ਚੁਰਾ ਕੇ, ਕਦੇ ਕਦੇ ਮੇਰੇ ਚਿਹਰੇ ਵਲ ਦੇਖ ਲੈਂਦੇ ਹਨ। ਮੈਂ ਕੋਈ ਨੋਟਿਸ ਨਾ ਲਿਆ। ਕੁਝ ਚਿਰ ਬਾਅਦ ਉਨ੍ਹਾਂ ਮੇਰੇ ਨਾਲ ਗੱਲਬਾਤ ਸ਼ੁਰੂ ਕਰ ਲਈ। 'ਕੀ ਕਰਦੇ ਹੋ?-ਕਿੱਥੇ ਚੱਲੇ ਹੋ?' ਵਗੈਰਾ ਪੁੱਛਣ ਤੋਂ ਬਾਅਦ ਸ਼ਾਇਦ ਉਨ੍ਹਾਂ ਦਾ 'ਸਟਾਪ' ਨੇੜੇ ਆ ਰਿਹਾ ਸੀ। ਉਨ੍ਹਾਂ ਆਪਣਾ ਬੈਗ ਸੰਭਾਲ ਕੇ ਪੱਟਾਂ 'ਤੇ ਰੱਖ ਲਿਆ ਤੇ ਮੈਨੂੰ ਕਹਿਣ ਲੱਗੇ, "ਵੀਰ ਬੁਰਾ ਨਾ ਮਨਾਈ, ਆਪਣੀ ਦਾਹੜੀ ਨਾ ਕਤਰਿਆ ਕਰ!'' ਮੈਂ ਬੇ-ਪ੍ਰਵਾਹੀ ਦੇ ਆਲਮ ਵਿਚ ਫੜੱਕ ਦੇ ਕੇ ਕਹਿ ਦਿੱਤਾ, "ਕਿਉਂ, ਇਹਨੂੰ ਅੰਬ ਲੱਗਣੇ ਐਂ?'' ਮੇਰੇ ਮੂੰਹੋਂ ਨਿਕਲਿਆ ਇਹ ਅ-ਭੱਦਰ ਵਾਕ ਸੁਣ ਕੇ, ਉਸ ਭਾਈ ਦੇ ਚਿਹਰੇ ਦਾ ਰੰਗ ਫਿੱਕਾ ਜਿਹਾ ਪੈ ਗਿਆ। ਮੇਰੇ ਵਲ ਦੇਖ ਕੇ ਉਸ ਨੇ ਹਉਕਾ ਭਰਿਆ ਅਤੇ ਲਾਚਾਰ ਜਿਹਾ ਹੋ ਕੇ ਖਰੜ ਦੇ ਅੱਡੇ 'ਤੇ, ਬੱਸ 'ਚੋਂ ਥੱਲੇ ਉਤਰ ਗਿਆ। ਮੈਂ ਮਨ ਹੀ ਮਨ ਹੱਸ ਰਿਹਾ ਸਾਂ ਕਿ ਮੇਰੀ ਦਾਹੜੀ, ਮੈਂ ਇਹਨੂੰ ਕੱਟਾਂ ਜਾਂ ਰੱਖਾਂ! ਕਿਸੇ ਨੂੰ ਇਹਦੇ ਨਾਲ ਕੀ ਲੱਗੇ? ਉਸ ਅਣਜਾਣ ਵਿਅਕਤੀ ਦੀ 'ਚਿੰਤਾ' ਉੱਤੇ ਮੈਨੂੰ ਹਾਸਾ ਆਵੇ! ਕੁਝ ਪਲ ਸੋਚ ਕੇ, ਇਹ ਗੱਲ ਮੈਂ ਅਣਗੌਲੀ ਜਿਹੀ ਕਰ ਦਿੱਤੀ। ਇਸ ਵਾਕਿਆ ਤੋਂ ਮਹੀਨਾ ਕੁ ਬਾਅਦ ਮੇਰੇ ਕਾਲਜ ਦੇ ਵਿਦਿਆਰਥੀਆਂ ਦਾ ਇਕ ਗਰੁੱਪ ਇਤਿਹਾਸਕ ਥਾਵਾਂ ਦੇ ਟੂਰ 'ਤੇ ਗਿਆ। ਇਸ ਗਰੁੱਪ ਨਾਲ ਬਤੌਰ ਇੰਚਾਰਜ ਮੇਰੀ ਡਿਊਟੀ ਲਗ ਗਈ। ਸਾਡਾ ਪਹਿਲਾ ਪੜਾਅ ਸ੍ਰੀ ਅਨੰਦਪੁਰ ਸਾਹਿਬ ਦਾ ਸੀ। ਰਾਤ ਨੂੰ ਲੰਗਰ ਛਕਣ ਬਾਅਦ ਇਕ ਸਟੂਡੈਂਟ ਨੇ ਮੈਨੂੰ ਸਵਾਲ ਕੀਤਾ ਕਿ ਸਿੱਖਾਂ ਦੇ ਸਾਰੇ ਇਤਿਹਾਸਕ ਗੁਰਦੁਆਰਿਆਂ ਦੇ ਨਾਮ, ਉਥੇ ਹੋਈ-ਬੀਤੀ ਇਤਿਹਾਸਕ ਘਟਨਾ ਦੇ ਅਨੁਸਾਰੀ ਹੁੰਦੇ ਹਨ। ਜਿਵੇਂ, ਜਿਸ ਥਾਂ ਗੁਰੂ ਨਾਨਕ ਜੀ ਨੇ ਸੱਚਾ-ਸੌਦਾ ਕੀਤਾ, ਉਹਦਾ ਨਾਂ ਗੁਰਦੁਆਰਾ ਸੱਚਾ ਸੌਦਾ, ਜਿੱਥੇ ਉਨ੍ਹਾਂ ਹੱਟੀ ਕੀਤੀ, ਉਸ ਦਾ ਨਾਂ ਗੁਰਦੁਆਰਾ ਹੱਟ ਸਾਹਿਬ, ਜਿੱਥੇ ਕਿਸੇ ਗੁਰੂ ਨੇ ਵਿਸ਼ਰਾਮ ਕੀਤਾ, ਉਸ ਦਾ ਨਾਂ ਗੁਰਦੁਆਰਾ ਦਮਦਮਾ ਸਾਹਿਬ, ਭੱਠੇ ਵਾਲੇ ਗੁਰੂ ਘਰ ਦਾ ਨਾਂ ਗੁਰਦੁਆਰਾ ਭੱਠਾ ਸਾਹਿਬ। ਪਰ ਇੱਥੇ ਦਸਵੇਂ ਗੁਰੂ ਨੇ ਖਾਲਸਾ ਸਾਜਿਆ ਜਾਂ ਪੰਜ ਪਿਆਰੇ ਸਾਜ ਕੇ ਸਿੱਖਾਂ ਨੂੰ ਅੰਮ੍ਰਿਤਪਾਨ ਕਰਾ ਕੇ ਸਿੰਘ ਸਜਾਇਆ ਇਸ ਅਸਥਾਨ ਦਾ ਨਾਂ 'ਅੰਮ੍ਰਿਤ ਗੜ੍ਹ', 'ਪੰਜ ਪਿਆਰੇ ਸਾਹਿਬ', 'ਸਿੰਘਗੜ' ਜਾਂ ਫਿਰ ਗੁਰਦੁਆਰਾ 'ਕ੍ਰਿਪਾਨ ਸਾਹਿਬ', 'ਖੰਡਾ ਸਾਹਿਬ', ਆਦਿ ਦੀ ਬਜਾਏ 'ਕੇਸਗੜ੍ਹ ਸਾਹਿਬ' ਹੀ ਕਿਉਂ ਰੱਖਿਆ ਹੋਵੇਗਾ?...ਮੰਨਿਆ ਕਿ 'ਕੇਸ' ਸਿੱਖਾਂ ਨੂੰ ਬਖਸ਼ਿਸ਼ ਕੀਤੇ ਗਏ ਪੰਜ ਕਕਾਰਾਂ ਵਿਚ ਸ਼ਾਮਲ ਹਨ। ਪਰ ਬਾਕੀ ਦੇ ਚਾਰ ਕਕਾਰਾਂ ਨੂੰ ਛੱਡ ਕੇ, ਕੇਸਾਂ ਦੇ ਨਾਂ 'ਤੇ ਹੀ ਇਸ ਗੁਰੂ ਘਰ ਦਾ ਨਾਂ ਕਿਉਂ ਰੱਖਿਆ ਹੋਵੇਗਾ।

ਆਪਣੇ ਵਿਦਿਆਰਥੀ ਦੇ ਮੂੰਹੋਂ ਇਹ ਗੰਭੀਰ ਸਵਾਲ ਸੁਣ ਕੇ ਮੇਰੇ ਦਿਲ ਵਿਚ ਹਲਚਲ ਜਿਹੀ ਮਚ ਗਈ। ਮੇਰੇ ਪਾਸ ਕੋਈ ਉਤਰ ਨਹੀਂ ਸੀ। ਨਿਰ-ਉੱਤਰ ਜਿਹਾ ਹੋ ਕੇ 'ਫੇਰ ਦੱਸਾਂਗਾ' ਆਖ ਕੇ ਮੈਂ ਉਸ ਵਿਦਿਆਰਥੀ ਨੂੰ ਟਾਲ ਦਿੱਤਾ। ਪਰ ਮੇਰੇ ਮਸਤਕ ਵਿਚ ਉਹ ਖਰੜ ਦੇ ਬੱਸ ਅੱਡੇ ਉਤਰਨ ਵਾਲਾ ਸੱਜਣ ਘੁੰਮਣ ਲੱਗ ਪਿਆ। ਸਵੇਰੇ ਸੁਵਖਤੇ ਹੀ ਅਸੀਂ ਅਗਲੀ ਯਾਤਰਾ 'ਤੇ ਨਿਕਲਣ ਤੋਂ ਪਹਿਲਾਂ ਤਖਤ ਸਾਹਿਬ ਉੱਤੇ ਮੱਥਾ ਟੇਕਣ ਗਏ ਤਾਂ ਉੱਥੇ ਨਗਾਰਾ ਵਜਾ ਕੇ ਕੀਤੀ ਗਈ ਅਰਦਾਸ ਦੇ ਇਹ ਸ਼ਬਦ ਮੇਰੇ ਸੀਨੇ ਵਿਚ ਤੀਰ ਵਾਂਗ ਵੱਜੇ-



'ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ...' ਮੈਂ ਮਨ 'ਚ ਸੋਚਣ ਲੱਗਾ 'ਯਾਰੋ, ਦੁਨੀਆਂ ਦੁੱਧ-ਪੁੱਤ, ਨੌਕਰੀ, ਧਨ ਲੱਛਮੀ ਮੰਗਦੀ ਐ...ਪਰ ਇੱਥੇ 'ਕੇਸਾਂ ਦਾ ਦਾਨ' ਮੰਗਿਆ ਜਾ ਰਿਹਾ ਹੈ?...ਸਿੱਖੀ, ਕੇਸਾਂ-ਸਵਾਸਾਂ ਸੰਗ ਨਿਭਾਉਣ ਦੀ ਯਾਚਨਾ ਕੀਤੀ ਜਾ ਰਹੀ ਹੈ!'

ਬੱਸ ਫਿਰ ਟੂਰ ਤੋਂ ਮੁੜਦਿਆਂ ਮੈਂ ਬਾਕੀ ਕੰਮ ਛੱਡ ਕੇ ਸਿੱਖ ਧਰਮ ਤੇ ਇਤਿਹਾਸ ਦੀ ਨਿੱਠ ਕੇ ਸਟਡੀ ਕੀਤੀ। ਮੈਂ ਹੈਰਾਨ ਹੁੰਦਾ ਚਲਾ ਗਿਆ!...'ਭਾਈ ਤਾਰੂ ਸਿੰਘ ਦੀ ਖੋਪੜੀ ਲਾਹੁਣ ਵਾਲੀ ਦਰਦਨਾਕ ਦਾਸਤਾਂ'...ਭਾਈ ਮਨੀ ਸਿੰਘ ਵਲੋਂ ਬੰਦ-ਬੰਦ ਕਟਾਉਣ, ਭਾਈ ਸੁਬੇਗ ਸਿੰਘ-ਸ਼ਾਹਬਾਜ਼ ਸਿੰਘ ਪਿਉ ਪੁੱਤਰ ਦੀ ਚਰਖੜੀ 'ਤੇ ਨਪੀੜੇ ਜਾਣ ਦੀ ਲਹੂ-ਭਿੱਜੀ ਗਾਥਾ'...ਮੈਨੂੰ ਕਹਿਰਾਂ ਦਾ ਪਛਤਾਵਾ ਲੱਗ ਗਿਆ, 'ਓ ਮਨਾ, ਜਿਨ੍ਹਾਂ ਕੇਸਾਂ ਨੂੰ ਮੈਂ ਅਗਿਆਨ 'ਚ 'ਕੱਟਦਾ' ਆ ਰਿਹਾ ਹਾਂ, ਸਿੱਖ-ਸ਼ਬਦਾਵਲੀ ਵਿਚ ਤਾਂ ਇਸ ਨੂੰ 'ਕੇਸ ਕਤਲ ਕਰਨੇ' ਆਖਿਆ ਜਾਂਦਾ ਹੈ'...ਡੂੰਘੇ ਅਧਿਐਨ ਤੋਂ ਬਾਅਦ ਮੈਨੂੰ 'ਸਿਰ-ਗੁੰਮ' ਅਤੇ 'ਸਿਰਦਾਰ' ਸ਼ਬਦਾਂ ਦੇ ਅਰਥ ਸਮਝ ਲੱਗੇ ਅਤੇ ਮੈਨੂੰ 'ਕੇਸ ਫਿਲਾਸਫੀ' ਦਾ ਗਿਆਨ ਹੋਇਆ...।''

"ਇਹ ਤਾਂ ਹੋਈ ਤੁਹਾਡੀ, ਸਿੱਖੀ ਵਿਚ ਮੁੜ-ਪ੍ਰਵੇਸ਼ ਹੋਣ ਦੀ ਕਹਾਣੀ'' ਮੈਂ ਲੈਕਚਰਾਰ ਸਾਹਿਬ ਨੂੰ ਲੰਬੀ ਕਹਾਣੀ ਸੁਣਾਉਣ ਤੋਂ ਟੋਕ ਕੇ ਪੁੱਛਿਆ-"ਪਰ ਤੁਸੀਂ ਕਿਸੇ ਅਧੂਰੀ ਖਾਹਿਸ਼ ਜਾਂ 'ਝੋਰੇ' ਬਾਰੇ ਤਾਂ ਦੱਸਿਆ ਹੀ ਨਹੀਂ?''

"ਓਹੀ ਦੱਸਣ ਜਾ ਰਿਹਾਂ ਭਰਾਵਾ!'' ਕਹਿ ਕੇ ਉਸਨੇ ਠੰਢਾ ਹਉਕਾ ਲੈਂਦਿਆਂ ਅੱਗੇ ਦੱਸਿਆ, "ਹੁਣ ਜਦ ਮੈਨੂੰ, ਦਾਹੜੀ ਨਾ ਕੱਟਣ ਦੀ ਸਲਾਹ ਦੇਣ ਵਾਲੇ ਉਸ ਸੱਜਣ ਦੀ ਯਾਦ ਆਉਂਦੀ ਹੈ ਤਾਂ ਮੇਰਾ ਮਨ ਤੜਫਣ ਲੱਗ ਪੈਂਦਾ ਹੈ। ਬੱਸ ਵਿਚ ਮਿਲੇ ਉਸ ਗੁਰਮੁਖ ਪਿਆਰੇ ਦਾ, ਮੇਰਾ ਮੂਰਖਾਨਾ ਜਵਾਬ ਸੁਣ ਕੇ, ਕਿੰਨਾ ਦਿਲ ਦੁਖੀ ਹੋਇਆ ਹੋਵੇਗਾ। ਮੈਨੂੰ ਇਹੀ ਝੋਰਾ ਵੱਢ-ਵੱਢ ਖਾਂਦਾ ਰਹਿੰਦਾ ਹੈ। ਮੈਂ ਕਈ ਵਾਰ ਪਾਗਲਾਂ ਵਾਂਗ ਖਰੜ ਦੇ ਬੱਸ ਅੱਡੇ 'ਤੇ ਉੱਤਰ ਕੇ ਇੱਧਰ-ਉੱਧਰ ਭਟਕਦਾ ਰਹਿੰਦਾ ਹਾਂ-ਸ਼ਾਇਦ ਉਹ ਗੁਰੂ-ਕਾ-ਲਾਲ ਮੈਨੂੰ ਮਿਲ ਪਏ! ਧਾਰਮਿਕ ਮੇਲਿਆਂ-ਮੁਸ਼ਾਇਰਿਆਂ ਉੱਤੇ ਘੁੰਮਦਿਆਂ ਹੋਇਆਂ ਵੀ ਮੇਰੀਆਂ ਨਜ਼ਰਾਂ ਉਸ ਸੱਜਣ ਦੇ ਨੱਕਸ਼ ਲੱਭਦੀਆਂ ਰਹਿੰਦੀਆਂ ਨੇ...ਪਰ ਹਾਲੇ ਤੱਕ ਮੇਰੀ ਆਸ ਪੂਰੀ ਨਹੀਂ ਹੋਈ...ਦਿਲ 'ਚੋਂ ਹੂਕ ਉੱਠਦੀ ਹੈ ਕਿ ਉਹ ਸਿੰਘ ਮੈਨੂੰ ਮਿਲ ਪਵੇ, ਮੈਂ ਉਹਦੇ ਚਰਨਾਂ 'ਤੇ ਸਿਰ ਰੱਖ ਕੇ ਮੁਆਫੀ ਮੰਗਾਂ ਕਿ ਭਰਾਵਾ, ਮੈਂ ਗੁਰੂ ਕੀ ਮੋਹਰ ਕੇਸਾਂ ਲਈ ਬੇਅਦਬੀ ਭਰੇ ਸ਼ਬਦ ਬੋਲ ਕੇ ਤੇਰੇ ਦਿਲ ਨੂੰ ਠੇਸ ਪਹੁੰਚਾਈ ਸੀ, ਮੈਨੂੰ ਖਿਮਾ ਦੇਹ!...ਆਖਰੀ ਸਵਾਸ ਲੈਣ ਤੋਂ ਪਹਿਲਾਂ ਮੈਂ ਸੁਰਖਰੂ ਹੋਣਾ ਚਾਹੁੰਦਾ ਹਾਂ...ਉਸਨੂੰ ਬਿਨਾ ਮਿਲੇ ਜੇ ਮੈਂ ਮਰ ਗਿਆ ਤਾਂ ਇਹ ਝੋਰਾ ਮੇਰੇ ਹੱਡਾਂ ਨਾਲ ਹੀ ਜਾਏਗਾ।'' ਆਪਣੀ ਲੰਬੀ ਦਾਹੜੀ 'ਤੇ ਹੱਥ ਫੇਰਦਿਆਂ ਲੈਕਚਰਾਰ ਸਾਹਿਬ ਨੇ ਗੱਲ ਮੁਕਾਈ।

ਹਮੇਸ਼ਾ ਚੜ੍ਹਦੀ ਕਲਾ ਵਿਚ ਰਹਿਣ ਵਾਲੇ ਇਸ ਦੋਸਤ ਦੀਆਂ ਸਿੱਲ੍ਹੀਆਂ ਅੱਖਾਂ ਦੇਖ ਕੇ ਮੇਰਾ ਦਿਲ ਵੀ ਪਿਘਲ ਗਿਆ। ਆਪਣੀ ਜ਼ਿੰਦਗੀ ਦੇ ਉਪਰੋਕਤ ਦੋਵੇਂ ਵਾਕਿਆਤ, ਇਸ ਭਰੋਸੇ ਨਾਲ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ ਕਿ ਸ਼ਾਇਦ ਗੁਰੂ ਕੀ ਰਹਿਮਤ ਕੇਸਾਂ ਦੀ ਅਗਿਆਨਵੱਸ ਕੀਤੀ ਜਾ ਰਹੀ ਘੋਰ ਬੇਅਦਬੀ ਨੂੰ ਕੁਝ ਠੱਲ੍ਹ ਪੈ ਸਕੇ! ਆਮੀਨ!!

'ਇਹੈ ਮੋਰ ਆਗਿਆ ਸੁਨਹੁ ਮੇਰੇ ਪਿਆਰੇ॥
ਬਿਨਾ ਸ਼ਸਤ੍ਰ ਕੇਸੰ ਨਾ ਦੇਹੁ ਦਿਦਾਰੇ॥'

## ਮਸ਼ਕਰੀ

### ਭੁਜੰਗੀ ਦੀ ਦਾਤ !

ਇਕ ਨਿਹੰਗ ਸਿੰਘ ਦਾ ਵਿਆਹ ਹੋਏ ਨੂੰ ਕਾਫੀ ਅਰਸਾ ਬੀਤ ਗਿਆ। ਆਖਰ ਅੱਠ ਦਸ ਸਾਲ ਬਾਅਦ ਰੱਬ ਦੀ ਰਹਿਮਤ ਹੋਈ ਤਾਂ ਉਨ੍ਹਾਂ ਦੇ ਗ੍ਰਹਿ ਇਕ ਕਾਕੇ ਨੇ ਜਨਮ ਲਿਆ। ਨਾਨਕੇ-ਦਾਦਕੇ ਪਰਿਵਾਰਾਂ ਵਿਚ ਖੁਸ਼ੀ ਦੀ ਲਹਿਰ ਦੌੜ ਗਈ। ਵਧਾਈਆਂ ਦੇਣ ਵਾਲੇ ਅੰਗਾਂ-ਸਾਕਾਂ ਅਤੇ ਦੋਸਤਾਂ-ਮਿੱਤਰਾਂ ਦਾ ਤਾਂਤਾ ਲੱਗ ਗਿਆ। ਲੱਡੂ ਵੰਡੇ ਜਾਣ ਲੱਗ ਪਏ।

ਬਾਕੀ ਦਾ ਸਾਰਾ ਟੱਬਰ ਤਾਂ ਆਏ-ਗਏ ਮਹਿਮਾਨ ਦੀਆਂ ਮੁਬਾਰਕਾਂ ਖੁਸ਼ੀ ਖੁਸ਼ੀ ਕਬੂਲ ਕਰ ਰਿਹਾ ਸੀ ਪਰ ਨਵ-ਜਨਮੇ ਭੁਜੰਗੀ ਦਾ ਬਾਪ ਨਿਹੰਗ ਸਿੰਘ ਘਰ ਦੇ ਇਕ ਖੂੰਜੇ ਵਿਚ ਬੇਸੁਰਾ ਜਿਹਾ ਮੂੰਹ ਬਣਾ ਕੇ ਬਹਿ ਗਿਆ। ਕਿਸੇ ਮਿੱਤਰ ਨੇ ਹੈਰਾਨੀ ਨਾਲ ਨਿਹੰਗ ਸਿੰਘ ਨੂੰ ਝੰਜੋੜਦਿਆਂ ਪੁੱਛਿਆ ਕਿ ਸੱਚੇ ਪਾਤਸ਼ਾਹ ਨੇ ਮਸਾਂ ਮਸਾਂ ਮਿੱਠੀ ਮੁਰਾਦ ਬਖ਼ਸ਼ੀ ਹੈ, ਕੀ ਤੈਨੂੰ ਪੁੱਤਰ ਦੀ ਅਮੋਲਕ ਦਾਤ ਪ੍ਰਾਪਤ ਹੋਣ 'ਤੇ ਵੀ ਖੁਸ਼ੀ ਨਹੀਂ ਹੋਈ?

'ਖੁਸ਼ੀ ਕਾਹਦੀ ਮਨਾਵਾਂ ਭਰਾਵਾ?' ਢਿੱਲਾ ਜਿਹਾ ਮੂੰਹ ਬਣਾ ਕੇ ਨਿਹੰਗ ਸਿੰਘ ਬੋਲਿਆ, "ਪੈਦਾ ਹੋਇਆ ਭੁਜੰਗੀ ਤਾਂ ਸਿਰੋਂ ਮੋਨਾ ਐ''

# ਅਖੰਡ ਕੀਰਤਨੀ ਜਥੇ ਵਲੋਂ ਗੁਰਦੁਆਰਾ ਸੈਨ ਹੋਜ਼ੇ 'ਚ ਗੁਰਮਤਿ ਸਮਾਗਮ

**ਸੈਨ ਹੋਜ਼ੇ (ਸਰਬਜੋਤ ਸਿੰਘ ਸਵੱਦੀ):** ਗੁਰਦੁਆਰਾ ਸੈਨ ਹੋਜ਼ੇ ਵਿਚ ਅਖੰਡ ਕੀਰਤਨੀ ਜਥੇ ਵਲੋਂ ਵਿਸ਼ਾਲ ਗੁਰਮਤਿ ਸਮਾਗਮ ਕੀਤਾ ਗਿਆ। ਰੈਣ-ਸਬਾਈ ਕੀਰਤਨ ਤੋਂ ਇਲਾਵਾ ਅੰਮ੍ਰਿਤ ਸੰਚਾਰ ਅਤੇ ਗਤਕੇ ਦੇ ਜੌਹਰ ਦਿਖਾਏ ਗਏ।

ਅਖੰਡ ਕੀਰਤਨੀ ਜਥੇ ਦੇ ਆਗੂ ਭਾਈ ਧਰਮ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਗੁਰਮਤਿ ਦੇ ਪ੍ਰਚਾਰ ਲਈ ਇਸੇ ਤਰ੍ਹਾਂ ਦੇ ਸਮਾਗਮ ਲਗਾਤਾਰ ਜਾਰੀ ਰਹਿਣਗੇ। ਸਮਾਗਮ ਵਿਚ ਅਖੰਡ ਕੀਰਤਨੀ ਜਥੇ ਨਾਲ ਸੰਬੰਧਤ ਦੇਸ਼ਾਂ-ਵਿਦੇਸ਼ਾਂ ਤੋਂ ਸਿੰਘ ਹਾਜ਼ਰੀਆਂ ਭਰਨ ਲਈ ਆਏ ਹੋਏ ਸਨ।

ਸਮਾਗਮ ਦਾ ਪ੍ਰਬੰਧ ਵਿਸ਼ੇਸ਼ ਤੌਰ 'ਤੇ ਭਾਈ ਧਰਮ ਸਿੰਘ, ਭਾਈ ਦਲਵਿੰਦਰ ਸਿੰਘ, ਭਾਈ ਨਿਰਮਲਜੋਤ ਸਿੰਘ, ਭਾਈ ਕਰਮ ਸਿੰਘ, ਓਂਕਾਰ ਸਿੰਘ, ਭੁਪਿੰਦਰ ਸਿੰਘ ਚੀਮਾ, ਸਤਿੰਦਰ ਸਿੰਘ ਮੰਘਰ ਅਤੇ ਸੰਦੀਪ ਸਿੰਘ ਤੋਂ ਇਲਾਵਾ ਬਹੁਤ ਸਾਰੇ ਸੇਵਾਦਾਰਾਂ ਨੇ ਕੀਤਾ।









## ਮਨਿੰਦਰ ਸਿੰਘ ਸਰਪੰਚ ਸੁਰਗਵਾਸ



**ਬੇਕਰਸਫ਼ੀਲਡ (ਮਨਦੀਪ ਮਾਨ):** ਸਥਾਨਕ ਸ਼ਖਸੀਅਤਾਂ ਜੋਬਨਜੀਤ ਸਿੰਘ ਬੌਬੀ ਅਤੇ ਗੁਰਪ੍ਰੀਤ ਸਿੰਘ ਨੂੰ ਉਸ ਸਮੇਂ ਗਹਿਰਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਵਡੇ ਭਰਾ ਸਰਪੰਚ ਮਨਿੰਦਰ ਸਿੰਘ ਅਚਾਨਕ ਅਕਾਲ ਚਲਾਣਾ ਕਰ ਗਏ। ਉਹ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ ਅਤੇ ਹਸਪਤਾਲ ਦਾਖਲ ਸਨ। ਉਹ ਸਿਰਫ 40 ਵਰ੍ਹਿਆਂ ਦੇ ਸਨ ਅਤੇ ਆਪਣੇ ਪਿਛੇ ਪਤਨੀ ਸ੍ਰੀਮਤੀ ਰਵਿੰਦਰ ਕੌਰ ਅਤੇ ਬੱਚੇ ਤੇਜਰੂਪ ਸਿੰਘ ਤੇ ਤਾਨੀਆ ਕੌਰ ਛਡ ਗਏ ਹਨ।

ਸ. ਮਨਿੰਦਰ ਸਿੰਘ ਜਿਲਾ ਗੁਰਦਾਸਪੁਰ ਦੇ ਪਿੰਡ ਨਬੀਪੁਰ ਤੋਂ ਸਨ ਅਤੇ ਇਸ ਸਮੇਂ ਪਿੰਡ ਦੇ ਸਰਪੰਚ ਸਨ। ਉਹ ਲਗਾਤਾਰ ਤਿੰਨ ਵਾਰ ਪਿੰਡ ਦੇ ਸਰਪੰਚ ਬਣੇ। ਜਦੋਂ ਮਨਿੰਦਰ ਸਿੰਘ ਪਹਿਲੀ ਵਾਰ ਪਿੰਡ ਦੇ ਸਰਪੰਚ ਬਣੇ ਉਦੋਂ ਉਨ੍ਹਾਂ ਦੀ ਉਮਰ ਕੇਵਲ 22 ਸਾਲ ਸੀ ਅਤੇ ਉਹ ਪੰਜਾਬ ਦੇ ਇਤਿਹਾਸ ਵਿਚ ਸਭ ਤੋਂ ਛੋਟੀ ਉਮਰ ਦੇ ਸਰਪੰਚ ਸਨ। ਪੰਜਾਬ ਦੇ ਮੰਤਰੀ ਸ. ਸੇਵਾ ਸਿੰਘ ਸੇਖਵਾਂ ਉਨ੍ਹਾਂ ਦੇ ਫੁੱਫੜ ਹਨ ਅਤੇ ਇਸ ਦਾ ਫਾਇਦਾ ਉਨ੍ਹਾਂ ਪਿੰਡ ਦੇ ਵਿਕਾਸ ਲਈ ਪੂਰਾ ਪੂਰਾ ਉਠਾਇਆ। ਉਹ ਅਮਰੀਕਾ ਆਪਣੇ ਭਰਾਵਾਂ ਨੂੰ ਮਿਲਣ ਅਕਸਰ ਆਉਂਦੇ ਰਹਿੰਦੇ ਸਨ ਅਤੇ ਹੁਣ ਵੀ ਮਿਲਣ ਆਏ ਹੋਏ ਸਨ। ਉਨ੍ਹਾਂ ਦਾ ਸਸਕਾਰ ਸਨਿਚਰਵਾਰ 6 ਮਾਰਚ ਨੂੰ ਇਥੇ ਗਰੀਨ ਲਾਅਨ ਫਿਊਨਰਲ ਹੋਮ (2739 ਪਨਾਮਾ ਲੇਨ) ਵਿਖੇ ਸਵੇਰੇ 9 ਵਜੇ ਤੋਂ 11 ਵਜੇ ਤਕ ਹੋਵੇਗਾ। ਉਪਰੰਤ ਭੋਗ ਅਤੇ ਅੰਤਿਮ ਅਰਦਾਸ ਗੁਰਦੁਆਰਾ ਵਿਲਸਨ ਰੋਡ ਵਿਖੇ ਦੁਪਹਿਰ 12 ਵਜੇ ਤੋਂ 2 ਵਜੇ ਤਕ ਹੋਵੇਗੀ। ਪਰਿਵਾਰ ਨਾਲ ਸੰਪਰਕ ਫੋਨ 661-808-7181 ਜਾਂ 559-307-4009 ਤੇ ਕੀਤਾ ਜਾ ਸਕਦਾ ਹੈ।

## ਪਾਕਿ ਨਾਲ ਭਾਰਤ ਵਰਗਾ ਪ੍ਰਮਾਣੂ ਕਰਾਰ ਨਹੀਂ-ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਨੇ ਪਾਕਿਸਤਾਨ ਨੂੰ ਇਹ ਗੱਲ ਸਪੱਸ਼ਟ ਕਰ ਦਿੱਤੀ ਹੈ ਕਿ ਉਸ ਨਾਲ ਅਜਿਹਾ ਕੋਈ ਪ੍ਰਮਾਣੂ ਸਮਝੌਤਾ ਨਹੀਂ ਕੀਤਾ ਜਾਵੇਗਾ ਜਿਸ ਤਰ੍ਹਾਂ ਦਾ ਭਾਰਤ ਨਾਲ ਕੀਤਾ ਗਿਆ ਹੈ। ਉਸ ਨੂੰ ਕੋਈ ਪ੍ਰਮਾਣੂ ਪਲਾਂਟ ਵੀ ਨਹੀਂ ਦਿੱਤਾ ਜਾਵੇਗਾ। ਅਮਰੀਕੀ ਪ੍ਰਸ਼ਾਸਨ ਦੇ ਇਕ ਚੋਟੀ ਦੇ ਅਧਿਕਾਰੀ ਨੇ ਕਿਹਾ ਕਿ ਪਾਕਿਸਤਾਨ ਦੀਆਂ ਵਧਦੀਆਂ ਲੋੜਾਂ ਦੀ ਪੂਰਤੀ ਲਈ ਅਮਰੀਕਾ ਉਸ ਨਾਲ ਮਿਲਕੇ ਕੰਮ ਕਰ ਰਿਹਾ ਹੈ। ਪ੍ਰਮਾਣੂ ਸਮਝੌਤਾ ਸਾਡੇ ਦਰਮਿਆਨ ਅਜੇ ਗੱਲਬਾਤ ਦਾ ਹਿੱਸਾ ਨਹੀਂ ਹੈ। ਪ੍ਰਮਾਣੂ ਊਰਜਾ ਪਲਾਂਟ ਲਈ ਜ਼ੋਰਦਾਰ ਯਤਨ ਕਰ ਰਹੇ ਪਾਕਿਸਤਾਨ ਦੇ ਨੇਤਾਵਾਂ ਨੂੰ ਬੀਤੇ ਦਿਨੀਂ ਹੀ ਇਸ ਸੰਬੰਧੀ ਦੱਸ ਦਿੱਤਾ ਗਿਆ ਸੀ। ਸੀਨੀਅਰ ਅਧਿਕਾਰੀਆਂ ਨੇ ਨਾਂ ਨਾ ਦੱਸਣ ਦੀ ਸ਼ਰਤ 'ਤੇ ਦੱਸਿਆ ਕਿ ਅਮਰੀਕਾ ਨੇ ਪਾਕਿਸਤਾਨ ਨੂੰ ਇਹ ਗੱਲ ਦੱਸ ਦਿੱਤੀ ਹੈ ਕਿ ਕਿਸੇ ਹਾਲਤ 'ਚ ਵੀ ਉਸ ਨਾਲ ਭਾਰਤ ਵਰਗਾ ਪ੍ਰਮਾਣੂ ਸਮਝੌਤਾ ਨਹੀਂ ਕੀਤਾ ਜਾਵੇਗਾ।


CHAHAL VIDEO
Video & Photography
We Treat your special events with care!
- HD Video (High Definition)
- Magazine Album

Cell: (916) 601-6632
Cell: (916) 690-4182
Ph: (916) 682-7321
email: ChahalVideo1@yahoo.com



ਵਿਆਹ-ਸ਼ਾਦੀ ਜਾਂ ਕਿਸੇ ਪਾਰਟੀ ਦੀ ਯਾਦ ਨੂੰ ਸਾਂਭਣ ਲਈ ਸੰਪਰਕ ਕਰੋ
Jaison Chahal
at 916-601-6632



G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing



ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com

ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra
and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com




ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304

ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ

# ਗੁਰਦੁਆਰਾ ਫਰੀਮਾਂਟ ਚੋਣਾਂ ਸਬੰਧੀ ਪੰਥਕ ਸਲੇਟ ਵਲੋਂ ਭਰਵਾਂ ਇਕੱਠ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਆਉਂਦੀ 14 ਮਾਰਚ ਨੂੰ ਗੁਰਦੁਆਰਾ ਫਰੀਮਾਂਟ ਦੀਆਂ ਹੋ ਰਹੀਆਂ ਚੋਣਾਂ ਲੜ ਰਹੀ ਪੰਥਕ ਸਲੇਟ ਦੇ ਉਮੀਦਵਾਰਾਂ ਨੇ ਸੰਗਤ ਨਾਲ ਵਾਅਦਾ ਕੀਤਾ ਹੈ ਕਿ ਗੁਰੂ ਘਰ ਦੇ ਪ੍ਰਬੰਧ ਨੂੰ ਮੁੜ ਤੋਂ ਪੂਰੀ ਤਰ੍ਹਾਂ ਪਾਰਦਰਸ਼ੀ ਬਣਾਇਆ ਜਾਏਗਾ ਅਤੇ ਮੌਜੂਦਾ ਪ੍ਰਬੰਧਕਾਂ ਵਲੋਂ ਆਪਣੇ ਹਿੱਤਾਂ ਲਈ ਤੋੜੇ ਗਏ ਸਿਸਟਮ ਨੂੰ ਫਿਰ ਤੋਂ ਬਹਾਲ ਕੀਤਾ ਜਾਏਗਾ।

ਇਥੇ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਸੁਪਰੀਮ ਕੌਂਸਲ ਮੈਂਬਰ ਭਾਈ ਰਾਮ ਸਿੰਘ ਨੇ ਕਿਹਾ ਕਿ ਮੌਜੂਦਾ ਪ੍ਰਬੰਧਕਾਂ ਨੇ ਹਰ ਗੱਲ ਵਿਚ ਸੰਗਤ ਤੋਂ ਓਹਲਾ ਰੱਖਿਆ ਹੈ, ਕਾਇਦੇ ਕਾਨੂੰਨ ਤੋੜੇ ਹਨ, ਕੋਈ ਵੀ ਗੱਲ ਸਿਸਟਮ ਵਿਚ ਨਹੀਂ ਰਹਿਣ ਦਿੱਤੀ ਅਤੇ ਜਾਅਲੀ ਵੋਟਾਂ ਬਣਾਏ ਜਾਣ ਦਾ ਮਾਮਲਾ ਵੀ ਇਸੇ ਦਾ ਹੀ ਹਿੱਸਾ ਹੈ। ਉਨ੍ਹਾਂ ਆਖਿਆ ਕਿ ਸੰਨ 2005 ਤੋਂ 2008 ਤੱਕ ਦੇ ਸਮੇਂ ਦੌਰਾਨ ਅਸੀਂ ਆਪਣੇ ਪ੍ਰਬੰਧ ਵੇਲੇ ਕਾਇਦੇ ਕਾਨੂੰਨ ਬਣਾਏ ਅਤੇ ਉਨ੍ਹਾਂ ਦੀ ਪੈਰਵੀ ਵੀ ਕੀਤੀ। ਗੁਰੂ ਘਰ ਦੇ ਹਿਸਾਬ-ਕਿਤਾਬ ਨੂੰ ਪਾਰਦਰਸ਼ੀ ਬਣਾਇਆ। ਹਰ ਚੀਜ਼ ਦਾ ਰਿਕਾਰਡ ਬਣਾਇਆ ਅਤੇ ਜਦੋਂ 2008 ਵਿਚ ਅਸੀਂ ਪ੍ਰਬੰਧ ਛੱਡ ਕੇ ਗਏ ਇਹ ਸਾਰਾ ਰਿਕਾਰਡ ਨਵੇਂ ਪ੍ਰਬੰਧਕਾਂ ਦੇ ਹਵਾਲੇ ਕਰ ਕੇ ਗਏ, ਜਦੋਂਕਿ ਮੌਜੂਦਾ ਪ੍ਰਬੰਧਕ ਜੋ 1996 ਤੋਂ 2004 ਤੱਕ ਵੀ ਗੁਰੂ ਘਰ ਦੇ ਪ੍ਰਬੰਧ 'ਤੇ ਕਾਬਜ਼ ਰਹੇ, ਪ੍ਰਬੰਧ ਛੱਡਣ ਵੇਲੇ ਗੁਰੂ ਘਰ ਦਾ ਸਾਰਾ ਰਿਕਾਰਡ ਆਪਣੇ ਨਾਲ ਹੀ ਲੈ ਕੇ ਤੁਰਦੇ ਬਣੇ ਸਨ। ਸਾਨੂੰ ਰਿਸੀਵਰ ਕੋਲੋਂ ਨਾਂਮਾਤਰ ਰਿਕਾਰਡ ਹੀ ਮਿਲਿਆ।

ਭਾਈ ਰਾਮ ਸਿੰਘ ਨੇ ਕਿਹਾ ਕਿ ਅਸੀਂ ਮਹਿੰਗੀ ਅਦਾਲਤੀ ਲੜਾਈ ਲੜ ਕੇ ਸੰਗਤ ਨੂੰ ਜ਼ਮਹੂਰੀ ਢੰਗ ਨਾਲ ਗੁਰਦੁਆਰਾ ਪ੍ਰਬੰਧ ਚਲਾਉਣ ਲਈ ਹੱਕ ਦਿਵਾਇਆ ਹੈ ਜਦੋਂਕਿ ਮੌਜੂਦਾ ਪ੍ਰਬੰਧਕ ਪੱਕੇ ਤੌਰ 'ਤੇ ਗੁਰਦੁਆਰਾ ਪ੍ਰਬੰਧ ਉਤੇ ਕਬਜ਼ਾ ਕਰਨਾ ਚਾਹੁੰਦੇ ਸਨ। ਉਨ੍ਹਾਂ ਕਈ ਹਵਾਲੇ ਦਿੰਦਿਆਂ ਕਿਹਾ ਕਿ ਸੰਗਤ ਸਾਡੇ ਅਤੇ ਮੌਜੂਦਾ ਪ੍ਰਬੰਧਕਾਂ ਦੇ ਕੰਮਾਂ ਦਾ ਲੇਖਾ ਜੋਖਾ ਕਰੇ।

ਗੁਰਦੁਆਰਾ ਫਰੀਮਾਂਟ ਦੇ ਸਾਬਕਾ ਪ੍ਰਧਾਨ ਅਤੇ ਪੰਥਕ ਸਲੇਟ ਦੇ ਮੁਖੀ ਭਾਈ ਗੁਰਮੀਤ ਸਿੰਘ ਖਾਲਸਾ ਨੇ ਆਖਿਆ ਕਿ ਸਾਡੇ ਵਿਰੋਧੀ ਯਾਨਿ ਅਜੋਕੇ ਪ੍ਰਬੰਧਕ ਕਿਸੇ ਕਾਇਦੇ ਕਾਨੂੰਨ ਨੂੰ ਨਹੀਂ ਮੰਨਦੇ। ਹਰ ਬਣੇ ਸਿਸਟਮ ਨੂੰ ਤੋੜਨਾ ਉਨ੍ਹਾਂ ਲਈ ਮਾਮੂਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸੰਗਤ ਗਵਾਹ ਹੈ ਕਿ ਜਾਅਲੀ ਵੋਟਾਂ ਬਣਾਈਆਂ ਗਈਆਂ ਪਰ ਸੁਪਰੀਮ ਕੌਂਸਲ ਮੈਂਬਰ ਜਸਵਿੰਦਰ ਸਿੰਘ ਜੰਡੀ ਗੁਰੂ ਦਾ ਭੈਅ ਭੁਲਾ ਕੇ ਬੜੇ ਫਰੇਬੀ ਢੰਗ ਨਾਲ ਆਖੀ ਜਾ ਰਿਹਾ ਹੈ ਕਿ ਕੋਈ ਜਾਅਲੀ ਵੋਟ ਨਹੀਂ ਬਣੀ। ਇਹ ਵੀ ਕੋਈ ਪਹਿਲਾ ਮੌਕਾ ਨਹੀਂ ਜਦੋਂ ਇਨ੍ਹਾਂ ਲੋਕਾਂ ਨੇ ਹਨੇਰਗਰਦੀ ਮਚਾਈ ਹੋਵੇ, ਪਿਛਲਾ ਸਮਾਂ ਗਵਾਹ ਹੈ ਕਿ ਇਹ ਲੋਕ ਇਹੋ ਕੁਝ ਹੀ ਕਰਦੇ ਆਏ ਹਨ। ਉਨ੍ਹਾਂ ਕਿਹਾ ਕਿ ਸਮਾਜ ਵਿਚ ਵਿਚਰਨ ਲਈ ਸਿਧਾਂਤਾਂ ਦਾ ਧਾਰਨੀ ਹੋਣਾ ਜਰੂਰੀ ਹੈ ਅਤੇ ਅਖਬਾਰੀ ਬਿਆਨਬਾਜ਼ੀ ਤੇ ਬਹਿਸ ਉਸਾਰੂ ਹੋਣੀ ਚਾਹੀਦੀ ਹੈ ਪਰ ਮੌਜੂਦਾ ਪ੍ਰਬੰਧਕ ਬਿਨ ਸਿਰ ਪੈਰ ਗੱਲਾਂ ਨਾਲ ਸੰਗਤ ਨੂੰ ਗੁੰਮਰਾਹ ਕਰੀ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਜਿੱਤ ਹਾਸਲ ਕਰਨ ਤੋਂ ਬਾਅਦ ਸੰਗਤਾਂ ਦੀ ਭਾਵਨਾ ਅਨੁਸਾਰ ਹੀ ਕੰਮ ਕਰਨਗੇ।

ਇਕੱਠ ਨੂੰ ਸੰਬੋਧਨ ਕਰਦਿਆਂ ਸ. ਗਰਦਾਵਰ ਸਿੰਘ ਮਹੇੜੂ ਨੇ ਬੜੇ ਵਿਅੰਗਾਤਮਕ ਢੰਗ ਨਾਲ ਆਖਿਆ ਕਿ ਤੁਹਾਡਾ ਮੁਕਾਬਲਾ ਸੱਠ ਸਾਲਾ ਯੂਥ ਨਾਲ ਹੈ। ਇਹ ਲੋਕ ਆਪਣੇ ਆਪ ਨੂੰ ਸਿੱਖ ਯੂਥ ਆਫ ਅਮੈਰਿਕਾ ਅਖਵਾਉਂਦੇ ਹਨ ਪਰ ਅਸਲ ਵਿਚ ਨਾ ਤਾਂ ਉਹ ਯੂਥ ਹਨ ਅਤੇ ਨਾ ਹੀ ਸ਼ਾਇਦ ਅਮੈਰਿਕਨ। ਉਨ੍ਹਾਂ ਆਖਿਆ ਕਿ ਸਾਡੇ ਵਿਰੋਧੀ ਵੱਡੇ ਸ਼ੋਸ਼ੇਬਾਜ ਹਨ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਬੜਾ ਨਿਠ ਕੇ ਅਤੇ ਤਕੜੇ ਹੋ ਕੇ ਇਹ ਚੋਣ ਜਿੱਤਣ ਲਈ ਕੰਮ ਕਰਨਾ ਚਾਹੀਦਾ ਹੈ।



ਅਕਾਲੀ ਦਲ (ਅੰਮ੍ਰਿਤਸਰ) ਦੇ ਨੌਜਵਾਨ ਆਗੂ ਅਤੇ ਕਿਸੇ ਸਮੇਂ ਮੌਜੂਦਾ ਪ੍ਰਬੰਧਕਾਂ ਦੇ ਕਰੀਬ ਰਹਿ ਚੁਕੇ ਭਾਈ ਪ੍ਰੀਤਮ ਸਿੰਘ ਜੋਗਾਨੰਗਲ ਨੇ ਮੌਜੂਦਾ ਪ੍ਰਬੰਧਕਾਂ ਦੀ 1996 ਤੋਂ 2004 ਤੱਕ ਦੀ ਕਾਰਗੁਜ਼ਾਰੀ ਸੰਗਤਾਂ ਸਾਹਮਣੇ ਰੱਖਦਿਆਂ ਆਖਿਆ ਕਿ ਇਨ੍ਹਾਂ ਪ੍ਰਬੰਧਕਾਂ ਨੇ ਗੁਰੂ ਘਰ ਉਤੇ ਆਪਣਾ ਸਥਾਈ ਕਬਜ਼ਾ ਰੱਖਣ ਲਈ ਆਪਣੇ ਸੰਸਾਰੀ ਬੰਦਿਆਂ ਦੀ ਤੁਲਨਾ ਗੁਰੂ ਮਹਾਰਾਜ ਵਲੋਂ ਸਾਜੇ ਪੰਜ ਪਿਆਰਿਆਂ ਨਾਲ ਕੀਤੀ। ਗੁਰੂ ਘਰ ਦੇ ਪ੍ਰਬੰਧ ਨੂੰ ਇਨ੍ਹਾਂ ਲੱਠਮਾਰ ਲੋਕਾਂ ਤੋਂ ਬਚਾਉਣ ਦੀ ਲੋੜ ਹੈ।

ਗੁਰਦੁਆਰਾ ਸੈਨ ਹੋਜ਼ੇ ਦੇ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਅਸੀਂ ਇਨ੍ਹਾਂ ਚੋਣਾਂ ਨੂੰ ਜਿੱਤਣ ਲਈ ਆਪਣੀ ਜ਼ਿੰਮੇਵਾਰੀ ਸਮਝ ਕੇ ਘਰ ਘਰ ਨਾਲ ਸੰਪਰਕ ਕਰਕੇ ਮੁਹਿੰਮ ਚਲਾਵਾਂਗੇ। ਉਨ੍ਹਾਂ ਆਖਿਆ ਕਿ ਇਹ ਖੁਸ਼ੀ ਦੀ ਗੱਲ ਹੈ ਕਿ ਅਕਾਲੀ ਦਲ (ਬਾਦਲ) ਵਲੋਂ ਵੀ ਪੰਥਕ ਸਲੇਟ ਨੂੰ ਸਮਰਥਨ ਦਿਤਾ ਜਾ ਰਿਹਾ ਹੈ। ਭਾਈ ਢਿੱਲੋਂ ਨੇ ਕਿਹਾ ਕਿ ਗੁਰਦੁਆਰਾ ਫਰੀਮਾਂਟ ਦੇ ਮੌਜੂਦਾ ਪ੍ਰਬੰਧਕਾਂ ਦੇ ਕੁਝ ਸਾਥੀ ਪਿਛਲੇ ਸਮੇਂ ਵਿਚ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧ ਵਿਚ ਵੀ ਮੁਸ਼ਕਲਾਂ ਖੜ੍ਹੀਆਂ ਕਰਦੇ ਰਹੇ ਹਨ ਅਤੇ ਗੁਰੂ ਘਰ ਨੂੰ ਅਦਾਲਤ ਵਿਚ ਲੈ ਜਾਣ ਤੋਂ ਵੀ ਬਾਜ ਨਹੀਂ ਆਏ।

ਕਬੱਡੀ ਪ੍ਰੋਮੋਟਰ ਅਤੇ ਯੂਨਾਈਟਿਡ ਸਪੋਰਟਸ ਕਲੱਬ ਦੇ ਚੇਅਰਮੈਨ ਸ੍ਰੀ ਅਮੋਲਕ ਸਿੰਘ ਗਾਖਲ ਨੇ ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਆਖਿਆ ਕਿ ਅਸੀਂ ਇਹ ਚੋਣਾਂ ਡਟ ਕੇ ਜਿੱਤਣੀਆਂ ਹਨ ਅਤੇ ਪੂਰੀ ਸਲੇਟ ਲਈ ਵੋਟਾਂ ਮੰਗਣੀਆਂ ਹਨ। ਪੰਜੇ ਹੀ ਉਮੀਦਾਵਾਰ ਕਾਮਯਾਬ ਹੋਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਆਖਿਆ ਕਿ ਚੋਣ ਮੁਹਿੰਮ ਨੂੰ ਸਾਫ ਸੁਥਰੇ ਤਰੀਕੇ ਨਾਲ ਚਲਾਇਆ ਜਾਣਾ ਚਾਹੀਦਾ ਹੈ। ਦਲ ਖਾਲਸਾ ਅਲਾਇੰਸ ਦੇ ਭਾਈ ਪਰਮਜੀਤ ਸਿੰਘ ਦਾਖਾ ਨੇ ਕਿਹਾ ਕਿ ਪੰਥਕ ਸਲੇਟ ਦੇ ਸਮਰਥਕ ਕੂੜ ਦੇ ਵਪਾਰੀਆਂ ਨੂੰ ਉਨ੍ਹਾਂ ਦੇ ਕੂੜ ਦਾ ਜਵਾਬ ਦੇਣ ਦੀ ਸਮਰਥਾ ਰੱਖਦੇ ਹਨ। ਉਨ੍ਹਾਂ ਪੰਥਕ ਸਲੇਟ ਨੂੰ ਭਰਪੂਰ ਹਮਾਇਤ ਦੇਣ ਦਾ ਐਲਾਨ ਕੀਤਾ। ਭਾਈ ਲਛਮਣ ਸਿੰਘ ਨੇ ਸਰੋਤਿਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਗਵਾਹ ਹਾਂ ਕਿ ਮੌਜੂਦਾ ਪ੍ਰਬੰਧਕਾਂ ਨੇ ਏਅਰਪੋਰਟ 'ਤੇ ਕੰਮ ਕਰਦੇ ਲੋਕਾਂ ਦੀਆਂ ਜਾਅਲੀ ਢੰਗ ਨਾਲ ਵੋਟਾਂ ਬਣਾਈਆਂ ਹਨ। ਅਸੀਂ ਏਅਰਪੋਰਟ ਤੋਂ ਪੰਥਕ ਸਲੇਟ ਨੂੰ ਵੱਡੀ ਲੀਡ ਦਿਵਾਵਾਂਗੇ।

ਸ. ਲਖਵੀਰ ਸਿੰਘ ਪਟਵਾਰੀ ਨੇ ਆਖਿਆ ਕਿ ਸਵਾਲ ਇਹ ਨਹੀਂ ਕਿ ਅਸੀਂ ਇਹ ਚੋਣਾਂ ਜਿੱਤਦੇ ਹਾਂ, ਸਗੋਂ ਸਵਾਲ ਇਹ ਹੈ ਕਿ ਕਿੰਨੇ ਵੱਡੇ ਫਰਕ ਨਾਲ ਜਿੱਤਦੇ ਹਾਂ। ਉਨ੍ਹਾਂ ਕਿਹਾ ਕਿ ਮੱਕਾਰ ਅਤੇ ਬੇਈਮਾਨ ਲੋਕਾਂ ਨੂੰ ਹਰਾਉਣ ਲਈ ਕਮਰਕੱਸੇ ਕਰ ਲੈਣੇ ਚਾਹੀਦੇ ਹਨ। ਮਨਰਾਜ ਸਿੰਘ ਨੱਤ ਨੇ ਜੈਨਕੋ ਜਥੇਬੰਦੀ ਵਲੋਂ ਬੋਲਦਿਆਂ ਆਖਿਆ ਕਿ ਮੌਜੂਦਾ ਲੀਡਰਸ਼ਿਪ ਨੂੰ ਆਪਣੇ ਗਰੁਪ ਅੰਦਰ ਲੋਕਤੰਤਰੀ ਨਿਯਮ ਮਜ਼ਬੂਤੀ ਨਾਲ ਲਾਗੂ ਕਰਨਾ ਚਾਹੀਦਾ ਹੈ। ਉਨ੍ਹਾਂ ਆਖਿਆ ਕਿ ਸਾਨੂੰ ਇਹ ਪੱਕ ਕਰਨਾ ਚਾਹੀਦਾ ਹੈ ਕਿ ਅਸੀਂ ਅਸੂਲਾਂ 'ਤੇ ਚੱਲੀਏ ਅਤੇ ਇਕ ਦੂਜੇ ਨੂੰ ਸੁਣੀਏ।

ਪੰਥਕ ਸਲੇਟ ਦੇ ਉਮੀਦਵਾਰ ਭਾਈ ਤਾਰਾ ਸਿੰਘ ਗਿੱਲ ਨੇ ਆਖਿਆ ਕਿ ਮੌਜੂਦਾ ਪ੍ਰਬੰਧਕਾਂ ਨੇ ਗੋਲਕ ਚੋਰ ਫੜ੍ਹੇ ਅਤੇ ਫਿਰ ਫੁਰਰ ਕਰ ਦਿੱਤੇ। ਸਾਡੇ ਵੇਲਿਆਂ 'ਚ ਇਕ ਆਦਮੀ ਗੋਲਕ ਚੋਰੀ ਕਰਦਾ ਫੜ੍ਹਿਆ ਗਿਆ ਸੀ ਜੋ ਅਸੀਂ ਸੰਗਤਾਂ ਦੇ ਪੇਸ਼ ਕਰ ਦਿੱਤਾ ਸੀ ਅਤੇ ਉਸ ਨੇ ਸੰਗਤ ਪਾਸੋਂ ਮੁਆਫੀ ਮੰਗੀ ਸੀ।

ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਭਾਈ ਪ੍ਰੀਤਮ ਸਿੰਘ ਗਰੇਵਾਲ ਨੇ ਆਖਿਆ ਕਿ ਪਿਛਲੀਆਂ ਚੋਣਾਂ ਵਿਚ ਸਾਰੇ ਗਰੁਪਾਂ ਨੇ ਅਲੱਗ ਅਲੱਗ ਰਹਿ ਕੇ ਨਤੀਜੇ ਦੇਖ ਲਏ ਹਨ ਪਰ ਇਸ ਵਾਰ ਪਿਛਲੀਆਂ ਗਲਤੀਆਂ ਤੋਂ ਸਬਕ ਸਿੱਖ ਕੇ ਸਾਰੇ ਇਕੱਠੇ ਹਨ। ਇਕੱਠ ਦਾ ਨਤੀਜਾ ਲਾਜ਼ਮੀ ਜਿੱਤ ਵਿਚ ਨਿਕਲੇਗਾ। ਭਾਈ ਕਸ਼ਮੀਰ ਸਿੰਘ ਗਿੱਲ ਨੇ ਇਨ੍ਹਾਂ ਚੋਣਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਲੜਾਈ ਸੱਚ ਤੇ ਝੂਠ ਦੀ ਹੈ। ਅਸੀਂ ਪ੍ਰਬੰਧਕਾਂ ਨਾਲ ਜਾਅਲੀ ਵੋਟਾਂ ਬਾਰੇ ਗੱਲਬਾਤ ਕੀਤੀ ਪਰ ਉਨ੍ਹਾਂ ਤੋਂ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਮਿਲਿਆ। ਮਿਲਦਾ ਵੀ ਕਿਵੇਂ ਜਦੋਂ ਉਹ ਖੁਦ ਇਸ ਵਿਚ ਭਾਈਵਾਲ ਹਨ।

ਗੁਰਦੁਆਰਾ ਫਰੀਮਾਂਟ ਦੇ ਸਾਬਕਾ ਸੁਪਰੀਮ ਕੌਂਸਲ ਮੈਂਬਰ ਭਾਈ ਸੁਖਦੇਵ ਸਿੰਘ ਬੈਣੀਵਾਲ ਨੇ ਦੂਰੋਂ-ਨੇੜਿਉਂ ਪੁੱਜੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਥਕ ਸਲੇਟ ਨੂੰ ਸ਼ਾਨਦਾਰ ਜਿੱਤ ਹਾਸਲ ਕਰਵਾਈ ਜਾਵੇਗੀ। ਸਟੇਜ ਸਕੱਤਰ ਦੀ ਸੇਵਾ ਰਜਿੰਦਰ ਸਿੰਘ ਮੰਘਰ ਨੇ ਨਿਭਾਈ। ਇਸ ਪੰਥਕ ਇਕੱਠ ਵਿਚ ਗੁਰਦੁਆਰਾ ਫਰੀਮਾਂਟ ਵਿਚ ਚੱਲ ਰਹੇ ਖਾਲਸਾ ਸਕੂਲ ਵਿਚ ਸੋਝੀ ਸਿਲੇਬਸ ਰਾਹੀਂ ਸਿੱਖ ਇਤਿਹਾਸ ਸਬੰਧੀ ਦੁਬਿਧਾ ਖੜੀ ਕਰਨੀ, ਅਖੰਡ ਪਾਠਾਂ ਦੀਆਂ ਲੜੀਆਂ ਵਿਚ ਸਿੱਖ ਰਹਿਤ ਮਰਿਯਾਦਾ ਨੂੰ ਅੱਖੋ-ਪਰੋਖੇ ਕਰਨ, ਵਿਆਹ ਸ਼ਾਦੀਆਂ ਅਤੇ ਹੋਰ ਕਾਰਜਾਂ ਲਈ ਫੀਸ ਵਧਾ ਕੇ ਸਿੱਖ ਸੰਗਤਾਂ 'ਤੇ ਬੋਝ ਪਾਉਣ ਵਰਗੇ ਮੁੱਦੇ ਭਾਰੂ ਰਹੇ।

ਹੋਰਨਾਂ ਤੋਂ ਇਲਾਵਾ ਸਰਬਜੋਤ ਸਿੰਘ ਸਵੱਦੀ, ਦਰਸ਼ਨ ਸਿੰਘ ਸੰਧੂ, ਭਾਈ ਕਰਨੈਲ ਸਿੰਘ ਗਿੱਲ, ਭਾਈ ਤਰਸੇਮ ਸਿੰਘ, ਭਾਈ ਗੁਰਮੇਲ ਸਿੰਘ ਬਾਠ ਨੇ ਵੀ ਆਪਣੇ ਵਿਚਾਰ ਹਾਜ਼ਰ ਸੰਗਤਾਂ ਨਾਲ ਸਾਂਝੇ ਕੀਤੇ। ਇਸ ਮੀਟਿੰਗ ਵਿਚ ਸ਼ਰੀਕ ਹੋਣ ਲਈ ਉਘੇ ਅਕਾਲੀ ਆਗੂ ਦੀਦਾਰ ਸਿੰਘ ਬੈਂਸ ਅਤੇ ਗੁਰਨਾਮ ਸਿੰਘ ਪੰਮਾ ਵੀ ਪਹੁੰਚੇ ਜਿਨ੍ਹਾਂ ਨੇ ਪੰਥਕ ਸਲੇਟ ਦੇ ਆਗੂਆਂ ਨੂੰ ਨਿਜੀ ਤੌਰ 'ਤੇ ਹਮਾਇਤ ਦਾ ਭਰੋਸਾ ਦਿੱਤਾ। ਇਸ ਇਕੱਠ ਵਿਚ ਵਿਸ਼ੇਸ਼ ਤੌਰ 'ਤੇ ਕਿਰਪਾਲ ਸਿੰਘ ਅਟਵਾਲ, ਨੀਟੂ ਸਿੰਘ ਕਾਹਲੋਂ, ਮਹਿੰਦਰ ਸਿੰਘ ਤੱਖਰ, ਸੁਰਜੀਤ ਸਿੰਘ ਬੈਂਸ, ਭੁਪਿੰਦਰ ਸਿੰਘ ਚੀਮਾ, ਜਸਵੀਰ ਸਿੰਘ ਪਵਾਰ, ਹਰਪ੍ਰਕਾਸ਼ ਸਿੰਘ ਢਿੱਲੋਂ, ਗੁਰਜੰਟ ਸਿੰਘ ਸੰਘਾ, ਸੁਰਿੰਦਰ ਸਿੰਘ ਢੀਂਡਸਾ, ਗੁਰਬਖਸ਼ ਸਿੰਘ ਢਿੱਲੋਂ, ਕਿਰਪਾਲ ਸਿੰਘ ਬਸਾਤੀ, ਦਲਜੀਤ ਸਿੰਘ ਮਾਵੀ, ਬਿਕਰਮਜੀਤ ਸਿੰਘ ਬਿੱਟੂ ਭਾਟੀਆ, ਹਰਮਿੰਦਰ ਸਿੰਘ, ਅਮਰਦੀਪ ਸਿੰਘ, ਹਰਜੋਤ ਸਿੰਘ, ਰਾਜਿੰਦਰਪਾਲ ਸਿੰਘ, ਬਲਜੀਤ ਸਿੰਘ, ਦਵਿੰਦਰ ਸਿੰਘ, ਮਨਦੀਪ ਸਿੰਘ ਧਾਮੀ, ਦਵਿੰਦਰ ਸਿੰਘ, ਐਸ ਪੀ ਸਿੰਘ, ਕੁਲਜੀਤ ਸਿੰਘ, ਪਲਵਿੰਦਰ ਸਿੰਘ, ਪ੍ਰੋ. ਪ੍ਰੀਤਮ ਸਿੰਘ, ਗੁਰਾ ਸਿੰਘ, ਸਤਵੰਤ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਗੋਗੀ, ਅਵਤਾਰ ਸਿੰਘ ਤਾਰੀ, ਮਹਿੰਗਾ ਸਿੰਘ ਸਰਪੰਚ, ਬਲਬੀਰ ਸਿੰਘ ਐਮ ਏ, ਅਮਰਜੀਤ ਸਿੰਘ ਮੁਲਤਾਨੀ, ਸੁਖਦੇਵ ਸਿੰਘ ਗੇਹਲੋਂ, ਰਣਜੀਤ ਸਿੰਘ ਨਾਗਰਾ, ਮਿੱਠੂ ਲਤਾਲਾ, ਬਲਜਿੰਦਰ ਸਿੰਘ, ਜਗਮੀਤ ਸਿੰਘ ਹੁੰਦਲ, ਚਰਨਜੀਤ ਸਿੰਘ ਬੱਲ, ਸੁਖਦੀਪ ਸਿੰਘ, ਭੁਪਿੰਦਰ ਸਿੰਘ ਮਲੇਰਕੋਟਲਾ, ਬਲਵਿੰਦਰ ਸਿੰਘ ਬਰਾੜ, ਕਮਲਜੀਤ ਸਿੰਘ ਲਾਲੀ, ਜਸਵਿੰਦਰ ਸਿੰਘ ਸੋਹਲ, ਸੈਮ ਸੋਹਲ, ਬਰਨੀ ਸਿੰਘ, ਗੁਰਵਿੰਦਰ ਸਿੰਘ ਕਾਉਂਕੇ, ਸੇਵਕ ਸਿੰਘ, ਗੁਰਜੀਤ ਸਿੰਘ ਦਿਉਲ, ਅਮਰੀਕ ਸਿੰਘ ਪਵਾਰ ਅਤੇ ਝਿਲਮਿਣ ਸਿੰਘ ਐਲ ਸਬਰਾਂਟੇ ਨੇ ਹਿੱਸਾ ਲਿਆ।







# ਅਕਾਲ ਤਖ਼ਤ ਦੀ ਸਰਬਉਚਤਾ 'ਤੇ ਪਹਿਰਾ ਦਿਆਂਗੇ-ਅਕਾਲੀ ਦਲ (ਬਾਦਲ)

**ਯੂਨੀਅਨ ਸਿਟੀ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਹਰ ਸਿੱਖ ਅਕਾਲ ਤਖ਼ਤ ਦੀ ਸਰਬਉਚਤਾ ਨੂੰ ਸਮਰਪਿਤ ਹੈ ਅਤੇ ਅਕਾਲ ਤਖ਼ਤ ਦਾ ਵਿਰੋਧ ਕਰਨ ਵਾਲੇ ਆਪਣੇ ਆਪ ਨੂੰ ਸੱਚੇ ਸਿੱਖ ਨਹੀਂ ਅਖਵਾ ਸਕਦੇ। ਇਹ ਵਿਚਾਰ ਇਥੇ ਰਾਜਾ ਸਵੀਟਸ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਇਕ ਮੀਟਿੰਗ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਪ੍ਰਗਟ ਕਰਦਿਆਂ ਆਖਿਆ ਕਿ ਅਕਾਲ ਤਖ਼ਤ ਦੀ ਸਰਬਉਚਤਾ ਉਤੇ ਪਹਿਰਾ ਦਿੱਤਾ ਜਾਏਗਾ। ਮੀਟਿੰਗ ਵਿਚ ਬੁਲਾਇਆਂ ਨੇ ਇਹ ਵੀ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੇ ਬਾਗੀਆਂ ਨੂੰ ਮੂੰਹ ਨਾ ਲਾਇਆ ਜਾਵੇ।

ਪਾਕਿਸਤਾਨ ਦੇ ਕਬਾਇਲੀ ਇਲਾਕੇ ਵਿਚ ਤਾਲਿਬਾਨ ਵਲੋਂ ਦੋ ਸਿੱਖਾਂ ਦੇ ਸਿਰ ਕਲਮ ਕੀਤੇ ਜਾਣ ਦੀ ਘਟਨਾ ਦੀ ਨਿਖੇਧੀ ਕਰਦਿਆਂ ਬੁਲਾਰਿਆਂ ਨੇ ਆਖਿਆ ਕਿ ਇਸ ਘਟਨਾ ਨੇ ਸੰਸਾਰ ਭਰ ਦੇ ਸਿੱਖਾਂ ਦੇ ਮਨਾਂ ਨੂੰ ਜਖ਼ਮੀ ਕੀਤਾ ਹੈ।

ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਕਰਨਲ ਸੁਰਜੀਤ ਸਿੰਘ ਨਿਸ਼ਾਨ ਨੇ ਆਖਿਆ ਕਿ ਕੁਝ ਲੋਕਾਂ ਵਲੋਂ ਸਿੱਖ ਇਤਿਹਾਸ ਨੂੰ ਖਤਮ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ, ਇਹ ਕਾਮਯਾਬ ਨਹੀਂ ਹੋਣ ਦਿੱਤੀਆਂ ਜਾਣਗੀਆਂ। ਨਾਨਕਸ਼ਾਹੀ ਕੈਲੰਡਰ ਦਾ ਜ਼ਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਇਸ ਸਮੇਂ ਇਸ ਬਾਰੇ ਵਿਵਾਦ ਬੇਲੋੜਾ ਹੈ। ਕੀਤੀਆਂ ਗਈਆਂ ਸੋਧਾਂ ਨੂੰ ਅਕਾਲ ਤਖ਼ਤ ਵਲੋਂ ਪ੍ਰਵਾਨਗੀ ਦਿੱਤੀ ਗਈ ਹੈ।

ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਮੀਤ ਸਰਪ੍ਰਸਤ ਸ. ਗੁਰਨਾਮ ਸਿੰਘ ਪੰਮਾ ਨੇ ਇਸ ਮੌਕੇ ਬੋਲਦਿਆਂ ਆਖਿਆ ਕਿ ਕੌਮ ਨੂੰ ਦੋਫਾੜ ਕਰਨ ਵਾਲੇ ਲੋਕਾਂ ਤੋਂ ਬਚਣਾ



ਚਾਹੀਦਾ ਹੈ। ਲਾਸ ਏਂਜਲਸ ਤੋਂ ਆਏ ਪਾਰਟੀ ਇਕਾਈ ਦੇ ਸੀਨੀਅਰ ਮੀਤ ਪ੍ਰਧਾਨ ਸ. ਰੌਣਕ ਸਿੰਘ ਨੇ ਆਖਿਆ ਕਿ ਅਕਾਲ ਤਖ਼ਤ ਦੇ ਫੈਸਲਿਆਂ ਨੂੰ ਚੁਣੌਤੀ ਦੇਣ ਅਤੇ ਸਿੰਘ ਸਾਹਿਬਾਨ ਬਾਰੇ ਗਲਤ ਲਫ਼ਜ਼ ਵਰਤਣ ਦਾ ਕਿਸੇ ਨੂੰ ਅਧਿਕਾਰ ਨਹੀਂ। ਸ਼੍ਰੋਮਣੀ ਅਕਾਲੀ ਦਲ ਅਮਰੀਕਾ ਸ੍ਰੀ ਅਕਾਲ ਤਖ਼ਤ ਨੂੰ ਸਰਬਉਚ ਮੰਨਦੀ ਹੈ ਅਤੇ ਅਕਾਲ ਤਖ਼ਤ ਦੇ ਮਾਣ ਲਈ ਕੁਝ ਵੀ ਕਰਨ ਨੂੰ ਤਿਆਰ ਹੈ।

ਇਸ ਵੇਲੇ ਕੈਲੀਫੋਰਨੀਆ ਦੇ ਸਿੱਖ ਹਲਕਿਆਂ ਵਿਚ ਭਖਦਾ ਮਸਲਾ ਬਣੀਆਂ ਗੁਰਦੁਆਰਾ ਫਰੀਮਾਂਟ ਦੀ ਸੁਪਰੀਮ ਕੌਂਸਲ ਦੀਆਂ ਚੋਣਾਂ ਦਾ ਜ਼ਿਕਰ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਅਤੇ ਅਕਾਲੀ ਆਗੂ ਸ. ਪ੍ਰੀਤਮ ਸਿੰਘ ਗਰੇਵਾਲ ਨੇ ਇਨ੍ਹਾਂ ਚੋਣਾਂ ਵਿਚ ਭਾਈ ਗੁਰਮੀਤ ਸਿੰਘ ਖਾਲਸਾ ਦੀ ਅਗਵਾਈ ਹੇਠ ਚੋਣ ਲੜ ਰਹੀ ਪੰਥਕ ਸਲੇਟ ਦੀ ਡਟ ਕੇ ਮਦਦ ਕਰਨ ਦਾ ਸੱਦਾ ਦਿੱਤਾ ਜਦੋਂਕਿ ਪਾਰਟੀ ਇਕਾਈ ਦੇ ਜਨਰਲ ਸਕੱਤਰ ਸ. ਦਵਿੰਦਰ ਸਿੰਘ ਰਣੀਆ ਨੇ ਆਖਿਆ ਕਿ ਜੋ ਵੀ ਉਮੀਦਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਅਨੁਸਾਰ ਪਾਰਟੀ ਦੇ ਅਹੁਦੇਦਾਰਾਂ ਨਾਲ ਵਿਚਾਰ ਕਰੇਗਾ ਉਸ ਦੀ ਮਦਦ ਕਰਨ ਬਾਰੇ ਸੋਚਿਆ ਜਾ ਸਕਦਾ ਹੈ।

ਫਰਿਜ਼ਨੋ ਤੋਂ ਆਏ ਅੰਮ੍ਰਿਤਪਾਲ ਸਿੰਘ ਨਿੱਝਰ ਨੇ ਪਾਰਟੀ ਇਕਾਈ ਵਿਚ ਅਹੁਦੇਦਾਰਾਂ ਦੀਆਂ ਨਿਯੁਕਤੀਆਂ ਦੀ ਗੱਲ ਕਰਦਿਆਂ ਆਖਿਆ ਕਿ ਕੁਝ ਲੀਡਰ ਆਪਣੀ ਲੀਡਰੀ ਚਮਕਾਉਣ ਲਈ ਪੰਜਾਬ ਜਾ ਕੇ ਜਾਂ ਫੋਨਾਂ ਰਾਹੀਂ ਨਿਯੁਕਤੀ ਪੱਤਰ ਲੈ ਕੇ ਨਾਮਣਾ ਖੱਟ ਰਹੇ ਹਨ ਜਿਨ੍ਹਾਂ ਦਾ ਪਾਰਟੀ ਦੀ ਅਮਰੀਕਾ ਇਕਾਈ ਦੇ ਸਰਪ੍ਰਸਤ ਜਾਂ ਪ੍ਰਧਾਨ ਨੂੰ ਪਤਾ ਵੀ ਨਹੀਂ ਹੁੰਦਾ। ਪਾਰਟੀ ਇਕਾਈ ਦੇ ਪ੍ਰੈਸ ਸਕੱਤਰ ਸ. ਬਿਕਰਮਜੀਤ ਸਿੰਘ ਨੇ ਆਖਿਆ ਕਿ ਪ੍ਰੋ. ਦਰਸ਼ਨ ਸਿੰਘ ਨੇ ਅਕਾਲ ਤਖ਼ਤ ਨਾਲ ਮੱਥਾ ਲਾ ਕੇ ਬਹੁਤ ਵੱਡੀ ਗਲਤੀ ਕੀਤੀ ਹੈ। ਜਨਰਲ ਸਕੱਤਰ ਸ. ਸੁਰਿੰਦਰ ਸਿੰਘ ਨਿੱਝਰ ਨੇ ਆਖਿਆ ਕਿ ਸਿੱਖੀ ਦੇ ਪ੍ਰਚਾਰ ਲਈ ਗੁਰਮਤਿ ਸਕੂਲ ਖੋਲ੍ਹੇ ਜਾਣੇ ਚਾਹੀਦੇ ਹਨ ਅਤੇ ਪੰਜਾਬ ਵਿਚ ਨਸ਼ਿਆਂ ਦੇ ਦਰਿਆ ਨੂੰ ਰੋਕਣ ਲਈ ਕੋਸ਼ਿਸ਼ਾਂ ਹੋਣੀਆਂ ਚਾਹੀਦੀਆਂ ਹਨ।

ਮੀਟਿੰਗ ਦੇ ਅਖੀਰ 'ਚ ਅਕਾਲੀ ਦਲ ਅਮਰੀਕਾ ਦੇ ਸਰਪ੍ਰਸਤ ਸ. ਦੀਦਾਰ ਸਿੰਘ ਬੈਂਸ ਨੇ ਅਕਾਲੀ ਵਰਕਾਰਾਂ ਨੂੰ ਪਾਰਟੀ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੰਦਿਆਂ ਗੁਰਮਤਿ ਜੀਵਨ ਦੇ ਧਾਰਨੀ ਬਣਨ ਦੀ ਪ੍ਰੇਰਨਾ ਕੀਤੀ। ਨੌਜਵਾਨ ਆਗੂ ਸੁਖਵਿੰਦਰ ਸਿੰਘ ਅਬਲੋਵਾਲ ਨੇ ਆਏ ਮੈਂਬਰਾਂ ਦਾ ਸਵਾਗਤ ਕੀਤਾ। ਮੀਟਿੰਗ ਵਿਚ ਰਘਬੀਰ ਸਿੰਘ ਘੋਲੀਆ, ਸੰਤੋਖ ਸਿੰਘ ਤੱਖਰ, ਦਰਸ਼ਨ ਔਜਲਾ, ਹਰਿੰਦਰ ਸਿੰਘ, ਮਨਜੀਤ ਵਿਰਕ, ਕਰਮਜੀਤ ਸਿੰਘ, ਗੁਰਪ੍ਰੀਤ ਸੰਧੂ, ਹਰਜੀਤ ਸਿੰਘ, ਭੁਪਿੰਦਰ ਸਿੰਘ ਢਿਲੋਂ, ਡਾ. ਸੇਵਾ ਸਿੰਘ, ਦੇਵ ਸਿੰਘ, ਗੁਰਦਿਆਲ ਸਿੰਘ ਢਿੱਲੋਂ, ਕੁਲਦੀਪ ਸਿੰਘ ਬਾਜਵਾ, ਪ੍ਰਿਤਪਾਲ ਸਿੰਘ, ਜਸਵੰਤ ਸਿੰਘ ਸਰਾਂ, ਹਰੀਪਾਲ ਸਿੰਘ, ਸਤਨਾਮ ਸਿੰਘ, ਅਵਤਾਰ ਸਿੰਘ, ਅਜੀਤ ਸਿੰਘ, ਜਸਮਿੰਦਰ ਸਿੰਘ, ਸਿਮਰਨਪਾਲ ਸਿੰਘ ਸੰਧੂ, ਸ਼ਮਸ਼ੇਰ ਸਿੰਘ, ਸਰਵਨ ਸਿੰਘ ਢਿੱਲੋਂ, ਸਤਨਾਮ ਸਿੰਘ ਸਟਾਕਟਨ ਤੇ ਅਮਰੀਕ ਸਿੰਘ ਪ੍ਰਤਾਪਪੁਰਾ ਵੀ ਹਾਜ਼ਰ ਸਨ।



## ਸੀਨੀਅਰ ਸਿਟੀਜ਼ਨ ਸੈਂਟਰ ਦੀ ਸੱਤ ਮੈਂਬਰੀ ਕਾਰਜਕਾਰਨੀ ਕਮੇਟੀ ਦਾ ਐਲਾਨ

**ਬੇਕਰਜ਼ਫੀਲਡ (ਪੰਜਾਬ ਟਾਈਮਜ਼ ਬਿਊਰੋ):** ਪੰਜਾਬੀ ਅਮੈਰੀਕਨ ਸੀਨੀਅਰ ਸਿਟੀਜ਼ਨ ਸੈਂਟਰ ਵਲੋਂ ਆਪਣੀ ਇਕ ਸੱਤ ਮੈਂਬਰ ਕਾਰਜਕਾਰਨੀ ਕਮੇਟੀ ਦਾ ਐਲਾਨ ਕੀਤਾ ਗਿਆ ਹੈ ਜੋ ਬਜ਼ੁਰਗਾਂ ਦੀ ਇਸ ਸੰਸਥਾ ਬਾਰੇ ਕੋਈ ਵੀ ਫੈਸਲਾ ਲੈ ਸਕੇਗੀ।

ਸੰਸਥਾ ਦੀ ਇਕ ਮੀਟਿੰਗ ਤੋਂ ਬਾਅਦ ਜਾਰੀ ਕੀਤੇ ਗਏ ਬਿਆਨ ਅਨੁਸਾਰ ਇਸ ਕਮੇਟੀ ਵਿਚ ਜਥੇਦਾਰ ਮਲਕੀਤ ਸਿੰਘ ਮਾਨ, ਗਿਆਨੀ ਗੁਰਚਰਨ ਸਿੰਘ, ਮਾਸਟਰ ਗੁਰਪ੍ਰਤਾਪ ਸਿੰਘ, ਸੁਖਦੇਵ ਸਿੰਘ ਸਾਹਨੇਵਾਲ, ਕਰਤਾਰ ਸਿੰਘ, ਗੁਰਚਰਨ ਸਿੰਘ ਦੀਨਾ ਅਤੇ ਜਗਦੀਸ਼ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ।

ਕਮੇਟੀ ਦੇ ਬਲਾਰੇ ਗਿਆਨੀ ਗੁਰਚਰਨ ਸਿੰਘ ਨੇ ਦੱਸਿਆ ਕਿ ਛੇਤੀ ਹੀ ਸੰਸਥਾ ਵਲੋਂ ਆਪਣਾ ਦਫਤਰ ਖੋਲ੍ਹਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸਾਡੀ ਇਹ ਸੰਸਥਾ ਲੋੜਵੰਦਾਂ ਦੀ ਸੇਵਾ ਲਈ ਹਮੇਸ਼ਾਂ ਹਾਜਰ ਰਹੇਗੀ।

ਉਨ੍ਹਾਂ ਇਹ ਵੀ ਦੱਸਿਆ ਕਿ ਅਖਬਾਰ 'ਪੰਜਾਬ ਟਾਈਮਜ਼' ਨੂੰ ਸੰਸਥਾ ਦਾ ਮੀਡੀਆ ਪਾਰਟਨਰ ਬਣਾਇਆ ਗਿਆ ਹੈ ਅਤੇ ਮਨਦੀਪ ਮਾਨ ਨੂੰ ਸੰਸਥਾ ਦਾ ਮੀਡੀਆ ਸਲਾਹਕਾਰ। ਜਲਦੀ ਹੀ ਸੰਸਥਾ ਵਲੋਂ ਕੁਝ ਅਹਿਮ ਪ੍ਰੋਗਰਾਮਾਂ ਦਾ ਐਲਾਨ ਕੀਤਾ ਜਾਏਗਾ।






# ਪ੍ਰੋ. ਦਰਸ਼ਨ ਸਿੰਘ ਦਾ ਸੋਨ ਤਮਗੇ ਨਾਲ ਸਨਮਾਨ

**ਗੜ੍ਹਸ਼ੰਕਰ (ਪੰਜਾਬ ਟਾਈਮਜ਼ ਬਿਊਰੋ):** ਨਜ਼ਦੀਕੀ ਪਿੰਡ ਇਬਰਾਹੀਮਪੁਰ ਵਿਚ ਹੋਏ ਇਕ ਸਮਾਗਮ ਵਿਚ ਪ੍ਰੋ. ਦਰਸ਼ਨ ਸਿੰਘ ਦੀਆਂ ਪੰਥਕ ਸੇਵਾਵਾਂ ਨੂੰ ਮੁੱਖ ਰੱਖਦਿਆਂ ਉਨ੍ਹਾਂ ਦਾ ਸੋਨੇ ਦੇ ਤਮਗੇ ਨਾਲ ਸਨਮਾਨ ਕੀਤਾ ਗਿਆ। ਇਸ ਮੌਕੇ ਬੋਲਦਿਆਂ ਪ੍ਰੋ. ਦਰਸ਼ਨ ਸਿੰਘ ਨੇ ਆਖਿਆ ਕਿ ਅੱਜ ਜਿੰਨੇ ਤੌਖਲੇ ਸਾਡੇ ਵਿਚ ਪੈਦਾ ਹੋਏ ਨੇ ਇਨ੍ਹਾਂ ਦਾ ਮੂਲ ਕਾਰਨ ਸਾਡਾ ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਪ੍ਰਤੀ ਅਗਿਆਨ ਹੈ। ਅਸੀਂ ਸਿਰਫ ਗੁਰੂ ਗ੍ਰੰਥ ਸਾਹਿਬ ਦੇ ਬਾਹਰੀ ਸਰੂਪ ਨੂੰ ਵੇਖਿਆ ਹੈ ਪਰ ਅਜੇ ਗੁਰੂ ਦੇ ਸ਼ਬਦ ਦੇ ਅੰਦਰੋਂ ਵਿਚਾਰ ਰੂਪੀ ਦਰਸ਼ਨ ਨਹੀ ਕੀਤੇ। ਉਨ੍ਹਾਂ "ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ॥ ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ॥" ਦਾ ਹਵਾਲਾ ਦਿੰਦਿਆਂ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਦੀ ਪ੍ਰੇਰਨਾ ਕੀਤੀ।

ਸੰਗਤਾਂ ਨੂੰ ਸੰਬੋਧਨ ਕਰਦਿਆਂ ਪ੍ਰੋ. ਦਰਸ਼ਨ ਸਿੰਘ ਨੇ ਆਖਿਆ ਕਿ ਜਿਸ ਨੇ ਸਤਿਗੁਰ ਪੁਰਖ ਦਾ ਦਰਸ਼ਨ ਨਹੀਂ ਕੀਤਾ ਉਸਦਾ ਜਨਮ ਹੀ ਬਿਰਥਾ ਹੈ। ਸਾਕਤ ਨੂੰ ਗੁਰੂ ਦਾ ਦਰਸ਼ਨ ਨਸੀਬ ਨਹੀਂ ਹੁੰਦਾ। ਰੱਬ ਜੀਵਨ ਦਿੰਦਾ ਹੈ ਪਰ ਜਿਊਣਾ ਕਿਵੇਂ ਹੈ? ਇਹ ਜੁਗਤੀ ਗੁਰੂ ਦਿੰਦਾ ਏ। ਜੇਕਰ ਗੁਰੂ ਕੋਲ ਸਿੱਖਣ ਲਈ ਜਾਈਏ ਤਾਂ ਗੁਰੂ ਨਾਸਤਕ ਨੂੰ ਆਸਤਕ ਤੇ ਮਨਮੁੱਖ ਨੂੰ ਗੁਰਮੁੱਖ ਬਣਾ ਦਿੰਦਾ ਏ। ਗੁਰੂ ਗ੍ਰੰਥ ਸਾਹਿਬ ਨੂੰ ਨਿਰਾ ਮੱਥਾ ਟੇਕ ਲੈਣਾ ਹੀ ਦਰਸ਼ਨ ਨਹੀਂ, ਜੇਕਰ ਦਰਸ਼ਨ ਕਰਨਾ ਹੈ ਤਾਂ ਸ਼ਬਦ ਦੀ ਵਿਚਾਰ ਕਰਨੀ ਪਵੇਗੀ। ਗੁਰੂ ਨਾਨਕ ਦਾ, ਗੁਰੂ ਨਾਨਕ ਦੇ ਦਸਾਂ ਜਾਮਿਆਂ ਦੀ ਜੋਤਿ ਦਾ ਸਾਰਾ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਸ਼ਬਦ ਦੀ ਵਿਚਾਰ ਤੋਂ ਬਿਨਾ ਇਹ ਪਤਾ ਹੀ ਨਹੀਂ ਲੱਗਦਾ ਕਿ ਕਿਸੇ ਹੋਰ ਗ੍ਰੰਥ ਵਿਚ ਗੁਰਮਤਿ ਸਿਧਾਂਤ ਦੇ ਵਿਰੁਧ ਕੀ ਕੁਝ ਲਿਖਿਆ ਪਿਆ ਹੈ। ਉਦਾਹਰਣ ਦਿੰਦਿਆਂ ਉਨ੍ਹਾਂ ਆਖਿਆ ਕਿ ਗੁਰੂ ਗ੍ਰੰਥ ਸਾਹਿਬ ਉਸ ਕੀਮਤੀ ਬਕਸੇ ਦੀ ਤਰ੍ਹਾਂ ਹਨ ਜੋ ਹੀਰੇ, ਜਵਾਹਰਾਤ, ਲਾਲ, ਮੋਤੀਆਂ ਰੂਪੀ ਅਣਮੋਲ ਖਜਾਨੇ ਨਾਲ ਭਰਿਆ ਪਿਆ ਹੈ ਪਰ ਚੋਰ ਕੀ ਕਰਦਾ ਹੈ ਉਹ ਇੱਕ ਹੋਰ ਬਕਸਾ (ਜੋ ਬਾਹਰੋਂ ਦੇਖਣ ਨੂੰ ਉਸ ਬਕਸੇ ਵਰਗਾ ਹੀ ਲੱਗੇ) ਤਿਆਰ ਕਰਦਾ ਹੈ ਤੇ ਮੌਕਾ ਮਿਲਦਿਆਂ ਹੀ ਅਸਲੀ ਬਕਸੇ ਨੂੰ ਚੁੱਕ ਕੇ ਲੈ ਜਾਂਦਾ ਹੈ। ਅਵੇਸਲੇ ਮਾਲਕ ਨੂੰ ਲੱਗਦਾ ਹੈ ਕਿ ਮੇਰਾ ਬਕਸਾ ਮੇਰੇ ਕੋਲ ਹੀ ਹੈ ਪਰ ਜਦੋਂ ਘਰ ਜਾ ਕੇ ਖੋਲ ਕੇ ਦੇਖਦਾ ਹੈ ਤਦ ਉਸਨੂੰ ਪਤਾ ਲੱਗਦਾ ਹੈ ਕਿ ਮੇਰਾ ਅਸਲੀ ਬਕਸਾ ਤਾਂ ਕੋਈ ਧੋਖੇ ਨਾਲ ਬਦਲ ਕੇ ਲੈ ਗਿਆ ਹੈ, ਉਹ ਇਨਸਾਨ ਸਿਰਫ ਰੋਂਦਾ ਹੀ ਰਹਿ ਜਾਂਦਾ ਹੈ। ਇਵੇਂ ਹੀ ਗੁਰੂ ਗ੍ਰੰਥ ਸਾਹਿਬ ਦੇ ਅਨਮੋਲ ਖਜਾਨੇ ਨੂੰ ਬਚਿੱਤਰ ਨਾਟਕ ਦੁਆਰਾ ਲੁੱਟਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂ ਕਿ ਸਿੱਖਾਂ ਨੂੰ ਗੁਰੂ ਸਿਧਾਂਤ ਨਾਲੋਂ ਤੋੜ ਕੇ ਠੱਗਿਆ ਜਾ ਸਕੇ।



ਪ੍ਰੋ. ਦਰਸ਼ਨ ਸਿੰਘ ਨੇ ਆਖਿਆ ਕਿ ਦੁੱਖ ਹੀ ਇਸ ਗੱਲ ਦਾ ਹੈ ਕਿ ਬਚਿੱਤਰ ਨਾਟਕ ਨੂੰ ਅੱਖਰ-ਅੱਖਰ ਦਸਮ ਪਾਤਸ਼ਾਹ ਦੀ ਲਿਖਤ ਦੱਸ ਕੇ ਗੁਰੂ ਗੋਬਿੰਦ ਸਿੰਘ ਦਾ ਘੋਰ ਅਪਮਾਨ ਕੀਤਾ ਜਾ ਰਿਹਾ ਹੈ। ਉਨ੍ਹਾਂ ਬਾਣੀ ਦੇ ਅਨੇਕਾਂ ਪ੍ਰਮਾਣ ਦੇ ਕੇ ਸਾਬਿਤ ਕੀਤਾ ਕਿ ਬਚਿੱਤਰ ਨਾਟਕ ਦੀ ਵਿਚਾਰਧਾਰਾ ਜੁੱਗੋ ਜੁੱਗ ਅਟੱਲ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਿਧਾਂਤ ਨਾਲ ਮੇਲ ਹੀ ਨਹੀ ਖਾਂਦੀ ਇੱਕ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਕਾਲ ਪੁਰਖ ਦੀ ਗੱਲ ਕਰਦੀ ਹੈ। ਬਾਣੀ ਦਾ ਫੁਰਮਾਨ ਹੈ, "ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ॥ ਗੁਰਸਿਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ॥" ਦੂਜੇ ਪਾਸੇ ਬਚਿੱਤਰ ਨਾਟਕ ਦਾ ਲਿਖਾਰੀ ਦੇਵੀ ਦੀ ਉਪਮਾ ਵਿਚ ਕਹਿ ਰਿਹਾ ਹੈ, "ਕ੍ਰਿਪਾ ਕਰੀ ਹਮ ਪਰ ਜਗ ਮਾਤਾ। ਗ੍ਰੰਥ ਕਰਾ ਪੂਰਨ ਸੁਭ ਰਾਤਾ।"

ਉਨ੍ਹਾਂ ਆਖਿਆ ਕਿ ਸਾਨੂੰ ਕਿਸੇ ਕੋਲੋਂ ਪੁਛਣ ਦੀ ਲੋੜ ਨਹੀਂ ਕਿ ਤੇਰਾ ਪਿਤਾ, ਭਰਾ ਕੌਣ ਹੈ, ਪਰ ਸਾਡੇ ਕੋਲੋਂ ਜਰੂਰ ਗੁਰੂ ਦੀ ਪਛਾਣ ਗਵਾਚ ਗਈ ਹੈ ਤਦ ਹੀ ਇਨ੍ਹਾਂ ਲੋਕਾਂ ਦੀ ਇਹ ਹਿੰਮਤ ਪੈ ਗਈ ਕਿ ਇਹ ਆਖਣ ਲੱਗ ਪਏ ਕਿ ਤੇਰਾ ਗੁਰੂ ਉਹ (ਬਚਿੱਤਰ ਨਾਟਕ) ਵੀ ਹੈ। ਆਪ ਸਭ ਆਪਣੇ ਗੁਰੂ ਨੂੰ ਪਛਾਣੋ ਤੇ ਗੁਰੂ ਦੀ ਪਛਾਣ ਸ਼ਬਦ ਦੁਆਰਾ ਹੋਣੀ ਹੈ, ਗੁਰੂ ਜੀ ਨੇ ਬਾਣੀ ਅੰਦਰ ਆਖ ਦਿੱਤਾ, "ਏਹੜ ਤੇਹੜ ਛਡਿ ਤੂ ਗੁਰ ਕਾ ਸਬਦੁ ਪਛਾਣੁ॥"



ਪ੍ਰੋ. ਦਰਸ਼ਨ ਸਿੰਘ ਨੇ ਦਲੀਲ ਦਿੰਦਿਆਂ ਆਖਿਆ ਕਿ ਕੌਮ ਨੂੰ ਇਹ ਵੀ ਸੋਚਣਾ ਪਵੇਗਾ ਕਿ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਤਿਆਰ ਕਰਨ ਲੱਗਿਆਂ ਸਰੀਰਕ ਰੂਪ ਵਿਚ ਛੇ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਤੇ ਗੁਰਸਿੱਖਾਂ ਦੀ ਬਾਣੀ ਇਕੱਠੀ ਕਰਦਿਆਂ ਗੁਰੂ ਸਾਹਿਬ ਨੂੰ 200 ਸਾਲ ਤੋਂ ਵੱਧ ਦਾ ਸਮਾਂ ਲੱਗਿਆ ਤਦ ਜਾ ਕੇ 1430 ਪੰਨੇ ਵਾਲੀ ਬੀੜ ਤਿਆਰ ਹੋਈ, ਪਰ ਦਸਮ ਪਾਤਸ਼ਾਹ ਨੇ ਇੰਨੀ ਥੋੜੀ ਉਮਰ ਵਿਚ ਇੰਨੇ ਸੰਘਰਸ਼ਮਈ ਜੀਵਨ, ਜੰਗਾਂ ਜੁੱਧਾਂ ਦੇ ਬਾਵਜੂਦ 1428 ਪੰਨੇ ਵਾਲੇ ਬਚਿੱਤਰ ਨਾਟਕ ਤਿਆਰ ਕਰ ਲਿਆ, ਆਪਣੇ ਆਪ ਵਿਚ ਹੀ ਸ਼ੱਕ ਪੈਦਾ ਕਰਦਾ ਹੈ। ਦਸਮ ਗ੍ਰੰਥ ਦੇ ਹਮਾਇਤੀ ਕਹਿੰਦੇ ਹਨ ਕਿ ਗੁਰੂ ਸਾਹਿਬ ਨੂੰ ਅਰਥ ਪੜ੍ਹਾਉਣ ਦਾ ਸਮਾਂ ਨਹੀਂ ਲੱਗਿਆ। ਜੇਕਰ ਅਰਥ ਪੜ੍ਹਾਉਣ ਦਾ ਸਮਾਂ ਨਹੀ ਲੱਗਿਆ ਤਾਂ ਗੁਰੂ ਜੀ ਨੂੰ ਐਡਾ ਵੱਡ ਅਕਾਰੀ ਗ੍ਰੰਥ ਤਿਆਰ ਕਰਨ ਦਾ ਸਮਾਂ ਕਿਵੇਂ ਲੱਗ ਗਿਆ? ਗੁਰੂ ਨੇ ਦਲੀਲ ਦਾ ਕਿਤੇ ਵੀ ਪੱਲਾ ਨਹੀ ਛੱਡਿਆ।

ਪ੍ਰੋ. ਸਾਹਿਬ ਨੇ ਅਜੋਕੀ ਪੰਜਾਬ ਸਰਕਾਰ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਸਰਬਉਚਤਾ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਉਪਰ ਲਾਈ ਗਈ ਅਣਐਲਾਨੀ ਪਾਬੰਦੀ ਦਾ ਜ਼ਿਕਰ ਕਰਦਿਆਂ ਜਾਨਣਾ ਚਾਹਿਆ ਕਿ ਬਚਿੱਤਰ ਨਾਟਕ ਨੂੰ ਗੁਰੂ ਕ੍ਰਿਤ ਮੰਨ ਕੇ ਨਸ਼ਾ ਮੁਕਤ ਸਮਾਜ ਕਿਵੇਂ ਸਿਰਜਿਆ ਜਾ ਸਕਦਾ ਹੈ? ਬਚਿੱਤਰ ਨਾਟਕ ਤਾਂ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਦੇ ਉਲਟ ਸ਼ਰਾਬ, ਭੰਗ ਤੇ ਹੋਰ ਨਸ਼ਿਆਂ ਦੇ ਸੇਵਨ ਦੀ ਆਗਿਆ ਦਿੰਦਾ ਹੈ। ਇਸ ਵਿਚ ਕੇਸਾਂ ਦੀ ਬੇਅਦਬੀ ਕਿਵੇਂ ਕਰੀਦੀ ਹੈ ਇਹ ਸਿਖਾਇਆ ਜਾਂਦਾ ਹੈ। ਇਸ ਬਚਿੱਤਰ ਨਾਟਕ ਨੂੰ ਮੱਥੇ ਟਿਕਾ ਕਿ ਭਰੂਣ ਹੱਤਿਆ ਨੂੰ ਕਿਵੇਂ ਰੋਕਿਆ ਜਾ ਸਕੇਗਾ? ਕਿਉਂਕਿ ਬਚਿੱਤਰ ਨਾਟਕ ਤਾਂ ਇਸਤਰੀ ਜਾਤੀ ਦੇ ਮਾਣ ਸਨਮਾਨ ਦੇ ਵਿਰੁੱਧ ਵਿਚਾਰ ਦਿੰਦਾ ਹੈ। ਪੰਜਾਬ ਸਰਕਾਰ ਬਾਰੇ ਤਿੱਖੀ ਟਿੱਪਣੀ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਦੇ ਇਹ ਹਾਕਮ ਤੇ ਇਨ੍ਹਾਂ ਦੇ ਪਿਛਲੱਗ ਮੇਰੀ ਜ਼ੁਬਾਨ ਕੱਟ ਦੇਣਾ ਚਾਹੁੰਦੇ ਹਨ। ਘਰ ਦੇ ਵਿਰਸੇ ਨੂੰ ਸੰਭਾਲਣ ਲਈ ਅਮੀਰ ਆਦਮੀ ਪਹਿਰੇਦਾਰ ਬਿਠਾ ਲੈਂਦੇ ਹਨ ਤੇ ਕੁੱਤਾ ਵੀ ਰੱਖ ਲੈਂਦੇ ਹਨ ਪਰ ਜੇਕਰ ਇਨ੍ਹਾਂ ਦੇ ਹੁੰਦਿਆਂ ਵੀ ਘਰ ਲੁੱਟ ਲਿਆ ਜਾਵੇ ਤਾਂ ਉਹ ਪਹਿਰੇਦਾਰ ਵੀ ਸ਼ੱਕ ਦੇ ਘੇਰੇ ਵਿਚ ਆ ਜਾਂਦੇ ਹਨ ਕਿ ਸ਼ਾਇਦ ਉਹ ਲੁਟੇਰਿਆਂ ਦੇ ਨਾਲ ਰਲੇ ਹੋਏ ਹੋਣਗੇ ਪਰ ਕਦੀ ਕਿਸੇ ਨੇ ਮਾਲਕ ਦੇ ਕੁੱਤੇ ਦੀ ਵਫਾਦਾਰੀ ਤੇ ਸ਼ੱਕ ਨਹੀ ਕੀਤੀ। ਕੌਮ ਨੇ ਪੰਜ ਪਹਿਰੇਦਾਰ ਗੁਰਮਤਿ ਸਿਧਾਂਤ ਦੀ ਰਾਖੀ ਲਈ ਬਿਠਾਏ ਸਨ ਪਰ ਉਹ ਵੀ ਚੋਰਾਂ (ਆਰ.ਐਸ.ਐਸ. ਦੀ ਜੁੰਡਲੀ) ਨਾਲ ਮਿਲ ਗਏ, ਮੈਂ ਗੁਰੂ ਗ੍ਰੰਥ ਸਾਹਿਬ ਦੇ ਦਰ ਦਾ ਕੂਕਰ ਹਾਂ, ਕੌਮ ਨੂੰ ਜਗਾਉਣਾ ਮੇਰਾ ਫਰਜ਼ ਹੈ, ਮੈਂ ਭੌਂਕ-ਭੌਂਕ ਕੇ ਕੌਮ ਨੂੰ ਜਗਾਉਂਦਾ ਰਹਾਂਗਾ ਤਾਂ ਕਿ ਕੌਮ ਜਾਗ ਕੇ ਆਪਣੇ ਵਿਰਸੇ ਨੂੰ ਸੰਭਾਲ ਲਵੇ। ਜਿਸ ਦਿਨ ਮੇਰੀ ਜ਼ੁਬਾਨ ਬੰਦ ਹੋ ਗਈ ਉਸ ਦਿਨ ਸਮਝ ਲਿਉ ਕਿ ਮੈਨੂੰ ਚੋਰਾਂ (ਪੰਥ ਦੋਖੀਆਂ) ਵਲੋਂ ਗੋਲੀ ਮਾਰ ਦਿੱਤੀ ਗਈ ਏ ਤੇ ਮੇਰੇ ਜੀਵਨ ਦਾ ਅੰਤ ਹੋ ਗਿਆ ਏ। ਜਦੋਂ ਪ੍ਰੋ. ਦਰਸ਼ਨ ਸਿੰਘ ਨੇ ਇਹ ਕਿਹਾ ਤਾਂ ਸੰਗਤ ਦੇ ਇਕਦਮ ਅੱਥਰੂ ਵਹਿ ਤੁਰੇ ਤੇ ਸੰਗਤਾਂ ਨੇ ਗੁਰੂ ਸਿਧਾਂਤ ਦੀ ਰਾਖੀ ਦੀ ਵਚਨਵੱਧਤਾ ਪ੍ਰਤੀ ਜੈਕਾਰੇ ਲਗਾਉਣੇ ਸ਼ੁਰੂ ਕਰ ਦਿੱਤੇ।

ਇਸ ਸਮਾਗਮ ਵਿਚ ਹਾਜ਼ਰੀ ਭਰਦਿਆਂ ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਭਾਈ ਜਗਤਾਰ ਸਿੰਘ ਜਾਚਕ ਨੇ ਆਖਿਆ ਕਿ ਜੇਕਰ ਪ੍ਰੋ. ਦਰਸ਼ਨ ਸਿੰਘ ਸਿੱਖ ਨਹੀਂ ਹਨ ਤਾਂ ਸਿੱਖ ਕੌਣ ਹੈ? ਅਕਾਲ ਤਖਤ ਕਿਸੇ ਨੂੰ ਨਹੀਂ ਛੇਕਦਾ। ਇਥੋਂ ਤੱਕ ਕਿ ਗੁਰੂ ਹਰਿ ਰਾਏ ਜੀ ਨੇ ਵੀ ਰਾਮ ਰਾਏ ਨੂੰ ਨਹੀਂ ਸੀ ਛੇਕਿਆ, ਇਹ ਹੀ ਕਿਹਾ ਸੀ ਕਿ ਮੇਰੇ ਮੱਥੇ ਨਾ ਲੱਗੇ, ਉਹ ਗਲਤੀ ਕਰਨ ਕਰਕੇ ਤਨਖਾਹੀਆ ਸੀ। ਜੇਕਰ ਉਹ ਛੇਕਿਆ ਹੋਇਆ ਹੁੰਦਾ ਤਾਂ ਦਸਮ ਪਾਤਸ਼ਾਹ ਉਸਨੂੰ ਕਦੀ ਨਾ ਮਿਲਦੇ। ਉਨ੍ਹਾਂ ਸਪੱਸ਼ਟ ਆਖਿਆ ਕਿ ਸਾਡੀ ਅਕਾਲ ਤਖਤ ਨਾਲ ਕੋਈ ਟੱਕਰ ਨਹੀਂ ਹੈ। ਸਾਡੀ ਲੜਾਈ ਧਾਰਮਿਕ ਪਦਵੀਆਂ 'ਤੇ ਬੈਠੇ ਲੋਕਾਂ ਨਾਲ ਹੈ ਜੋ ਨਿੱਜੀ ਸਵਾਰਥਾਂ ਅਤੇ ਕਿਸੇ ਦੂਜੇ ਨੂੰ ਲਾਭ ਪਹੁੰਚਾਉਣ ਦੀ ਖਾਤਰ ਧਾਰਮਿਕ ਪਦਵੀਆਂ ਦੀ ਦੁਰਵਰਤੋਂ ਕਰ ਰਹੇ ਹਨ।



ਖਾਲਸਾ ਪੰਚਾਇਤ ਦੇ ਭਾਈ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਇਹੀ ਲੋਕ ਪਹਿਲਾਂ ਵੀ ਤੇ ਹੁਣ ਵੀ ਨਰਕਧਾਰੀਆਂ, ਨੂਰਮਹਿਲੀਏ, ਭਨਿਆਰਾਂ ਵਾਲੇ, ਸੌਦੇ ਵਾਲੇ ਸਾਧ ਤੇ ਡੇਰੇਦਾਰਾਂ ਵਲੋਂ ਗੁਰੂ ਸ਼ਬਦ ਉਤੇ ਹਮਲੇ ਕਰਵਾਉਣ ਦੇ ਦੋਸ਼ੀ ਹਨ। ਅੱਜ ਦਾ ਇਹ ਹਮਲਾ ਆਰ.ਐਸ.ਐਸ. ਵਲੋਂ ਸਿੱਖ ਡਰੈਸ ਵਿਚ ਕੀਤਾ ਜਾ ਰਿਹਾ ਹੈ।

ਸਟੇਜ ਦੀ ਸੇਵਾ ਇਲਾਕੇ ਦੇ ਉਘੇ ਪੰਥਕ ਵਿਦਵਾਨ ਹਰਬੰਸ ਸਿੰਘ ਤੇਗ ਨੇ ਨਿਭਾਈ। ਉਨ੍ਹਾਂ ਨੇ ਦੱਸਿਆ ਕਿ ਕਿਵੇਂ ਇਹ ਸਰਕਾਰ ਆਪਣੇ ਹੀ ਮਤਿਆਂ ਦੇ ਉਲਟ ਜਾ ਕੇ ਕੀਰਤਨ ਸਮਾਗਮਾਂ ਉਤੇ ਪਾਬੰਦੀ ਲਗਾ ਰਹੀ ਹੈ। ਹੁਕਮਨਾਮਾ ਕੇਵਲ ਗੁਰੂ ਜਾਰੀ ਕਰਦੈ, ਇਹ ਜਥੇਦਾਰ ਜੋ ਸਿਆਸੀ ਲੋਕਾਂ ਦੇ ਗੁਲਾਮ ਹਨ ਇਨ੍ਹਾਂ ਨੂੰ ਆਪਣੀਆਂ ਤਨਖਾਹਾਂ ਦਾ ਹੀ ਫਿਕਰ ਪਿਆ ਰਹਿੰਦਾ ਹੈ, ਇਹ ਵਿਚਾਰੇ ਕੀ ਹੁਕਮ ਜਾਰੀ ਕਰਨਗੇ, ਇਹ ਤਾਂ ਆਪ ਹੀ ਅਕਾਲ ਪੁਰਖ ਨੂੰ ਮਾਲਕ ਨਹੀ ਮੰਨਦੇ। ਭਾਈ ਤੇਗ ਨੇ ਬਾਹਰੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ ਤੇ ਅੰਤ ਵਿਚ ਕੁਝ ਮਤੇ ਪੇਸ਼ ਕੀਤੇ ਗਏ ਜੋ ਸੰਗਤਾਂ ਨੇ ਜੈਕਾਰਿਆਂ ਦੁਆਰਾ ਪ੍ਰਵਾਨ ਕੀਤੇ:

ਇਕ ਮਤੇ ਰਾਹੀਂ ਪ੍ਰੋ. ਦਰਸ਼ਨ ਸਿੰਘ ਦੀਆਂ ਕੌਮ ਪ੍ਰਤੀ ਵਡਮੁੱਲੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਗਈ ਤੇ 1984 ਵੇਲੇ ਅੱਤ ਨਾਜ਼ੁਕ ਸਮੇਂ ਦਿੱਤੀ ਠੋਸ ਅਗਵਾਈ ਨੂੰ ਯਾਦ ਕੀਤਾ ਗਿਆ। ਸਿੰਘ ਸਹਿਬਾਨ ਵਲੋਂ ਜਾਰੀ ਅਖੌਤੀ ਹੁਕਮਨਾਮੇ ਨੂੰ ਮੁਢੋਂ ਹੀ ਰੱਦ ਕਰ ਦਿੱਤਾ ਗਿਆ। ਇਕ ਹੋਰ ਮਤੇ ਵਿਚ ਆਖਿਆ ਗਿਆ ਕਿ ਜੋ ਆਪ ਅਕਾਲ

*(ਬਾਕੀ ਸਫਾ 30 ਉਤੇ)*













ਪੇਸ਼ ਕਰਦੇ ਹਾਂ "ਫੋਰੈਵਰ ਫਿੱਟ" ਨੌਰਥ ਅਮਰੀਕਾ ਵਿੱਚ ਸਾਰੇ ਸਰੀਰ ਦੀ ਮਸਾਜ ਕਰਨ ਵਾਲੇ ਸਭ ਤੋਂ ਵੱਧ ਪਾਵਰਫੁਲ ਮਸ਼ੀਨ ਦੀ ਰੇਂਜ।
Back By Popular Demand
"ਕਨੇਡਾ ਅਤੇ ਅਮਰੀਕਾ ਵਿੱਚ ਹੋਲ ਬੋਡੀ ਮਸਾਜਰ ਦੀ ਸਭ ਤੋਂ ਵੱਧ ਰੇਂਜ"
ਤੰਦਰੁਸਤ ਬਣੋ
300 ਕੈਲਰੀਜ਼ ਘਟਾਓ
ਸਿਰਫ 10 ਮਿੰਟਾਂ ਵਿਚ
Forever Fit
2.0 HP
2.5 HP
2.0 HP
2.0 HP
* ਹਰੇਕ ਉਮਰ ਲਈ ਲਾਹੇਵੰਦ
* ਜਿਮ ਜਾਣ ਦੀ ਕੋਈ ਜ਼ਰੂਰਤ ਨਹੀਂ-ਘਰ ਜਾਂ ਦਫਤਰ ਵਿਚ ਹੀ ਕਸਰਤ ਕਰੋ
* ਜ਼ਿਆਦਾ ਜਗ੍ਹਾ ਨਹੀਂ ਲੈਂਦਾ ਅਤੇ ਵਰਤਨ ਵਿਚ ਆਸਾਨ
* ਮੁਫਤ ਟ੍ਰੇਨਿੰਗ ਅਤੇ ਫਿਟਿੰਗ ਦਾ ਤਰੀਕਾ ਦੱਸਿਆ ਜਾਂਦਾ ਹੈ
* ਪੰਜ ਸਾਲ ਦੀ ਵਾਰੰਟੀ($100 ਦਾ ਵਖਰਾ ਖਰਚ)
* ਜਲਦ ਭਾਰ ਘਟਾਓ
* ਤਨਾਓ ਦੂਰ ਕਰੋ
* ਸੰਪੂਰਨ ਸਿਹਤ ਵਿਚ ਵਿਕਾਸ
* 1 ਦਸ ਮਿੰਟਾਂ ਦਾ ਸੈਸ਼ਨ ਜਿਮ ਵਿਚ 2 ਘੰਟਿਆਂ ਦੀ ਕਸਰਤ ਦੇ ਬਰਾਬਰ
* ਲਚਕ ਅਤੇ ਤਾਕਤ ਵਿਚ ਵਾਧਾ
* ਨਵੀ ਹੈਲਥ ਤਕਨੀਕ
CrazyFitMassage
2.0 HP
1.5 HP
ਪ੍ਰਦਰਸ਼ਨੀ ਅਤੇ ਸੇਲ Mar 13 ਅਤੇ 14 2010 ਨੂੰ ਸਵੇਰੇ 10:00 ਵਜੇ ਤੋਂ ਸ਼ਾਮ 6:00 ਵਜੇ ਤੱਕ
Hotel Hilton Newark / Fremont ਵਿਖੇ
39900 Balentine Drive, Newark CA 94560 USA
( Intersection of Freeway 880 ਅਤੇ Stevenson Blvd. ਦੇ ਲਾਗੇ)
$500 ਡਿਸਕਾਂਊਟ ਹਰ ਮਸ਼ੀਨ 'ਤੇ
Tel: 925 339 4495
Toll Free: 1-866-979-2348
www.myforeverfit.com
*Dealer enquiries welcome
1 HP

# ਹਾਕੀ ਦਾ ਮਹਾਂਕੁੰਭ ਸ਼ੁਰੂ ਭਾਰਤ, ਇੰਗਲੈਂਡ ਤੇ ਹਾਲੈਂਡ ਨੇ ਪਹਿਲੇ ਮੈਚ ਜਿੱਤੇ

**ਨਵੀਂ ਦਿੱਲੀ :** ਹਾਕੀ ਦਾ ਮਹਾਂਕੁੰਭ, ਜਿਸ ਦਾ ਦੁਨੀਆ ਦੇ ਹਰੇਕ ਹਾਕੀ ਪ੍ਰੇਮੀ ਅਤੇ ਖਿਡਾਰੀ ਨੂੰ ਬੇਸਬਰੀ ਨਾਲ ਇੰਤਜ਼ਾਰ ਰਹਿੰਦਾ ਹੈ, ਵਿਸ਼ਵ ਕੱਪ ਸਥਾਨਕ ਧਿਆਨ ਚੰਦ ਨੈਸ਼ਨਲ ਸਟੇਡੀਅਮ ਵਿਖੇ ਸ਼ੁਰੂ ਹੋ ਗਿਆ। ਪਹਿਲਾ ਮੈਚ ਬੀਜਿੰਗ ਓਲੰਪਿਕ ਖੇਡਾਂ 'ਚ ਚਾਂਦੀ ਦਾ ਤਮਗਾ ਜਿੱਤਣ ਵਾਲੀ ਸਪੇਨ ਦੀ ਟੀਮ ਅਤੇ ਦੱਖਣੀ ਅਫ਼ਰੀਕਾ ਦੀ ਟੀਮ ਦਰਮਿਆਨ ਖੇਡਿਆ ਗਿਆ।ਮੈਚ ਦੇ ਪਹਿਲੇ ਅੱਧ ਦੌਰਾਨ ਹੀ 16ਵੇਂ ਮਿੰਟ 'ਚ ਦੱਖਣੀ ਅਫ਼ਰੀਕਾ ਦੇ ਖਿਡਾਰੀ ਜੂਲੀਅਨ ਹਾਈਕਸ ਨੇ ਸ਼ਾਨਦਾਰ ਗੋਲ ਦਾਗ਼ ਕੇ ਗੋਲ ਕਰ ਦਿੱਤਾ ਅਤੇ ਆਪਣੀ ਟੀਮ ਨੂੰ 1-0 ਦੀ ਲੀਡ ਦੁਆ ਦਿੱਤੀ। ਵਿਸ਼ਵ ਦੀ 13ਵੇਂ ਨੰਬਰ 'ਤੇ ਮੌਜੂਦ ਦੱਖਣੀ ਅਫ਼ਰੀਕੀ ਟੀਮ ਕੋਲੋਂ ਗੋਲ ਖਾਣ ਪਿੱਛੋਂ ਤੀਜੇ ਨੰਬਰ ਦੀ ਸਪੇਨੀ ਟੀਮ ਨੂੰ ਵੀ ਜੋਸ਼ ਆ ਗਿਆ ਅਤੇ ਉਸ ਨੇ ਵੀ ਦੱਖਣੀ ਅਫ਼ਰੀਕੀ ਗੋਲ 'ਤੇ ਕਈ ਹਮਲੇ ਕੀਤੇ। ਨਤੀਜਾ ਇਹ ਰਿਹਾ ਕਿ 3 ਮਿੰਟਾਂ 'ਚ ਸਪੇਨ ਦੇ ਖਿਡਾਰੀਆਂ ਰੌਕ ਔਲੀਵਾ ਅਤੇ ਡੇਵਿਡ ਅਲੈਗਰੇ ਨੇ ਗੋਲ ਕਰਕੇ ਆਪਣੀ ਟੀਮ ਨੂੰ 2-1 ਨਾਲ ਅੱਗੇ ਕਰ ਦਿੱਤਾ। ਦੱਖਣੀ ਅਫ਼ਰੀਕਾ ਵਲੋਂ ਪਹਿਲੇ ਅੱਧ ਦੀ ਸਮਾਪਤੀ ਤੋਂ 5 ਮਿੰਟ ਪਹਿਲਾਂ ਈਅਨ ਹੇਲੇ ਨੇ ਪੈਨੇਲਟੀ ਕਾਰਨਰ ਰਾਹੀਂ ਗੋਲ ਕਰਕੇ ਸਕੋਰ 2-2 ਨਾਲ ਬਰਾਬਰ ਕਰ ਦਿੱਤਾ। ਦੂਜੇ ਅੱਧ 'ਚ ਸਪੇਨ ਵਲੋਂ ਰੌਡਰਿਗੋ ਗਾਰਜ਼ਾ ਅਤੇ ਪੈਨੇਲਟੀ ਕਾਰਨਰ ਨਾਲ ਪਾਊ ਕੁਏਮਾਦਾ ਨੇ ਗੋਲ ਕਰਕੇ ਆਪਣੀ ਟੀਮ ਨੂੰ 4-2 ਨਾਲ ਜਿਤਾ ਦਿੱਤਾ।

ਦੂਜੇ ਮੈਚ ਵਿਚ ਵੱਡਾ ਉਲਟ ਫੇਰ ਕਰਦਿਆਂ ਇੰਗਲੈਂਡ ਦੀ ਟੀਮ ਨੇ ਆਸਟ੍ਰੇਲੀਆ ਦੀ ਸਭ ਤੋਂ ਮਜ਼ਬੂਤ ਸਮਝੀ ਜਾਂਦੀ ਹਾਕੀ ਟੀਮ ਨੂੰ 3 ਦੇ ਮੁਕਾਬਲੇ 2 ਗੋਲਾਂ ਨਾਲ ਹਰਾ ਦਿੱਤਾ।



*ਪਾਕਿਸਤਾਨ ਵਿਰੁਧ ਦੂਜਾ ਗੋਲ ਕਰਨ ਪਿੱਛੋਂ ਖੁਸ਼ੀ 'ਚ ਚਹਿਕਦਾ ਸੰਦੀਪ ਸਿੰਘ*

ਵਿਸ਼ਵ ਕੱਪ ਹਾਕੀ ਦੇ ਪਹਿਲੇ ਮੈਚ 'ਚ ਬੀਤੀ 28 ਫ਼ਰਵਰੀ ਨੂੰ ਮੇਜ਼ਬਾਨ ਭਾਰਤ ਨੇ ਅਪਣੇ ਰਵਾਇਤੀ ਵਿਰੋਧੀ ਪਾਕਿਸਤਾਨ ਨੂੰ 4-1 ਗੋਲਾਂ ਨਾਲ ਹਰਾ ਦਿਤਾ। ਪੂਰੇ ਮੈਚ ਦੌਰਾਨ ਭਾਰਤ ਦੀ ਟੀਮ ਛਾਈ ਰਹੀ। ਸਟਾਰ ਡਰੈਗ ਫ਼ਲਿਕਰ ਸੰਦੀਪ ਸਿੰਘ ਨੇ 35ਵੇਂ ਅਤੇ 57ਵੇਂ ਮਿੰਟ 'ਚ ਪੈਨਲਟੀ ਕਾਰਨਰ 'ਤੇ ਗੋਲ ਕਰ ਕੇ ਭਾਰਤ ਨੂੰ ਜਿੱਤ ਦੀ ਰਾਹ 'ਤੇ ਪਾਇਆ। ਭਾਰਤ ਵਲੋਂ 27ਵੇਂ ਮਿੰਟ 'ਚ ਸ਼ਿਵੇਂਦਰ ਸਿੰਘ ਨੇ ਪਹਿਲਾ ਗੋਲ ਕੀਤਾ। ਪਾਕਿਸਤਾਨੀ ਗੋਲਕੀਪਰ ਦੇ ਪੈਡਾਂ ਤੋਂ ਉਛਲ ਕੇ ਆਈ ਗੇਂਦ ਨੂੰ ਸ਼ਿਵੇਂਦਰ ਨੇ ਹਿੱਟ ਲਾ ਕੇ ਗੋਲ 'ਚ ਬਦਲ ਦਿਤਾ। ਇਸ ਤੋਂ ਬਾਅਦ ਪਹਿਲੇ ਹਾਫ਼ ਦੇ ਖ਼ਾਤਮੇ ਤੋਂ ਐਨ ਪਹਿਲਾਂ ਸੰਦੀਪ ਸਿੰਘ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰ ਦਿਤਾ। ਪਾਕਿਸਤਾਨ ਨੇ ਵੀ ਭਾਰਤੀ ਗੋਲ ਵਲ ਜ਼ਬਰਦਸਤ ਹਮਲੇ ਕੀਤੇ ਪਰ ਭਾਰਤੀ ਗੋਲਕੀਪਰ ਐਡਰੀਅਨ ਡੀਸੂਜ਼ਾ ਨੇ ਹਰ ਹਮਲੇ ਨੂੰ ਨਾਕਾਮ ਕਰ ਦਿਤਾ। ਸਟੇਡੀਅਮ 'ਚ ਭਾਰਤ ਦੀ ਜਿੱਤ ਲਈ ਜ਼ਬਰਦਸਤ ਨਾਹਰੇਬਾਜ਼ੀ ਕੀਤੀ ਜਾ ਰਹੀ ਸੀ। ਦੂਜੇ ਅੱਧ ਦੇ ਸ਼ੁਰੂ ਹੁੰਦਿਆਂ ਹੀ ਭਾਰਤ ਨੇ ਪਾਕਿਸਤਾਨੀ ਗੋਲ ਵਲ ਹਮਲੇ ਬੋਲ ਦਿਤੇ। 37ਵੇਂ ਮਿੰਟ 'ਚ ਹੀ ਤੇਜ਼ਤਰਾਰ ਫ਼ਾਰਵਰਡ ਪ੍ਰਭਜੋਤ ਸਿੰਘ ਨੇ ਮੈਦਾਨੀ ਗੋਲ ਠੋਕ ਦਿਤਾ। ਇਸ ਤੋਂ ਬਾਅਦ ਦੋਵੇਂ ਟੀਮਾਂ ਗੋਲ ਲਈ ਲਈ ਜੂਝਦੀਆਂ ਰਹੀਆਂ। 57ਵੇਂ ਮਿੰਟ 'ਚ ਸੰਦੀਪ ਸਿੰਘ ਨੇ ਪੈਨਲਟੀ ਕਾਰਨਰ ਰਾਹੀਂ ਇਕ ਹੋਰ ਗੋਲ ਕਰ ਦਿਤਾ ਅਤੇ ਟੀਮ ਨੂੰ 4 ਗੋਲਾਂ ਨਾਲ ਅੱਗੇ ਕਰ ਦਿਤਾ। 25ਵੇਂ ਮਿੰਟ 'ਚ ਪਾਕਿਸਤਾਨ ਦੇ ਸੋਹੇਲ ਅੱਬਾਸ ਨੇ ਪੈਨਲਟੀ ਕਾਰਨਰ ਰਾਹੀਂ ਗੋਲ ਕਰ ਕੇ ਹਾਰ ਨੂੰ ਥੋੜ੍ਹਾ ਘੱਟ ਕੀਤਾ।

1 ਮਾਰਚ ਨੂੰ ਹੋਏ ਮੈਚਾਂ ਵਿਚ ਨਿਊਜ਼ੀਲੈਂਡ ਦੀ ਟੀਮ ਨੇ ਕੈਨੇਡਾ ਨੂੰ 3 ਦੇ ਮੁਕਾਬਲੇ 2 ਗੋਲਾਂ ਨਾਲ ਹਰਾਇਆ ਜਦਕਿ ਜਰਮਨੀ ਅਤੇ ਦੱਖਣੀ ਕੋਰੀਆ ਦੀ ਟੀਮ 2-2 ਗੋਲਾਂ ਨਾਲ ਬਰਾਬਰ ਰਹੀ। ਇਸ ਦਿਨ ਹੋਏ ਤੀਸਰੇ ਮੈਚ ਵਿਚ ਹਾਲੈਂਡ ਦੀ ਟੀਮ ਨੇ ਅਰਜਨਟੀਨਾ ਦੀ ਟੀਮ ਨੂੰ 3-0 ਨਾਲ ਹਰਾਇਆ। ਹਾਲੈਂਡ ਦੇ ਖਿਡਾਰੀ ਅਤੇ ਪੈਨਲਟੀ ਕਾਰਨਰ ਦੇ ਮਾਹਿਰ ਟੈਕੀ ਟੈਕੀਮਾ ਨੇ ਇਸ ਮੈਚ ਵਿਚ ਹੋਏ ਤਿੰਨੋਂ ਗੋਲ ਆਪਣੀ ਸਟਿੱਕ ਤੋਂ ਕੀਤੇ।

ਭਾਰਤੀ ਹਾਕੀ ਦੇ ਸਟਾਰ ਫਾਰਵਰਡ ਸ਼ਵਿੰਦਰ ਸਿੰਘ 'ਤੇ ਇੰਟਰਨੈਸ਼ਨਲ ਹਾਕੀ ਫੈਡਰੇਸ਼ਨ ਦੇ ਤਕਨੀਕੀ ਅਧਿਕਾਰੀ ਨੇ ਪਾਕਿਸਤਾਨੀ ਖਿਡਾਰੀ ਦੇ ਹਾਕੀ ਮਾਰ ਕੇ ਜ਼ਖ਼ਮੀ ਕਰਨ ਦੇ ਸਿੱਟੇ ਵਜੋਂ 2 ਮੈਚਾਂ ਲਈ ਬੈਨ ਲਗਾ ਦਿੱਤਾ ਹੈ। ਪਹਿਲੇ ਮੈਚ 'ਚ ਪਾਕਿ 'ਤੇ ਫਤਹਿ ਪਾਉਣ ਕਾਰਨ ਹਾਕੀ ਖਿਡਾਰੀਆਂ 'ਤੇ ਵੀ ਹੁਣ ਕ੍ਰਿਕਟਰਾਂ ਵਾਂਗ ਨੋਟਾਂ ਦੀ ਬਰਸਾਤ ਹੋਣੀ ਸ਼ੁਰੂ ਹੋ ਗਈ ਹੈ। ਭਾਰਤੀ ਓਲੰਪਿਕ ਸੰਘ ਦੇ ਪ੍ਰਧਾਨ ਸੁਰੇਸ਼ ਕਲਮਾਡੀ ਨੇ ਭਾਰਤੀ ਟੀਮ ਦੇ ਹਰੇਕ ਖਿਡਾਰੀ ਨੂੰ 1-1 ਲੱਖ ਰੁਪਿਆ ਦੇਣ ਦਾ ਐਲਾਨ ਕੀਤਾ ਹੈ ਜਦਕਿ ਭਾਰਤੀ ਹਾਕੀ ਟੀਮ ਦੀ ਸਪਾਂਸਰ



**ਸ਼ਵਿੰਦਰ , ਜਿਸ 'ਤੇ ਬੈਨ ਲੱਗਾ ਹੈ।**

ਸਹਾਰਾ ਕੰਪਨੀ ਨੇ ਹਰੇਕ ਖਿਡਾਰੀ ਨੂੰ 2-2 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ।

## ਸਚਿਨ ਨੂੰ ਭਾਰਤ ਰਤਨ ਲਈ ਕੇਂਦਰ ਕੋਲ ਪਹੁੰਚ ਕਰੇਗੀ ਸਰਕਾਰ

**ਮੁੰਬਈ:** ਦੱਖਣੀ ਅਫ਼ਰੀਕਾ ਵਿਰੁਧ ਖੇਡੇ ਗਏ ਇੱਕ ਰੋਜ਼ਾ ਮੈਚ ਵਿਚ 200 ਦੌੜਾਂ ਬਣਾ ਕੇ ਇਤਿਹਾਸ ਸਿਰਜਣ ਵਾਲੇ ਭਾਰਤੀ ਕ੍ਰਿਕਟ ਖ਼ਿਡਾਰੀ ਸਚਿਨ ਤੇਂਦੁਲਕਰ ਨੂੰ ਭਾਰਤ ਰਤਨ ਪੁਰਸਕਾਰ ਨਾਲ ਨਿਵਾਜਣ ਲਈ ਮਹਾਂਰਾਸ਼ਟਰ ਸਰਕਾਰ ਕੇਂਦਰ ਕੋਲ ਪਹੁੰਚ ਕਰੇਗੀ। ਦੇਸ਼ ਦੇ ਸਰਵ ਉੱਚ ਪੁਰਸਕਾਰਾਂ ਵਿਚ ਸ਼ਾਮਲ ਇਹ ਪੁਰਸਕਾਰ ਸਚਿਨ ਲਈ ਵੱਡੀ ਹੱਲਾਸ਼ੇਰੀ ਹੋਵੇਗਾ।

ਇਸ ਸਬੰਧੀ ਮਹਾਂਰਾਸ਼ਟਰ ਦੇ ਉਪ ਮੁੱਖ ਮੰਤਰੀ ਛਗਨ ਭੁਜਬੱਲ ਨੇ ਕਿਹਾ ਕਿ ਸਚਿਨ ਨੇ ਭਾਰਤ ਤੇ ਮਹਾਂਰਾਸ਼ਟਰ ਦਾ ਨਾਂ ਪੂਰੇ ਵਿਸ਼ਵ ਵਿਚ ਰੌਸ਼ਨ ਕਰ ਦਿੱਤਾ ਹੈ। ਇਸ ਦੇ ਨਾਲ ਹੀ ਸਚਿਨ ਦੀ ਇਹ ਪ੍ਰਾਪਤੀ ਕ੍ਰਿਕਟ ਦੇ ਸਮਰਾਟ ਮੰਨੇ ਜਾਂਦੇ ਡਾਨ ਬਰੈਡਮੈਨ ਨੂੰ ਵੀ ਮਾਤ ਪਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵਲੋਂ ਸਚਿਨ ਨੂੰ ਸਮਰਪਤ ਇੱਕ ਮਿਊਜ਼ੀਅਮ ਵੀ ਬਣਾਇਆ ਜਾਵੇਗਾ, ਜਿਸ ਵਿਚ ਸਚਿਨ ਦੇ ਜੀਵਨ ਬਾਰੇ ਜਾਣਕਾਰੀ ਹੋਵੇਗੀ, ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਬਣੇਗੀ।

# ਮਮਤਾ ਵਲੋਂ ਰੇਲ ਬਜਟ ਪੇਸ਼, ਪੰਜਾਬ ਨਾਲ ਕੋਈ ਮਮਤਾ ਨਹੀਂ

**ਨਵੀਂ ਦਿੱਲੀ:** ਰੇਲ ਮੰਤਰੀ ਮਮਤਾ ਬੈਨਰਜੀ ਨੇ ਲੰਘੀ24 ਫ਼ਰਵਰੀ ਨੂੰ ਸਾਲ 2010-11 ਦਾ ਰੇਲ ਬਜਟ ਲੋਕ ਸਭਾ 'ਚ ਪੇਸ਼ ਕੀਤਾ। ਯੂਪੀਏ ਸਰਕਾਰ ਦੇ ਆਪਣੇ ਦੂਜੇ ਰੇਲ ਬਜਟ 'ਚ ਮੁਸਾਫ਼ਰਾਂ ਨੂੰ ਰਾਹਤ ਦਿੰਦੇ ਹੋਏ ਰੇਲ ਮੰਤਰੀ ਨੇ ਇੱਕ ਵਾਰ ਫਿਰ ਮੁਸਾਫ਼ਰਾਂ ਦੇ ਕਿਰਾਏ ਅਤੇ ਮਾਲ ਭਾੜੇ 'ਚ ਕੋਈ ਵਾਧਾ ਨਹੀਂ ਕੀਤਾ।ਇਸ ਤੋਂ ਇਲਾਵਾ ਔਰਤਾਂ ਲਈ ਸਪੈਸ਼ਲ ਮਦਰ ਇੰਡੀਆ ਟਰੇਨ ਸਮੇਤ 54 ਨਵੀਆਂ ਰੇਲ ਗੱਡੀਆਂ ਚਲਾਉਣ ਦਾ ਵੀ ਐਲਾਨ ਕੀਤਾ। ਆਪਣੇ ਬਜਟ ਭਾਸ਼ਣ 'ਚ ਮਮਤਾ ਨੇ ਮੁਸਾਫ਼ਰ ਕਿਰਾਇਆ ਪਹਿਲਾਂ ਵਾਲਾ ਹੀ ਰੱਖਣ ਦਾ ਐਲਾਨ ਕੀਤਾ। ਇਸ ਤੋਂ ਇਲਾਵਾ ਮੁਸਾਫ਼ਰਾਂ ਨੂੰ ਰਾਹਤ ਦਿੰਦੇ ਹੋਏ ਉਨ੍ਹਾਂ ਨੇ ਏਸੀ ਅਤੇ ਸਲੀਪਰ ਕਲਾਸ ਦੇ ਕਿਰਾਏ ਘਟਾਉਣ ਦਾ ਵੀ ਐਲਾਨ ਕੀਤਾ। ਹੁਣ ਏਸੀ ਲਈ 40 ਦੀ ਥਾਂ 20 ਰੁਪਏ, ਜਦਕਿ ਸਲੀਪਰ ਲਈ 20 ਦੀ ਥਾਂ 10 ਰੁਪਏ ਕਿਰਾਇਆ ਵਸੂਲਿਆ ਜਾਵੇਗਾ। ਰੇਲਵੇ ਲਈ ਵਿਜਨ-2020 ਦਾ ਐਲਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਰੇਲਵੇ ਦੇਸ਼ ਦੀ ਜੀਵਨ ਰੇਖਾ ਹੈ, ਇਸ ਲਈ ਇਸ ਦਾ ਨਿੱਜੀਕਰਨ ਨਹੀਂ ਕੀਤਾ ਜਾਵੇਗਾ। ਮਮਤਾ ਨੇ ਕਿਹਾ ਕਿ ਵਣਜਕ ਪਹਿਲੂ ਦੀ ਬਜਾਏ ਸਮਾਜਿਕ ਜ਼ਿੰਮੇਵਾਰੀ ਮੇਰੇ ਲਈ ਅਹਿਮ ਪਹਿਲੂ ਹੈ। ਵਪਾਰਕ ਭਾਈਚਾਰੇ ਨੂੰ ਰੇਲਵੇ ਨਾਲ ਮਿਲ ਕੇ ਕੰਮ ਕਰਨ ਦਾ ਸੱਦਾ ਦਿੰਦਿਆਂ ਰੇਲ ਮੰਤਰੀ ਨੇ ਕਿਹਾ ਕਿ ਰੇਲਵੇ ਲਈ ਬਿਜਨਸ ਮਾਡਲ ਵਿਕਸਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਰੇਲਵੇ ਦੇ ਪ੍ਰੋਜੈਕਟਾਂ ਅਤੇ ਨਿਵੇਸ਼ ਦੇ ਵਿਚਾਰ ਲਈ ਵਿਸ਼ੇਸ਼ ਟਾਸਕਫੋਰਸ ਦੀ ਤਜਵੀਜ਼ ਹੈ।ਮੁਸ਼ਕਲ-ਆਸਾਨ ਯੋਜਨਾ ਦੇ ਵਿਸਥਾਰ 'ਤੇ ਜ਼ੋਰ ਦਿੰਦਿਆਂ ਮਮਤਾ ਨੇ ਕਿਹਾ ਕਿ ਮੁਸਾਫ਼ਰਾਂ ਨੂੰ ਸਹੂਲਤਾਂ ਦੇਣ ਲਈ ਪਿਛਲੇ ਸਾਲ ਦੇ ਮੁਕਾਬਲੇ 400 ਕਰੋੜ ਰੁਪਏ ਵੱਧ ਰੱਖੇ ਗਏ ਹਨ। ਮੁਸਾਫ਼ਰਾਂ ਨੂੰ ਸਸਤਾ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ 6 ਨਵੀਆਂ ਬਾਟਲਿੰਗ ਇਕਾਈਆਂ ਲਗਾਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਹਸਪਤਾਲਾਂ, ਅਦਾਲਤਾਂ, ਪੰਚਾਇਤਾਂ, ਯੂਨੀਵਰਸਿਟੀਆਂ ਆਦਿ 'ਚ ਮੋਬਾਇਲ ਟਿਕਟ ਸੇਵਾ ਵੀ ਸ਼ੁਰੂ ਕੀਤੀ ਜਾਵੇਗੀ। ਇਸ ਤੋਂ ਇਲਾਵਾ ਅਗਲੇ 5 ਸਾਲਾਂ 'ਚ ਬਿਨਾਂ ਫਾਟਕ ਰੇਲਵੇ ਕਰਾਸਿੰਗਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਅਤੇ ਸੁਰੱਖਿਆ ਨੂੰ ਮਜ਼ਬੂਤ ਬਣਾਉਣ ਲਈ ਆਰਪੀਐਫ਼ 'ਚ ਤਬਦੀਲੀ ਕੀਤੀ ਜਾਵੇਗੀ।ਮਮਤਾ ਨੇ ਕਿਹਾ ਕਿ ਰੇਲ ਸਫ਼ਰ ਦੌਰਾਨ ਔਰਤਾਂ ਦੀ ਸੁਰੱਖਿਆ ਲਈ ਮਹਿਲਾ ਫੋਰਸ ਦਾ ਗਠਨ ਕੀਤਾ ਜਾਵੇਗਾ ਅਤੇ ਖਿਡਾਰੀਆਂ ਨੂੰ ਨੌਕਰੀ ਦੀ ਸਹੂਲਤ ਉਪਲਬਧ ਕਰਵਾਈ ਜਾਵੇਗੀ। ਰੇਲ ਮੰਤਰੀ ਨੇ ਕਿਹਾ ਕਿ ਰਾਸ਼ਟਰ ਮੰਡਲ ਖੇਡਾਂ ਲਈ ਵਿਸ਼ੇਸ਼ ਰੇਲ ਗੱਡੀ ਚਲਾਈ ਜਾਵੇਗੀ। ਇਸ ਤੋਂ ਇਲਾਵਾ ਅਗਲੇ 10 ਸਾਲਾਂ 'ਚ ਸਾਰੇ ਰੇਲ ਕਰਮਚਾਰੀਆਂ ਨੂੰ ਮਕਾਨ ਦੀ ਸਹੂਲਤ ਅਤੇ ਕੌਮੀ ਸਿਹਤ ਬੀਮਾ ਯੋਜਨਾ ਦੇ ਤਹਿਤ ਸਾਰੇ ਵੈਂਡਰਾਂ ਤੇ ਕੁਲੀਆਂ ਨੂੰ ਕਵਰ ਕੀਤਾ ਜਾਵੇਗਾ। ਚਿਤਰੰਜਨ ਲੋਕੋਮੋਟਿਵ ਦੇ ਆਧੁਨਿਕੀਕਰਨ ਦਾ ਐਲਾਨ ਕਰਦਿਆਂ ਉਨ੍ਹਾਂ ਕਿਹਾ ਕਿ ਸਮਰਪਤ ਮਾਲ ਢੁਆਈ ਕਾਰੀਡੋਰ ਬਣਾਉਣ ਲਈ ਜ਼ਮੀਨ ਦੇਣ ਵਾਲੇ ਵਿਅਕਤੀਆਂ ਦੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਸਮਰਪਿਤ ਮੁਸਾਫ਼ਰ ਕਾਰੀਡੋਰ ਵੀ ਬਣਾਇਆ ਜਾਵੇਗਾ।ਉਨ੍ਹਾਂ ਕਿਹਾ ਕਿ ਅਸੀਂ ਕਿਫਾਇਤ ਵਰਤਦਿਆਂ 2000 ਕਰੋੜ ਰੁਪਏ ਦੀ ਬੱਚਤ ਕੀਤੀ ਹੈ ਅਤੇ ਪੂਰਬ-ਉਤਰ 'ਚ ਰੇਲਵੇ ਦੇ ਵਿਕਾਸ ਲਈ ਮਾਸਟਰ ਪਲਾਨ ਤਿਆਰ ਕੀਤਾ ਹੈ। ਮਮਤਾ ਨੇ ਪੱਛਮੀ ਬੰਗਾਲ ਤੇ ਬੰਗਲਾਦੇਸ਼ ਵਿਚਾਲੇ ਵਿਸ਼ੇਸ਼ ਰੇਲ ਗੱਡੀ ਚਲਾਉਣ ਦਾ ਐਲਾਨ ਵੀ ਕੀਤਾ। ਇਸ ਤੋਂ ਇਲਾਵਾ ਮੁੰਬਈ 'ਚ ਲੋਕਲ ਟਰੇਨ ਸੇਵਾ ਨੂੰ ਮਜ਼ਬੂਤ ਬਣਾਉਣ 'ਤੇ ਜ਼ੋਰ ਦਿੰਦਿਆ ਰੇਲ ਮੰਤਰੀ ਨੇ ਰੋਜ਼ਾਨਾ ਮੁਸਾਫ਼ਰਾਂ ਲਈ ਕਰਮ-ਭੂਮੀ ਰੇਲ ਗੱਡੀਆਂ ਅਤੇ ਪਛੜੇ ਖੇਤਰਾਂ ਲਈ ਜਨਮ-ਭੂਮੀ ਰੇਲ ਗੱਡੀਆਂ ਚਲਾਉਣ ਦਾ ਐਲਾਨ ਕੀਤਾ। ਉਪਰੋਕਤ ਤੋਂ ਇਲਾਵਾ ਮਮਤਾ ਨੇ ਦੇਸ਼ ਵਿਚਲੇ ਸਾਰੇ ਧਾਰਮਿਕ ਸਥਾਨਾਂ ਨੂੰ ਜੋੜਨ ਲਈ 'ਭਾਰਤ ਤੀਰਥ' ਰੇਲ ਗੱਡੀਆਂ ਚਲਾਉਣ ਦਾ ਵੀ ਐਲਾਨ ਕੀਤਾ। ਮਮਤਾ ਨੇ ਮਹਿੰਗਾਈ ਘੱਟ ਕਰਨ ਦੇ ਯਤਨਾਂ ਤਹਿਤ ਮਿੱਟੀ ਦਾ ਤੇਲ, ਰਸਾਇਣਕ ਖਾਦਾਂ ਦੀ ਢੁਆਈ 'ਚ ਰਿਆਇਤ ਦੇਣ ਅਤੇ ਕੈਂਸਰ ਦੇ ਮਰੀਜ਼ਾਂ ਲਈ ਸਲੀਪਰਾਂ ਅਤੇ ਏਸੀ ਰੇਲ ਗੱਡੀਆਂ 'ਚ ਮੁਫ਼ਤ ਸਫ਼ਰ ਦੀ ਸਹੂਲਤ ਦੇਣ ਦਾ ਐਲਾਨ ਵੀ ਕੀਤਾ। ਸਭ ਤੋਂ ਮਹੱਤਵਪੂਰਨ ਐਲਾਨ ਕਰਦਿਆਂ ਮਮਤਾ ਨੇ ਕਿਹਾ ਕਿ ਮੁਸਾਫ਼ਰ ਕਿਰਾਏ 'ਚ ਇਸ ਵਾਰ ਵੀ ਕੋਈ ਵਾਧਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਹ ਲਗਾਤਾਰ 7ਵਾਂ ਸਾਲ ਹੈ, ਜਦੋਂ ਮੁਸਾਫ਼ਰ ਕਿਰਾਏ 'ਚ ਕੋਈ ਵਾਧਾ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ



ਉਦਯੋਗਪਤੀਆਂ ਨੂੰ ਰਾਹਤ ਦੇਣ ਲਈ ਮਾਲ ਭਾੜੇ 'ਚ ਵੀ ਕੋਈ ਵਾਧਾ ਨਾ ਕਰਨ ਦਾ ਫ਼ੈਸਲਾ ਲਿਆ ਗਿਆ ਹੈ।

ਇਸੇ ਦੌਰਾਨ ਚੰਡੀਗੜ੍ਹ ਤੋਂ ਅੰਮ੍ਰਿਤਸਰ ਤੱਕ ਨਵੀਂ ਰੇਲ ਗੱਡੀ ਚਲਾਈ ਗਈ ਹੈ। ਹਾਲਾਂਕਿ ਇਸ ਗੱਡੀ ਦੇ ਰੂਟ ਬਾਰੇ ਅਜੇ ਭੂੰਬਲਭੂਸਾ ਹੈ ਪਰ ਕੁੱਲ ਮਿਲਾ ਕੇ ਇਸ ਗੱਡੀ ਦੇ ਚਲਣ ਨਾਲ ਇਸ ਖੇਤਰ ਦੀਆਂ ਸਵਾਰੀਆਂ ਨੂੰ ਵੱਡਾ ਲਾਭ ਹੋਣ ਦੀ ਸੰਭਾਵਨਾ ਹੈ।

ਇਸੇ ਦੌਰਾਨ ਰੇਲ ਮੰਤਰੀ ਮਮਤਾ ਬੈਨਰਜੀ ਨੇ ਨਵੇਂ ਪੇਸ਼ ਕੀਤੇ ਰੇਲ ਬਜਟ ਵਿਚ ਪੰਜਾਬ ਦਾ ਪੱਤਾ ਸਾਫ਼ ਕਰ ਦਿਤਾ ਤੇ ਪੰਜਾਬ ਨਾਲ ਕੋਈ ਮਮਤਾ ਨਹੀਂ ਵਿਖਾਈ ਪੂਰ ਦੂਜੇ ਪਾਸੇ ਹਰਿਆਣੇ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਦੇਣ ਦਾ ਐਲਾਨ ਕੀਤਾ। ਪੰਜਾਬ ਵਿਚ ਨਵੀਂ ਲਾਈਨ ਵਿਛਾਉਣ ਦੀ ਵੀ ਕੋਈ ਗੱਲ ਨਹੀਂ ਕੀਤੀ ਗਈ। ਪੰਜਾਬ ਪਿਛਲੇ ਦੋ ਸਾਲਾਂ ਤੋਂ ਮੰਗ ਕਰਦਾ ਆ ਰਿਹਾ ਹੈ ਕਿ ਕਲਕੱਤਾ-ਲੁਧਿਆਣਾ ਫਰੇਟ ਕੋਰੀਡੋਰ ਨੂੰ ਅੰਮ੍ਰਿਤਸਰ ਤਕ ਵਧਾਇਆ ਜਾਵੇ। ਇਸ ਸਬੰਧੀ ਪ੍ਰਧਾਨ ਮੰਤਰੀ ਨੂੰ ਵੀ ਮੰਗ ਪੱਤਰ ਦਿਤੇ ਗਏ ਤੇ ਮਮਤਾ ਬੈਨਰਜੀ ਨੂੰ ਵੀ ਲਿਖਤੀ ਬੇਨਤੀ ਕੀਤੀ ਗਈ। ਭਾਜਪਾ ਐਮ.ਪੀ ਨਵਜੋਤ ਸਿੰਘ ਸਿੱਧੂ ਨੇ ਵੀ ਇਸ ਮੁੱਦੇ 'ਤੇ ਕਾਫੀ ਕੋਸ਼ਿਸ਼ਾਂ ਕੀਤੀਆਂ ਪਰ ਰੇਲ ਮੰਤਰੀ ਨੇ ਬਜਟ ਵਿਚ ਪੰਜਾਬ ਦਾ ਪੱਤਾ ਸਾਫ ਕਰ ਕੇ ਰੱਖ ਦਿਤਾ। ਪੰਜਾਬ ਇਹ ਵੀ ਮੰਗ ਕਰਦਾ ਆ ਰਿਹਾ ਹੈ ਕਿ ਖੇਮਕਰਨ ਤੋਂ 30 ਕਿਲੋਮੀਟਰ ਨਵੀਂ ਰੇਲਵੇ ਲਾਈਨ ਵਿਛਾ ਕੇ ਫਿਰੋਜ਼ਪੁਰ ਨਾਲ ਰੇਲ ਲਿੰਕ ਬਣਾਇਆ ਜਾਵੇ ਤਾਂ ਜੋ ਜੰਮੂ ਕਸ਼ਮੀਰ, ਪੰਜਾਬ ਦਾ ਦੁਆਬਾ, ਮਾਝਾ ਅਤੇ ਮਾਲਵੇ ਲਈ ਇਕ ਨਵਾਂ ਰੂਟ ਚਾਲੂ ਹੋ ਜਾਵੇ। ਇਸ ਸਮੇਂ ਫਿਰੋਜ਼ਪੁਰ ਤੋਂ ਦਿੱਲੀ ਤਕ ਇਹ ਰੂਟ ਪਹਿਲਾਂ ਹੀ ਅੰਗਰੇਜ਼ਾਂ ਦੇ ਸਮੇਂ ਤੋਂ ਮੌਜੂਦ ਹੈ। 30 ਕਿਲੋਮੀਟਰ ਰੇਲਵੇ ਲਾਈਨ ਬਣਾਉਣ ਨਾਲ ਪੂਰੇ ਜੰਮੂ ਕਸ਼ਮੀਰ ਲਈ ਰੇਲਵੇ ਦਾ ਇਕ ਨਵਾਂ ਰੂਟ ਚਾਲੂ ਹੋ ਸਕਦਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਰੇਲ ਬਜਟ 'ਤੇ ਟਿਪਣੀ ਕਰਦਿਆਂ ਕਿਹਾ ਕਿ ਕੇਂਦਰ ਨੇ ਇਕ ਵਾਰ ਫਿਰ ਪੰਜਾਬ ਨਾਲ ਵਿਤਕਰਾ ਕੀਤਾ ਹੈ। ਸਰਹੱਦੀ ਸੂਬੇ ਦੀਆਂ ਲੋੜਾਂ ਦਾ ਬਿਲਕੁਲ ਖਿਆਲ ਨਹੀਂ ਰਖਿਆ ਗਿਆ। ਪੰਜਾਬ ਦੇ ਉਦਯੋਗ ਤੇ ਖੇਤੀ ਖੇਤਰ ਦੀਆਂ ਇਛਾਵਾਂ 'ਤੇ ਪਾਣੀ ਫੇਰ ਦਿਤਾ ਗਿਆ ਹੈ। ਮੁੱਖ ਮੰਤਰੀ ਨੇ ਦੋਸ਼ ਲਾਇਆ ਕਿ ਪਿਛਲੇ 63 ਸਾਲਾਂ ਵਿਚ ਪੰਜਾਬ ਵਿਚ ਇਕ ਇੰਚ ਵੀ ਰੇਲ ਪਟੜੀ ਨਹੀਂ ਵਿਛਾਈ ਗਈ। ਉਧਰ ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਹਰਿਆਣਾ ਨੂੰ ਸਹੂਲਤਾਂ ਦੇਣ ਲਈ ਰੇਲ ਮੰਤਰੀ ਦਾ ਧਨਵਾਦ ਕੀਤਾ ਹੈ। ਉਨ੍ਹਾਂ ਅੰਬਾਲਾ ਰੇਲਵੇ ਸਟੇਸ਼ਨ ਦੀ ਸੰਸਾਰ ਪੱਧਰ ਦੇ ਸਟੇਸ਼ਨ ਵਜੋਂ ਚੋਣ ਕਰਨ ਤੇ ਹਿਸਾਰ ਅਤੇ ਸੋਨੀਪਤ ਰੇਲਵੇ ਸਟੇਸ਼ਨਾਂ 'ਤੇ ਬਹੁ ਮੰਤਵੀ ਕੰਪਲੈਕਸ ਬਣਾਉਣ ਦੀ ਤਜਵੀਜ਼ ਦੀ ਪ੍ਰਸੰਸਾ ਕੀਤੀ। ਉਨ੍ਹਾਂ ਯਾਤਰੀਆਂ ਨੂੰ ਸਾਫ ਪਾਣੀ ਮੁਹਈਆ ਕਰਵਾਉਣ ਲਈ ਅੰਬਾਲਾ ਵਿਖੇ ਬੋਟਲਿੰਗ ਪਲਾਂਟ ਲਗਾਉਣ ਤੇ ਬਹਾਦਰਗੜ੍ਹ, ਬਲਬਗੜ੍ਹ, ਫਰੀਦਾਬਾਦ, ਗੁੜਗਾਉਂ ਆਦਿ ਵਿਖੇ ਰੇਲਵੇ ਵਲੋਂ ਸਿਹਤ ਸਹੂਲਤਾਂ ਵਿਚ ਵਾਧਾ ਕਰਨ ਲਈ ਡਾਇਆਗੋਨੈਸਟਿਕ ਸੈਂਟਰ ਸਥਾਪਤ ਕਰਨ ਦੀ ਤਜਵੀਜ਼ 'ਤੇ ਵੀ ਖੁਸ਼ੀ ਪ੍ਰਗਟਾਈ। ਅੰਬਾਲਾ ਕੈਂਟ, ਜੀਂਦ, ਕੁਰਕਸ਼ੇਤਰ ਤੇ ਸੋਨੀਪਤ ਵਿਖੇ ਜਨਰਲ ਸਪੈਸ਼ਲਿਟੀ ਹਸਪਤਾਲ ਸਥਾਪਤ ਕੀਤੇ ਜਾਣਗੇ।

ਲੋਕ ਸਭਾ ਵਿਚ ਕੇਂਦਰੀ ਰੇਲ ਮੰਤਰੀ ਮਮਤਾ ਬੈਨਰਜੀ ਵਲੋਂ ਪੇਸ਼ ਕੀਤਾ ਗਿਆ ਬਜਟ ਰੇਲਵੇ ਦੀ ਕਾਰਗੁਜ਼ਾਰੀ ਵਿਚ ਆਏ ਨਿਘਾਰ ਨੂੰ ਪ੍ਰਗਟਾਉਂਦਾ ਹੈ। ਇਸ ਰੇਲ ਬਜਟ 'ਚ ਭਵਿੱਖ ਵਲ ਵੇਖਣ ਦੀ ਬਜਾਏ, ਗੁਮਰਾਹਕੁੰਨ ਐਲਾਨ ਕਰਕੇ ਨਾਕਾਮੀਆਂ ਨੂੰ ਲੁਕਾਉਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਸਭ ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਨੂੰ ਜਿੱਤਣ ਲਈ ਇੱਕ ਢਕਵੰਜ ਹੈ। ਇਹ ਬਿਆਨ ਸੀਪੀਆਈ (ਐਮ) ਦੀ ਪੋਲਿਟ ਬਿਊਰੋ ਨੇ ਬਜਟ ਨੂੰ ਪੂਰੀ ਤਰ੍ਹਾਂ ਘੋਖਣ ਤੋਂ ਬਾਅਦ ਜਾਰੀ ਕੀਤਾ। ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪਿਛਲੇ ਇੱਕ ਸਾਲ ਦੌਰਾਨ ਰੇਲਵੇ 'ਚ 120 ਹਾਦਸੇ ਹੋਏ ਹਨ ਪਰ ਇਸ ਦੇ ਬਾਵਜੂਦ ਕੇਂਦਰੀ ਮੰਤਰੀ ਨੇ ਰੇਲ ਸੁਰੱਖਿਆ ਫੰਡ 'ਚ 579 ਕਰੋੜ ਦੀ ਕਟੌਤੀ ਕਰ ਦਿੱਤੀ ਹੈ। ਇਸ ਤੋਂ ਪਤਾ ਲੱਗਦਾ ਹੈ ਕਿ ਰੇਲ ਮੰਤਰੀ ਲੋਕਾਂ ਦੀ ਜਾਨ ਪ੍ਰਤੀ ਕਿੰਨੇ ਕੁ ਸੁਹਿਰਦ ਹਨ। ਇਸ ਦੇ ਨਾਲ ਹੀ ਰੇਲ ਹਾਦਸਿਆਂ ਲਈ ਰੇਲ ਰੋਕੋ ਤੇ ਕੁਦਰਤੀ ਕਾਰਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਾ ਰਿਹਾ ਹੈ ਜੋ ਕਿ ਰੇਲ ਮੰਤਰੀ ਦੀ ਗ਼ਲਤ ਸੋਚ ਦਾ ਸਪੱਸ਼ਟ ਸਬੂਤ ਹੈ। ਪੋਲਿਟ ਬਿਊਰੋ ਨੇ ਕਿਹਾ ਕਿ ਰੇਲ ਮੰਤਰਾਲੇ ਮੁਤਾਬਕ ਇਸ ਸਮੇਂ ਇਸ ਵਿਭਾਗ 'ਚ 1.7 ਲੱਖ ਅਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ 'ਚੋਂ 90 ਹਜ਼ਾਰ ਰੇਲਵੇ ਦੀ ਸੁਰੱਖਿਆ ਨਾਲ ਸਬੰਧਤ ਹਨ। ਰੇਲ ਮੰਤਰਾਲੇ ਨੇ ਇਸ ਮਾਮਲੇ 'ਤੇ ਚੁੱਪੀ ਵੱਟੀ ਹੋਈ ਹੈ, ਜਦੋਂ ਕਿ ਇਹ ਅਸਾਮੀਆਂ ਨੌਜਵਾਨਾਂ ਲਈ ਵੱਡਾ ਰੁਜ਼ਗਾਰ ਸਾਬਤ ਹੋ ਸਕਦੀਆਂ ਹਨ। ਪੋਲਿਟ ਬਿਊਰੋ ਨੇ ਕਿਹਾ ਰੇਲਵੇ ਦੀ ਉਪਰੇਟਿੰਗ ਰੇਸ਼ੋ (ਕੁੱਲ ਕਮਾਈ ਦਾ ਖਰਚ ਫ਼ੀਸਦੀ ਜੋ ਜੇਕਰ ਵੱਧ ਹੈ ਤਾਂ ਸੰਸਥਾ ਦੇ ਨਿਘਾਰ ਦਾ ਸਬੂਤ ਹੁੰਦੀ ਹੈ) ਜੋ 2008-09 'ਚ 90.5 ਫੀਸਦੀ ਸੀ, ਇਸ ਵਰ੍ਹੇ ਵੱਧ ਕੇ 94.7 ਫੀਸਦੀ ਹੋ ਗਈ ਹੈ। ਇਸ ਰੇਸ਼ੋ ਦੇ ਵਧਣ ਤੋਂ ਸਪੱਸ਼ਟ ਹੁੰਦਾ ਹੈ ਕਿ ਰੇਲਵੇ ਮਾੜੀ ਲੀਡਰਸ਼ਿਪ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਦੇ ਨਾਲ ਹੀ ਰੇਲ ਮੰਤਰਾਲੇ ਦੀਆਂ ਪ੍ਰਾਪਤੀਆਂ 'ਚ 2009-10 ਦੌਰਾਨ 63 ਕਰੋੜ ਰੁਪਏ ਦੀ ਕਮੀ ਦਰਜ ਕੀਤੀ ਗਈ ਹੈ। ਰੇਲਵੇ ਦੀ ਇਸ ਕਾਰਗੁਜ਼ਾਰੀ ਤੋਂ ਪਤਾ ਲੱਗਾ ਹੈ ਕਿ ਰੇਲ ਮੰਤਰੀ ਆਪਣੇ ਵਾਅਦਿਆਂ ਨੂੰ ਪੂਰਾ ਕਰਨ 'ਚ ਨਾਕਾਮ ਹੋ ਗਈ ਹੈ। ਰੇਲ ਮੰਤਰਾਲੇ ਦੀ ਇੱਕ ਸਾਲ ਦੀ ਕਾਰਗੁਜ਼ਾਰੀ ਨੂੰ ਵੇਖ ਕੇ ਲੱਗਦਾ ਹੈ ਕਿ ਇਸ ਵਾਰ ਜੋ ਸ਼ਾਹਾਨਾ ਐਲਾਨ ਕੀਤੇ ਗਏ ਹਨ ਉਹ ਵੀ ਪੂਰੇ ਹੋਣੇ ਮੁਸ਼ਕਲ ਹਨ।


ਇਸ ਦੇ ਨਾਲ ਹੀ ਨਿੱਜੀ-ਪਬਲਿਕ ਪਾਰਟਨਰਸ਼ਿਪ (ਪੀਪੀਪੀ) ਦੇ ਬਹਾਨੇ ਰੇਲਵੇ 'ਚ ਨਿੱਜੀਕਰਨ ਨੂੰ ਹੱਲਾਸ਼ੇਰੀ ਦੇਣ ਦੇ ਯਤਨ ਜਾਰੀ ਹਨ। ਰੇਲ ਵਿਭਾਗ ਦੇ ਮੁੱਖ ਖੇਤਰਾਂ 'ਚ ਨਿੱਜੀ ਨਿਵੇਸ਼ ਨੂੰ ਸੱਦਾ ਦੇਣਾ ਇਸ ਜਨਤਕ ਅਦਾਰੇ ਅਤੇ ਦੇਸ਼ ਦੇ ਹਿੱਤਾਂ ਦੇ ਵਿਰੁਧ ਹੈ।

ਰੇਲ ਮੰਤਰੀ ਦੇ ਬਿਆਨ ਤੋਂ ਲਗਦਾ ਹੈ ਕਿ ਉਹ ਸਮੂਹ ਫੈਸਲਾ ਪ੍ਰਕਿਰਿਆ ਨੂੰ ਕਾਰਪੋਰੇਟ ਖੇਤਰ ਦੇ ਰਹਿਮੋ-ਕਰਮ 'ਤੇ ਛੱਡਣਾ ਚਾਹੁੰਦੇ ਹਨ।

# ਸਿੱਖਾਂ ਦੇ ਹਿਰਦੇ ਫਿਰ ਵਲੂੰਧਰੇ, ਸੱਜਣ ਦੀ ਜ਼ਮਾਨਤ

**ਨਵੀਂ ਦਿੱਲੀ :** ਦਿੱਲੀ ਹਾਈਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਮਾਮਲੇ ਵਿਚ ਬੀਤੀ 24 ਫਰਵਰੀ ਨੂੰ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਅਤੇ ਛੇ ਹੋਰਨਾਂ ਨੂੰ ਅਗਾਊਂ ਜ਼ਮਾਨਤ ਦੇ ਦਿਤੀ। ਜਸਟਿਸ ਏ.ਕੇ. ਪਾਠਕ ਨੇ ਕਿਹਾ, "ਗਵਾਹਾਂ ਦੇ ਬਿਆਨਾਂ ਵਿਚ ਦੇਰੀ ਮੁਲਜ਼ਮਾਂ ਦੇ ਪੱਖ ਵਿਚ 25 ਸਾਲ ਪੁਰਾਣੇ ਇਸ ਮਾਮਲੇ ਵਿਚ ਪਟੀਸ਼ਨ ਦਾਖ਼ਲ ਕਰਨ ਵਾਲਿਆਂ ਨੂੰ ਹਿਰਾਸਤ ਵਿਚ ਰਖਣਾ ਜਾਇਜ਼ ਨਹੀਂ ਹੋਵੇਗਾ।" ਅਦਾਲਤ ਨੇ ਅਪਣੇ 25 ਸਫ਼ਿਆਂ ਦੇ ਆਦੇਸ਼ ਵਿਚ ਕਿਹਾ ਕਿ ਗਵਾਹਾਂ ਦੇ ਬਿਆਨਾਂ ਨੂੰ ਪੂਰੀ ਤਰ੍ਹਾਂ ਵੱਖ ਨਹੀਂ ਰਖਿਆ ਜਾ ਸਕਦਾ ਪਰ ਉਨ੍ਹਾਂ ਨੂੰ ਸੁਣਵਾਈ ਦੌਰਾਨ ਦਸਣਾ ਹੋਵੇਗਾ ਕਿ ਪਹਿਲੇ ਮੌਕਿਆਂ 'ਤੇ ਉਨ੍ਹਾਂ ਨੇ ਮੁਲਜ਼ਮਾਂ ਵਿਰੁਧ ਗਵਾਹੀ ਕਿਉਂ ਨਹੀਂ ਦਿਤੀ। ਜਸਟਿਸ ਪਾਠਕ ਨੇ ਇਹ ਸੰਕੇਤ ਵੀ ਦਿਤਾ ਕਿ ਸੀ.ਬੀ.ਆਈ. ਨੇ ਸੱਜਣ ਕੁਮਾਰ ਅਤੇ ਹੋਰਨਾਂ ਮੁਲਜ਼ਮਾਂ ਨੂੰ ਪੰਜ ਸਾਲ ਦੀ ਜਾਂਚ ਦੌਰਾਨ ਗ੍ਰਿਫ਼ਤਾਰ ਕਰਨਾ ਠੀਕ ਨਹੀਂ ਸਮਝਿਆ ਅਤੇ ਉਨ੍ਹਾਂ ਉਪਰ ਗਵਾਹਾਂ ਨੂੰ ਪ੍ਰਭਾਵਤ ਕਰਨ ਦਾ ਕੋਈ ਦੋਸ਼ ਨਹੀਂ ਸੀ। ਮੁਲਜ਼ਮਾਂ ਦੇ ਆਜ਼ਾਦ ਘੁੰਮਣ ਦੇ ਬਾਵਜੂਦ ਗਵਾਹ ਅੱਗੇ ਆਏ ਅਤੇ ਸੀ.ਬੀ.ਆਈ. ਦੇ ਸਾਹਮਣੇ ਬਿਆਨ ਦਿਤੇ। ਮੁਲਜ਼ਮਾਂ ਵਿਰੁਧ ਕਿਸੇ ਵੀ ਗਵਾਹ ਨੂੰ ਧਮਕਾਉਣ ਜਾਂ ਪ੍ਰਭਾਵਤ ਕਰਨ ਦਾ ਕੋਈ ਖ਼ਾਸ ਦੋਸ਼ ਨਹੀਂ ਹੈ। ਹਾਈ ਕੋਰਟ ਨੇ ਸੱਜਣ ਕੁਮਾਰ ਅਤੇ ਹੋਰਨਾਂ ਨੂੰ 50-50 ਹਜ਼ਾਰ ਰੁਪਏ ਦੀ ਜ਼ਮਾਨਤ ਅਤੇ ਇੰਨੀ ਹੀ ਰਕਮ ਦੇ ਨਿਜੀ ਮੁਚਲਕੇ 'ਤੇ ਅਗਾਊਂ ਜ਼ਮਾਨਤ ਦੇਣ ਦੀ ਗੱਲ ਆਖੀ। ਦੱਸਣਯੋਗ ਹੈ ਕਿ ਇਕ ਹੇਠਲੀ ਅਦਾਲਤ ਨੇ ਸੱਜਣ ਕੁਮਾਰ ਅਤੇ ਹੋਰਨਾਂ ਵਿਰੁਧ ਗ਼ੈਰ ਜ਼ਮਾਨਤੀ ਵਾਰੰਟ ਜਾਰੀ ਕੀਤੇ ਸਨ। ਹਾਈ ਕੋਰਟ ਨੇ 22 ਫ਼ਰਵਰੀ ਨੂੰ ਅਪਣਾ ਫ਼ੈਸਲਾ ਰਾਖਵਾਂ ਰੱਖ ਲਿਆ ਸੀ। ਸੱਜਣ ਕੁਮਾਰ ਤੋਂ ਇਲਾਵਾ ਮਹਿੰਦਰ ਯਾਦਵ, ਬ੍ਰਹਮਾਨੰਦ ਗੁਪਤਾ, ਕ੍ਰਿਸ਼ਨ ਖੋਖਰ, ਬਲਵੰਤ ਖੋਖਰ, ਪੇਰੂ ਅਤੇ ਵੇਦ ਪ੍ਰਕਾਸ਼ ਨੂੰ ਅਗਾਊਂ ਜ਼ਮਾਨਤ ਮਿਲੀ।

## ਅਕਾਲੀਆਂ ਨੇ ਸੱਜਣ ਦਾ ਮੁੱਦਾ ਲੋਕ ਸਭਾ ਵਿਚ ਉਠਾਇਆ



ਇਸ ਦੌਰਾਨ 1984 ਦੇ ਸਿੱਖ ਕਤਲੇਆਮ ਦੇ ਮੁਲਜ਼ਮ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਕਰਨ ਵਿਚ ਸੀ.ਬੀ.ਆਈ. ਦੇ ਅਸਫ਼ਲ ਰਹਿਣ ਦਾ ਮੁੱਦਾ ਅਕਾਲੀ ਦਲ (ਬ) ਦੇ ਮੈਂਬਰਾਂ ਨੇ ਲੋਕ ਸਭਾ ਵਿਚ ਉਠਾਇਆ। ਜਿਉਂ ਹੀ ਸਪੀਕਰ ਮੀਰਾ ਕੁਮਾਰ ਨੇ ਵਿੱਤ ਮੰਤਰੀ ਪ੍ਰਣਬ ਮੁਖਰਜੀ ਦਾ ਨਾਂ ਸੱਦਿਆ ਤਾਂ ਅਕਾਲੀ ਮੈਂਬਰ ਰਤਨ ਸਿੰਘ ਅਜਨਾਲਾ ਤੇ ਹਰਸਿਮਰਤ ਕੌਰ ਬਾਦਲ ਨੇ ਖੜੇ ਹੋ ਕੇ ਕੇਂਦਰ ਉਪਰ ਸੱਜਣ ਕੁਮਾਰ ਨੂੰ ਬਚਾਉਣ ਦਾ ਦੋਸ਼ ਲਾਇਆ। ਸਪੀਕਰ ਵਲੋਂ ਦਖ਼ਲ ਦੇਣ 'ਤੇ ਦੋਵੇਂ ਅਕਾਲੀ ਮੈਂਬਰ ਬੈਠ ਗਏ, ਜਿਸ ਮਗਰੋਂ ਵਿੱਤ ਮੰਤਰੀ ਨੇ ਬਜਟ ਭਾਸ਼ਣ ਸ਼ੁਰੂ ਕੀਤਾ। ਦੂਜੇ ਪਾਸੇ ਅਕਾਲੀ ਦਲ ਬਾਦਲ ਦੀ ਦਿੱਲੀ ਇਕਾਈ ਦੇ ਆਗੂਆਂ ਨੇ ਸੱਜਣ ਕੁਮਾਰ ਨੂੰ ਮਿਲੀ ਜ਼ਮਾਨਤ 'ਤੇ ਤਿੱਖੀ ਪ੍ਰਤੀਕ੍ਰਿਆ ਪ੍ਰਗਟ ਕਰਦਿਆਂ ਕਿਹਾ ਕਿ ਉਹ ਇਸ ਵਿਰੁਧ ਸੁਪਰੀਮ ਕੋਰਟ ਵਿਚ ਅਪੀਲ ਕਰਨਗੇ। ਪਾਰਟੀ ਨੇ ਦੋਸ਼ ਲਾਇਆ ਕਿ ਸੀ.ਬੀ.ਆਈ. ਸਿੱਖ ਕਤਲੇਆਮ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਪ੍ਰਤੀ ਗੰਭੀਰ ਦਿਖਾਈ ਨਹੀਂ ਦਿੰਦੀ। ਪਾਰਟੀ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਕਿਹਾ ਕਿ ਦਿੱਲੀ ਦੀ ਇਕ ਅਦਾਲਤ ਨੇ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਨਾ ਕਰਨ 'ਤੇ ਸੀ.ਬੀ.ਆਈ. ਦੀ ਝਾੜ ਝੰਬ ਕੀਤੀ ਸੀ ਅਤੇ ਜਾਂਚ ਏਜੰਸੀ ਦੇ ਡਾਇਰੈਕਟਰ ਨੂੰ ਖ਼ੁਦ ਮਾਮਲੇ ਦੀ ਨਿਗਰਾਨੀ ਕਰਨ ਲਈ ਆਖਿਆ ਸੀ, ਜਿਸ ਤੋਂ ਜਾਂਚ ਏਜੰਸੀ ਦੀ ਕਮਜ਼ੋਰੀ ਦਾ ਪਤਾ ਲੱਗਿਆ ਹੈ।

ਇਸ ਦੌਰਾਨ ਹੀ 84 ਦੇ ਸਿੱਖ ਵਿਰੋਧੀ ਦੰਗਿਆਂ 'ਚ ਸ਼ਮੂਲੀਅਤ ਸਬੰਧੀ ਅਦਾਲਤ ਦਾ ਸਾਹਮਣਾ ਕਰ ਰਹੇ ਕਾਂਗਰਸ ਦੇ ਸਾਬਕਾ ਸਾਂਸਦ ਸੱਜਣ ਕੁਮਾਰ ਪਿਛਲੇ ਇੱਕ ਹਫ਼ਤੇ ਤੋਂ ਲਾਪਤਾ ਹਨ ਅਤੇ ਇਸ ਸਬੰਧੀ ਜਾਣਕਾਰੀ ਦੇਣ ਵਾਲੇ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ।ਦੱਸਣਾ ਬਣਦਾ ਹੈ ਕਿ ਸੀਬੀਆਈ ਸੱਜਣ ਕੁਮਾਰ ਖਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਨਾਕਾਮ ਰਹੀ ਹੈ। ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਨੂੰ ਜ਼ੈਡ ਸੁਰੱਖਿਆ ਮਿਲੀ ਹੋਈ ਹੈ ਤੇ ਦਿੱਲੀ ਪੁਲਿਸ ਦੇ ਰਾਮ ਨਿਰੋਹਾ ਉਨ੍ਹਾਂ ਦੇ ਨਿੱਜੀ ਸੁਰੱਖਿਆ ਅਧਿਕਾਰੀ ਹਨ, ਜਿਨ੍ਹਾਂ ਨੇ ਬੀਤੀ 19 ਫਰਵਰੀ ਨੂੰ ਸੁਰੱਖਿਆ ਸ਼ਾਖਾ ਨੂੰ ਸੂਚਿਤ ਕੀਤਾ ਕਿ ਸੱਜਣ ਕੁਮਾਰ ਉਸੇ ਦਿਨ ਤੋਂ ਲਾਪਤਾ ਹਨ। ਸੂਤਰਾਂ ਨੇ ਦੱਸਿਆ ਕਿ ਸੁਰੱਖਿਆ ਸ਼ਾਖਾ ਨਾਲ ਜੁੜੇ ਸ੍ਰੀ ਨਿਰੋਹਾ ਨੂੰ ਸੇਵਾ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਵਲੋਂ ਸੱਜਣ ਕੁਮਾਰ ਦੇ ਲਾਪਤਾ ਹੋਣ ਸਬੰਧੀ ਕੀਤੇ ਦਾਅਵੇ ਦੀ ਪੁਸ਼ਟੀ ਲਈ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਸੱਜਣ ਕੁਮਾਰ ਦੇ ਲਾਪਤਾ ਹੋਣ ਸਬੰਧੀ ਖ਼ਬਰਾਂ ਮਿਲਣ ਤੋਂ ਬਾਅਦ ਚੌਕਸੀ ਵਧਾ ਦਿੱਤੀ ਹੈ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਜਿਹਾ ਲੱਗਦਾ ਹੈ ਕਿ ਸੱਜਣ ਕੁਮਾਰ ਗ੍ਰਿਫ਼ਤਾਰੀ ਤੋਂ ਬਚਣ ਲਈ ਅੰਡਰ ਗਰਾਊਂਡ ਹੋ ਗਏ ਹਨ।ਜ਼ਿਕਰਯੋਗ ਹੈ ਕਿ ਸੱਜਣ ਕੁਮਾਰ ਦੇ ਵਕੀਲ ਨੇ ਇਸ ਤੋਂ ਪਹਿਲਾਂ ਅਦਾਲਤ ਨੂੰ ਸੂਚਿਤ ਕੀਤਾ ਸੀ ਕਿ ਸੱਜਣ ਕੁਮਾਰ ਗ੍ਰਿਫ਼ਤਾਰੀ ਤੋਂ ਭੱਜ ਨਹੀਂ ਰਹੇ, ਸਗੋਂ ਅਜਿਹੀਆਂ ਸੰਭਾਵਨਾਵਾਂ ਦਾ ਪਤਾ ਲਗਾ ਰਹੇ ਹਨ, ਜਿਸ ਤਹਿਤ ਕਿਸੇ ਉਚ ਅਦਾਲਤ ਦੀ ਸ਼ਰਣ ਵਿਚ ਜਾ ਕੇ ਉਨ੍ਹਾਂ ਨੂੰ ਰਾਹਤ ਮਿਲ ਸਕੇ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਬੀਤੀ 23 ਫਰਵਰੀ ਨੂੰ ਸੀਬੀਆਈ ਨੇ ਅਦਾਲਤ ਨੂੰ ਸੱਜਣ ਕੁਮਾਰ ਨੂੰ ਗ੍ਰਿਫ਼ਤਾਰ ਨਾ ਕਰ ਸਕਣ ਸਬੰਧੀ ਦੱਸਦਿਆਂ ਕਿਹਾ ਸੀ ਕਿ ਉਨ੍ਹਾਂ ਦਾ ਕੋਈ ਅਤਾ-ਪਤਾ ਨਹੀਂ ਹੈ। ਇਸ 'ਤੇ ਜੱਜ ਨੇ ਸੀਬੀਆਈ ਦੀ ਖਿਚਾਈ ਕਰਦਿਆਂ ਕਿਹਾ ਸੀ ਕਿ ਉਹ ਕਾਂਗਰਸ ਆਗੂ ਨੂੰ ਫੜਨ ਸਬੰਧੀ ਗੰਭੀਰਤਾ ਨਹੀਂ ਵਰਤ ਰਹੀ। ਜ਼ਿਕਰਯੋਗ ਹੈ ਕਿ ਸੀਬੀਆਈ ਨੇ 1984 ਵਿਚ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੰਗੇ ਭੜਕਾਉਣ ਅਤੇ ਕਥਿਤ ਰੂਪ 'ਚ ਭੜਕਾਊ ਭਾਸ਼ਣ ਦੇ ਦੋਸ਼ 'ਚ ਸੱਜਣ ਕੁਮਾਰ ਖਿਲਾਫ਼ ਦੋਸ਼ ਪੱਤਰ ਦਾਖ਼ਲ ਕੀਤਾ ਸੀ।

ਸੱਜਣ ਕੁਮਾਰ 'ਤੇ ਇਹ ਵੀ ਦੋਸ਼ ਲਗਾਇਆ ਗਿਆ ਹੈ ਕਿ ਇਨ੍ਹਾਂ ਵਲੋਂ ਦਿੱਤੇ ਭੜਕਾਊ ਭਾਸ਼ਣਾਂ ਤੋਂ ਬਾਅਦ ਦੰਗਿਆਂ ਵਿਚ 12 ਵਿਅਕਤੀਆਂ ਦੀ ਹੱਤਿਆ ਕਰ ਦਿੱਤੀ ਗਈ ਸੀ। ਦੂਜੇ ਪਾਸੇ ਸੀਬੀਆਈ ਨੇ ਕਿਹਾ ਕਿ ਸੱਜਣ ਕੁਮਾਰ ਦੀ ਰਿਹਾਇਸ਼ 'ਤੇ ਚਾਰ ਵਾਰ ਛਾਪਾਮਾਰੀ ਕੀਤੀ ਗਈ ਹੈ, ਪਰ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਿਆ।

ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸੱਜਣ ਕੁਮਾਰ ਨੂੰ ਜ਼ੈਡ ਪਲੱਸ ਸੁਰੱਖਿਆ ਮਿਲੀ ਹੋਈ ਹੈ, ਤੇ ਜਦੋਂ ਵੀ ਉਹ ਕਿਤੇ ਬਾਹਰ ਜਾਂਦੇ ਹਨ ਤਾਂ ਉਨ੍ਹਾਂ ਨਾਲ ਸੁਰੱਖਿਆ ਅਧਿਕਾਰੀ ਹੁੰਦੇ ਹਨ, ਇਸ ਤਰ੍ਹਾਂ ਸੱਜਣ ਕੁਮਾਰ ਦੇ ਲਾਪਤਾ ਹੋਣ ਬਾਰੇ ਕਈ ਤਰ੍ਹਾਂ ਦੇ ਖਦਸ਼ੇ ਪ੍ਰਗਟਾਏ ਜਾ ਰਹੇ ਹਨ।

## ਗਵਾਹਾਂ ਦੇ ਬਿਆਨਾਂ ਦੀਆਂ ਕਾਪੀਆਂ ਪੀੜਤ ਨੂੰ ਦੇਣ ਦੇ ਆਦੇਸ਼

**ਨਵੀਂ ਦਿੱਲੀ :** ਦਿੱਲੀ ਦੀ ਇਕ ਅਦਾਲਤ ਨੇ ਸੀ.ਬੀ.ਆਈ. ਨੂੰ ਕਿਹਾ ਹੈ ਕਿ ਉਹ ਸਾਬਕਾ ਕੇਂਦਰੀ ਮੰਤਰੀ ਜਗਦੀਸ਼ ਟਾਈਟਲਰ ਨਾਲ ਸਬੰਧਤ 1984 ਦੇ ਸਿੱਖ ਕਤਲੇਆਮ ਦੇ ਇਕ ਕੇਸ ਸਬੰਧੀ ਗਵਾਹਾਂ ਦੇ ਬਿਆਨਾਂ ਦੀ ਕਾਪੀ ਇਕ ਪੀੜਤ ਨੂੰ ਮੁਹੱਈਆ ਕਰਵਾਏ ਤਾਂ ਕਿ ਉਹ ਕਾਂਗਰਸ ਦੇ ਇਸ ਆਗੂ ਨੂੰ ਕਲੀਨ ਚਿੱਟ ਦਿੱਤੇ ਜਾਣ ਵਿਰੁਧ ਪਟੀਸ਼ਨ ਦਾਇਰ ਕਰਨ ਦੇ ਸਮਰੱਥ ਹੋ ਸਕੇ। ਐਡੀਸ਼ਨਲ ਚੀਫ ਮੈਟਰੋਪਾਲਿਟਨ ਮੈਜਿਸਟਰੇਟ ਰਾਕੇਸ਼ ਪੰਡਿਤ ਨੇ ਜਾਂਚ ਏਜੰਸੀ ਨੂੰ ਆਦੇਸ਼ ਦਿੱਤੇ ਕਿ ਦੋ ਗਵਾਹਾਂ ਸੁਰਿੰਦਰ ਸਿੰਘ ਤੇ ਜਸਵਿੰਦਰ ਸਿੰਘ ਦੇ ਤਿੰਨ ਵੱਖ-ਵੱਖ ਹਲਫਨਾਮਿਆਂ ਤੇ ਚਾਰ ਬਿਆਨਾਂ ਦੀ ਕਾਪੀ ਤੇ ਕੇਸ ਬੰਦ ਕਰਨ ਦੀ ਰਿਪੋਰਟ ਵਿਧਵਾ ਲਖਵਿੰਦਰ ਕੌਰ ਨੂੰ ਦਿੱਤੀਆਂ ਜਾਣ। ਅਦਾਲਤ ਨੇ ਇਹ ਹੁਕਮ ਲਖਵਿੰਦਰ ਕੌਰ ਨੂੰ ਵਕੀਲਾਂ ਰੇਬੈਕਾ ਐਮ.ਜੋਹਨ ਤੇ ਬ੍ਰਿੰਦਾ ਗਰੋਵਰ ਵਲੋਂ ਇਹ ਦੱਸੇ ਜਾਣ ਮਗਰੋਂ ਦਿੱਤੇ ਕਿ ਉਨ੍ਹਾਂ ਨੂੰ ਗਵਾਹਾਂ ਦੇ ਬਿਆਨਾਂ ਸਮੇਤ ਹੋਰ ਦਸਤਾਵੇਜ਼ ਨਹੀਂ ਦਿੱਤੇ ਗਏ ਸਨ। ਪੀੜਤ ਦੇ ਵਕੀਲਾਂ ਦੀ ਬੇਨਤੀ ਦਾ ਸ਼ੁਰੂ 'ਚ ਵਿਰੋਧ ਕਰਦੇ ਰਹੇ ਸੀ.ਬੀ.ਆਈ. ਦੇ ਵਕੀਲ ਸੰਜੇ ਸੂਰੀ ਅਦਾਲਤ ਦੇ ਹੁਕਮ ਤੇ ਇਹ ਕਾਪੀਆਂ ਦੇਣ ਲਈ ਸਹਿਮਤ ਹੋ ਗਏ। ਇਸੇ ਦੌਰਾਨ ਅਦਾਲਤ ਨੇ ਲਖਵਿੰਦਰ ਕੌਰ ਦੇ ਵਕੀਲਾਂ ਨੂੰ ਹਫਤੇ ਦੇ ਅੰਦਰ ਅੰਦਰ ਰੋਸ ਪਟੀਸ਼ਨ ਦਾਇਰ ਕਰਕੇ ਇਹਦੀ ਕਾਪੀ ਸੀ.ਬੀ.ਆਈ. ਨੂੰ ਦੇਣ ਲਈ ਕਿਹਾ ਹੈ ਤਾਂ ਕਿ ਦਲੀਲਾਂ ਲਈ ਤਰੀਕ ਤੈਅ ਕੀਤੀ ਜਾ ਸਕੇ। ਪਹਿਲੀ ਨਵੰਬਰ 1984 ਨੂੰ ਉੱਤਰੀ ਦਿੱਲੀ 'ਚ ਗੁਰਦੁਆਰਾ ਪੁਲਬਨਮਾਸ਼ 'ਚ ਤਿੰਨ ਵਿਅਕਤੀਆਂ ਦੀ ਹੱਤਿਆ ਦੇ ਮਾਮਲੇ ਦੀ ਸੁਣਵਾਈ ਅਦਾਲਤ ਨੇ 23 ਮਾਰਚ 'ਤੇ ਪਾ ਦਿੱਤੀ।


SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,
JET AIRWAYS
DELTA, AIR INDIA,



For Emergency
Call anytime at
India $545
EARLY BIRD SALE!!!!

Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ



Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



Rajinder Singh
Insurance Lic No. 0G73739
RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks
Cell:(510) 557-6988, Ph:209-982-9996

# ਹੁਣ ਲੋਕ ਮਸਲਿਆਂ ਤੋਂ ਬਹੁਤ ਦੂਰ ਚਲੀ ਗਈ ਹੈ ਭਾਰਤੀ ਰਾਜਨੀਤੀ

–ਜਤਿੰਦਰ ਪਨੂੰ

'ਆਮ ਆਦਮੀ' ਦੀ ਪੁੱਛਗਿੱਛ ਬਾਹਲੀ ਤਾਂ ਕਦੇ ਵੀ ਨਹੀਂ ਹੋਈ, ਪਰ ਉਸ ਦਾ ਜ਼ਿਕਰ ਓਦੋਂ ਥੋੜ੍ਹਾ ਜਿਹਾ ਵੱਧ ਹੋਣ ਲੱਗ ਪਿਆ ਸੀ, ਜਦੋਂ ਕਾਂਗਰਸ ਪਾਰਟੀ ਨੇ ਇਹ ਚੋਣ ਨਾਹਰਾ ਦਿੱਤਾ ਸੀ 'ਕਾਂਗਰਸ ਕਾ ਹਾਥ, ਆਮ ਆਦਮੀ ਕੇ ਸਾਥ'। ਕਾਂਗਰਸ ਵਾਲੇ ਇਸ ਨਾਹਰੇ ਨੂੰ ਇੱਕ ਗੰਭੀਰ ਨਿਸ਼ਾਨੇ ਵਜੋਂ ਪੇਸ਼ ਕਰਦੇ ਸਨ ਤੇ ਵਿਰੋਧੀ ਧਿਰ ਵਾਲੇ ਵਿਅੰਗ ਕੱਸਣ ਲਈ, ਪਰ 'ਆਮ ਆਦਮੀ' ਦਾ ਜ਼ਿਕਰ ਦੋਵੇਂ ਪਾਸਿਓਂ ਹੋਣ ਲੱਗ ਪਿਆ ਸੀ। ਰਾਹੁਲ ਗਾਂਧੀ ਨੇ ਜਦੋਂ ਗਰੀਬਾਂ ਦੀਆਂ ਝੁੱਗੀਆਂ ਵਿਚ ਰਾਤਾਂ ਕੱਟਣ ਦਾ ਸਿਲਸਿਲਾ ਸ਼ੁਰੂ ਕੀਤਾ, ਤਾਂ ਇਸ ਨਾਲ ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਇਹ ਕਹਿਣ ਦਾ ਇੱਕ ਮੌਕਾ ਹੋਰ ਮਿਲ ਗਿਆ ਕਿ ਉਹ ਆਮ ਆਦਮੀ ਦੀ ਹਾਲਤ ਨੂੰ ਸਾਹਮਣੇ ਰੱਖ ਕੇ ਚੱਲ ਰਹੇ ਹਨ। ਮਹਾਰਾਸ਼ਟਰ ਦੀ ਇੱਕ ਗਰੀਬੜੀ ਕਲਾਵਤੀ ਕੋਲ ਰਾਤ ਕੱਟਣ ਤੇ ਰੁੱਖਾ-ਮਿੱਸਾ ਖਾਣ ਪਿੱਛੋਂ ਜਦੋਂ ਰਾਹੁਲ ਗਾਂਧੀ ਨੇ ਦੇਸ਼ ਦੀ ਪਾਰਲੀਮੈਂਟ ਵਿਚ ਉਸ ਦਾ ਵਾਰ-ਵਾਰ ਜ਼ਿਕਰ ਕੀਤਾ, ਤੇ ਵਿਰੋਧੀ ਧਿਰ ਨੇ ਵਾਰ-ਵਾਰ ਟੋਕਿਆ, ਤਾਂ ਉਸ ਤੋਂ ਵੀ ਕਾਂਗਰਸ ਪਾਰਟੀ ਦੇ ਮੁੱਖ ਚਾਲਕ ਮਾਂ-ਪੁੱਤਰ ਦੀ ਨੇਕ-ਨੀਅਤੀ ਦੀ ਝਲਕ ਕਈ ਲੋਕਾਂ ਨੇ ਮਹਿਸੂਸ ਕੀਤੀ ਸੀ। ਅਗਲੀਆਂ ਚੋਣਾਂ ਵਿਚ ਵਿਰੋਧੀ ਧਿਰ ਨੇ ਕਲਾਵਤੀ ਨੂੰ ਇਹ ਚੋਗਾ ਸੁੱਟ ਦਿੱਤਾ ਕਿ ''ਅਸੀਂ ਤੈਨੂੰ ਪਾਰਲੀਮੈਂਟ ਦੀ ਸੀਟ ਦੇ ਦੇਵਾਂਗੇ, ਤੂੰ ਰਾਹੁਲ ਗਾਂਧੀ ਬਾਰੇ ਲੋਕਾਂ ਨੂੰ ਦੱਸ ਦੇ ਕਿ ਉਹ ਸਿਰਫ਼ ਗੱਲਾਂ ਕਰਦਾ ਹੈ, ਦੇਂਦਾ ਕੁਝ ਨਹੀਂ।'' ਉਹ ਪਹਿਲਾਂ ਸਾਹਮਣੇ ਆਈ, ਫਿਰ ਪਿੱਛੇ ਹਟੀ ਤੇ ਚੋਣਾਂ ਪਿੱਛੋਂ ਹੁਣ ਜਿਹੇ ਆ ਕੇ ਇੱਕ ਗੈਰ-ਸਰਕਾਰੀ ਜਥੇਬੰਦੀ ਦੇ ਰਾਹੀਂ ਉਸਨੂੰ ਕੁਝ ਲੱਖ ਰੁਪਏ ਦੀ ਮਦਦ ਪਹੁੰਚਾ ਕੇ ਕਾਂਗਰਸ ਦੇ ਲੀਡਰਾਂ ਵਲੋਂ ਕਿਹਾ ਗਿਆ ਹੈ ਕਿ ਰਾਹੁਲ ਗਾਂਧੀ ਦੇ ਸੁਫ਼ਨੇ ਮੁਤਾਬਕ ਕਲਾਵਤੀ ਦੇ ਬੱਚਿਆਂ ਦੀ ਪੜ੍ਹਾਈ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ।

'ਸ਼ਾਨਦਾਰ' ਕਾਰਗੁਜ਼ਾਰੀ ਹੈ ਇਹ, ਪਰ ਇਸ ਵਿਚ ਇਕ ਵੱਡਾ ਨੁਕਸ ਹੈ। ਉਸ ਪਿੰਡ ਵਿਚ ਕੋਈ ਹੋਰ ਕਲਾਵਤੀ ਵੀ ਹੋਊਗੀ, ਸ਼ਾਇਦ ਕਈ ਹੋਣਗੀਆਂ, ਉਹਨਾਂ ਦਾ ਕਿਸੇ ਨੂੰ ਚੇਤਾ ਹੀ ਨਹੀਂ ਆਇਆ। ਕਲਾਵਤੀ ਦੇ ਪਿੰਡ ਵਿਚ ਹੀ ਨਹੀਂ, ਭਾਰਤ ਦੇ ਹਰ ਪਿੰਡ ਵਿਚ ਇਹੋ ਜਿਹੀਆਂ ਕਲਾਵਤੀਆਂ ਹਨ, ਉਹਨਾਂ ਦਾ ਚੇਤਾ ਕੌਣ ਕਰੇਗਾ? ਸਿਰਫ਼ ਇਕ ਨੂੰ 'ਆਮ ਆਦਮੀ' ਦੀ ਪ੍ਰਤੀਕ 'ਕਲਾਵਤੀ' ਬਣਾ ਕੇ ਪੇਸ਼ ਕਰ ਦੇਣ ਨਾਲ ਦੇਸ਼ ਦੀ ਤਕਦੀਰ ਤਾਂ ਨਹੀਂ ਬਦਲ ਜਾਣੀ। ਦੇਸ਼ ਦੀ ਤਕਦੀਰ ਬਦਲਣ ਲਈ ਜੋ ਕੁਝ ਕਰਨ ਦੀ ਲੋੜ ਹੈ, ਉਹ ਤਾਂ ਇਸ ਵਕਤ ਕਿਸੇ ਪਾਰਟੀ ਦੇ ਏਜੰਡੇ ਉੱਤੇ ਹੀ ਨਜ਼ਰ ਨਹੀਂ ਆ ਰਿਹਾ।

26 ਫਰਵਰੀ ਦੇ ਦਿਨ ਭਾਰਤ ਦਾ ਆਮ ਬਜਟ ਪੇਸ਼ ਕੀਤਾ ਹੈ ਖ਼ਜ਼ਾਨਾ ਮੰਤਰੀ ਪ੍ਰਣਬ ਮੁਖਰਜੀ ਨੇ। ਉਸ ਨੇ ਜਿਵੇਂ ਇਸ ਕਾਗਜ਼ੀ ਜਾਦੂਗਰੀ ਰਾਹੀਂ ਆਮ ਲੋਕਾਂ ਦਾ ਕਚੂਮਰ ਕੱਢਣ ਦਾ ਰਾਹ ਫੜਿਆ, ਉਸ ਨਾਲ ਸਾਰੇ ਦੇਸ਼ ਵਿਚ ਹਾਹਾਕਾਰ ਮੱਚ ਗਈ ਹੈ। ਕੁਝ ਕੁ ਚੀਜ਼ਾਂ ਦੇ ਭਾਅ ਘਟਣ ਦੀ ਸੰਭਾਵਨਾ ਵਿਖਾ ਕੇ ਹੋਰ ਹਰ ਚੀਜ਼ ਦੀਆਂ ਕੀਮਤਾਂ ਅਸਮਾਨੇ ਚਾੜ੍ਹਨ ਦਾ ਪ੍ਰਬੰਧ ਕਰ ਦਿੱਤਾ ਗਿਆ ਹੈ। ਸਿਰਫ਼ ਐਕਸਾਈਜ਼ ਡਿਊਟੀ ਅਤੇ ਡੀਜ਼ਲ-ਪੈਟਰੋਲ ਦੀਆਂ ਕੀਮਤਾਂ ਨੇ ਹੀ ਬਾਕੀ ਹਰ ਚੀਜ਼ ਦਾ ਮੁੱਲ ਵਧਾ ਦੇਣਾ ਹੈ। ਹਾਲੇ ਇੱਕ ਦਿਨ ਪਹਿਲਾਂ ਰੇਲ ਮੰਤਰੀ ਨੇ ਮਿੱਟੀ ਦੇ ਤੇਲ ਅਤੇ ਖਾਣ ਵਾਲੀਆਂ ਚੀਜ਼ਾਂ ਦੀ ਢੋਆਈ ਦਾ ਭਾੜਾ ਘੱਟ ਕੀਤਾ ਸੀ, ਜਿਸ ਨੇ ਉਹ ਵੀ ਵਧਾ ਦੇਣਾ ਹੈ। ਕੁਝ ਵੱਡੇ ਮਾਹਰ ਇਹ ਅੰਕੜੇ ਪੇਸ਼ ਕਰ ਰਹੇ ਹਨ ਕਿ ਇਸ ਬੱਜਟ ਨਾਲ ਇਕ ਵਾਰੀ ਭਾਵੇਂ ਲੋਕਾਂ ਉੱਤੇ ਬੋਝ ਹੀ ਪਵੇ, ਸਮਾਂ ਪਾ ਕੇ ਇਸ ਨੇ ਦੇਸ਼ ਦੀ ਤਰੱਕੀ ਏਨੀ ਕਰ ਦੇਣੀ ਹੈ ਕਿ ਹੁਣ ਦੀਆਂ ਨਿਕਲੀਆਂ ਚੀਕਾਂ ਭੁੱਲ ਕੇ ਲੋਕਾਂ ਨੇ ਸੋਹਲੇ ਗਾਇਆ ਕਰਨੇ ਹਨ। ਕੱਲ੍ਹ ਦੀਆਂ ਕੌਣ ਜਾਣੇ, ਅੱਜ ਦੀ ਗੱਲ ਇਹ ਹੈ ਕਿ ਉਹਨਾਂ ਵਰਗੇ ਕੁਝ ਹੋਰ ਮਾਹਰ ਇਹ ਅੰਕੜੇ ਪੇਸ਼ ਕਰ ਰਹੇ ਹਨ ਕਿ ਇਸ ਨੇ ਗਰੀਬੀ ਤਾਂ ਵਧਾਉਣੀ ਹੀ ਹੈ, ਉਪਰਲੇ ਵਰਗਾਂ ਨੂੰ ਛੱਡ ਕੇ ਹੇਠਲਿਆਂ ਸਭਨਾਂ ਨੂੰ ਹੀ ਰਗੜ ਛੱਡਣਾ ਹੈ। ਭਾਰ ਇਹਨਾਂ ਹੇਠਲੇ ਵਰਗਾਂ ਉੱਤੇ ਪਾ ਦਿੱਤਾ ਗਿਆ ਹੈ ਤੇ ਛੋਟਾ ਸਿਰਫ਼ ਵੱਡਿਆਂ ਲਈ ਰਹਿਣ ਦਿੱਤੀਆਂ ਹਨ।

ਇਸ ਮਾਮਲੇ ਵਿਚ ਬਹੁਤਾ ਜ਼ਿਕਰ ਇਨਕਮ ਟੈਕਸ ਦਾ ਕੀਤਾ ਜਾ ਰਿਹਾ ਹੈ। ਨਵੇਂ ਬੱਜਟ ਮੁਤਾਬਕ ਇੱਕ ਲੱਖ ਸੱਠ ਹਜ਼ਾਰ ਰੁਪਏ ਦੀ ਸਾਲਾਨਾ ਆਮਦਨ ਤੱਕ ਕੋਈ ਟੈਕਸ ਨਹੀਂ ਹੋਵੇਗਾ, ਪਹਿਲਾਂ ਵੀ ਏਦਾਂ ਹੀ ਸੀ, ਕੋਈ ਫ਼ਰਕ ਨਹੀਂ ਪੈ ਸਕਿਆ। ਇੱਕ ਲੱਖ ਸੱਠ ਹਜ਼ਾਰ ਤੋਂ ਉੱਪਰ ਪੰਜ ਲੱਖ ਤੱਕ ਸਿਰਫ਼ ਦਸ ਫ਼ੀਸਦੀ ਟੈਕਸ ਹੋਵੇਗਾ। ਪਹਿਲਾਂ ਨਾਲੋਂ ਫ਼ਰਕ ਤਾਂ ਹੈ, ਪਰ ਇਸ ਫ਼ਰਕ ਦਾ ਫ਼ਾਇਦਾ ਤਿੰਨ ਲੱਖ ਜਾਂ ਉਸ ਤੋਂ ਹੇਠਾਂ ਦੀ ਆਮਦਨ ਵਾਲਿਆਂ ਨੂੰ ਕੋਈ ਨਹੀਂ ਹੋਣਾ, ਭਾਵ ਕਿ ਸਿਰਫ ਉਹੋ ਫਾਇਦੇ ਵਿਚ ਰਹਿਣਗੇ, ਜਿਨ੍ਹਾਂ ਦੀ ਤਨਖ਼ਾਹ ਜਾਂ ਹੋਰ ਆਮਦਨ ਪੰਝੀ ਹਜ਼ਾਰ ਰੁਪਏ ਮਹੀਨੇ ਨਾਲੋਂ ਵੱਧ ਹੋਵੇਗੀ। ਉਹਨਾਂ ਨੂੰ ਫ਼ਾਇਦਾ ਹੁੰਦਾ ਹੈ ਕਿ ਤਾਂ ਕਿੰਨੇ ਕੁ ਲੱਖ ਲੋਕਾਂ ਨੂੰ ਹੁੰਦਾ ਹੈ, ਇਸ ਬਾਰੇ ਬਹਿਸ ਹੋ ਰਹੀ ਹੈ, ਪਰ ਇਹ ਬਹਿਸ ਨਹੀਂ ਹੋ ਰਹੀ ਕਿ ਨਵੇਂ ਸਰਵੇਖਣ ਮੁਤਾਬਕ ਭਾਰਤ ਦੇਸ਼ ਦੀ ਚਾਲੀ ਫ਼ੀਸਦੀ ਦੇ ਕਰੀਬ ਜਿਹੜੀ ਜਨਤਾ 'ਗਰੀਬੀ ਦੀ ਰੇਖਾ' ਤੋਂ ਹੇਠਾਂ ਰਹਿੰਦੀ ਹੈ, ਉਹਦੀ ਆਮਦਨ ਪੰਝੀ ਹਜ਼ਾਰ ਰੁਪੈ ਮਹੀਨਾ ਵੀ ਨਹੀਂ ਹੁੰਦੀ। 'ਆਮ ਆਦਮੀ' ਜੇ ਪੰਝੀ ਹਜ਼ਾਰ ਰੁਪਏ ਤੋਂ ਉੱਪਰ ਦੀ ਆਮਦਨ ਵਾਲੇ ਨੂੰ ਹੀ ਗਿਣਨਾ ਹੈ ਤਾਂ ਇਹੋ ਜਿਹੇ ਆਮ ਆਦਮੀ ਦੀ ਗਿਣਤੀ ਵਿਚ ਦੇਸ਼ ਦਾ ਅਸਲੀ ਆਮ ਆਦਮੀ ਨਹੀਂ ਗਿਣਿਆ ਜਾ ਸਕਣ।

ਫਿਰ ਆਮ ਆਦਮੀ ਕਿੱਥੇ ਹਨ? ਇਹ ਲੱਭਣ ਲਈ ਹੁਣ ਬਿਹਾਰ ਜਾਂ ਉੱਤਰ ਪ੍ਰਦੇਸ਼ ਜਾਣ ਦੀ ਲੋੜ ਨਹੀਂ, ਜਿਸ ਦਾ ਜ਼ਿਕਰ ਅਸੀਂ ਪਿਛਲੇ ਸਾਲਾਂ ਵਿਚ ਕਰਦੇ ਹੁੰਦੇ ਸਾਂ। ਕਿਸੇ ਵੀ ਚੌਕ ਵਿਚ ਚਲੇ ਜਾਓ, ਵਰਦੀ ਪਾ ਕੇ ਗੱਡੀਆਂ ਨੂੰ ਹੱਥ ਦੇਂਦਾ ਹੋਮ ਗਾਰਡ ਦਾ ਜਵਾਨ ਜਾਂ ਕੋਈ ਐਸ ਪੀ ਓ (ਕੱਚਾ ਪੁਲਸੀਆ) ਲੱਭ ਜਾਵੇਗਾ। ਉਸਦੀ ਤਨਖ਼ਾਹ ਪੰਜਤਾਲੀ ਸੌ ਰੁਪਏ ਹੁੰਦੀ ਹੈ ਤੇ ਸਾਰੇ ਸਾਲ ਦੀ ਤਨਖ਼ਾਹ ਉੱਤੇ ਘੱਟੋ-ਘਟ ਇਨਕਮ ਟੈਕਸ ਦੇਣ ਵਾਲੇ ਨੂੰ ਜਿੰਨੇ ਪੈਸੇ (ਸਾਢੇ ਬਾਰਾਂ ਹਜ਼ਾਰ ਰੁਪਏ) ਹਰ ਮਹੀਨੇ ਮਿਲਣੇ ਚਾਹੀਦੇ ਹਨ, ਉਸ ਰੇਖਾ ਤੱਕ ਇਹ ਵਿਚਾਰਾ ਢਾਈ ਮਹੀਨਿਆਂ ਦੀਆਂ ਤਨਖਾਹਾਂ ਮਿਲ ਜਾਣ ਮਗਰੋਂ ਪਹੁੰਚਦਾ ਹੈ। ਜਿਸ ਦੀ ਸਾਰੇ ਸਾਲ ਦੀ ਤਨਖ਼ਾਹ ਮਿਲਾ ਕੇ ਚਰਵੰਜਾ ਹਜ਼ਾਰ ਮਸਾਂ ਹੁੰਦੀ ਹੈ, ਉਸਨੂੰ ਤਿੰਨ ਲੱਖ ਦੀ ਆਮਦਨ ਤੱਕ ਕੋਈ ਟੈਕਸ ਨਾ ਦੇਣ ਦੀ ਛੋਟ ਦੀ ਕੀ ਛਾਂ ਮਾਨਣ ਨੂੰ ਮਿਲੇਗੀ? ਕਿਸੇ ਸਕੂਲ ਵਿਚ ਚਲੇ ਜਾਓ, ਉਥੇ 'ਸਿੱਖਿਆ ਕਰਮੀ' ਨਾਂਅ ਦੇ ਜੀਵ ਆਪਣੇ ਕਰਮਾਂ ਨੂੰ ਭੁਗਤਦੇ ਮਿਲ ਜਾਂਦੇ ਹਨ, ਚੌਕ ਵਿਚ ਖੜੇ ਵਰਦੀ ਪਾ ਕੇ ਖਾਸ ਜਾਪਦੇ 'ਆਮ ਆਦਮੀ' ਨਾਲੋਂ ਵੱਖਰੀ ਹਾਲਤ ਵਿਚ ਉਹ ਸਿੱਖਿਆ ਕਰਮੀ ਵੀ ਨਹੀਂ। ਇਕ ਸਕੀਮ ਹੈ ਕੇਂਦਰ ਸਰਕਾਰ ਦੀ, ਜਿਸਨੂੰ 'ਨੈਸ਼ਨਲ ਚਾਈਲਡ ਲੇਬਰ ਪ੍ਰਾਜੈਕਟ' ਕਹਿੰਦੇ ਹਨ। ਇਹ ਮਜ਼ਦੂਰੀ ਕਰਦੇ ਬੱਚਿਆਂ ਨੂੰ ਓਧਰੋਂ ਹਟਾ ਕੇ ਪੜ੍ਹਨ ਵਾਲੇ ਪਾਸੇ ਲਾਉਣ ਲਈ ਚਲਾਈ ਗਈ ਹੈ, ਜਿੱਥੇ ਵਿਸ਼ੇਸ਼ ਅਧਿਆਪਕ ਰੱਖੇ ਜਾਂਦੇ ਹਨ। ਜਲੰਧਰ ਵਿਚ ਇਹੋ ਜਿਹੇ 27 ਸਕੂਲ ਖੋਲ੍ਹੇ ਗਏ ਹਨ, ਜਿਨ੍ਹਾਂ ਦੇ ਟੀਚਰਾਂ ਨੂੰ ਪਿਛਲੇ ਦਸ ਮਹੀਨੇ ਤੋਂ ਉਹ 'ਤਨਖ਼ਾਹ' ਵੀ ਨਹੀਂ ਮਿਲੀ, ਜਿਸ ਨੂੰ ਤਨਖ਼ਾਹ ਕਹਿਣਾ ਤਨਖ਼ਾਹ ਸ਼ਬਦ ਦੀ ਬੇਇੱਜ਼ਤੀ ਕਰਨ ਵਾਂਗ ਜਾਪਦਾ ਹੈ, ਕਿਉਂਕਿ ਇਹ 'ਤਨਖ਼ਾਹ' ਸਿਰਫ ਅੱਠ ਸੌ ਰੁਪਏ ਮਹੀਨਾ ਹੈ। ਪਿੱਛੇ ਜਿਹੇ ਏਸ ਵਿਚ 'ਵਾਧਾ' ਕਰ ਕੇ ਪੰਦਰਾਂ ਸੌ ਰੁਪਏ ਕਰ ਦਿੱਤੀ ਗਈ, ਪਰ ਅਜੇ ਤੱਕ ਇਹ 'ਇੰਕਰੀਮੈਂਟ' ਵੀ ਮਿਲੀ ਨਹੀਂ। ਜੋ ਕੁਝ ਮਿਲ ਰਿਹਾ ਹੈ, ਉਸ ਨਾਲ ਉਹਨਾਂ ਨੂੰ ਇਨਕਮ ਟੈਕਸ ਦੀਆਂ ਛੋਟਾਂ ਦੇਣ ਦੀ ਚਰਚਾ ਉਂਜ ਹੀ ਮਜ਼ਾਕ ਜਾਪਦੀ ਹੋਵੇਗੀ।

ਅੱਜ ਸਾਰੀ ਦੀ ਸਾਰੀ ਵਿਰੋਧੀ ਧਿਰ ਇਸ ਬੱਜਟ ਵਿਰੁੱਧ ਚੀਕ-ਚਿਹਾੜਾ ਪਾ ਰਹੀ ਹੈ, ਪਰ ਜਦੋਂ ਉਹਨਾਂ ਦੇ ਆਪਣੇ ਹੱਥ ਰਾਜ ਦੀ ਵਾਗ-ਡੋਰ ਹੁੰਦੀ ਹੈ, ਓਦੋਂ ਵੀ ਆਮ ਆਦਮੀ ਦੀ ਹਾਲਤ ਸੁਧਰ ਤਾਂ ਨਹੀਂ ਜਾਂਦੀ। ਪਿਛਲੀ ਵਾਜਪਾਈ ਸਰਕਾਰ ਵੇਲੇ ਗੰਢੇ ਨਹੀਂ ਸਨ ਮਿਲਦੇ। ਇੱਕ ਵਾਰੀ ਮੋਰਾਰਜੀ ਡਿਸਾਈ ਦੇ ਪ੍ਰਧਾਨ ਮੰਤਰੀ ਹੁੰਦਿਆਂ ਵੀ ਨਹੀਂ ਸਨ ਮਿਲਦੇ ਤੇ ਡਿਸਾਈ ਨੂੰ ਜਦੋਂ 'ਪਾਰਲੀਮੈਂਟ ਵਿਚ ਇਸ ਬਾਰੇ ਪੁੱਛਿਆ ਗਿਆ ਤਾਂ ਉਸਨੇ ਕਿਹਾ ਸੀ, ''ਮਤ ਖਾਓ ਪਿਆਜ਼, ਸੇਬ ਖਾਇਆ ਕਰੋ, ਵੋ ਸਸਤਾ ਹੈ।'' ਅੱਗੋਂ ਇਹ ਪੁੱਛਣ ਉੱਤੇ ਉਹ ਚੁੱਪ ਕਰ ਗਿਆ ਸੀ ਕਿ ਖਾਣ ਨੂੰ ਤਾਂ ਸੇਬ ਖਾ ਲਵਾਂਗੇ, ਪਰ ਸਬਜ਼ੀ ਵਿਚ ਸੇਬ ਕਿਵੇਂ ਪਾਈਏ? ਪਿਛਲੇ ਮਹੀਨੇ ਭਾਰਤ ਵਿਚ ਖੰਡ ਦਾ ਭਾਅ ਵਧ ਜਾਣ ਉੱਤੇ ਖ਼ੁਰਾਕ ਸਪਲਾਈ ਮੰਤਰੀ ਸ਼ਰਦ ਪਵਾਰ ਦੀ ਪਾਰਟੀ ਦੇ ਅਖ਼ਬਾਰ ਨੇ ਇਹ ਫਾਰਮੂਲਾ ਪੇਸ਼ ਕਰ ਦਿੱਤਾ ਸੀ, ''ਚੀਨੀ ਮਤ ਖਾਓ, ਇਸ ਸੇ ਤੋ ਸ਼ੂਗਰ ਕੀ ਬਿਮਾਰੀ ਹੋ ਜਾਤੀ ਹੈ।'' ਵਾਜਪਾਈ ਸਰਕਾਰ ਵੇਲੇ ਜਦੋਂ ਗੰਢੇ ਨਹੀਂ ਸਨ ਮਿਲੇ ਤਾਂ ਉਸ ਨੇ ਇਸ ਨੂੰ ਟਾਲਣ ਲਈ ਇਹ ਕਿਹਾ ਸੀ ਕਿ ''ਜਦੋਂ ਵੀ ਗੰਢੇ ਨਹੀਂ ਮਿਲਦੇ, ਕਾਂਗਰਸ ਦੀ ਰਾਜਨੀਤੀ ਚਮਕਦੀ ਹੈ, ਇਸਨੂੰ ਆਪਣਾ ਚੋਣ ਨਿਸ਼ਾਨ ਹੱਥ ਦੀ ਬਜਾਏ ਪਿਆਜ਼ ਰੱਖ ਲੈਣਾ ਚਾਹੀਦਾ ਹੈ।'' ਸ਼ਰਦ ਪਵਾਰ ਹੋਵੇਂ ਜਾਂ ਅਟਲ ਬਿਹਾਰੀ ਵਾਜਪਾਈ ਜਾਂ ਫਿਰ ਮੁਰਾਰਜੀ ਡਿਸਾਈ, ਜੇ ਉਹ ਆਮ ਆਦਮੀ ਦੀ ਹਾਲਤ ਦਾ ਦਰਦ ਜਾਣਦੇ ਹੁੰਦੇ ਤਾਂ ਇੰਜ ਗੈਰ-ਗੰਭੀਰ ਕਿਸਮ ਦੀਆਂ ਗੱਲਾਂ ਨਹੀਂ ਸਨ ਕਰ ਸਕਦੇ।

ਆਓ ਹੁਣ ਜ਼ਰਾ ਬੱਜਟ ਤੋਂ ਬਾਹਰ ਆਈਏ ਤੇ ਆਮਦਨ ਦਾ ਖਾਤਾ ਛੱਡ ਕੇ ਕੁਝ ਆਸੇ-ਪਾਸੇ ਵੀ ਵੇਖੀਏ ਕਿ ਓਥੇ ਕੀ ਹੋ ਰਿਹਾ ਹੈ।

ਬਠਿੰਡਾ ਸ਼ਹਿਰ ਦੇ ਪੁਲਸ ਦੇ ਕੁੱਟਣ-ਖਾਨੇ (ਸੀ ਆਈ ਏ ਸਟਾਫ਼) ਵਿਚ ਕਈ ਸਾਲ ਪਹਿਲਾਂ ਨੂੰ ਇਕ ਥਾਣੇਦਾਰ ਨੇ ਇਕ ਮਾਂ ਨੂੰ ਸਕੇ ਪੁੱਤ ਦੇ ਸਾਹਮਣੇ ਅਲਫ਼ ਨੰਗਾ ਕਰ ਕੇ ਖੜੀ ਕਰ ਛੱਡਿਆ ਸੀ। ਸਾਰੇ ਪਾਸੇ ਦੁਹਾਈ ਮੱਚ ਗਈ। ਰਾਜ ਓਦੋਂ ਕਾਂਗਰਸ ਦਾ ਸੀ। ਚੁਫ਼ੇਰੇ ਥੂ-ਥੂ ਹੋਣ ਮਗਰੋਂ ਉਸ ਥਾਣੇਦਾਰ ਨੂੰ ਸਿਰਫ਼ ਸਸਪੈਂਡ ਕੀਤਾ ਗਿਆ ਸੀ। ਕੁਝ ਚਿਰ ਬਾਅਦ ਅਕਾਲੀ-ਭਾਜਪਾ ਸਰਕਾਰ (1997 ਵਾਲੀ) ਆ ਗਈ। ਉਸ ਥਾਣੇਦਾਰ ਦੇ ਵਿਰੁਧ ਮੁਜ਼ਾਹਰੇ ਵਿਚ ਭਾਵੇਂ ਅਕਾਲੀ ਵਰਕਰ ਵੀ ਸ਼ਾਮਲ ਹੁੰਦੇ ਰਹੇ ਸਨ, ਅਕਾਲੀ-ਭਾਜਪਾ ਸਰਕਾਰ ਨੇ ਆ ਕੇ ਉਸਨੂੰ ਬਹਾਲ ਕਰ ਕੇ ਉਸਦੇ ਘਰ ਨੇੜੇ ਕੁਰਸੀ ਦੇ ਦਿੱਤੀ। 'ਵਾਰਸ ਸ਼ਾਹ ਨਾ ਆਦਤਾਂ ਜਾਂਦੀਆਂ ਈ...,' ਦੇ ਅਖਾਣ ਵਾਂਗ ਉਹ ਫਿਰ ਪੁੱਠੇ ਕੰਮਾਂ ਤੋਂ ਨਾ ਹਟਿਆ ਤੇ ਅੰਤ ਨੂੰ ਅਦਾਲਤੀ ਹੁਕਮਾਂ ਉੱਤੇ ਇਸ ਨੂੰ ਜੇਲ੍ਹ ਜਾਣਾ ਪੈ ਗਿਆ ਸੀ। ਏਦਾਂ ਦੇ ਕਿੰਨੇ ਕੁ 'ਆਮ' ਦੁਖੀਏ ਮਾਂ-ਪੁੱਤ ਹੋਣਗੇ, ਜਿਹੜੇ ਜ਼ਲਾਲਤ ਦੀ ਜ਼ਿੰਦਗੀ ਅਕਾਲੀ-ਭਾਜਪਾ ਰਾਜ ਵਿਚ ਵੀ ਗੁਜ਼ਾਰਦੇ ਹੋਣਗੇ, ਕਾਂਗਰਸ ਦੇ ਰਾਜ ਵਿਚ ਵੀ, ਪੰਜਾਬ ਵਿਚ ਵੀ ਤੇ ਭਾਰਤ ਦੇ ਹੋਰਨਾਂ ਰਾਜਾਂ ਵਿਚ ਵੀ।

ਸਾਡੇ ਕੋਲ ਇਸੇ ਹਫ਼ਤੇ ਦੀ ਇਕ ਪ੍ਰਮੁੱਖ, ਪਰ ਅਣਗੌਲੀ ਹੋ ਕੇ ਰਹਿ ਗਈ, ਖਬਰ ਹੈ। ਇਹ ਖ਼ਬਰ ਆਖਦੀ ਹੈ ਕਿ ਹੁਣ ਪੰਜਾਬ ਸਰਕਾਰ ਦੇ ਗ੍ਰਹਿ ਵਿਭਾਗ ਨੇ ਇਹ ਫ਼ੈਸਲਾ ਕਰ ਲਿਆ ਹੈ ਕਿ ਅੱਗੇ ਤੋਂ ਬਲਾਤਕਾਰੀਆਂ ਨੂੰ ਕੈਦ ਦੀ ਸਜ਼ਾ ਵਿਚ ਮੁਆਫੀ ਨਹੀਂ ਦਿੱਤੀ ਜਾਇਆ ਕਰੇਗੀ। ਸਾਫ਼ ਹੈ ਕਿ ਹੁਣ ਤੱਕ ਮਿਲ ਜਾਂਦੀ ਸੀ। ਜੀ ਹਾਂ, ਮਿਲ ਜਾਂਦੀ ਸੀ ਤੇ ਸਰਕਾਰੀ ਅੰਕੜੇ ਦੱਸਦੇ ਹਨ ਕਿ 2003 ਤੋਂ ਲੈ ਕੇ 2009 ਤੱਕ ਬਲਾਤਕਾਰ ਦੇ ਬੱਤੀ ਦੋਸ਼ੀਆਂ ਨੂੰ ਕੈਦ ਦੀ ਸਜ਼ਾ ਦੀ ਮੁਆਫੀ ਮਿਲ ਚੁੱਕੀ ਹੈ। ਛੇ ਸਾਲਾਂ ਵਿਚ ਬੱਤੀ, ਹਰ ਸਾਲ ਔਸਤਨ ਪੰਜ ਤੋਂ ਵੱਧ। ਇਹਨਾਂ ਛੇ ਸਾਲਾਂ ਦੌਰਾਨ ਕਾਂਗਰਸ ਦਾ ਰਾਜ ਵੀ ਰਿਹਾ ਤੇ ਅਕਾਲੀ-ਭਾਜਪਾ ਦਾ ਵੀ। ਦੋਹਾਂ ਦੇ ਰਾਜ ਨੇ ਹਰਿਆਣੇ ਵਾਲੇ ਰਾਠੌਰ ਦੇ ਮਾਸੀ ਦੇ ਪੁੱਤਾਂ ਨਾਲ ਲਿਹਾਜਦਾਰੀ ਨਿਭਾਈ ਹੈ। ਚਰਚਾ ਵਿਚ ਇਹ ਕੌੜਾ ਸੱਚ ਓਦੋਂ ਆਇਆ, ਜਦੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮਾਣਯੋਗ ਜੱਜ ਜਸਟਿਸ ਐਸ ਡੀ ਆਨੰਦ ਨੇ ਸਰਕਾਰ ਦੀ ਇਸ ਮਾਮਲੇ ਵਿਚ ਖਿਚਾਈ ਕੀਤੀ। ਇਹ ਮੁਆਫ਼ੀਆਂ ਗੁਰਪੁਰਬਾਂ ਜਾਂ ਕੁਝ ਵੱਡੀਆਂ ਹਸਤੀਆਂ ਦੇ ਜਨਮ ਦਿਨਾਂ ਨਾਲ ਜੋੜ ਕੇ ਦਿੱਤੀਆਂ ਜਾਂਦੀਆਂ ਹਨ।

ਜਿਹੜੇ ਲੋਕਾਂ ਨੂੰ ਇਸ ਛੋਟ ਦਾ ਲਾਭ ਮਿਲਿਆ, ਉਹ ਕਿੱਦਾਂ ਦੇ ਸਨ? ਇਹਨਾਂ ਵਿਚੋਂ ਕੁਝਨਾ ਨੇ ਤਾਂ ਛੋਟੇ-ਛੋਟੇ ਬੱਚਿਆਂ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਣਾਇਆ ਹੋਇਆ ਸੀ। ਇੱਕ ਇਹੋ ਜਿਹੇ ਪਾਪੀ ਨੇ ਇਕ ਸਾਢੇ ਤਿੰਨ ਸਾਲ ਦੀ ਬੱਚੀ ਨੂੰ ਬਲਾਤਕਾਰ ਦੀ ਸ਼ਿਕਾਰ ਬਣਾਇਆ ਸੀ। ਉਸਨੂੰ ਦਸ ਸਾਲ ਦੀ ਸਖ਼ਤ ਕੈਦ ਦੀ ਸਜ਼ਾ ਅਦਾਲਤ ਨੇ ਦਿੱਤੀ ਸੀ, ਪਰ ਉਹ ਚਾਰ ਸਾਲ ਕੱਟ ਕੇ ਬਾਹਰ ਆ ਗਿਆ, ਕਿਉਂਕਿ ਪੰਜਾਬ ਸਰਕਾਰ ਨੇ 'ਨੇਕ ਚਾਲ-ਚੱਲਣ' ਦੇ ਆਧਾਰ ਉੱਤੇ ਉਸ ਦੀ ਬਾਕੀ ਦੀ ਸਜ਼ਾ ਮੁਆਫ ਕਰ ਦਿੱਤੀ ਸੀ। ਜ਼ਰੂਰ ਉਹ ਪਹੁੰਚ ਵਾਲਾ 'ਖਾਸ' ਆਦਮੀ ਹੋਊਗਾ, ਵਰਨਾ ਬਠਿੰਡੇ ਦੀ ਜੇਲ੍ਹ ਵਿਚ 98 ਸਾਲ ਤੋਂ ਵੱਧ ਉਮਰ ਦਾ ਇੱਕ ਕੈਦੀ, ਆਪਣੀ ਸਜ਼ਾ ਨਾਲੋਂ ਕਈ ਸਾਲ ਵੱਧ ਭੁਗਤ ਕੇ ਵੀ ਓਥੇ ਬੈਠਾ ਮੌਤ ਦੀ ਰਾਹ ਉਡੀਕਦਾ ਰਿਹਾ ਸੀ। ਉਮਰ ਕੈਦ ਵਾਲਿਆਂ ਨੂੰ ਆਮ ਕਰ ਕੇ ਬਾਰਾਂ ਕੁ ਸਾਲ ਬਾਅਦ ਛੱਡ ਦਿੱਤਾ ਜਾਂਦਾ ਹੈ, ਪਰ ਉਹ ਵਿਚਾਰਾ 'ਆਮ ਆਦਮੀ' ਸੀ, ਜਿਸ ਦੀ ਕੋਈ ਪਹੁੰਚ ਨਹੀਂ ਹੁੰਦੀ, ਇਸ ਕਰਕੇ ਉੱਨੀ ਸਾਲ ਜੇਲ੍ਹ ਅੰਦਰ ਸੜਦਾ ਰਿਹਾ ਤੇ ਉਸ ਦਾ ਰਿਹਾਈ ਦਾ ਕੇਸ ਹੀ ਕਿਸੇ ਨੇ ਬਣਾ ਕੇ ਨਹੀਂ ਸੀ ਭੇਜਿਆ। ਰਿਹਾਈ ਉਸ ਦੀ ਓਦੋਂ ਹੋਈ, ਜਦੋਂ ਇੱਕ ਅਖ਼ਬਾਰ ਨੇ ਉਸ ਦੀ ਕਹਾਣੀ ਛਾਪੀ ਤੇ ਇੱਕ ਗੈਰ-ਸਰਕਾਰੀ ਸੰਸਥਾ ਉਸ ਦਾ ਕੇਸ ਲੈ ਕੇ ਸਰਗਰਮ ਹੋਈ। ਦੂਜੇ ਪਾਸੇ 'ਖਾਸ' ਅਤੇ 'ਆਮ' ਦੇ ਫ਼ਰਕ ਨਾਲ ਜਿਵੇਂ ਕੁਝ 'ਖਾਸ' ਲੋਕ ਆਪਣੀ ਸਜ਼ਾ ਮੁਆਫ ਕਰਵਾ ਕੇ ਬਾਹਰ ਨਿਕਲ ਜਾਂਦੇ ਹਨ, ਉਸ ਬਾਰੇ ਜਸਟਿਸ ਆਨੰਦ ਨੇ ਇਹ ਭਾਵਪੂਰਨ ਟਿਪਣੀ ਕੀਤੀ ਸੀ ਕਿ ''ਤੁਸੀਂ ਸਾਰੇ ਅਪਰਾਧੀਆਂ ਨੂੰ ਕਿਉਂ ਨਹੀਂ ਛੱਡ ਦੇਂਦੇ, ਤਾਂ ਕਿ ਉਹ ਬਾਹਰ ਜਾ ਕੇ ਹੋਰ ਅਪਰਾਧ ਕਰਨ ਤੇ ਮੁੜ ਕੇ ਇੱਥੇ ਆ ਸਕਣ?'' ਤੇ ਇਹ ਕੰਮ ਕਾਂਗਰਸੀ ਤੇ ਅਕਾਲੀ-ਭਾਜਪਾ ਦੋਵਾਂ ਦੇ ਰਾਜ ਵਿਚ ਹੋਇਆ ਹੈ।

'ਆਮ ਆਦਮੀ' ਦੀ ਹਾਲਤ ਅਸਲ ਵਿਚ ਹੈ ਕੀ, ਅਜੇ ਵੀ ਸਥਿਤੀ ਸਪੱਸ਼ਟ ਨਹੀਂ ਹੋਈ ਤਾਂ ਫਿਰ 'ਦੀਵੇ ਹੇਠ ਹਨੇਰਾ' ਵਾਲੀ ਇਕ ਮਿਸਾਲ ਵੇਖ ਲੈਣੀ ਚਾਹੀਦੀ ਹੈ। ਰੋਜ਼ ਰਾਤ ਨੂੰ ਬਠਿੰਡੇ ਦੇ ਰੇਲਵੇ ਸਟੇਸ਼ਨ ਤੋਂ ਇੱਕ ਗੱਡੀ ਰਾਜਸਥਾਨ ਦੇ ਬੀਕਾਨੇਰ ਸ਼ਹਿਰ ਨੂੰ ਜਾਂਦੀ ਹੈ, ਜਿਸ ਦਾ ਨਾਂਅ ਤਾਂ 'ਬੀਕਾਨੇਰ ਐਕਸਪ੍ਰੈਸ' ਹੈ ਪਰ ਆਮ ਬੋਲੀ ਵਿਚ ਉਸਨੂੰ 'ਕੈਂਸਰ ਐਕਸਪ੍ਰੈਸ' ਕਿਹਾ ਜਾਂਦਾ ਹੈ, ਕਿਉਂਕਿ ਉਸ ਵਿਚ ਇਲਾਜ ਲਈ ਜਾ ਰਹੇ ਕੈਂਸਰ ਦੇ ਮਰੀਜ਼ ਭਰੇ ਹੋਏ ਹੁੰਦੇ ਹਨ। ਨਰਮਾ ਪੱਟੀ ਦੇ ਇਹ ਆਮ ਲੋਕ ਬੀਕਾਨੇਰ ਦੇ ਸਰਕਾਰੀ ਹਸਪਤਾਲ ਤੋਂ ਕੈਂਸਰ ਦਾ ਸਸਤਾ ਇਲਾਜ ਕਰਵਾਉਣ ਜਾਂਦੇ ਹਨ, ਕਿਉਂਕਿ ਪੰਜਾਬ ਵਿਚ ਇਹ ਸਹੂਲਤ ਹਾਸਲ ਨਹੀਂ।

ਬੀਤੇ ਹਫ਼ਤੇ ਕੈਂਸਰ ਦੇ ਮਰੀਜ਼ਾਂ ਬਾਰੇ ਅੰਕੜੇ ਛਪੇ ਹਨ। ਇਹਨਾਂ ਅੰਕੜਿਆਂ ਮੁਤਾਬਕ ਪੰਜਾਬ ਦੇ ਸਭ ਤੋਂ ਵੱਡੇ ਤੇ ਤੇਰਾਂ ਵਿਧਾਨ ਸਭਾ ਸੀਟਾਂ ਵਾਲੇ ਲੁਧਿਆਣੇ ਜ਼ਿਲੇ ਵਿਚ ਕੈਂਸਰ ਦੇ ਸਿਰਫ 747 ਮਰੀਜ਼ ਹਨ, ਹਰ ਸੀਟ ਪਿੱਛੇ 62 ਤੋਂ ਕੁਝ ਵੱਧ। ਨੌਂ ਵਿਧਾਨ ਸਭਾ ਸੀਟਾਂ ਵਾਲੇ ਜਲੰਧਰ ਜ਼ਿਲੇ ਵਿਚ ਸਿਰਫ 377 ਕੈਂਸਰ ਦੇ ਮਰੀਜ਼ ਹਨ, ਜੋ ਹਰ ਸੀਟ ਪਿੱਛੇ 42 ਕੁ ਬਣਦੇ ਹਨ। ਦੂਜੇ ਪਾਸੇ ਪੰਜ ਸੀਟਾਂ ਵਾਲੇ ਬਠਿੰਡੇ ਜ਼ਿਲੇ ਵਿਚ ਕੈਂਸਰ ਦੇ 942 ਮਰੀਜ਼ ਹਨ, ਜੋ ਹਰ ਸੀਟ ਪਿੱਛੇ 188 ਤੋਂ ਵੱਧ ਬਣ ਜਾਂਦੇ ਹਨ। ਲਗਭਗ ਇਹੋ ਜਿਹੀ ਹਾਲਤ ਹੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਮੁਕਤਸਰ ਜ਼ਿਲੇ ਦੀ ਹੈ। ਓਥੇ ਵਿਧਾਨ ਸਭਾ ਦੀਆਂ ਸਿਰਫ਼ ਚਾਰ ਸੀਟਾਂ ਹਨ, ਪਰ ਕੈਂਸਰ ਦੇ ਮਰੀਜ਼ਾਂ ਦੀ ਗਿਣਤੀ 668 ਹੈ, ਜੋ ਹਰ ਸੀਟ ਪਿੱਛੇ 167 ਬਣਦੀ ਹੈ। ਮੁਕਤਸਰ ਨੂੰ ਸ੍ਰੀ ਮੁਕਤਸਰ ਸਾਹਿਬ ਦਾ ਨਵਾਂ ਨਾਂਅ ਦੇ ਦਿੱਤਾ ਗਿਆ ਹੈ, ਪਰ ਜਿਹੜਾ ਕੰਮ ਫੌਰੀ ਤੌਰ 'ਤੇ ਕਰਨਾ ਬਣਦਾ ਸੀ, ਕਿ ਓਥੇ ਇਕ ਕੈਂਸਰ ਦਾ ਹਸਪਤਾਲ ਖੋਲ੍ਹਿਆ ਜਾਵੇ, ਉਸ ਦੀ ਥਾਂ ਮੁੱਖ ਮੰਤਰੀ ਦੇ ਪਿੰਡ ਬਾਦਲ ਵਿਚ ਘੋੜਿਆਂ ਦਾ ਹਸਪਤਾਲ ਖੋਲ੍ਹਿਆ ਜਾ ਰਿਹਾ ਹੈ।

ਘੋੜਿਆਂ ਦੇ ਹਸਪਤਾਲ ਲਈ ਤਾਂ ਗਰਾਂਟ ਜਾਰੀ ਵੀ ਹੋ ਗਈ ਹੈ, ਪਰ ਬਠਿੰਡੇ ਵਿਚ ਸਰਕਾਰ ਕੋਲ 'ਫੰਡਾਂ ਦੀ ਘਾਟ' ਕਾਰਨ ਇਕ ਗੈਰ ਸਰਕਾਰੀ ਸੰਸਥਾ ਕੈਂਸਰ ਦੇ ਇਲਾਜ ਦਾ ਹਸਪਤਾਲ ਬਣਾ ਰਹੀ ਹੈ, ਜਿਸ ਲਈ ਸਰਕਾਰ ਵਲੋਂ ਕੁਝ ਨਹੀਂ ਦਿੱਤਾ ਜਾ ਰਿਹਾ।

ਦਿੱਲੀ ਨੂੰ ਕੇਂਦਰ ਮੰਨ ਕੇ ਉੱਤਰ-ਦੱਖਣ ਤੇ ਪੂਰਬ-ਪੱਛਮ ਸਾਰੀਆਂ ਦਿਸ਼ਾਵਾਂ ਵਿਚ ਭਾਰਤ ਅੰਦਰ ਝਾਤੀ ਮਾਰ ਲਓ, ਤੁਹਾਨੂੰ ਇਹੋ ਹਾਲਤ ਦਿਸੇਗੀ ਉਤਲੇ ਲੋਕਾਂ, ਜਾਂ ਫਿਰ ਉਤਲੇ ਮੱਧ ਵਰਗ ਦੇ ਲੋਕਾਂ, ਦੀ ਜ਼ਿੰਦਗੀ ਦੇ ਫ਼ਿਕਰਾਂ ਨੂੰ 'ਆਮ ਆਦਮੀ' ਦਾ ਨਾਂਅ ਲੈ ਕੇ ਚਰਚਾ ਵਿਚ ਲਿਆਂਦਾ ਜਾਵੇਗਾ। ਅਸਲੀ ਆਮ ਆਦਮੀ ਨੂੰ ਇਸ ਦਾ ਕੋਈ ਲਾਭ ਹੋਵੇਗਾ, ਇਹ ਤਾਂ ਸੋਚਣਾ ਹੀ ਨਹੀਂ ਚਾਹੀਦਾ। ਜੋ ਹੋ ਸਕਦਾ ਹੈ, ਉਹ ਸਿਰਫ ਇਹ ਕਿ ਸਾਰੇ ਯੁੱਗ ਵਿਚ ਵੀ ਕਿਸੇ ਕ੍ਰਿਸ਼ਨ ਨੂੰ ਕਿਸੇ ਸੁਦਾਮੇ ਦਾ ਚੇਤਾ ਆਉਣ ਵਾਂਗ ਕਿਸੇ ਰਾਜਕੁਮਾਰ ਰਾਹੁਲ ਗਾਂਧੀ ਨੂੰ ਕਿਸੇ ਕਲਾਵਤੀ ਦਾ ਭਲਾ ਕਰਨ ਦਾ ਖਿਆਲ ਆ ਜਾਂਦਾ ਹੈ, ਫਿਰ ਉਹ ਆਮ ਤੋਂ ਖਾਸ ਬਣ ਜਾਂਦੀ ਹੈ। ਆਮ ਆਦਮੀ ਤਾਂ ਆਮ ਦਾ ਆਮ ਹੀ ਰਹਿੰਦਾ ਹੈ, ਉਹਦੀ ਜ਼ਿੰਦਗੀ ਵਿਚ ਬਹਾਰ ਦੇ ਆਉਣ ਦਾ ਯੁੱਗ ਹਾਲੇ ਨਹੀਂ ਆਇਆ, ਪਤਾ ਨਹੀਂ ਕਦੋਂ ਕੁ ਆਵੇਗਾ, ਕਦੇ ਆਵੇਗਾ ਵੀ ਕਿ ਨਹੀਂ ਆਵੇਗਾ?

ਸੁਦਾਮੇ ਦੀ ਨਸਲ ਦੇ ਉਨ੍ਹਾਂ ਗਰੀਬਾਂ ਦੇ ਘਰ ਨਾ ਕਦੇ ਕੋਈ ਕ੍ਰਿਸ਼ਨ ਆਇਆ ਤੇ ਨਾ ਭੀਲਣੀ ਕੋਲ ਜਾਣ ਵਾਲਾ ਰਾਮ ਹੀ ਕਦੇ ਬਹੁੜਿਆ ਹੈ।

# ਪੰਜਾਬੀ ਕਿਸਾਨਾਂ 'ਤੇ ਪਾਇਆ 2000 ਕਰੋੜ ਰੁਪਏ ਦਾ ਨਵਾਂ ਬੋਝ

**ਚੰਡੀਗੜ੍ਹ :** ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੇ ਰਲ ਕੇ ਪਿਛਲੇ ਚਾਰ ਮਹੀਨਿਆਂ ਵਿਚ ਸੂਬੇ ਦੇ ਕਿਸਾਨਾਂ ਉਪਰ ਲਗਭਗ 1520 ਕਰੋੜ ਰੁਪਏ ਦਾ ਵਾਧੂ ਬੋਝ ਪਾ ਦਿਤਾ ਹੈ। ਜੇ ਇਸ ਵਿਚ ਖਾਲੇ ਪੱਕੇ ਕਰਨ ਦਾ ਖ਼ਰਚਾ, ਫ਼ਰਦਾਂ ਲੈਣ ਲਈ ਫ਼ੀਸ ਵਿਚ ਵਾਧਾ ਅਤੇ ਚੌਕੀਦਾਰਾਂ ਦੇ ਖ਼ਰਚੇ ਨੂੰ ਵੀ ਜੋੜਿਆ ਜਾਵੇ ਤਾਂ ਕੁਲ ਰਕਮ 2 ਹਜ਼ਾਰ ਕਰੋੜ ਰੁਪਏ ਦੇ ਨੇੜੇ ਪੁੱਜ ਜਾਂਦੀ ਹੈ। ਭਾਵੇਂ ਪੰਜਾਬ ਸਰਕਾਰ ਕਿਸਾਨਾਂ ਉਪਰ ਆਰਥਕ ਬੋਝ ਪਾਉਣ ਲਈ ਕੇਂਦਰ ਸਰਕਾਰ ਨੂੰ ਕੋਸਦੀ ਹੈ ਪਰ ਅਕਾਲੀ-ਭਾਜਪਾ ਸਰਕਾਰ ਨੇ ਵੀ ਕਿਸਾਨਾਂ ਨਾਲ ਘੱਟ ਨਹੀਂ ਕੀਤੀ ਅਤੇ 850 ਕਰੋੜ ਰੁਪਏ ਦਾ ਵਾਧੂ ਬੋਝ ਪਾ ਦਿਤਾ ਜਦਕਿ ਕੇਂਦਰ ਨੇ 670 ਕਰੋੜ ਰੁਪੇ ਦਾ ਭਾਰ ਲੱਦਿਆ।

ਕੇਂਦਰ ਨੇ ਰਸਾਇਣਕ ਖਾਦਾਂ ਅਤੇ ਡੀਜ਼ਲ ਦੀਆਂ ਕੀਮਤਾਂ ਵਿਚ ਵਾਧਾ ਕਰ ਕੇ ਪਿਛਲੇ ਦੋ ਮਹੀਨਿਆਂ ਵਿਚ 670 ਕਰੋੜ ਰੁਪਏ ਦਾ ਬੋਝ ਪਾ ਦਿਤਾ ਜਿਸ ਵਿਚੋਂ 200 ਕਰੋੜ ਰੁਪਏ ਕਿਸਾਨਾਂ ਨੂੰ ਯੂਰੀਆ ਦੀਆਂ ਵਧੀਆਂ ਕੀਮਤਾਂ ਵਜੋਂ ਦੇਣੇ ਪੈਣਗੇ। ਇਸੇ ਤਰ੍ਹਾਂ ਡੀ.ਏ.ਪੀ. ਖਾਦ ਉਪਰ ਨਿਸ਼ਚਿਤ ਮਾਤਰਾ ਵਿਚ ਸਬਸਿਡੀ ਦੇ ਕੇ ਇਸਨੂੰ ਸਰਕਾਰੀ ਕੰਟਰੋਲ ਤੋਂ ਮੁਕਤ ਕਰ ਦਿਤਾ। ਖੇਤੀ ਵਿਗਿਆਨੀਆਂ ਦਾ ਮੰਨਣਾ ਹੈ ਕਿ ਇਸ ਸਿਧਾਂਤ ਨਾਲ ਡੀ.ਏ.ਪੀ. ਖਾਦ ਦੀਆਂ ਕੀਮਤਾਂ ਵਿਚ 30 ਫੀਸਦੀ ਦਾ ਵਾਧਾ ਹੋਣਾ ਸਾਧਾਰਣ ਗੱਲ ਹੈ। ਉਨ੍ਹਾਂ ਪਿਛਲੇ ਸਾਲ ਦੀਆਂ ਕੌਮਾਂਤਰੀ ਮੰਡੀ ਦੀਆਂ ਕੀਮਤਾਂ ਦਾ ਹਵਾਲਾ ਦਿੰਦਿਆਂ ਦਸਿਆ ਕਿ ਸਰਕਾਰੀ ਕੰਟਰੋਲ ਦੇ ਬਾਵਜੂਦ ਇਨ੍ਹਾਂ ਖਾਦਾਂ ਦੀਆਂ ਕੀਮਤਾਂ ਵਧਦੀਆਂ ਰਹੀਆਂ ਪਰ ਇਹ ਵਾਧਾ ਸਬਸਿਡੀ ਵਿਚ ਸ਼ਾਮਲ ਹੋਣ ਕਾਰਨ ਕਿਸਾਨਾਂ 'ਤੇ ਬੋਝ ਨਾ ਪਿਆ।

ਨਵੀਂ ਨੀਤੀ ਮੁਤਾਬਕ ਕਿਸਾਨਾਂ ਉਪਰ ਘੱਟੋ ਘੱਟ 270 ਕਰੋੜ ਰੁਪਏ ਦਾ ਬੋਝ ਪਵੇਗਾ। ਪੰਜਾਬ ਵਿਚ ਸਾਲਾਨਾ 9 ਲੱਖ ਟਨ ਡੀ.ਏ.ਪੀ. ਖਾਦ ਦੀ ਵਰਤੋਂ ਹੁੰਦੀ ਹੈ ਜਿਸ ਦੀ ਕੀਮਤ 900 ਕਰੋੜ ਰੁਪਏ ਬਣਦੀ ਹੈ। ਡੀਜ਼ਲ ਦੀ ਕੀਮਤ ਵਿਚ 2.58 ਰੁਪਏ ਪ੍ਰਤੀ ਲੀਟਰ ਦੇ ਵਾਧੇ ਨਾਲ ਪੰਜਾਬ ਦੇ ਖੇਤੀ ਖੇਤਰ 'ਤੇ 200 ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਸੂਬੇ ਵਿਚ ਸਾਲਾਨਾ 100 ਕਰੋੜ ਲੀਟਰ ਡੀਜ਼ਲ ਦੀ ਖਪਤ ਹੁੰਦੀ ਹੈ ਜੋ ਟਰੈਕਟਰਾਂ, ਡੀਜ਼ਲ ਇੰਜਣ ਨਾਲ ਚਲਣ ਵਾਲੇ ਟਿਊਬਵੈੱਲਾਂ ਅਤੇ ਖੇਤੀਬਾੜੀ ਖੇਤਰ ਦੀਆਂ ਹੋਰ ਮਸ਼ੀਨਾਂ ਲਈ ਵਰਤਿਆ ਜਾਂਦਾ ਹੈ।

ਕੇਂਦਰੀ ਬਜਟ ਵਿਚ ਸਹਿਕਾਰੀ ਖੇਤਰ ਦੇ ਫ਼ਸਲੀ ਕਰਜ਼ਿਆਂ ਉਤੇ ਵਿਆਜ ਦਰ 2 ਫ਼ੀਸਦੀ ਸਦੀ ਘਟਾਉਣ ਨਾਲ ਸਮੇਂ ਸਿਰ ਕਰਜ਼ਾ ਅਦਾ ਕਰਨ ਵਾਲੇ ਕਿਸਾਨਾਂ ਨੂੰ 150 ਕਰੋੜ ਰੁਪਏ ਦਾ ਲਾਭ ਹੋਵੇਗਾ। ਇਸਨੂੰ ਇਕ ਵਧੀਆ ਸੋਚ ਆਖਿਆ ਜਾ ਸਕਦਾ ਹੈ ਜਿਸ ਨਾਲ ਕਿਸਾਨਾਂ ਨੂੰ 5 ਫ਼ੀ ਸਦੀ ਵਿਆਜ 'ਤੇ ਫ਼ਸਲੀ ਕਰਜ਼ੇ ਮਿਲਣਗੇ। ਪੰਜਾਬ ਦੇ ਸਹਿਕਾਰੀ ਬੈਂਕ ਹਰ ਸਾਲ ਲਗਭਗ 6400 ਕਰੋੜ ਰੁਪਏ ਦਾ ਕਰਜ਼ਾ ਕਿਸਾਨਾਂ ਨੂੰ ਦਿੰਦੇ ਹਨ।

ਦੂਜੇ ਪਾਸੇ ਕਿਸਾਨਾਂ ਦੀ ਹਿਤੈਸ਼ੀ ਅਖਵਾਉਣ ਵਾਲੀ ਅਕਾਲੀ-ਭਾਜਪਾ ਸਰਕਾਰ ਨੇ ਪਿਛਲੇ ਚਾਰ ਮਹੀਨਿਆਂ ਦੌਰਾਨ ਟਿਊਬਵੈੱਲਾਂ ਉਪਰ ਪ੍ਰਤੀ ਹਾਰਸ ਪਾਵਰ 50 ਰੁਪਏ ਪ੍ਰਤੀ ਮਹੀਨਾ ਬਿਲ ਲਾਗੂ ਕਰ ਕੇ 650 ਕਰੋੜ ਰੁਪਏ ਦਾ ਬੋਝ ਪਾਇਆ। ਜਿਹੜੇ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ 100 ਫੁੱਟ ਤੋਂ ਹੇਠਾਂ ਚਲਾ ਗਿਆ ਹੈ ਉਥੇ 15 ਤੋਂ 30 ਹਾਰਸ ਪਾਵਰ ਦੀਆਂ ਸਬਮਰਸੀਬਲ ਮੋਟਰਾਂ ਦੇ ਪੰਪ ਲਗਾਉਣੇ ਪੈਂਦੇ ਹਨ। ਇਸਤੋਂ ਇਲਾਵਾ ਪਹਿਲਾਂ ਕਿਸਾਨਾਂ ਨੂੰ ਨਹਿਰੀ ਮਾਲੀਆ ਮੁਆਫ ਸੀ ਜੋ ਹੁਣ 150 ਰੁਪਏ ਪ੍ਰਤੀ ਏਕੜ ਲਗਾ ਦਿਤਾ ਗਿਆ ਹੈ।

# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਿਹਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।


| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।


ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

## Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627






ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

## ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

NEW YORK LIFE

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP



# ਹਰ ਬਿਮਾਰੀ ਦਾ ਕੁਦਰਤੀ ਇਲਾਜ

# ਹੋਮਿਓਪੈਥੀ, ਐਕਯੂਪ੍ਰੈਸ਼ਰ ਤੇ ਮੈਗਨੈਟੋਥੈਰਾਪੀ


## ਕੈਨੇਡੀਅਨ ਡਾ. ਰਤਨ ਸਿੰਘ ਬਰਾੜ

ਮੈਂ 35 ਸਾਲਾਂ ਦੇ ਲੰਮੇ ਤਜ਼ਰਬੇ ਤੋਂ ਇਸ ਨਤੀਜੇ 'ਤੇ ਪਹੁੰਚਿਆਂ ਹਾਂ ਕਿ ਬਹੁਤੇ ਸਰੀਰਕ ਦਰਦ ਕੇਵਲ ਬੀਮਾਰੀਆਂ ਕਾਰਨ ਨਹੀਂ ਸਗੋਂ ਜੋੜਾਂ ਦੀਆਂ ਹੱਡੀਆਂ ਦੇ ਹਿੱਲ ਜਾਣ ਕਾਰਨ ਹੁੰਦੇ ਹਨ। ਇਹ ਦਰਦ ਉਤਨੀ ਦੇਰ ਤੱਕ ਠੀਕ ਨਹੀਂ ਹੁੰਦੇ ਜਿੰਨੀ ਦੇਰ ਤੱਕ ਹਿੱਲੀਆਂ ਹੱਡੀਆਂ ਅਤੇ ਮਣਕੇ ਸਹੀ ਥਾਂ 'ਤੇ ਸੈਟ ਨਹੀਂ ਹੁੰਦੇ।

ਹੱਡੀਆਂ ਅਤੇ ਜੋੜਾਂ ਦਾ ਹਿੱਲ ਜਾਣਾ ਪ੍ਰਤੀ ਦਿਨ ਅਨੇਕਾਂ ਦੁਰਘਟਨਾਵਾਂ ਅਤੇ ਝਟਕਿਆਂ ਕਾਰਨ ਹੈ। ਸਰਵਾਈਕਲ ਦਰਦ, ਢੂਈ ਦਾ ਦਰਦ, ਹੀਂਘਣ ਦਰਦ, ਢੁਡਰੀ ਦਾ ਦਰਦ, ਗੁੱਟ ਦਾ ਦਰਦ, ਗੋਡਿਆਂ-ਗਿੱਟਿਆਂ ਦਾ ਦਰਦ, ਸਲਿਪ ਡਿਸਕ, ਗੈਂਗਲੀਅਨ ਜਾਂ ਬਲਜਿੰਗ ਦਾ ਦਰਦ, ਮਣਕੇ ਜਾਂ ਹੱਡੀਆਂ ਦੇ ਹਿੱਲ ਜਾਣ ਕਾਰਨ ਹੈ। ਅਗਰ ਤੁਸੀਂ ਉਪਰੋਕਤ ਕਿਸੇ ਵੀ ਪ੍ਰਕਾਰ ਦੇ ਦਰਦ ਤੋਂ ਪੀੜਤ ਹੋ ਤਾਂ ਨਿਜੀ ਸੰਪਰਕ ਕਰੋ।

ਨੋਟ: ਹੈਪਾਟਾਈਟਸ ਬੀ, ਹੈਪਾਟਾਈਟਸ ਸੀ, ਜਿਸ ਨੂੰ ਕਾਲਾ ਪੀਲੀਆ ਵੀ ਕਹਿੰਦੇ ਹਨ, ਦਾ ਰੀਜ਼ਲਟ 15 ਦਿਨ ਵਿਚ ਹੈ ਅਤੇ Virus Free ਹੋ ਕੇ ਪੱਕੇ ਤੌਰ 'ਤੇ ਠੀਕ ਹੋਣ ਲਈ 3-4 ਮਹੀਨੇ ਲਗਦੇ ਹਨ। ਰੋਗ ਦੁਬਾਰਾ ਨਹੀਂ ਹੁੰਦਾ।

ਅਗਰ ਤੁਸੀਂ ਕਿਸੇ ਵੀ ਅਸਾਧ, ਲਾਇਲਾਜ, ਨਾਮੁਰਾਦ ਬੀਮਾਰੀ ਤੋਂ ਪੀੜਤ ਹੋ ਤਾਂ ਫੋਨ ਰਾਹੀਂ ਪੂਰੀ ਜਾਣਕਾਰੀ ਲੈ ਸਕਦੇ ਹੋ।


ਡਾ. ਰਤਨ ਸਿੰਘ ਬਰਾੜ

ਸਰੀਰਕ ਅੰਗਾਂ ਦੀਆਂ ਬਿਮਾਰੀਆਂ ਜਿਵੇਂ ਸਾਹ, ਦਮਾ, ਗੁਰਦੇ, ਪਿੱਤੇ ਦੀਆਂ ਪਥਰੀਆਂ, ਬਵਾਸੀਰ, ਭਗੰਦਰ, ਮਾਈਗਰੇਨ, ਡਿਪਰੈਸ਼ਨ, ਉਨੀਂਦਰਾ, ਚਮੜੀ ਦੇ ਰੋਗ, ਫੁੱਲਬਹਿਰੀ ਤੋਂ ਪੀੜਤ ਹੋ ਤਾਂ ਸੰਪਰਕ ਕਰ ਸਕਦੇ ਹੋ।

ਨੋਟ: ਮੈਂ ਨਿਮਨਲਿਖਤ ਪਤੇ ਤੇ ਸਿਰਫ 15-20 ਦਿਨਾਂ ਲਈ ਠਹਿਰਿਆ ਹੋਇਆ ਹਾਂ। ਫਿਰ ਵਾਪਸ ਕੈਨੇਡਾ ਜਾ ਰਿਹਾ ਹਾਂ।

ਸੰਪਰਕ ਦਾ ਪਤਾ:
ਡਾ. ਰਤਨ ਸਿੰਘ ਬਰਾੜ, ਡਾ. ਕੁਲਵੰਤ ਸਿੰਘ ਸਿੱਧੂ
1966 Ensign Way, San Jose, CA 95133



408-258-1007
408-714-7432

# ਪਰਦੇਸੀ ਦਾ ਪਿੰਡੇ ਹੰਢਾਇਆ ਦਰਦ

## ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏ ਕਲਾਂ
ਫੋਨ:916-273-2856

ਉਚੀ ਪਰਵਾਜ਼ ਹਰ ਕੋਈ ਭਰਨੀ ਚਾਹੁੰਦਾ ਹੈ ਪਰ ਮੁੜਨਾ ਧਰਤੀ ਵੱਲ ਨੂੰ ਹੀ ਪੈਂਦਾ ਹੈ। ਕੰਧ ਵਿਚ ਵੱਜੀ ਬਾਲ ਮੁੜ ਕੇ ਦੁਬਾਰਾ ਮੂੰਹ ਨੂੰ ਆਉਂਦੀ ਏ। ਲਾਲਚ ਦੀਆਂ ਉਚੀਆਂ ਇਮਾਰਤਾਂ ਜ਼ਿੰਦਗੀ ਵਿਚ ਆਏ ਹਉਮੈ ਦੇ ਭੁਚਾਲ ਨਾਲ ਬਹੁਤ ਜਾਨੀ ਤੇ ਮਾਲੀ ਨੁਕਸਾਨ ਕਰਦੀਆਂ ਹਨ। ਸਬਰ ਸੰਤੋਖ ਦੀ ਝੁੱਗੀ ਨੂੰ ਕਦੇ ਭੁਚਾਲ ਤੋਂ ਡਰ ਨਹੀਂ ਲੱਗਦਾ। ਉਚੇ ਲੰਮੇ ਬਰੋਟਿਆਂ 'ਤੇ ਹਮੇਸ਼ਾ ਡੱਡਾਂ ਖਾਣੇ ਬਗਲੇ ਰਹਿੰਦੇ ਨੇ, ਰੁੱਖਾਂ ਦੀਆਂ ਖੁੱਡਾਂ ਵਿਚ ਹਮੇਸ਼ਾ ਤੋਤਿਆਂ ਦੀ ਮਿੱਠੀ ਆਵਾਜ਼ ਕੰਨਾਂ ਵਿਚ ਰਸ ਘੋਲਦੀ ਹੈ। ਜਦੋਂ ਤੁਹਾਡੇ ਆਪਣੇ ਸੱਜੇ-ਖੱਬੇ ਹੱਥ ਗਲ ਨੂੰ ਆ ਪੈਣ ਤਾਂ ਸਮਝਿਓ ਤੁਹਾਨੂੰ ਬਿਨਾ ਕਸੂਰੋਂ ਫਾਂਸੀ ਦੀ ਸਜ਼ਾ ਮਿਲ ਰਹੀ ਹੈ। ਨਾਲ ਦੇ ਜੰਮੇ ਹੋਏ ਜਦੋਂ ਲਾਲਚ ਦੀ ਕਟਾਰ ਨਾਲ ਤੁਹਾਡੇ ਗਲ ਨੂੰ ਆ ਪੈਣ ਫਿਰ ਸੋਚੀਏ ਕਿ ਕੀ ਬੀਤੇਗੀ।

ਪਿਛਲੇ ਹਫਤੇ ਮੈਂ ਆਪਣੇ ਇਕ ਪੇਂਡੂ ਚਾਚਾ ਜੀ ਦੇ ਘਰ ਗਿਆ। ਚਾਚਾ ਜਦੋਂ ਜ਼ਿੰਦਗੀ ਦੇ ਉਦਾਸ ਪਲਾਂ ਵਿਚ ਹੁੰਦੈ ਤਾਂ ਮੈਨੂੰ ਮੱਕੀ ਦੀ ਰੋਟੀ ਤੇ ਸਰੋਂ ਦੇ ਸਾਗ ਦਾ ਲਾਲਚ ਦੇ ਕੇ ਫੜ੍ਹ ਲੈਂਦੈ, ਜਿਵੇਂ ਅਸੀਂ ਬਚਪਨ ਵਿਚ ਟੋਕਰਾ ਲਾ ਕੇ ਚਿੜੀਆਂ ਫੜ੍ਹਦੇ ਹੁੰਦੇ ਸਾਂ। ਇਕ ਟੋਕਰਾ ਤੇ ਦੋ ਫੁੱਟ ਦਾ ਡੰਡਾ ਲੈ ਲੈਣਾ, ਤੀਹ ਫੁੱਟ ਦੀ ਰੱਸੀ ਡੰਡੇ ਨੂੰ ਬੰਨ੍ਹ ਕੇ ਡੰਡਾ ਟੋਕਰੇ ਵਿਚ ਫਸਾ ਦੇਣਾ। ਰੱਸੀ ਦਾ ਦੂਜਾ ਸਿਰਾ ਆਪ ਫੜ੍ਹ ਕੇ ਪੱਠਿਆਂ ਵਾਲੀ ਰੇਹੜੀ ਦੇ ਟਾਇਰਾਂ ਨਾਲ ਲੁੱਕ ਕੇ ਬੈਠ ਜਾਣਾ, ਟੇਢੇ ਕੀਤੇ ਹੋਏ ਟੋਕਰੇ ਦੇ ਥੱਲੇ ਰੋਟੀਆਂ ਦੇ ਟੁਕੜੇ ਖਿੰਡਾ ਦੇਣੇ। ਜਦੋਂ ਚਿੜੀਆਂ ਨੇ ਰੋਟੀ ਚੁਗਣ ਆਉਣਾ ਤਾਂ ਅਸੀਂ ਰੱਸੀ ਖਿੱਚ ਲੈਣੀ। ਸਾਰੀ ਦਿਹਾੜੀ ਦੀ ਜਦੋਜਹਿਦ ਪਿਛੋਂ ਇਕ ਦੋ ਚਿੜੀਆਂ ਨੇ ਹੱਥ ਆਉਣਾ। ਫਿਰ ਉਨ੍ਹਾਂ ਨੂੰ ਰੰਗ ਕਰਕੇ ਛੱਡ ਦੇਣਾ। ਦੂਜੇ ਦਿਨ ਉਨ੍ਹਾਂ ਚਿੜੀਆਂ ਨੂੰ ਵੱਡੀ ਦਲਾਨ ਦੇ ਗਾਡਰਾਂ 'ਤੇ ਲੱਭਦੇ ਰਹਿਣਾ।

ਪੇਂਡੂ ਚਾਚਾ ਮੈਨੂੰ ਰੋਟੀ ਦਾ ਲਾਲਚ ਦੇ ਕੇ ਫੜ੍ਹਦਾ ਤੇ ਅਮਰੀਕਨ ਗੱਲਾਂ ਦਾ ਰੰਗ ਚਾੜ੍ਹ ਕੇ ਛੱਡ ਦਿੰਦਾ ਤੇ ਫਿਰ ਦੁਬਾਰਾ ਲੱਭਣਾ ਸ਼ੁਰੂ ਕਰ ਦਿੰਦਾ। ਇਕ ਸ਼ਾਮ ਮੈਂ ਛੇ ਕੁ ਵਜੇ ਚਾਚੇ ਦੇ ਘਰ ਪਹੁੰਚਿਆ। ਚਾਚੇ ਦਾ ਇਕਲੌਤਾ ਪੁੱਤਰ ਅਰਸ਼ ਇਕੱਲਾ ਹੀ ਬਾਲ ਕੰਧ ਵਿਚ ਮਾਰ ਕੇ ਖੇਡ ਰਿਹਾ ਸੀ। ਮੈਂ ਕੋਲ ਜਾ ਕੇ ਫਤਿਹ ਬੁਲਾਈ, ਮੈਨੂੰ ਕੋਈ ਜਵਾਬ ਨਾ ਮਿਲਿਆ। ਉਸ ਨੂੰ ਕੋਈ ਪਤਾ ਨਹੀਂ ਸਾਡੇ ਕੌਣ ਆਇਆ ਹੈ। ਕਿਥੇ ਸਾਡਾ ਬਚਪਨ ਹੁੰਦਾ ਸੀ, ਜੇ ਕਦੇ ਮਾਮਾ ਜੀ ਜਾਂ ਫੁੱਫੜ ਜੀ ਨੇ ਆਉਣਾ ਤਾਂ ਦੂਰੋਂ ਹੀ ਵੇਖ ਕੇ ਰੌਲਾ ਪਾ ਦੇਣਾ ਬਈ ਸਾਡਾ ਮਾਮਾ ਆਇਆ, ਸਾਡਾ ਫੁੱਫੜ ਆਇਆ। ਭੱਜ ਕੇ ਲੱਤਾਂ ਨੂੰ ਚੁੰਬੜ ਜਾਣਾ ਤੇ ਉਨ੍ਹਾਂ ਦੇ ਹੱਥਾਂ ਵਾਲਾ ਝੋਲਾ ਆਪਣੇ ਕਬਜ਼ੇ ਵਿਚ ਕਰ ਲੈਣਾ। ਨਾਲ ਦੇ ਚਾਰ ਘਰਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਅੱਜ ਫਲਾਣੇ ਘਰ ਫਲਾਣਾ ਮਹਿਮਾਨ ਆਇਆ ਹੈ। ਇਥੇ ਵਿਚਾਰੇ ਅਰਸ਼ ਹੋਰਾਂ ਨੂੰ ਮਾਮੇ ਤੇ ਫੁੱਫੜ ਬਾਰੇ ਕੀ ਪਤਾ। ਇਹ ਤਾਂ ਸਭ ਨੂੰ ਅੰਕਲ ਕਹਿ ਛੱਡਦੇ ਨੇ।

ਮੈਂ ਅਰਸ਼ ਦੇ ਕੋਲ ਖੜ੍ਹ ਕੇ ਉਸ ਦਾ ਇਕੱਲਾਪਨ ਮਹਿਸੂਸ ਕਰਨ ਲੱਗਾ। ਅਰਸ਼ ਵਿਚਾਰਾ ਕਿਥੇ ਜਾਵੇ? ਕਿਸ ਨਾਲ ਖੇਡੇ? ਉਸ ਦੀ ਉਮਰ ਵਿਚ ਜਦੋਂ ਅਸੀਂ ਸਕੂਲੋਂ ਪੜ੍ਹ ਕੇ ਆਉਣਾ, ਸਕੂਲ ਦਾ ਕੰਮ ਮੁਕਾ ਕੇ ਕਾੜ੍ਹਨੀ ਵਿਚੋਂ ਸਣੇ ਮਲਾਈ ਦੁੱਧ ਪੀਣਾ, ਗੁੜ ਦੀ ਰੋੜੀ ਖਾਣੀ ਤੇ ਪੱਕੇ ਦਰਵਾਜ਼ੇ ਸਾਰਿਆਂ ਨੇ ਇਕੱਠੇ ਹੋ ਜਾਣਾ। ਫਿਰ ਸ਼ੁਰੂ ਹੋਣੀ ਪੇਂਡੂ ਖੇਡ ਚੰਬਾ ਰੱਤਾ (ਲੁੱਕਣ ਮੀਟੀ)। ਸਾਰਾ ਪਿੰਡ ਘੁੰਮ ਛੱਡਣਾ। ਜਿਸ ਦੇ ਘਰ ਜੀ ਕੀਤਾ, ਲੁਕ ਜਾਣਾ। ਕਦੇ ਤੂੜੀ ਵਾਲੇ ਕੋਠੇ, ਕਦੇ ਪਸ਼ੂਆਂ ਵਾਲੇ ਵਾੜੇ, ਕਦੇ ਰਸੋਈ ਵਿਚ ਲੁਕ ਜਾਣਾ। ਰਸੋਈ ਵਿਚੋਂ ਗੁੜ-ਸ਼ੱਕਰ ਜਾਂ ਦੇਸੀ ਘਿਓ ਹੱਥ ਲੱਗ ਜਾਣਾ, ਸੁੱਕੇ ਘਿਓ ਦੇ ਲੱਡੂ ਵੱਟ ਕੇ ਲੈ ਆਉਣੇ ਤੇ ਖੇਡਦਿਆਂ ਹੀ ਖਾ ਜਾਣੇ। ਘਰ ਵਾਲਿਆਂ ਸਾਨੂੰ ਆਪ ਆਪਣੇ ਘਰੀਂ ਲੁਕਾਉਣਾ। ਵਿਰੋਧੀ ਹਾਣੀਆਂ ਸਾਨੂੰ ਲੱਭਦੇ ਰਹਿਣਾ। ਕਿੰਨੇ ਚੰਗੇ ਸੀ ਉਹ ਦਿਨ, ਕਿੰਨੇ ਚੰਗੇ ਸੀ ਉਹ ਲੋਕ ਤੇ ਕਿੰਨੀਆਂ ਪਿਆਰੀਆਂ ਸਨ ਉਹ ਖੇਡਾਂ-ਟਾਈਮ ਵੀ ਪਾਸ ਕਰਵਾਉਂਦੀਆਂ ਸਨ ਤੇ ਕਸਰਤ ਵੀ ਪੂਰੀ ਹੁੰਦੀ ਸੀ। ਸ਼ਾਮ ਨੂੰ ਪਤਾਸਿਆਂ ਦੇ ਲਾਲਚ ਗੁਰਦੁਆਰੇ ਜਾਣਾ। ਇਸੇ ਲਾਲਚ ਨੇ ਹੌਲੀ ਹੌਲੀ ਗੁਰੂ ਗ੍ਰੰਥ ਸਾਹਿਬ ਦੀ ਸਿੱਖਿਆ ਸ਼ੁਰੂ ਕਰਵਾ ਦਿੱਤੀ।

ਇਥੇ ਅਰਸ਼ ਹੋਰੀਂ ਕਿਸ ਨਾਲ ਤੇ ਕਿਥੇ ਚੰਬਾ ਰੱਤਾ ਖੇਡਣ? ਮਾਪਿਆਂ ਕੋਲ ਟਾਈਮ ਨਹੀਂ, ਉਨ੍ਹਾਂ ਨੇ ਕੰਮ ਕਰਕੇ ਘਰ ਦੇ ਬਿਲ ਉਤਾਰਨੇ ਹਨ। ਅਰਸ਼ ਵਿਚਾਰਾ ਕੀ ਕਰੇ? ਆਪਣੇ ਬਚਪਨ ਦੀ ਯਾਦ ਵਿਚੋਂ ਨਿਕਲ ਕੇ ਮੈਂ ਘਰ ਅੰਦਰ ਵੜ ਗਿਆ। ਚਾਚੇ ਦੇ ਪੈਰੀਂ ਹੱਥ ਲਾਇਆ ਤਾਂ ਜਵਾਬ ਮਿਲਿਆ ਕਿ ਫਤਿਹ ਹੀ ਬੁਲਾ ਦਿਆ ਕਰ। ਮੈਂ ਹੈਰਾਨ ਸਾਂ ਕਿ ਹੁਣ ਤਾਂ ਪੈਰੀਂ ਹੱਥ ਲਾਉਣਾ ਵੀ ਜ਼ਮਾਨੇ ਨੇ ਬਦਲ ਦਿਤਾ ਹੈ। ਮਾਤਾ ਜੀ ਹੋਰੀਂ ਵੱਡੀ ਉਮਰ ਦੀ ਮਾਈ ਦੇ ਚੁੰਨੀ ਦਾ ਲੜ ਫੜ੍ਹ ਕੇ ਪੈਰੀਂ ਹੱਥ ਲਾਉਂਦੀਆਂ ਸਨ। ਮਾਈ ਆਪਣੇ ਮੁੱਖ ਵਿਚੋਂ ਅਸੀਸਾਂ ਦਿੰਦੀ-ਜਿਉਂਦੀ ਰਹਿ, ਬੁੱਢ ਸੁਹਾਗਣ ਹੋਵੇਂ, ਭਾਈ ਜੀਵੇ, ਭਤੀਜਾ ਜੀਵੇ, ਦੁੱਧੀਂ ਪੁੱਤੀਂ ਫਲੇਂ, ਜਵਾਨੀਆਂ ਮਾਣੇਂ...ਆਦਿ। ਪਤਾ ਨਹੀਂ ਇਹ ਪੈਰੀਂ ਹੱਥ ਲਾਉਣਾ ਸਿੱਖ ਧਰਮ ਵਿਚ ਜਾਇਜ਼ ਹੈ ਜਾਂ ਨਹੀਂ ਪਰ ਸਾਨੂੰ ਇਹ ਅਸੀਸ ਸੁਣ ਕੇ ਬੜਾ ਅਨੰਦ ਆਉਣਾ। ਹੁਣ ਤਾਂ ਚਾਚੀ ਹੋਰੀਂ ਚਾਚੇ ਹੋਰਾਂ ਦਾ ਨਾਂ ਬੜਾ ਠੋਕ ਕੇ ਲੈਂਦੀਆਂ ਹਨ। ਚਾਚੇ ਨੂੰ ਪਤੀ ਪਰਮੇਸ਼ਰ ਨਹੀਂ, ਘਰੇ ਰੱਖਿਆ ਰਾਮੂ ਹੀ ਸਮਝਦੀਆਂ ਹਨ। ਸ਼ਾਇਦ ਨਾਂ ਲੈਣਾ ਅਮਰੀਕਾ ਦਾ ਰਿਵਾਜ਼ ਹੈ।

ਹੁਣ ਸਾਡੇ ਟੇਬਲ ਉਤੇ ਚਾਹ ਪਹੁੰਚ ਚੁੱਕੀ ਸੀ। ਬਰਫੀ, ਭੁਜੀਆ ਤੇ ਪਕੌੜੇ ਆਦਿ ਵੀ। ਮੈਂ ਤਾਂ ਲੋੜ ਅਨੁਸਾਰ ਖਾ ਲਿਆ। ਪਰ ਚਾਚੇ ਨੇ ਚਾਹ ਤੋਂ ਬਿਨਾ ਕੁਝ ਨਾ ਲਿਆ। ਮੈਂ ਪੁੱਛਿਆ, ਤਾਂ ਚਾਚੇ ਨੇ ਦੱਸਿਆ, "ਮੈਨੂੰ ਸ਼ੂਗਰ ਹੋ ਗਈ ਹੈ। ਡਾਕਟਰ ਨੇ ਮਿੱਠਾ ਖਾਣਾ ਬੰਦ ਕੀਤਾ ਹੈ।" ਮੈਂ ਜਵਾਬ ਸੁਣ ਚੁੱਪ ਹੋ ਗਿਆ। ਚਾਚੀ ਨੇ ਗੱਲ ਤੋਰੀ, "ਸਾਡਾ ਅਰਸ਼ ਕੇਸ ਰੱਖਣ ਲਈ ਨਹੀਂ ਮੰਨ ਰਿਹਾ। ਅਸੀਂ ਚਾਹੁੰਦੇ ਹਾਂ ਕਿ ਇਹ ਕੇਸ ਰੱਖ ਕੇ ਪੱਗ ਬੰਨ੍ਹ ਕੇ ਇੰਡੀਆ ਜਾਵੇ।"

ਮੈਂ ਯਾਦ ਕਰਦਿਆਂ ਕਿਹਾ, "ਅਰਸ਼ ਦੇ ਛੋਟੇ ਹੁੰਦਿਆਂ ਤਾਂ ਕੇਸ ਸਨ, ਤੁਸੀਂ ਉਹਦੇ ਕੇਸ ਕਿਉਂ ਕਟਵਾਏ?" ਚਾਚੀ ਬੋਲੀ, "ਉਦੋਂ ਸਾਡੇ ਕੋਲ ਇਸ ਦੇ ਕੇਸਾਂ ਵਿਚ ਰੋਜ਼ ਕੰਘਾ ਕਰਨ ਦਾ ਟਾਈਮ ਨਹੀਂ ਸੀ। ਮੈਂ ਆਪਣੇ ਸੁੱਖ ਦੀ ਮਾਰੀ ਨੇ ਇਸ ਦੇ ਕੇਸ ਕਟਵਾਏ ਸਨ। ਉਦੋਂ ਅਸੀਂ ਦੋਵੇਂ ਜਣੇ ਦੋ ਦੋ ਜੌਬਾਂ ਕਰਦੇ ਸਾਂ। ਹੁਣ ਅਸੀਂ ਜ਼ੋਰ ਲਾਉਂਦੇ ਹਾਂ ਪਰ ਇਹ ਮੰਨਦਾ ਨਹੀਂ।" ਮੈਂ ਕਿਹਾ, "ਹੁਣ ਅਰਸ਼ ਨੂੰ ਰੋਡੇ ਸਿਰ ਸੁਖ ਪੈ ਗਿਆ। ਕਸੂਰ ਸਾਡਾ ਆਪਣਾ ਹੈ, ਅਰਸ਼ ਦਾ ਨਹੀਂ। ਜੇਹਾ ਬੀਜਾਂਗੇ, ਉਸੇ ਤਰ੍ਹਾਂ ਦਾ ਹੀ ਵੱਢਾਂਗੇ।"

ਪਿੰਡਾਂ ਦੀਆਂ ਹੋਰ ਗੱਲਾਂ ਬਾਤਾਂ ਤੋਂ ਬਾਅਦ ਰਹਿਰਾਸ ਦੇ ਪਾਠ ਹੋਏ। ਫਿਰ ਰੋਟੀ ਦੀ ਵਾਰੀ ਆਈ। ਮੇਜ਼ 'ਤੇ ਰੱਖੇ ਸਰੋਂ ਦੇ ਸਾਗ, ਮੱਕੀ ਦੀ ਰੋਟੀ, ਕਟੀ ਹੋਈ ਮੂਲੀ, ਅਦਰਕ ਤੇ ਮਿਰਚਾਂ ਦੇ ਅਚਾਰ ਅਤੇ ਭੁਕਾਂ ਵਾਲੇ ਪਿਆਜ ਨੇ ਪੰਜਾਬ ਚੇਤੇ ਕਰਾ ਦਿੱਤਾ। ਮੈਂ ਵੇਖਿਆ ਮੇਰੀ ਕੌਲੀ ਵਿਚ ਜਿੰਨਾ ਸਾਗ ਸੀ ਉਨਾਂ ਹੀ ਘਿਓ ਤੇ ਰੋਟੀਆਂ 'ਤੇ ਵੀ ਘਿਓ ਹੀ ਘਿਓ ਚੋਪੜਿਆ ਸੀ। ਚਾਚੇ ਵਾਲੇ ਪਾਸੇ ਸੁੱਕਾ ਸੀ। ਮੈਂ ਕਾਰਨ ਪੁੱਛਿਆ ਤਾਂ ਚਾਚੇ ਨੇ ਦੱਸਿਆ, "ਮੇਰਾ ਕੋਲੈਸਟਰੋਲ ਵਧਦਾ ਹੈ। ਡਾਕਟਰਾਂ ਘਿਓ ਖਾਣੋਂ ਮਨ੍ਹਾਂ ਕੀਤਾ ਐ। ਸੁੱਕਾ ਸਾਗ ਤੇ ਸੁੱਕਾ ਪ੍ਰਸ਼ਾਦਾ ਹੀ ਛਕੀਦੈ।" ਇਹ ਸੁਣ ਕੇ ਮੇਰਾ ਹਾਸਾ ਮਸਾਂ ਰੁਕਿਆ। ਮੈਂ ਕਿਹਾ, "ਚਾਚਾ ਜੀ, ਪਿੰਡ ਤੁਸੀਂ ਵੱਡਾ ਪਰਿਵਾਰ ਹੋਣ ਕਰਕੇ ਸੁੱਕੇ ਦੀ ਮਾਰ ਥੱਲੇ ਆ ਜਾਂਦੇ ਸੀ। ਉਥੇ ਤੁਹਾਨੂੰ ਘਰ ਦੀ ਗਰੀਬੀ ਕਾਰਨ ਨਾ ਚੰਗਾ ਖਾਣਾ ਜੁੜਿਆ, ਨਾ ਚੰਗਾ ਪਹਿਨਣਾ ਪਰ ਹੁਣ ਤੁਸੀਂ ਅਮਰੀਕਾ ਵਿਚ ਵੀ ਜ਼ਿੰਦਗੀ ਪਿੰਡ ਵਰਗੀ ਲੰਘਾ ਰਹੇ ਹੋ, ਸੁੱਖ ਨਾਲ ਹੁਣ ਤਾਂ ਕਾਸੇ ਦੀ ਘਾਟ ਨਹੀਂ।" ਚਾਚਾ ਉਦਾਸ ਹੋ ਗਿਆ। ਲੋੜੋਂ ਵਧ ਕੰਮ ਤੇ ਡਾਲਰ ਇਕੱਠੇ ਕਰਨ ਦਾ ਲਾਲਚ ਬਿਮਾਰੀਆਂ ਦਾ ਵਿਚੋਲਾ ਬਣ ਜਾਂਦਾ ਹੈ। ਫਿਰ ਪਾਣੀ ਪੀ ਕੇ ਢਿੱਡ ਭਰਨਾ ਪੈਂਦਾ ਹੈ।

ਰੋਟੀ ਖਾਣ ਤੋਂ ਬਾਅਦ ਮੈਂ ਚਾਚੇ ਨੂੰ ਉਦਾਸੀ ਦਾ ਕਾਰਨ ਪੁੱਛਿਆ। ਚਾਚਾ ਦੱਸਣ ਲੱਗਾ, "ਪਿਛਲੇ ਸਾਲ ਸਾਡੇ ਬਾਪੂ ਜੀ ਸੁਰਗਵਾਸ ਹੋ ਗਏ ਸਨ। ਉਹ ਸਾਡੇ ਚਾਰਾਂ ਭਰਾਵਾਂ ਦੇ ਨਾਂ ਵਸੀਅਤ ਕਰਵਾ ਗਏ। ਹੁਣ ਅਸੀਂ ਚਾਰੇ ਭਰਾਵਾਂ ਨੇ ਜ਼ਮੀਨ ਦੀ ਵੰਡ ਕੀਤੀ। ਮੈਨੂੰ ਬਾਪੂ ਜੀ ਦੀ ਜੱਦੀ ਜ਼ਮੀਨ ਵਿਚੋਂ ਚੌਥਾ ਹਿੱਸਾ ਮਿਲ ਗਿਆ। ਮਿਲਿਆ ਉਹ ਟੁਕੜਾ ਜਿਹੜਾ ਸਭ ਤੋਂ ਮਾੜਾ ਸੀ। ਰੇਤੇ ਵਾਲੀ ਜ਼ਮੀਨ, ਨਾ ਰਾਹ, ਨਾ ਪਾਣੀ ਦਾ ਸਾਧਨ। ਜਿਹੜੀ ਮੈਂ ਜ਼ਮੀਨ ਦੋ ਦੋ ਜੌਬਾਂ ਕਰਕੇ ਖਰੀਦੀ ਸੀ ਉਹ ਤਿੰਨਾਂ ਭਰਾਵਾਂ ਨੇ ਆਪਣੇ ਨਾਂ ਲਵਾ ਲਈ। ਮੈਂ ਬਥੇਰਾ ਰੌਲਾ ਪਾਇਆ ਪਰ ਸਾਰਾ ਪਿੰਡ, ਪਿੰਡ ਵਾਲੇ ਭਰਾਵਾਂ ਦੇ ਹੱਕ ਵਿਚ ਬੋਲਿਆ। ਰਿਸ਼ਤੇਦਾਰ ਬੁਲਾਏ, ਉਹ ਵੀ ਭਰਾਵਾਂ ਵੱਲ ਦੇ ਹੋ ਗਏ।"

ਚਾਚਾ ਦੱਸ ਰਿਹਾ ਸੀ, "ਮੇਰੇ ਪੈਸਿਆਂ ਨਾਲ ਭਰਾਵਾਂ ਦਾ ਸਰਕਾਰੇ ਦਰਬਾਰੇ ਮਾਣ ਵਧਿਆ, ਉਹੀ ਹੁਣ ਮੇਰੇ ਗਲ ਰੱਸੀ ਪਵਾਉਂਦਾ। ਜਿਹੜਾ ਹਥਿਆਰ ਮੈਂ ਭਰਾਵਾਂ ਦੀ ਰੱਖਿਆ ਵਾਸਤੇ ਲੈ ਕੇ ਦਿੱਤਾ ਸੀ, ਉਹੀ ਹਥਿਆਰ ਮੇਰੀ ਹਿੱਕ ਉਤੇ ਤਾਣ ਦਿੱਤਾ। ਪੁੱਤ ਨਾਲੋਂ ਪਿਆਰੇ ਭਤੀਜਿਆਂ ਨੂੰ ਮਹਿੰਗੇ ਸੂਟ-ਬੂਟ ਲੈ ਕੇ ਗਿਆ, ਉਹੀ ਭਤੀਜੇ ਕਹਿੰਦੇ, 'ਚਾਚਾ ਕੋਡਾ ਕੋਡਾ ਨਿਕਲ ਜਾ, ਨਹੀਂ ਸੰਦੂਕ ਵਿਚ ਪਾ ਕੇ ਭੇਜਾਂਗੇ।' ਮੈਨੂੰ ਆਪਣੇ ਪੈਸਿਆਂ ਨਾਲ ਪਾਈ ਕੋਠੀ ਵਿਚੋਂ ਸੱਤ ਬਗਾਨਾ ਸਮਝ ਕੇ ਕੱਢ ਦਿੱਤਾ, ਮੈਂ ਤਾਂ ਸਦਾ ਲਈ ਪਿਓ ਦੇ ਬੂਹੇ ਜਿੰਦਰਾ ਮਾਰ ਆਇਆਂ।

ਮੈਂ ਅਮਰੀਕਾ ਆ ਕੇ ਕੀ ਖੱਟਿਆ? ਦਿਨ ਰਾਤ ਕੰਮ ਕਰ ਕੇ ਘਰ ਦੀ ਗਰੀਬੀ ਦੂਰ ਕੀਤੀ। ਭਰਾਵਾਂ ਨੂੰ ਚੰਗੇ ਘਰੀਂ ਵਿਆਹਿਆ। ਉਨ੍ਹਾਂ ਦੇ ਵਿਆਹ ਪਹਿਲਾਂ ਕੀਤੇ। ਜਿਨ੍ਹਾਂ ਦੀ ਖਾਤਰ ਕੰਮ ਕਰਕੇ ਬਿਮਾਰੀਆਂ ਲਵਾਈਆਂ, ਉਹ ਮੈਨੂੰ ਮਾਰਨਾ ਚਾਹੁੰਦੇ ਹਨ। ਅਸੀਂ ਇਥੇ ਐਵੇਂ ਕਹੀ ਜਾਂਦੇ ਹਾਂ 'ਸਾਡਾ ਪੰਜਾਬ-ਸਾਡਾ ਪੰਜਾਬ', ਉਥੇ ਆਪਣਾ ਕੁਝ ਨਹੀਂ, ਸਭ ਕੁਝ ਪਿੰਡ ਰਹਿਣ ਵਾਲਿਆਂ ਦਾ ਹੈ। ਅਸੀਂ ਉਨ੍ਹਾਂ ਦੀ ਖਾਤਰ ਡਾਲਰ ਦਾ ਸੈਂਡਵਿਚ ਖਾ ਕੇ ਸੋਲਾਂ ਸੋਲਾਂ ਘੰਟੇ ਕੰਮ ਕਰਦੇ ਹਾਂ। ਉਹ ਵਿਹਲੇ ਨਿੱਤ ਵਿਆਹ ਪਾਰਟੀ ਖਾ ਕੇ ਚੌੜੇ ਹੁੰਦੇ ਜਾਂਦੇ ਹਨ। ਪੁੱਤਰਾ! ਪੰਜਾਬ ਕੁਝ ਨਹੀਂ ਰੱਖਿਆ, ਮੈਂ ਉਥੋਂ ਲੁੱਟਿਆ ਜਾ ਚੁੱਕਾ ਹਾਂ...।"

ਇਹ ਕਹਾਣੀ ਇਕ ਚਾਚੇ ਦੀ ਨਹੀਂ। ਇਹ ਤਾਂ ਹਰ ਇਕ ਪਰਦੇਸੀ ਵੀਰ ਦੀ ਹੈ ਜੋ ਆਪਣੇ ਘਰ ਦੀ ਗਰੀਬੀ ਦੂਰ ਕਰਨ ਪਰਦੇਸ ਆਉਂਦਾ ਹੈ। ਆਪਾਂ ਕੁਝ ਸੋਚੀਏ, ਘੱਟ ਕੰਮ ਕਰਕੇ ਆਪਣੇ ਬੱਚਿਆਂ ਨੂੰ ਟਾਈਮ ਦਈਏ, ਬੱਚਿਆਂ ਨੂੰ ਚੰਗੀ ਸੋਚ ਦੇ ਧਾਰਨੀ ਬਣਾਈਏ। ਫਿਰ ਉਹ ਡਾਲਰ ਆਪ ਹੀ ਬਥੇਰੇ ਕਮਾ ਲੈਣਗੇ। ਆਪਣੇ ਸਰੀਰ ਦਾ ਖਿਆਲ ਰੱਖੀਏ, ਚੰਗਾ ਰਿਸ਼ਟ-ਪੁਸ਼ਟ ਸਰੀਰ ਚੰਗੇ ਸਮਾਜ ਦੀ ਸਿਰਜਣਾ ਕਰਦਾ ਹੈ। ਇਥੋਂ ਦੇ ਰਿਵਾਜਾਂ ਨੂੰ ਅਪਨਾਉਂਦੇ ਹੋਏ ਆਪਣੇ ਰੀਤੀ ਰਿਵਾਜ਼ ਨਾ ਭੁੱਲੀਏ।

# ਬੜੇ ਭਲੇ ਸਨ ਪ੍ਰਾਹੁਣਚਾਰੀਆਂ ਦੇ ਉਹ ਦਿਨ

## ਰੰਗ-ਬੇਰੰਗ

ਅਮਰੀਕਾ ਦੁਨੀਆਂ ਭਰ ਦੇ ਲੋਕਾਂ ਨੂੰ ਮੋਹਿਤ ਕਰਦਾ ਹੈ। ਜੇ ਪੂਰੀ ਖੁੱਲ੍ਹ ਮਿਲ ਜਾਵੇ ਤਾਂ ਸਾਡਾ ਸਾਰਾ ਪੰਜਾਬ ਇਥੇ ਪਹੁੰਚ ਜਾਵੇ। ਇਸ ਦੇ ਬਾਵਜੂਦ ਜਿਨ੍ਹਾਂ ਦੇ ਜਜ਼ਬਾਤ ਪੰਜਾਬ ਦੀ ਧਰਤੀ ਨਾਲ ਜੁੜੇ ਹੋਏ ਹਨ ਉਨ੍ਹਾਂ ਨੂੰ ਪੰਜਾਬ ਦੀ ਯਾਦ ਬਹੁਤ ਤੜਪਾਉਂਦੀ ਹੈ।

ਮੈਂ ਕਰੀਬ ਹਰ ਰੋਜ਼ ਸੈਰ ਕਰਨ ਨੂੰ ਨਿਕਲਦਾ ਹਾਂ। ਵਾਪਸ ਆਉਣ ਵੇਲੇ ਕੋਈ ਨਾ ਕੋਈ ਚੀਜ਼ ਖਰੀਦਣ ਲਈ ਸਟੋਰ 'ਤੇ ਚਲਾ ਜਾਂਦਾ ਹਾਂ। ਜਿਵੇਂ ਕਿ ਸਭ ਨੂੰ ਪਤਾ ਹੀ ਹੈ ਕਿ ਸਟੋਰਾਂ 'ਤੇ ਬਹੁ-ਗਿਣਤੀ ਔਰਤਾਂ ਦੀ ਹੀ ਕੰਮ ਕਰਦੀ ਹੈ। ਤਕਰੀਬਨ ਸਾਰੀਆਂ ਹੀ ਭੱਜੀਆਂ ਭੱਜੀਆਂ, ਖੁਸ਼ੀ ਖੁਸ਼ੀ ਹਿੰਮਤ ਨਾਲ ਕੰਮ ਕਰਦੀਆਂ ਹਨ। ਮੈਨੂੰ ਇਹ ਵਰਕ ਕਲਚਰ ਬਹੁਤ ਚੰਗਾ ਲੱਗਦਾ ਹੈ। ਅਜੇ ਕੱਲ ਦੀ ਗੱਲ ਹੈ, ਖਰੀਦੋ-ਫਰੋਖਤ ਕਰਦਿਆਂ ਮੇਰੇ ਕੋਲ ਸੱਤ ਅੱਠ ਪੌਂਡ ਗਰੋਸਰੀ ਦਾ ਬੋਝ ਹੋ ਗਿਆ। ਮੈਂ ਕਾਊਂਟਰ 'ਤੇ ਖੜ੍ਹੀ ਲੜਕੀ ਨੂੰ ਕਿਹਾ ਕਿ ਉਹ ਕੈਰੀ ਬੈਗ ਦੂਹਰਾ ਕਰ ਦੇਵੇ ਕਿਉਂਕਿ ਮੈਂ ਪੈਦਲ ਜਾਣਾ ਹੈ ਕਿਤੇ ਇਕਹਿਰਾ ਥੈਲਾ ਫਟ ਨਾ ਜਾਵੇ। ਉਹ ਲੜਕੀ ਮੇਰੇ ਬਾਜੂ 'ਤੇ ਹੱਥ ਰੱਖ ਕੇ ਮੁਸਕਰਾਉਂਦਿਆਂ ਕਹਿਣ ਲੱਗੀ, "ਹਨੀ ਧਿਆਨ ਰੱਖਣਾ ਕਿਤੇ ਬਾਜੂ ਦਰਦ ਨਾ ਕਰਨ ਲੱਗ ਜਾਵੇ।" ਮੈਨੂੰ ਉਸ ਲੜਕੀ ਦਾ ਇਸ ਤਰ੍ਹਾਂ ਕਰਨਾ ਬਹੁਤ ਚੰਗਾ ਲੱਗਿਆ ਪ੍ਰੰਤੂ ਮੈਂ ਮਾਸੂਮੀਅਤ ਅਤੇ ਕੁਦਰਤੀ ਨਿੱਘ ਦਾ ਸ਼ੈਦਾਈ ਹਾਂ। ਕਾਊਂਟਰ 'ਤੇ ਖੜ੍ਹੀ ਲੜਕੀ ਦੇ ਚਿਹਰੇ ਉਤੇ ਨਾ ਕੋਈ ਸ਼ਰਾਰਤ ਸੀ ਤੇ ਨਾ ਹੀ ਕੋਈ ਘਬਰਾਹਟ। ਮਾਮੂਲੀ ਜਿਹੀ ਸ਼ਰਾਫਤ ਭਰੀ ਤਜਰਬਾਤੀ ਮੁਸਕਰਾਹਟ ਸੀ। ਉਸ ਦਾ ਆਪਣੇ ਮੂੰਹ ਦੇ ਪੱਠਿਆਂ ਉਤੇ ਗਜ਼ਬ ਦਾ ਕੰਟਰੋਲ ਸੀ। ਯਕਲਖਤ ਸੰਜੀਦਾ ਹੋ ਕੇ ਅਗਲੇ ਗਾਹਕ ਨਾਲ ਉਸ ਦਾ ਉਹੀ ਅੰਦਾਜ਼ ਸੀ। ਇੰਜ ਲੱਗਦਾ ਸੀ ਜਿਵੇਂ ਇਹ ਦੁਕਾਨਦਾਰੀ ਟਰੇਡ ਹੈ। ਮੈਨੂੰ ਚੇਤੇ ਆਇਆ ਕਿ ਸਾਡੇ ਦੁਕਾਨਦਾਰਾਂ ਦੇ ਚਿਹਰੇ 'ਤੇ ਅਜਿਹੀ ਮੁਸਕਰਾਹਟ ਘੱਟ ਹੀ ਕਦੇ ਨਜ਼ਰ ਆਉਂਦੀ ਹੈ।

ਸਟੋਰ ਤੋਂ ਬਾਹਰ ਨਿਕਲਦਿਆਂ ਪਿੰਡ ਦੀ ਯਾਦ ਨੇ ਸਤਾਇਆ। ਕਈ ਵੇਰ ਘਰਾਂ ਦੀਆਂ ਮਾਸੂਮ ਲੜਕੀਆਂ ਬਹੁਤ ਹੀ ਪਿਆਰ ਨਾਲ ਸਾਫ, ਭੋਲੀ ਅਤੇ ਮਾਸੂਮ ਮੁਸਕਰਾਹਟ ਨਾਲ ਕਹਿ ਦਿੰਦੀਆਂ, "ਬਾਈ ਜੀ ਤੁਸੀਂ ਤਾਂ ਬਲਾਂ ਈ ਚੰਗੇ ਲਗਦੇ ਓਂ।" ਸਾਦਗੀ ਦੀ ਹੱਦ ਹੈ।

ਮੇਰੇ ਪਿੰਡ ਦੇ ਨਾਲ ਹੀ ਲੱਗਦਾ ਪਿੰਡ ਭੂੰਦੜ ਹੈ। ਇਹ ਉਹੋ ਭੂੰਦੜ ਹੈ ਜਿਥੋਂ ਦੇ ਪੰਜਾਬ ਦੇ ਇਕ ਸਾਬਕਾ ਮੰਤਰੀ ਬਲਵਿੰਦਰ ਸਿੰਘ ਭੂੰਦੜ ਹਨ। ਇਸੇ ਪਿੰਡ ਦੇ ਬੜੇ ਨੇਕ ਦਿਲ ਅਤੇ ਪਿਆਰੇ ਪ੍ਰੋਫੈਸਰ ਕਰਮ ਸਿੰਘ ਦੋ ਕੁ ਸਾਲ ਪਹਿਲਾਂ ਸੁਰਗਵਾਸ ਹੋ ਗਏ। ਉਹ ਪੰਜਾਬੀ ਅਤੇ ਫਾਰਸੀ ਦੀ ਐਮ ਏ ਸਨ। ਉਨ੍ਹਾਂ ਦੇ ਤਾਇਆ ਜੀ ਅਕਸਰ ਮੈਨੂੰ ਖੇਤਾਂ ਵਿਚ ਮਿਲ ਪੈਂਦੇ। ਉਨ੍ਹਾਂ ਕਈ ਵਾਰ ਕਹਿਣਾ, "ਸਾਡਾ ਕਰਮ ਸਿੰਘ ਦੋ ਦੋ ਵਾਰੀ ਸੋਲਾਂ ਜਮਾਤਾਂ ਪਾਸ ਹੈ, ਬੱਤੀ ਜਮਾਤਾਂ ਪੜ੍ਹਿਆ।" ਕਿਤਨੇ ਸਿਧੇ ਸਨ ਲੋਕ। ਕਰਮ ਸਿੰਘ ਵੀ ਮੈਨੂੰ ਪਿਆਰ ਨਾਲ ਕਹਿੰਦੇ ਹੁੰਦੇ ਸਨ, "ਬ੍ਰਿਜਿੰਦਰ ਵਿਆਹ ਵੇਲੇ ਸਿਰ ਹੀ ਕਰਵਾ ਲਈ, ਮੈਂ ਤਾਂ ਐਵੇਂ ਲੇਟ ਹੋ ਗਿਆ। ਬਹੁਤ ਜਲਦੀ ਭੀ ਠੀਕ ਨਹੀਂ। ਇਹ ਤਾਂ ਸਬਜ਼ੀ ਭਾਜੀ ਨੂੰ ਤੜਕਾ ਲਾਉਣ ਜਿਹੀ ਗੱਲ ਹੈ। ਜਲਦੀ ਤੋਂ ਕੱਚੇ ਕੱਚੇ ਦਾ ਸਵਾਦ ਆਉਂਦਾ ਹੈ, ਬਹੁਤਾ ਭੁੰਨ ਲਵੋ (ਲੇਟ ਹੋ ਜਾਓ) ਮਚੇ ਮਚੇ ਦਾ ਸਵਾਦ ਆਉਂਦਾ ਹੈ।" ਮੈਨੂੰ ਇਹ ਸਿੱਧੀ ਜਿਹੀ ਨਸੀਹਤ ਬਹੁਤ ਅਰਥਭਰਪੂਰ ਲਗਦੀ ਹੈ ਅਤੇ ਕਦੇ ਭੁੱਲਦੀ ਨਹੀਂ। ਉਹ ਵੇਲਾ, ਉਹ ਮਾਹੌਲ ਇਸ ਕਰਕੇ ਵੀ ਯਾਦ ਰਹਿੰਦਾ ਹੈ ਕਿਉਂਕਿ ਉਹ ਵਿਦਿਆ ਦੇ ਬਿਲਕੁਲ ਹੀ ਅਨੁਕੂਲ ਨਹੀਂ ਸੀ। ਖੇਤਾਂ ਵਿਚ ਕੰਮ ਕਰਨ ਵਾਲੇ ਕਿਹਾ ਕਰਦੇ ਸਨ, "ਜੱਟ ਦਾ ਪੁੱਤ ਪੜ੍ਹ ਗਿਆ ਸਮਝੋ ਬਲਦ ਕੋਠੇ 'ਤੇ ਚੜ੍ਹ ਗਿਆ।" ਭਾਵ ਇਹ ਦੋਵੇਂ ਗੱਲਾਂ ਔਖੀਆਂ ਹਨ। ਜਾਂ ਕਿਹਾ ਕਰਨਾ ਪੜ੍ਹ ਕੇ ਨੌਕਰੀ ਹੀ ਕਰਨੀ ਹੈ ਉਹਦਾ ਕੀ ਫਾਇਦਾ ਕਾਕਾ ਜੀ, "ਉਤਮ ਖੇਤੀ ਮੱਧਮ ਵਪਾਰ, ਨਖਿਧ ਚਾਕਰੀ ਭੀਖ ਮੁਰਦਾਰ।" ਨੌਕਰੀ ਦੀ ਜੜ੍ਹ ਤਾਂ ਢਾਈ ਫੁੱਟ ਉਚੀ ਹੁੰਦੀ ਹੈ। ਜਦੋਂ ਨੌਕਰੀ ਦੇਣ ਵਾਲੇ ਦਾ ਦਿਲ ਕੀਤਾ ਪੁੱਟ ਕੇ ਪਰ੍ਹੇ ਸੁੱਟ ਦੇਵੇ। ਨੌਕਰੀ ਚਾਕਰੀ ਵਿਚ ਕਦੀ ਕਿਤੋਂ ਦੀ ਬਦਲੀ ਤੇ ਕਦੀ ਕਿਤੋਂ ਦੀ। ਤੁਹਾਡੇ ਕੋਲ ਤਾਂ ਸੁੱਖ ਨਾਲ ਜ਼ਮੀਨ ਵੀ ਬਥੇਰੀ ਹੈ, ਮੌਜਾਂ ਕਰੋ। ਮੇਰੇ ਮਨ ਦੀ ਤਾਂਘ ਤਾਂ ਸੋਲਾਂ ਜਮਾਤਾਂ ਦੀ ਸੀ ਅਤੇ ਉਹ ਵੀ ਜਟਕੇ ਹਿਸਾਬ ਸਭ ਤੋਂ ਔਖੇ ਵਿਸ਼ੇ ਫਿਜ਼ਿਕਸ ਯਾਨਿ ਭੌਤਿਕ ਵਿਗਿਆਨ ਦੀ।

ਆਪਣੇ ਖੇਤਾਂ ਦੀ ਇਹ ਗੱਲ ਮੈਨੂੰ ਕਦੇ ਵੀ ਨਹੀਂ ਭੁੱਲਦੀ। ਮੈਂ ਤੇ ਮੇਰੇ ਬਾਪੂ ਜੀ ਖੇਤ ਪਹੁੰਚੇ ਤਾਂ ਵੇਖਿਆ ਸਾਡੇ ਗਵਾਂਢੀ ਨੇ ਸਾਡੀ ਵੱਟ ਵੱਢ ਲਈ ਹੈ। ਬਾਪੂ ਜੀ ਨੇ ਗੁੱਸੇ ਵਿਚ ਉਸ ਗਵਾਂਢੀ ਤੋਂ ਉਸੇ ਦੀ ਹੀ ਸੋਟੀ ਖੋਹੀ ਅਤੇ ਉਹਦੀ ਪਿੱਠ 'ਤੇ ਤਿੰਨ ਚਾਰ ਜੜ ਦਿੱਤੀਆਂ। ਮੈਨੂੰ ਪਿਤਾ ਜੀ ਦਾ ਇਹ ਵਤੀਰਾ ਚੰਗਾ ਨਾ ਲੱਗਾ। ਮੈਂ ਛੋਟਾ ਸਾਂ, ਕੀ ਕਹਿ ਸਕਦਾ ਸਾਂ। ਉਸ ਬੰਦੇ ਦੀ ਬਰਦਾਸ਼ਤ ਵੀ ਕਮਾਲ ਦੀ ਸੀ। ਜਦੋਂ ਅਸੀਂ ਵਾਪਸ ਪਰਤ ਰਹੇ ਸਾਂ ਤਾਂ ਕਹਿਣ ਲੱਗਾ, "ਪਾਣੀ ਤਾਂ ਪੀਂਦੇ ਜਾਓ, ਕਾਕੇ ਨੂੰ ਪਿਆਸ ਲੱਗੀ ਹੋਵੇਗੀ।" ਮੇਰੇ ਬਾਪੂ ਜੀ ਇੰਨੇ ਸ਼ਰਮਸਾਰ ਹੋਏ ਰਹੇ ਰੱਬ ਦਾ ਨਾਂ। ਕਹਿਣ ਲੱਗੇ, "ਹਜ਼ੂਰਾ ਸਿੰਘ ਪਾਣੀ ਤਾਂ ਪੀ ਲਵਾਂਗਾ ਜੇ ਉਹੀ ਸੋਟੀ ਪਹਿਲਾਂ ਮੇਰੀ ਪਿੱਠ 'ਤੇ ਮਾਰੇਂ।"



ਉਨ੍ਹਾਂ ਦਿਨਾਂ ਵਿਚ ਹੀ ਵਿਦਿਅਕ ਮਹਿਕਮੇ ਦਾ ਵਡੇਰੀ ਉਮਰ ਦੇ ਲੋਕਾਂ ਨੂੰ ਥੋੜ੍ਹਾ ਥੋੜ੍ਹਾ ਪੜ੍ਹਾਉਣ ਲਿਖਾਉਣ ਵੱਲ ਰੁਝਾਨ ਹੋਇਆ ਸੀ। ਅਧਿਆਪਕਾਂ ਨੇ ਲੋਕਾਂ ਨੂੰ ਜੀ ਕਹਿਣ ਅਤੇ ਜੀ ਕਹਾਉਣ ਵੱਲ ਪ੍ਰੇਰਿਆ। ਬਹੁਤੇ ਲੋਕ ਗੱਲ ਕੁਝ ਇਸ ਤਰ੍ਹਾਂ ਕਰਿਆ ਕਰਦੇ, "ਜੀ ਤੂੰ ਕੀ ਗਿੱਟਮਿੱਟ ਕਰੀ ਜਾਨੈਂ", "ਜੀ ਤੇਰੀ ਗੱਲ ਦਾ ਕੀ ਮਤਲਬ ਹੈ।" ਕਿਸੇ ਸਵਾਣੀ ਨੇ ਘਰ ਵਾਲੇ ਨੂੰ ਆਵਾਜ਼ ਮਾਰਨੀ, "ਜੀ ਦੀਪੇ ਦੇ ਬਾਪੂ ਮਖਿਆਂ ਰੋਟੀ ਖਾ ਲੈ, ਫੇਰ ਤੂੰ ਖੇਤ ਭੀ ਜਾਣੈ।" ਵੱਡਿਆਂ ਦੀ ਬਾਤਚੀਤ ਦਾ ਇਹ ਅੰਦਾਜ਼ ਦੇਖ ਕੇ ਬੱਚੇ ਆਪਣੇ ਬਾਪ ਨੂੰ ਆਵਾਜ਼ ਦਿੰਦੇ, "ਓਇ ਬਾਪੂ ਜੀ ਤੂੰ ਛੇਤੀ ਘਰ ਆ ਜਾਹ। ਮੱਝ ਦੀ ਧਾਰ ਤਾਂ ਤੂੰ ਹੀ ਕੱਢੇਂਗਾ। ਹੋਰ ਕੀ ਤੇਰਾ ਬਾਪੂ ਜੀ ਕੱਢੂ।" ਮੈਂ ਘਰ ਦੀ ਚੌਕਠੀ 'ਤੇ ਬੈਠਾ ਹੱਸਦਾ ਰਹਿੰਦਾ।

ਇਕ ਬੱਚਾ ਸਕੂਲ ਪੜ੍ਹਨ ਲੱਗਿਆ। ਮਾਸਟਰ ਜੀ ਨੇ ਬਾਲ ਸੰਦੇਸ਼ ਵਿਚ ਊਠ ਦੇ ਨਾਲ ਲੱਗੀ ਫੋਟੋ 'ਤੇ ਹੱਥ ਰੱਖ ਕੇ ਕਿਹਾ, "ਊਠਾ ਊਠ"। ਬੱਚਾ ਬੋਲਿਆ, "ਊਠਾ ਬੋਤਾ"। ਮਾਸਟਰ ਜੀ ਨੇ ਬੜੀ ਕੋਸ਼ਿਸ਼ ਕੀਤੀ ਕਿ ਬੱਚਾ ਊਠਾ ਊਠ ਕਹੇ ਪਰ ਉਹ ਕਾਮਯਾਬ ਨਾ ਹੋਏ। ਬੱਚੇ ਦੇ ਬਾਪ ਨੂੰ ਬੁਲਾ ਲਿਆ। ਭੋਲਾ ਬਾਪ ਕਹਿਣ ਲੱਗਾ, "ਮਾਸ਼ਟਰ ਜੀ, ਊਠ ਕਹਿ ਲਿਆ ਜਾਂ ਬੋਤਾ ਕੀ ਫਰਕ ਪੈਂਦੈ, ਹੈ ਤਾਂ ਜਾਨਵਰ ਈ ਨਾ। ਕਿਉਂ ਜਵਾਕ ਨੂੰ ਤੰਗ ਕਰਦੇ ਓਂ।" ਮਾਸਟਰ ਜੀ ਨੇ ਸਬਕ ਐਤੇ ਤੋਂ ਹੀ

(ਅਗਲੇ ਸਫੇ 'ਤੇ ਜਾਰੀ)

# 'ਤੇਰੇ ਕਾਲਜ ਦੇ ਗੇਟ ਮੂਹਰੇ ਬਣਜੂਗਾ ਜੰਗ ਦਾ ਮੈਦਾਨ ਨੀਂ...'

ਗੀਤ-ਸੰਗੀਤ

**ਸਵਰਨ ਸਿੰਘ ਟਹਿਣਾ***


ਸਵਰਨ ਸਿੰਘ ਟਹਿਣਾ

ਆਮ ਜ਼ਿੰਦਗੀ ਵਿਚ ਭਾਵੇਂ ਸ਼ਰਾਬਾਂ ਪੀਣ ਤੇ ਬੰਦੂਕਾਂ ਚਲਾਉਣ ਨੂੰ ਗ਼ੈਰਤ ਦੀ ਮੁੱਢਲੀ ਨਿਸ਼ਾਨੀ ਸਮਝਣ ਵਾਲੇ ਅਤੇ ਇਨ੍ਹਾਂ ਦੀ ਹਮਾਇਤ ਕਰਨ ਵਾਲੇ ਲੋਕ ਵੀਹ ਕੁ ਫ਼ੀਸਦੀ ਹੀ ਹੋਣਗੇ, ਪਰ ਸਾਡੇ ਗਾਉਣ ਵਾਲਿਆਂ ਦਾ ਵੱਡਾ ਹਿੱਸਾ ਇਸ ਗੱਲ ਦੀ ਹਿੱਕ ਠੋਕ ਕੇ ਗਵਾਹੀ ਭਰਦਾ ਹੈ ਕਿ ਪੰਜਾਬੀ ਲੋਕ ਜਿੰਨੀ ਦੇਰ ਦਾਰੂ ਪੀ ਕੇ ਬੱਕਰੇ ਨਹੀਂ ਬੁਲਾਉਂਦੇ ਤੇ ਵੈਰੀਆਂ 'ਤੇ ਬੰਦੂਕਾਂ, ਪਿਸਤੌਲਾਂ ਨਾਲ ਨਿਸ਼ਾਨੇ ਨਹੀਂ ਲਾਉਂਦੇ, ਓਨੀ ਦੇਰ ਉਨ੍ਹਾਂ ਨੂੰ ਰੋਟੀ ਹਜ਼ਮ ਨਹੀਂ ਹੁੰਦੀ। ਗੀਤਾਂ ਮੁਤਾਬਕ ਬੰਦੂਕਾਂ ਨਾਲ ਖੇਡਣਾ ਪੰਜਾਬੀਆਂ ਦਾ ਬਚਪਨ ਦਾ ਸ਼ੌਕ ਹੈ, ਦੋਨਾਲੀਆਂ ਦੀ ਸੰਭਾਲ ਇਹ ਆਪਣੀਆਂ ਤੀਵੀਆਂ ਵਾਂਗ ਕਰਦੇ ਨੇ, ਜਦੋਂ ਇਹ ਬੰਦੂਕ ਦਾ ਲਾਇਸੈਂਸ ਬਣਾ ਲੈਂਦੇ ਨੇ ਤਾਂ ਇਨ੍ਹਾਂ ਨੂੰ ਏਨੀ ਖ਼ੁਸ਼ੀ ਹੁੰਦੀ ਏ ਜਿੰਨੀ ਮੁੰਡਾ ਜੰਮਣ ਵੇਲੇ, ਰਿਵਾਲਵਰ ਨੂੰ ਇਹ ਬੰਦੂਕ ਦਾ ਬੱਚਾ ਸਮਝਦੇ ਨੇ ਤੇ ਡੱਬ ਵਿਚ ਟੰਗਿਆ ਰਿਵਾਲਵਰ ਇਨ੍ਹਾਂ ਦੀ ਸ਼ਾਨ ਵਿਚ ਵਾਧਾ ਕਰਦਾ ਹੈ। ਗੀਤ ਇਹ ਵੀ ਦੱਸਦੇ ਨੇ ਕਿ ਜਦੋਂ ਪੰਜਾਬੀਆਂ ਦੇ ਸਿਰ ਨੂੰ ਗਰਮੀ ਚੜ੍ਹ ਜਾਂਦੀ ਹੈ ਤਾਂ ਇਹ ਤਾੜ-ਤਾੜ ਫਾਇਰ ਕਰਨ ਲੱਗਦੇ ਨੇ, ਫਿਰ ਇਹ ਜਿੱਥੇ ਖੜ੍ਹੇ ਹੁੰਦੇ ਨੇ ਉਥੇ ਜੰਗ ਦਾ ਮੈਦਾਨ ਬਣ ਜਾਂਦਾ ਏ। ਗਾਇਕਾਂ ਦੀ ਸੁਣੀਏ ਤਾਂ ਪੰਜਾਬੀ ਕਿਸੇ ਫੰਨੇ ਖਾਂ ਦੀ ਟੈਂ ਨਹੀਂ ਸਹਾਰਦੇ, ਨਿਸ਼ਾਨੇ ਇਨ੍ਹਾਂ ਦੇ ਏਨੇ ਪੱਕੇ ਨੇ ਕਿ ਉਲੰਪਿਕ 'ਚ ਨਿਸ਼ਾਨੇਬਾਜ਼ੀ ਦਾ ਸੋਨ ਤਮਗ਼ਾ ਜਿੱਤਣ ਵਾਲਾ ਅਭਿਨਵ ਬਿੰਦਰਾ ਵੀ ਇਨ੍ਹਾਂ ਦੀ ਈਨ ਮੰਨਣ ਲੱਗ ਜਾਵੇ, ਪੁਲਸੀਏ ਇਨ੍ਹਾਂ ਨੂੰ ਡਰਦੇ ਹੱਥ ਨਹੀਂ ਪਾਉਂਦੇ, ਕਿਉਂਕਿ ਇਹ ਜ਼ਮੀਨਾਂ ਵਾਲੇ ਲੋਕ ਨੇ ਤੇ ਵਰਦੀਧਾਰੀਆਂ ਨੂੰ ਖਰੀਦਣ ਦਾ ਵੱਲ ਚੰਗੀ ਤਰ੍ਹਾਂ ਜਾਣਦੇ ਨੇ।

ਇਹ ਲੇਖ ਪੜ੍ਹਨ ਵਾਲੇ ਆਪਣੇ ਜ਼ਮੀਰ ਦੀ ਸਹੁੰ ਖਾ ਕੇ ਦੱਸਣ ਕਿ ਅੱਜ ਤੱਕ ਉਨ੍ਹਾਂ ਨੇ ਇਹੋ ਜਿਹੇ ਕਿੰਨੇ ਪੰਜਾਬੀ ਦੇਖੇ ਨੇ, ਜਿਹੜੇ ਗਾਇਕਾਂ ਵੱਲੋਂ ਪੇਸ਼ ਕੀਤੇ ਜਾਂਦੇ ਪੰਜਾਬੀਆਂ ਨਾਲ ਮਿਲਦੇ-ਜੁਲਦੇ ਨੇ। ਜਿਹੜੇ ਲੋਕਾਂ ਦਾ ਕਿਸੇ ਨਾ ਕਿਸੇ ਕਾਰਨ ਹਥਿਆਰਾਂ ਨਾਲ ਵਾਹ ਪੈਂਦਾ ਏ, ਉਹ ਜਾਣਦੇ ਨੇ ਕਿ ਹਥਿਆਰ ਚੁੱਕਣਾ ਭਾਵੇਂ ਸੌਖਾ ਹੁੰਦੈ, ਪਰ ਰੱਖਣਾ ਬਹੁਤ ਔਖਾ ਹੁੰਦੈ। ਇੱਕ ਵਾਰ ਜੀਹਨੇ ਇਹਦਾ ਸੰਗ ਕਰ ਲਿਆ, ਉਹ ਚਾਹੁੰਦਿਆਂ ਹੋਇਆਂ ਵੀ ਇਸ ਤੋਂ ਖਹਿੜਾ ਨਹੀਂ ਛੁਡਾ ਸਕਦਾ। ਹਥਿਆਰਾਂ ਦੇ ਨੁਕਸਾਨ ਹੀ ਨੁਕਸਾਨ ਨੇ, ਜੇ ਤੁਹਾਡੇ ਕੋਲੋਂ ਕਿਸੇ ਦਾ ਨੁਕਸਾਨ ਹੋ ਗਿਆ ਤਾਂ ਵੀ ਪੂਰੀ ਜ਼ਿੰਦਗੀ ਹਨੇਰੇ 'ਚ ਲੰਘਦੀ ਹੈ ਤੇ ਜੇ ਕੋਈ ਤੁਹਾਡਾ ਨੁਕਸਾਨ ਕਰ ਗਿਆ ਤਾਂ ਬਾਕੀ ਪਰਿਵਾਰਕ ਮੈਂਬਰਾਂ ਦੀ ਜ਼ਿੰਦਗੀ 'ਚ ਹਨੇਰਾ ਪੱਸਰਿਆ ਰਹਿੰਦਾ ਹੈ।

ਪਰ ਸਾਡੇ ਗਾਉਣ ਵਾਲਿਆਂ ਦੇ ਦਿਮਾਗ਼ 'ਤੇ ਚਰਬੀ ਚੜ੍ਹੀ ਹੋਈ ਹੈ। ਟੀ.ਵੀ. ਉਤੇ ਪੰਜਾਬੀਆਂ ਦੀ ਗ਼ੈਰਤ ਦਿਖਾਉਣ ਵਾਲੇ ਜਿੰਨੇ ਗੀਤ ਆਉਂਦੇ ਨੇ, ਉਨ੍ਹਾਂ 'ਚੋਂ ਜ਼ਿਆਦਾਤਰ 'ਚ ਪੰਜਾਬੀਆਂ ਦੀ ਗ਼ੈਰਤ ਨੂੰ ਸਿਰਫ਼ ਹਥਿਆਰਾਂ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ। ਜੇ ਕੁੜੀ ਪਿੱਛੇ ਲੜਾਈ ਹੁੰਦੀ ਏ ਤਾਂ ਵੀ ਗੋਲੀਆਂ ਚੱਲਦੀਆਂ ਨੇ, ਜੇ ਜ਼ਮੀਨ ਪਿੱਛੇ ਝਗੜਾ ਹੁੰਦਾ ਹੈ ਤਾਂ ਵੀ ਦੋਨਾਲੀਆਂ ਲਹਿਰਾਈਆਂ ਜਾਂਦੀਆਂ ਨੇ, ਜੇ ਪਾਣੀ ਦਾ ਰੌਲਾ ਹੋਵੇ ਤਾਂ ਵੀ ਫਾਇਰ ਕੀਤੇ ਜਾਂਦੇ ਨੇ ਤੇ ਜੇ ਵੈਸੇ ਮੁੱਛ ਖੜ੍ਹੀ ਰੱਖਣ ਦਾ ਸਵਾਲ ਹੋਵੇ ਤਾਂ ਵੀ ਗੋਲੀਆਂ ਦੀ ਵਾਛੜ ਹੋਣੀ ਲਾਜ਼ਮੀ ਹੈ। ਗਾਇਕੀ, ਜਿਸ ਨੂੰ ਕਿ ਤਪਦੇ ਹਿਰਦੇ ਠਾਰਨ ਦਾ ਜ਼ਰੀਆ ਸਮਝਿਆ ਜਾਂਦਾ ਰਿਹਾ ਹੈ, ਅੱਜ ਜੇ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਭੜਕਾਉਣ ਵਾਲੀ ਬਣ ਗਈ ਤਾਂ ਇਸ ਪਿੱਛੇ ਹੱਥ ਸਿਰਫ਼ ਤੇ ਸਿਰਫ਼ ਸਾਡੇ ਗਾਇਕਾਂ ਤੇ ਗੀਤਕਾਰਾਂ ਦਾ ਹੀ ਹੈ।

ਸੋ ਪਿੱਛੇ ਮਸਾਂ ਇੱਕ ਗੀਤ ਅਜਿਹਾ ਮਿਲਦਾ ਹੈ, ਜਿਸ ਵਿਚ ਹਥਿਆਰਾਂ ਨੂੰ ਮਾਰੂ ਦੱਸਿਆ ਗਿਆ ਹੋਵੇ, ਨਸ਼ਿਆਂ ਨੂੰ ਜੀਵਨ ਨਾਸ਼ਕ ਕਿਹਾ ਗਿਆ ਹੋਵੇ ਤੇ ਰੰਗਲੇ ਪੰਜਾਬ ਨੂੰ ਨੰਗਲਾ ਪੰਜਾਬ ਬਣਨ ਤੋਂ ਰੋਕਣ ਲਈ ਉਦਮ ਕਰਨ ਦੀ ਨੇਕ ਸਲਾਹ ਦਿੱਤੀ ਗਈ ਹੋਵੇ। ਪਿਛਲੇ ਦਿਨੀਂ ਜਦੋਂ ਗੁਰਵਿੰਦਰ ਬਰਾੜ ਦਾ ਗਾਇਆ ਪੰਜਾਬ ਵਿਚ ਵਧ ਰਹੇ ਹਥਿਆਰ ਸੱਭਿਆਚਾਰ ਨੂੰ ਲਾਹਨਤਾਂ ਪਾਉਣ ਵਾਲਾ ਗੀਤ ਸੁਣਿਆ ਤਾਂ ਮਨ ਨੂੰ ਕੁੱਝ ਕੁ ਤਸੱਲੀ ਹੋਈ ਕਿ ਚਲੋ ਪੰਜਾਬ ਦਾ ਕੋਈ ਗਵੱਈਆ ਤਾਂ ਹੈ ਜਿਹੜਾ ਛਵੀਆਂ, ਗੰਡਾਸਿਆਂ, ਤਲਵਾਰਾਂ, ਬੰਦੂਕਾਂ ਤੇ ਪਿਸਤੌਲਾਂ ਦੀ ਵਰਤੋਂ ਨੂੰ ਗ਼ੈਰਤ ਦੀ ਥਾਂ ਮਾਨਸਿਕ ਰੋਗੀ ਹੋਣ ਦਾ ਪ੍ਰਤੀਕ ਸਮਝਦਾ ਹੈ। ਮੁਕਤਸਰ ਜ਼ਿਲ੍ਹੇ ਦੇ ਪਿੰਡ ਮਹਾਂਬੱਧਰ ਦਾ ਗੁਰਵਿੰਦਰ ਉਘੇ ਨਾਟਕਕਾਰ ਅਜਮੇਰ ਔਲਖ ਦਾ ਜਵਾਈ ਹੈ। ਉਸ ਨੇ ਗਾਇਕੀ ਵਿਚ ਪੈਰ ਧਰਾਵਾ 'ਲੰਬੜਦਾਰਾਂ ਦੇ ਦਰਵਾਜ਼ੇ' ਕੈਸਿਟ ਨਾਲ ਕੀਤਾ ਸੀ। ਚਾਹੁੰਦਾ ਉਹ ਸੋਲੋ ਵਿਚ ਕਾਮਯਾਬ ਹੋਣਾ ਸੀ, ਪਰ ਦਾਲ ਨਾ ਗਲਦੀ ਦੇਖ ਕੇ ਉਹ ਨੇ ਪੂਜਾ ਨਾਲ ਗਾਉਣਾ ਸ਼ੁਰੂ ਕਰ ਦਿੱਤਾ ਤੇ 'ਉਠੋ ਜੀ ਥੋਡੀ ਜਾਨ ਗੁੱਡ ਮਾਰਨਿੰਗ ਕਹਿੰਦੀ ਏ' ਗੀਤ ਨਾਲ ਸਫ਼ਲਤਾ ਦੀ ਡੰਡੀ ਪੈ ਗਿਆ।

ਬਹੁਗਿਣਤੀ ਗਾਇਕਾਂ ਦੀ ਸਮੱਸਿਆ ਹੁੰਦੀ ਹੈ ਕਿ ਸਫਲਤਾ ਮਿਲਣ ਸਾਰ ਉਹ ਗੀਤਾਂ ਵਿਚ ਬੰਦੂਕਧਾਰੀ ਬਣ ਬਣ ਦਿਖਾਉਣ ਲਗਦੇ ਨੇ, ਜਿਵੇਂ ਉਹ ਅੱਬੂ ਸਲੇਮ ਦੇ ਸਕੇ ਸੋਧਰੇ ਹੋਣ, ਪਰ ਗੁਰਵਿੰਦਰ ਨੇ ਹੁਣੇ ਜਿਹੇ ਆਈ ਕੈਸਿਟ ਵਿਚ ਪੰਜਾਬ ਦੇ ਵਿਗੜਦੇ ਹਾਲਾਤ ਦੀ ਬਾਤ ਪਾਉਣ ਵਾਲਾ ਤੇ ਹਥਿਆਰ ਕਲਚਰ ਨੂੰ ਲਾਹਨਤਾਂ ਪਾਉਂਦਾ ਜੋ ਗੀਤ ਗਾਇਆ ਹੈ, ਉਸ ਨੂੰ ਭਾਵੇਂ ਹੁੜਮੱਤੇ ਪਸੰਦ ਨਾ ਕਰਨ, ਪਰ ਪੰਜਾਬ ਵਿਚ ਅਮਨ-ਸ਼ਾਂਤੀ ਦੇ ਚਾਹਵਾਨਾਂ ਨੂੰ ਇਹ ਗੀਤ ਪ੍ਰਵਚਨਾਂ ਵਰਗਾ ਜ਼ਰੂਰ ਲੱਗੇਗਾ। ਜ਼ਰਾ ਨਮੂਨਾ ਦੇਖੋ :

ਘਰ ਘਰ ਵਿਚ ਦੋ ਦੋ ਅਸਲੇ
ਕੀ ਹੱਲ ਕਰਨੇ ਨੇ ਮਸਲੇ।
ਨਿੱਤ ਹੰਕਾਰ ਦੀ ਭੇਟ ਨੇ ਚੜ੍ਹਦੇ,
ਭੈਣ-ਭਾਈ, ਪਿਓ-ਦਾਦੇ,
ਪਿਸਤੌਲ, ਬੰਦੂਕਾਂ ਦੇ ਕਲਚਰ ਤੋਂ,
ਤੰਗ ਆ ਗਏ ਆਂ ਡਾਢੇ।

ਕਿੰਨੀ ਸੱਚਾਈ ਏ ਇਨ੍ਹਾਂ ਬੋਲਾਂ ਵਿਚ। ਜੇ ਸੁਰਜੀਤ ਖ਼ਾਨ 'ਮਿੱਤਰਾਂ ਦਾ ਰਹਿੰਦਾ ਏ ਸੁਰਖੀਆਂ 'ਚ ਨਾਂ' ਗੀਤ ਵਿਚ ਖ਼ੁਦ ਦੋ ਪਿਸਤੌਲਾਂ ਚੁੱਕ ਤੇ ਨਾਲ ਤੁਰਨ-ਫਿਰਨ ਵਾਲਿਆਂ ਦੇ ਹੱਥ 'ਚ ਬੰਦੂਕਾਂ ਫੜਾ ਕੇ ਗੋਲੀਆਂ ਦੀ ਵਾਛੜ ਕਰਦਾ ਦਿਸ ਸਕਦਾ ਹੈ ਤਾਂ ਪੰਜਾਬ ਦਾ ਕੋਈ ਗਾਉਣ ਵਾਲਾ ਇਨ੍ਹਾਂ ਕਾਰਨਾਮਿਆਂ ਨੂੰ ਸ਼ਰੇਆਮ ਨਕਾਰਨ ਦਾ ਜ਼ੇਰਾ ਵੀ ਰੱਖਦਾ ਏ। ਸਮਝ ਨਹੀਂ ਆਉਂਦੀ ਕਿ ਚੰਗੀ ਆਵਾਜ਼ ਵਾਲੇ ਸੁਰਜੀਤ ਖ਼ਾਨ ਨੂੰ ਜੇ ਸੁਰਖੀਆਂ ਵਿਚ ਰਹਿਣ ਦਾ ਏਨਾ ਹੀ ਸ਼ੌਕ ਹੈ ਤਾਂ ਉਹ ਕਿਸੇ ਨੇਕ ਕੰਮ ਨੂੰ ਹੱਥ ਕਿਉਂ ਨਹੀਂ ਪਾਉਂਦਾ। ਸਿਰਫ਼ ਗੁੰਡਿਆਂ ਵਾਲੇ ਕੰਮ ਕਰਕੇ ਸੁਰਖੀਆਂ ਵਿਚ ਰਹਿਣ ਨੂੰ ਸਿਆਣਪ ਦੀ ਨਿਸ਼ਾਨੀ ਨਹੀਂ ਸਮਝਿਆ ਜਾ ਸਕਦਾ। ਕਦੇ-ਕਦੇ ਦਿਮਾਗ਼ ਵਿਚ ਆਉਂਦਾ ਹੈ ਕਿ ਇਹ ਕਲਾ ਦੀ ਦੇਵੀ ਦੇ ਉਪਾਸ਼ਕ ਹੋਣ ਦੀ ਥਾਂ ਉਸਾਮਾ ਬਿਨ ਲਾਦਿਨ ਤੇ ਦਾਊਦ ਦੇ ਪੂਰਨਿਆਂ 'ਤੇ ਚੱਲਣ ਵਾਲੇ ਲੋਕ ਨੇ। ਹਰ ਰੋਜ਼ ਹਥਿਆਰਾਂ ਜ਼ਰੀਏ ਜਾਂਦੀਆਂ ਜਾਨਾਂ ਦੀਆਂ ਖ਼ਬਰਾਂ ਆਉਂਦੀਆਂ ਨੇ ਤੇ ਗਾਉਣ ਵਾਲੇ ਇਨ੍ਹਾਂ ਘਾਤਕ ਹਥਿਆਰਾਂ ਦੀ ਖਿਲਾਫ਼ਤ ਕਰਨ ਦੀ ਥਾਂ ਉਨ੍ਹਾਂ ਲੋਕਾਂ ਦੇ ਹੱਕ ਵਿਚ ਭੁਗਤ ਰਹੇ ਨੇ।

ਜੇ ਪੰਜਾਬ ਦੇ ਗਾਇਕਾਂ ਤੇ ਗੀਤਕਾਰਾਂ ਨੂੰ ਹਥਿਆਰ ਰੱਖਣ ਦਾ ਏਨਾ ਹੀ ਸ਼ੌਕ ਏ, ਇਨ੍ਹਾਂ ਨੂੰ ਆਪਣੇ ਪੱਕੇ ਨਿਸ਼ਾਨਿਆਂ 'ਤੇ ਏਨਾ ਹੀ ਮਾਣ ਹੈ ਤੇ ਸੁਰਖੀਆਂ ਵਿਚ ਰਹਿਣ ਦਾ ਚਸਕਾ ਹੈ ਤਾਂ ਸਾਂਝੀ ਜਾਚੇ ਇਨ੍ਹਾਂ ਨੂੰ ਗਾਉਣਾ ਤੇ ਲਿਖਣਾ ਛੱਡ ਬਾਰਡਰਾਂ 'ਤੇ ਜਾ ਕੇ ਦੇਸ਼ ਦੀ ਰੱਖਿਆ ਲਈ ਦੁਸ਼ਮਣਾਂ ਨਾਲ ਆਢਾ ਲਾਉਣਾ ਚਾਹੀਦਾ ਹੈ। ਜਾਨ ਲੈਣ ਤੇ ਜਾਨ ਦੇਣ ਨੂੰ ਜੇ ਇਹ ਏਨਾ ਸੌਖਾ ਕੰਮ ਸਮਝਦੇ ਨੇ ਤਾਂ ਅੱਤਿਵਾਦ ਦਾ ਸਫ਼ਾਇਆ ਕਰਨ ਲਈ ਜੰਮੂ ਕਸ਼ਮੀਰ ਚਲੇ ਜਾਣ ਤੇ ਫੇਰ ਜਦੋਂ ਇਹ ਖ਼ਬਰਾਂ ਆਉਣਗੀਆਂ ਕਿ ਫ਼ਲਾਣੇ ਗਾਇਕ ਨੇ ਏਨੇ ਦਹਿਸ਼ਤਗਰਦ ਮੁਕਾ ਧਰੇ ਤਾਂ ਪੰਜਾਬੀਆਂ ਨੂੰ ਵੀ ਮਾਣ ਹੋਵੇਗਾ ਕਿ ਪੰਜ ਆਬਾਂ ਦੀ ਧਰਤੀ 'ਤੇ ਜਨਮ ਲੈਣ ਵਾਲਿਆਂ ਨੇ ਆਪਣੇ ਨਿਸ਼ਾਨਿਆਂ ਦਾ ਜਲਵਾ ਦਿਖਾ ਛੱਡਿਆ।

ਗੁਰਵਿੰਦਰ ਬਰਾੜ ਨੇ ਵੀ ਗੀਤ ਦੇ ਇੱਕ ਅੰਤਰੇ ਵਿਚ ਇਹੀ ਗੱਲ ਕਰਦਿਆਂ ਕਿਹਾ ਹੈ,

ਵੱਢ ਦੂੰ, ਟੁੱਕ ਦੂੰ, ਮਾਰਦੂੰ ਕਰਦੇ
ਗੀਤ ਜੋ ਗਾਉਂਦੇ ਬਾਈ,
ਫੁਕਰਬਾਜ਼ੀਆਂ ਕਿਉਂ ਵੰਡਦੇ,
ਜੇ ਵੰਡਣੀ ਨਹੀਂ ਚੰਗਿਆਈ,
ਏਡੇ ਈ ਜੇ ਸੂਰਮੇ
ਜਾ ਕੇ ਫੌਜ 'ਚ ਹੋ ਜੋ ਭਰਤੀ,
ਜਾਓ ਵਿਚ ਕਸ਼ਮੀਰ ਦੇ,
ਜਿੱਥੇ ਸਿਰ ਮੰਗਦੀ ਏ ਧਰਤੀ,
ਸਾਂਝੇ ਹਿੰਦ ਦੀ ਚਿੱਟੀ ਚਾਦਰ,
ਲਾ ਦੁਸ਼ਮਣ ਨਾਲ ਆਢੇ,
ਪਿਸਤੌਲ, ਬੰਦੂਕਾਂ ਦੇ ਕਲਚਰ ਤੋਂ
ਤੰਗ ਆ ਗਏ ਆਂ ਡਾਢੇ।

ਜ਼ਮੀਨਾਂ ਪਿੱਛੇ ਜੱਟਾਂ ਨੂੰ ਤਲਵਾਰਾਂ ਚਲਾਉਂਦਿਆਂ ਤੇ ਗੋਲੀਆਂ ਵਰ੍ਹਾਉਂਦਿਆਂ ਹੁਣ ਤੱਕ ਸੈਂਕੜੇ ਗਾਇਕਾਂ ਨੇ ਦਿਖਾਇਆ ਸੀ, ਪਰ ਨਵੇਂ ਪੋਚ ਦੇ ਕੁੱਝ ਕੁ ਮੁਸ਼ਟੰਡੇ ਗਾਇਕ ਸਹੇਲੀਆਂ ਪਿੱਛੇ ਗੋਲੀਆਂ ਦਾਗਣ ਦੀ ਗੱਲ ਕਰਦੇ ਨੇ। ਪੰਜਾਬੀ ਗੀਤ ਸੰਗੀਤ ਨਾਲ ਸਬੰਧਤ ਕੋਈ ਵੀ ਚੈਨਲ ਲਗਾਤਾਰ ਇੱਕ ਘੰਟਾ ਦੇਖ ਲਵੋ, ਤੁਹਾਨੂੰ ਦਸਾਂ ਪਿੱਛੇ ਦੋ-ਤਿੰਨ ਗੀਤ ਅਜਿਹੇ ਦਿਖਈ ਦੇਣਗੇ, ਜਿਨ੍ਹਾਂ ਦੇ ਵੀਡੀਓ ਵਿਚ ਬਿਨਾਂ ਗੱਲੋਂ ਫੁਕਰਾਪੰਥੀ ਖਿਲਾਰੀ ਗਈ ਹੋਵੇਗੀ, ਜਿਨ੍ਹਾਂ ਵਿਚ ਮਾਡਲ ਮੁੰਡਿਆਂ ਦੇ ਦੋ ਧੜੇ ਬਣਾ ਕੇ ਉਨ੍ਹਾਂ ਨੂੰ ਆਪਸ ਵਿਚ ਵੱਢ-ਟੁੱਕ ਕਰਦੇ ਦਿਖਾਇਆ ਗਿਆ ਹੋਵੇਗਾ। ਸ਼ਰਮ ਆਉਂਦੀ ਹੈ ਜਦੋਂ ਕਲਾ ਦੇ ਵਣਜਾਰੇ ਅਖਵਾਉਣ ਵਾਲੇ ਇਹ ਲੋਕ ਸਟੇਜਾਂ 'ਤੇ ਹੱਥਾਂ ਵਿਚ ਮਾਈਕ ਫੜਦੇ ਨੇ ਤੇ ਵੀਡੀਓ ਵਿਚ ਉਨ੍ਹੀਂ ਹੱਥੀਂ ਪਿਸਤੌਲਾਂ ਚੁੱਕੀ ਫਿਰਦੇ ਨੇ। ਰਾਜਨ ਗਿੱਲ ਨਾਂ ਦੇ ਇੱਕ ਗਾਇਕ ਦਾ ਟੀ.ਵੀ. 'ਤੇ ਗੀਤ ਆ ਰਿਹਾ ਹੈ, 'ਚੱਲਦੀਆਂ ਗੋਲੀਆਂ 'ਚ ਨਹੀਂ ਘਬਰਾਈਦਾ, ਪਰਖੇ ਬਗੈਰ ਬੰਦਾ ਹੱਥ ਨਹੀਂ ਮਿਲਾਈਦਾ' ਤੇ ਗੀਤ ਦੇ ਵੀਡੀਓ ਵਿਚ ਏਨੀਆਂ ਗੋਲੀਆਂ ਚੱਲਦੀਆਂ ਦਿਖਾਈਆਂ ਗਈਆਂ ਨੇ ਜਿੰਨੀਆਂ 'ਬਾਰਡਰ' ਫ਼ਿਲਮ ਵਿਚ ਸੰਨੀ ਦਿਓਲ ਨੇ ਵੀ ਨਹੀਂ ਚਲਾਈਆਂ ਹੋਣੀਆਂ। ਵੀਡੀਓ ਵਿਚ ਇੱਕ ਮੁੰਡੇ ਦੀ ਛਾਤੀ 'ਤੇ ਗੋਲੀ ਵੱਜਦੀ ਹੈ ਤੇ ਉਹ ਉਥੇ ਹੀ ਢੇਰ ਹੋ ਜਾਂਦਾ ਹੈ, ਕਿਸੇ ਦੇ ਸਿਰ 'ਚ ਗੋਲੀ ਵੱਜਦੀ ਹੈ ਤੇ ਕਿਸੇ ਦੀ ਲੱਤ 'ਚ। ਇਹ ਫੁਕਰਾਗਰਦੀ ਦਾ ਕੇਹਾ ਨਮੂਨਾ ਹੋਇਆ ਕਿ ਵੀਡੀਓ ਵਿਚ ਪੰਜਾਬੀਆਂ ਨੂੰ ਪੰਜਾਬੀਆਂ ਦੀ ਹੀ ਜਾਨ ਲੈਂਦਿਆਂ ਦਿਖਾਇਆ ਜਾਵੇਗਾ। ਜੇ ਅਸੀਂ ਪੰਜਾਬੀਆਂ ਦੇ ਹਥਿਆਰ ਚੁੱਕਣ ਦੀ ਗੱਲ ਕਰਦੇ ਹਾਂ ਤਾਂ ਜਿਨ੍ਹਾਂ ਦੇ ਗੋਲੀਆਂ ਵੱਜਦੀਆਂ ਨੇ, ਉਹ ਵੀ ਤਾਂ ਪੰਜਾਬੀ ਹੀ ਨੇ।



ਗੁਰਵਿੰਦਰ ਬਰਾੜ


ਸੁਰਜੀਤ ਖਾਨ

ਪੁੱਲਾ ਲੁਬਾਣਾ ਨਾਂ ਦਾ ਇੱਕ ਗਾਇਕ ਹੋਰਨਾਂ ਤੋਂ ਦੋ ਰੱਤੀਆਂ ਉਪਰ ਹੀ ਹੈ। ਉਸ ਮਾਈ ਦੇ ਲਾਲ ਨੇ ਵਿੱਦਿਆ ਦੇ ਮੰਦਰ ਨੂੰ ਜੰਗ ਦੇ ਮੈਦਾਨ ਵਿਚ ਤਬਦੀਲ ਕਰਨ ਦਾ ਹੋਕਾ ਦੇ ਛੱਡਿਆ ਹੈ। ਉਹ ਏਨਾ ਜ਼ਿਆਦਾ ਗ਼ੈਰਤਮੰਦ ਹੈ ਕਿ ਇੱਕ ਕੁੜੀ ਪਿੱਛੇ ਸਿੱਖਿਆ ਦੇ ਘਰ ਦੀ ਮਾਣ ਮਰਿਆਦਾ ਪਲੀਤ ਕਰਨ ਦੀ ਗੱਲ ਕਰਦਾ ਹੈ। ਉਸ ਨੂੰ ਸਿਰਫ਼ ਏਨਾ ਪਤਾ ਹੈ ਕਿ ਜੇ ਉਸ ਦੀ ਸਹੇਲੀ ਵੱਲ ਕਿਸੇ ਨੇ ਅੱਖ ਕੀਤੀ ਤਾਂ ਉਹ ਤੋਪਾਂ ਨੂੰ ਕਾਲਜ ਦੇ ਮੁੱਖ ਗੇਟ 'ਤੇ ਫਿੱਟ ਕਰ ਲਵੇਗਾ, ਬੰਦੂਕਧਾਰੀ ਗੁੰਡਿਆਂ ਦੀਆਂ ਟੋਲੀਆਂ ਲੈ ਆਵੇਗਾ ਤੇ ਇਹੋ ਜਿਹੀ ਫਾਇਰਿੰਗ ਕਰੇਗਾ, ਜਿਹੋ ਜਿਹੀ ਕਾਰਗਿਲ ਦੀ ਜੰਗ ਵੇਲੇ ਵੀ ਨਹੀਂ ਹੋਈ ਹੋਣੀ। ਉਸ ਨੇ ਗੀਤ ਗਾਇਆ ਹੈ, 'ਤੇਰੇ ਕਾਲਜ ਦੇ ਗੇਟ ਮੂਹਰੇ ਬਣਜੂਗਾ ਜੰਗ ਦਾ ਮੈਦਾਨ ਨੀਂ।' ਸਾਨੂੰ ਤਾਂ ਹੁਣ ਸਮਝ ਆਉਣ ਲੱਗੀ ਹੈ ਕਿ ਪੰਜਾਬ ਦੇ ਗਾਉਣ ਵਾਲਿਆਂ ਦੀ ਦਿਨੋ-ਦਿਨ ਕਦਰ ਘਟਾਈ ਕਿਉਂ ਹੋ ਰਹੀ ਹੈ। ਜਿਹੋ ਜਿਹੇ ਸੰਦੇਸ਼ ਇਹ ਆਪਣੇ ਗੀਤਾਂ ਜ਼ਰੀਏ ਦਿੰਦੇ ਨੇ, ਉਸ ਹਿਸਾਬ ਨਾਲ ਇਨ੍ਹਾਂ ਨੂੰ ਕਿਹੜੇ ਮੈਡਲ ਮਿਲਣੇ ਚਾਹੀਦੇ ਨੇ, ਇਸ ਗੱਲ ਦਾ ਅੰਦਾਜ਼ਾ ਇਨ੍ਹਾਂ ਨੂੰ ਖ਼ੁਦ ਨੂੰ ਵੀ ਹੋਣਾ ਚਾਹੀਦਾ ਏ।

ਏਕੇ ਤੇ ਭਾਈਚਾਰੇ ਦੀ ਗੱਲ ਕਰਨ ਦੀ ਥਾਂ ਜਦੋਂ ਪੰਜਾਬੀ ਗਾਇਕ ਇਹ ਗਾ ਰਹੇ ਹੋਣ, 'ਅੱਜ ਬੰਦਾ ਮਾਰਨ ਨੂੰ ਜੀਅ ਕਰਦਾ', 'ਤੀਜਾ ਕੰਮ ਕਰ ਦੇਈਏ ਰੱਬ ਨੂੰ ਪਿਆਰਾ ਬੰਦਾ ਵੱਢ ਦੇਈਦਾ', 'ਬੰਦਾ ਵੱਢ ਕੇ ਥਾਣੇ ਦੇ ਵਿਚ ਆ ਗਿਆ ਨੀਂ ਜੱਟ ਬਰਨਾਲੇ ਦਾ' ਤਾਂ ਭਲਾ ਸੋਚੋ ਕੁਦਰਤ ਦੀ ਇਨ੍ਹਾਂ 'ਤੇ ਸਵੱਲੀ ਨਜ਼ਰ ਕਿਵੇਂ ਹੋ ਸਕਦੀ ਹੈ?

ਸਾਡੇ ਗੀਤਕਾਰਾਂ ਦੀ ਕਲਾ ਵੀ ਵੇਖੋ ਕਿ ਜਿਸ ਨੇ ਕੁੱਤੇ ਦੇ ਸੋਟੀ ਨਹੀਂ ਮਾਰੀ ਹੁੰਦੀ, ਉਹ ਗੀਤ ਲਿਖਣ ਵੇਲੇ ਗੋਲੀਆਂ ਚਲਾਉਣ ਵਾਲਿਆਂ ਦੇ ਤਕੜੇ ਜ਼ੇਰਿਆਂ ਦੀ ਗੱਲ ਕਰਦਾ ਹੈ ਤੇ ਅੱਗੋਂ ਘੋਗਲਮੱਤੇ ਗਾਇਕ ਬਿਨਾਂ ਕੋਈ ਅਰਥ ਦੇਖਿਆਂ ਉਸ ਗੀਤ ਨੂੰ ਇਉਂ ਗਾ ਛੱਡਦੇ ਨੇ, ਜਿਵੇਂ ਸਿਰਫ਼ ਇਸ ਗੀਤ ਬਿਨਾਂ ਉਨ੍ਹਾਂ ਦਾ ਤੋਰੀ-ਫੁਲਕਾ ਰੁਕਿਆ ਪਿਆ ਸੀ।

ਹਥਿਆਰਾਂ ਵਾਲੇ ਗੀਤ ਗਾਉਣ ਬਾਰੇ ਗਾਇਕਾਂ ਦੇ ਇੱਕ ਵੱਡੇ ਤਬਕੇ ਦਾ ਕਹਿਣਾ ਹੈ ਕਿ ਨੌਜਵਾਨ ਤਬਕਾ, ਖ਼ਾਸ ਕਰਕੇ ਕਾਲਜੀਏਟ ਮੁੰਡੇ-ਖੁੰਡੇ ਵੱਢ-ਟੁੱਕ ਵਾਲੇ ਗੀਤ ਜ਼ਿਆਦਾ ਪਸੰਦ ਕਰਦੇ ਨੇ। ਪਰ ਆਪਣੇ ਮੁਫ਼ਾਦ ਲਈ ਕਿਸੇ ਦੇ ਦਿਮਾਗ਼ ਵਿਚ ਹਿੰਸਾ ਦਾ ਬੀਜ ਬੀਜ ਦੇਣਾ ਤੇ ਅੱਗਿਓਂ ਕਹਿਣਾ ਕਿ ਅੱਜ-ਕੱਲ੍ਹ ਚੱਲਦਾ ਹੀ ਇਹ ਸਭ ਹੈ, ਇਹ ਤਾਂ 'ਨਾਲੇ ਚੋਰੀ ਤੇ ਨਾਲੇ ਸੀਨਾਜ਼ੋਰੀ' ਵਾਲੀ ਗੱਲ ਹੋਈ।

ਸਾਡੀ ਗਾਇਕਾਂ ਤੇ ਗੀਤਕਾਰਾਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਉਹ ਨਿੱਕੀ-ਨਿੱਕੀ ਗੱਲ 'ਤੇ ਵੈਰੀਆਂ ਦੇ ਨਿਸ਼ਾਨੇ ਲਾਉਣ ਦੀ ਰਾਇ ਦੇਣ ਦੀ ਥਾਂ ਆਪਣੀ ਅਕਲ 'ਤੇ ਮਾਂਜੇ ਲਾਉਣ। ਜੇ ਘੁਣ ਲੱਗੀ ਮੱਤ ਨੂੰ ਥੋੜ੍ਹਾ-ਬਹੁਤ ਵਰਤਣ ਦੀ ਖੇਚਲ ਕੀਤੀ ਜਾਵੇਗੀ ਤਾਂ ਹੀ ਕਿਸੇ ਦਾ ਭਲਾ ਹੋ ਸਕੇਗਾ। ਨੌਜਵਾਨ ਪੀੜ੍ਹੀ ਵਿਚੋਂ ਸਹਿਨਸ਼ੀਲਤਾ ਵੈਸੇ ਹੀ ਘਟਦੀ ਜਾ ਰਹੀ ਹੈ, ਨਸ਼ਿਆਂ ਨੇ ਸਾਡੇ ਮੁਲਕ ਨੂੰ ਕੰਗਾਲ ਕਰ ਛੱਡਿਆ ਹੈ, ਹਥਿਆਰਾਂ ਨੇ ਹਜ਼ਾਰਾਂ ਘਰ ਬਰਬਾਦ ਕਰ ਛੱਡੇ ਨੇ ਤੇ ਜੇ ਅਸੀਂ ਇਨ੍ਹਾਂ ਅਲਾਮਤਾਂ ਖਿਲਾਫ਼ ਆਵਾਜ਼ ਉਠਾਉਣ ਦੀ ਥਾਂ ਇਨ੍ਹਾਂ ਦੇ ਹੱਕ ਵਿਚ ਭੁਗਤਾਂਗੇ ਤਾਂ ਸਾਨੂੰ ਪਿਆਰ ਦੇ ਗੱਫੇ ਨਹੀਂ, ਸਗੋਂ ਨਫ਼ਰਤ ਦੇ ਧੱਫੇ ਹੀ ਮਿਲਣਗੇ।

*ਫੋਨ:98141-78883

## ਰੌਲਾ ਵਿਰਸੇ ਵਿਰਾਸਤ ਦਾ

ਕਾਨਵੈਂਟ ਸਕੂਲਾਂ ਦੇ ਰੌਲਿਆਂ ਵਿਚ
ਪੰਜਾਬੀ ਬੋਲਣੀ ਪੰਜਾਬੀਆਂ ਨੂੰ ਭੁੱਲ ਗਈ ਏ।
ਅੰਗਰੇਜ਼ੀ ਬੋਲਿਆਂ ਆਖਦੇ ਟੌਹਰ ਬਣਦਾ,
ਪੰਜਾਬੀ ਅਨਪੜ੍ਹਾਂ ਦੇ ਹੋ ਤੁਲ ਗਈ ਏ।
ਕਮੀਜ਼-ਪਜਾਮਿਆਂ ਵਾਂਗ ਪੱਗਾਂ ਰੁਲੀਆਂ,
ਸੂਟ-ਸਲਵਾਰਾਂ ਵਾਂਗ ਚੁੰਨੀ ਰੁਲ ਗਈ ਏ।
ਰੋਟੀ ਦਾਲ ਨੂੰ ਤਿਆਗ ਕੇ ਨਵੀਂ ਪੀੜ੍ਹੀ,
ਬਰਗਰ-ਪੀਜ਼ਿਆਂ ਉਤੇ ਡੁੱਲ੍ਹ ਗਈ ਏ।
ਗਾਉਂਦੇ ਪੌਪ ਟਪੂਸੀਆਂ ਮਾਰਦੇ ਨੇ,
ਹੇਕ ਲਾਉਣੀ ਗਾਇਕਾਂ ਨੂੰ ਭੁੱਲ ਗਈ ਏ,
ਵਿਰਸੇ ਵਿਰਾਸਤ ਦਾ ਰੌਲਾ ਉਹੀ ਪਾਉਂਦੇ,
ਪੱਗ ਵੀ ਬੰਨ੍ਹਣੀ ਜਿਨ੍ਹਾਂ ਨੂੰ ਭੁੱਲ ਗਈ ਏ।

-ਜਸਵੰਤ ਸਿੰਘ ਸ਼ਾਦ

# ਬੜੇ ਭਲੇ ਸਨ ਪ੍ਰਾਹੁਣਚਾਰੀਆਂ ਦੇ ਉਹ ਦਿਨ

ਸ਼ੁਰੂ ਕਰਨਾ ਮੁਨਾਸਬ ਸਮਝਿਆ।

ਉਨ੍ਹਾਂ ਵੇਲਿਆਂ ਦੀ ਪ੍ਰਾਹੁਣਚਾਰੀ ਦੇ ਵੀ ਕੀ ਕਹਿਣੇ। ਪ੍ਰਾਹੁਣੇ ਨੂੰ ਦੇਖ ਕੇ ਸਾਰਾ ਪਰਿਵਾਰ ਬਾਗੋ ਬਾਗ ਹੋ ਜਾਂਦਾ। ਸਾਡੇ ਪਿੰਡ ਦੇ ਨੇੜੇ ਹੀ ਪਸ਼ੂਆਂ ਦੀ ਮੰਡੀ ਸਾਲ ਵਿਚ ਦੋ ਵਾਰ ਲੱਗਦੀ। ਸਾਡੇ ਰਿਸ਼ਤੇਦਾਰ ਜਾਂ ਉਨ੍ਹਾਂ ਨੂੰ ਜਾਨਣ ਵਾਲੇ ਸਾਡੇ ਪ੍ਰਾਹੁਣੇ ਹੁੰਦੇ। ਉਨ੍ਹਾਂ ਨਾਲ ਪਸ਼ੂ ਵੀ ਹੁੰਦੇ ਅਤੇ ਉਹ ਵੀ ਸਾਡੇ ਪ੍ਰਾਹੁਣੇ ਹੁੰਦੇ। ਸਾਡੇ ਆਪਣੇ ਪਸ਼ੂਆਂ ਨੂੰ ਉਨ੍ਹਾਂ ਨਾਲ ਈਰਖਾ ਹੁੰਦੀ ਸੋ ਮਹਿਮਾਨ ਜਾਨਵਰਾਂ ਦਾ ਅਲੱਗ ਇੰਤਜ਼ਾਮ ਕੀਤਾ ਜਾਂਦਾ। ਇਸ ਆਓ ਭਗਤ ਦਾ ਕਦੇ ਬੋਝ ਨਹੀਂ ਸੀ ਸਮਝਿਆ ਜਾਂਦਾ ਸਗੋਂ ਚਾਅ ਹੀ ਚਾਅ ਹੁੰਦਾ।

ਵਿਆਹ ਸ਼ਾਦੀਆਂ ਦਾ ਤਾਂ ਆਪਣਾ ਹੀ ਰੰਗ ਸੀ। ਕਈ ਕਈ ਦਿਨ ਪਹਿਲਾਂ ਹੀ ਸਾਰੇ ਘਰਾਂ 'ਚੋਂ ਉਨ੍ਹਾਂ ਦੀ ਵਿਤ ਅਨੁਸਾਰ ਦੁੱਧ ਆਉਣਾ ਸ਼ੁਰੂ ਹੋ ਜਾਂਦਾ। ਹਰ ਰੋਜ਼ ਹਲਵਾਈ ਮਠਿਆਈ ਬਣਾਉਂਦੇ ਕਦੀ ਕੋਈ ਕਦੀ ਕੋਈ। ਲੱਡੂ ਵੱਟਣ ਲਈ ਆਂਢ-ਗਵਾਂਢ ਤੋਂ ਬੰਦੇ ਆ ਜਾਂਦੇ। ਪ੍ਰਾਹੁਣਿਆਂ ਲਈ ਮੰਜੇ-ਬਿਸਤਰੇ ਇਕੱਠੇ ਕੀਤੇ ਜਾਂਦੇ। ਮੁੰਡਿਆਂ ਨੂੰ ਮੰਜੇ-ਬਿਸਤਰੇ ਇਕੱਠੇ ਕਰਨ ਦਾ ਚਾਅ ਚੜ੍ਹਿਆ ਹੁੰਦਾ। ਵਿਆਹ ਵਾਲੇ ਘਰ ਦੇ ਮਹਿਮਾਨ ਆਂਢ-ਗਵਾਂਢ ਤੇ ਸ਼ਰੀਕੇ ਵਾਲਿਆਂ ਦੇ ਵੀ ਮਹਿਮਾਨ ਹੁੰਦੇ। ਬਹੁਤ ਘੱਟ ਖਰਚ ਹੁੰਦੇ ਸਨ ਵਿਆਹਾਂ 'ਤੇ। ਅੱਜ ਕੱਲ੍ਹ ਤਾਂ ਅੱਡੀਆਂ ਚੁੱਕ ਕੇ ਖਰਚ ਕਰਨ ਦਾ ਫਾਹਾ ਲਿਆ ਜਾਂਦਾ ਹੈ ਅਤੇ ਫਿਰ ਸੱਚੀ ਮੁੱਚੀ ਦਾ ਫਾਹਾ ਲਿਆ ਜਾਂਦਾ ਹੈ। ਮੇਲ ਦੇ ਆਉਣ 'ਤੇ ਕੁੜੀਆਂ-ਚਿੜੀਆਂ ਤੇ ਬੁੜੀਆਂ ਗੀਤ ਗਾਉਣ ਬਹਿੰਦੀਆਂ, ਗਿੱਧਾ ਪੈਂਦਾ ਤੇ ਇਕ ਦੂਜੇ ਤੋਂ ਵੱਧ ਸਵੱਧ ਬੋਲੀਆਂ ਪੈਂਦੀਆਂ। ਇਕ ਤਰ੍ਹਾਂ ਦਾ ਬੋਲੀਆਂ ਦਾ ਮੁਕਾਬਲਾ ਹੀ ਹੁੰਦਾ। ਨਾਨਕੀਆਂ-ਦਾਦਕੀਆਂ ਦਾ ਸਿੱਠਣੀਆਂ ਦਾ ਵੱਡਾ ਮੁਕਾਬਲਾ ਹੁੰਦਾ। ਮੇਲ ਦੇ ਵਾਪਸ ਜਾਣ ਵੇਲੇ ਹੋਰ ਵੀ ਦਿਲਚਸਪ ਨਜ਼ਾਰਾ ਹੁੰਦਾ। ਇਕ ਗੀਤ ਜ਼ਰੂਰ ਗਾਇਆ ਜਾਂਦਾ:

ਆਉਂਦੀ ਕੁੜੀਏ ਜਾਂਦੀ ਕੁੜੀਏ
ਚੁੱਕ ਲਿਆ ਬਾਜ਼ਾਰ ਵਿਚੋਂ ਪੇੜਾ
ਅਸੀਂ ਕਿਹੜਾ ਨਿੱਤ ਆਉਣਾ
ਸਾਡਾ ਲੱਗਦਾ ਸਬੱਬ ਨਾਲ ਗੇੜਾ
ਸਾਡਾ ਲੱਗਦਾ ਸਬੱਬ ਨਾਲ ਗੇੜਾ।

ਉਹੀ ਮੇਲਣਾਂ ਸਾਲ ਦੋ ਸਾਲ ਬਾਅਦ ਫਿਰ ਆ ਜਾਂਦੀਆਂ। ਮੈਨੂੰ ਬਹੁਤ ਚੰਗਾ ਲੱਗਦਾ। ਯਾਦਾਂ ਦੀ ਪਟਾਰੀ ਬਹੁਤ ਲੰਮੀ ਹੈ। ਛੜਿਆਂ ਨਾਲ ਸਬੰਧਤ ਯਾਦਾਂ ਵੀ ਦਿਲਚਸਪ ਹਨ। ਇਕ ਅਜਿਹੀ ਯਾਦ ਦਾ ਜ਼ਿਕਰ ਕੀਤੇ ਬਿਨਾ ਮੈਥੋਂ ਰਿਹਾ ਨਹੀਂ ਜਾਂਦਾ। ਵੱਡੀ ਕਲਾਂ ਸਾਡੇ ਪਿੰਡ ਦੇ ਨਜ਼ਦੀਕ ਦਾ ਹੀ ਪਿੰਡ ਹੈ। ਉਸ ਪਿੰਡ ਵੱਲ ਜਾਂਦਿਆਂ ਸਭ ਤੋਂ ਪਹਿਲਾ ਟਿਊਬਵੈਲ ਸ. ਮੋਗਾ ਸਿੰਘ ਨੇ ਲਵਾਇਆ। ਇਕ ਰਾਹੀ ਖੂਹ ਦਾ ਰੌਣਕ ਮੇਲਾ ਦੇਖ ਕੇ ਕਹਿਣ ਲੱਗਾ, "ਬੂਟਾ ਸਿੰਘ ਕਿਹੜਾ ਹੈ?" ਇਕ ਛੜਾ ਬੋਲਿਆ, "ਮੈਂ ਹੀ ਬੂਟਾ ਸਿੰਘ ਹਾਂ।" ਅੱਗੋਂ ਰਾਹੀ ਨੇ ਮੋੜ ਕੀਤਾ, "ਉਹ ਸਰਦਾਰ ਤਾਂ ਕਾਫ਼ੀ ਭਾਰਾ ਸੁਣੀਦੈ।"

"ਮੈਨੂੰ ਮਲੇਰੀਏ ਨੇ ਪਤਲਾ ਕਰ ਦਿੱਤੈ, ਹਾਂ ਤਾਂ ਮੈਂ ਬੂਟਾ ਸਿੰਘ ਹੀ," ਛੜੇ ਦਾ ਜਵਾਬ ਸੀ। ਬਾਕੀ ਖੜ੍ਹੇ ਲੋਕ ਖਿੜਖਿੜਾ ਕੇ ਹੱਸ ਪਏ। ਛੜੇ ਦੇ ਸਾਰਿਆਂ ਤੋਂ ਵੱਡੇ ਭਰਾ ਦੀ ਮੌਤ ਹੋ ਗਈ। ਉਸ ਦੀ ਘਰ ਵਾਲੀ ਨੇ ਦੋ ਨੰਬਰ ਦੇ ਛੜੇ ਭਰਾ ਨਾਲ ਵਿਆਹ ਕਰ ਲਿਆ। ਇਸ ਬੰਦੇ ਨੂੰ ਵੀ ਖਾਂਸੀ ਰਹਿੰਦੀ ਸੀ ਤੇ ਉਹ ਵੀ ਦੁਨੀਆਂ ਨੂੰ ਅਲਵਿਦਾ ਕਹਿ ਗਿਆ। ਉਸ ਦੀ ਚਿਤਾ ਜਲ ਰਹੀ ਸੀ, ਉਸ ਵੇਲੇ ਵੀ ਇਹ ਛੜਾ ਆਪਣੀ ਆਦਤ ਤੋਂ ਬਾਜ਼ ਨਾ ਆਇਆ, ਬੋਲਿਆ, "ਭਾਬੀ ਕਿੱਡੀ ਕਮਲੀ ਸੀ, ਖੰਘ ਦੇ ਖਾਧੇ ਨਾਲ ਵਿਆਹ ਕੀਤਾ। ਉਸ ਨੇ ਤਾਂ ਮਰਨਾ ਹੀ ਸੀ, ਮੇਰੇ ਨਾਲ ਕਰਾਉਂਦੀ ਚੰਗੀ ਰਹਿੰਦੀ। ਮੈਂ ਨਾ ਮਰਾਂ ਪੱਥਰਾਂ ਦਾ ਮਾਰਿਆ।" ਮੇਰੇ ਦੇਖਦਿਆਂ ਉਹ ਔਰਤ ਵਿਚਾਰੀ ਤਾਂ ਫੌਤ ਹੋ ਗਈ ਪਰ ਇਹ ਛੜਾ ਦੋ ਸਾਲ ਪਹਿਲਾਂ ਹੀ 95 ਸਾਲ ਦੀ ਉਮਰ ਭੋਗ ਕੇ ਪੂਰਾ ਹੋਇਆ। ਕਿੰਨਾ ਠੀਕ ਅੰਦਾਜ਼ਾ ਸੀ ਉਸ ਨੂੰ ਆਪਣੀ ਉਮਰ ਦਾ।

**ਬ੍ਰਿਜਿੰਦਰ ਸਿੰਘ ਸਿੱਧੂ**
**ਫੋਨ:925-683-1982**

# ਲੋਕਾਈ ਦੀ ਆਵਾਜ਼:ਹਾਵਰਡ ਜ਼ਿਨ੍ਹ

ਸ਼ਰਧਾਂਜਲੀ

ਡਾ. ਤੇਜਿੰਦਰ

**ਹਾਵਰਡ ਜ਼ਿਨ੍ਹ ਅਮਰੀਕਾ ਦੇ ਉਨ੍ਹਾਂ ਬੁੱਧੀਜੀਵੀਆਂ ਵਿਚੋਂ ਇਕ ਹੈ ਜਿਸ ਨੇ ਅਮਰੀਕੀ ਚਿੰਤਨ ਨੂੰ ਇਕ ਨਵੀਂ ਦਿਸ਼ਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਉਸ ਦਾ ਨਾਂ ਬਰਟਰਨਡ ਰੱਸਲ ਅਤੇ ਜੀਨ ਪਾਲ ਸਾਰਤਰ ਦੇ ਬਰਾਬਰ ਲਿਆ ਜਾਂਦਾ ਹੈ। ਹਾਵਰਡ ਜ਼ਿਨ੍ਹ ਨੇ ਆਪਣੀ ਸਾਰੀ ਉਮਰ ਲੋਕਤੰਤਰ ਨੂੰ ਅਮਲੀ ਅਰਥਾਂ ਵਿਚ ਲਾਗੂ ਕਰਨ 'ਤੇ ਲਾ ਦਿਤੀ। ਉਸਦੇ ਸ਼ਬਦਾਂ ਵਿਚ ਲੋਕਤੰਤਰ ਵੋਟਾਂ ਗਿਣਨ ਦਾ ਨਾਮ ਨਹੀਂ ਹੈ ਸਗੋਂ ਮੁਜ਼ਾਹਰਿਆਂ ਅਤੇ ਪ੍ਰਦਰਸ਼ਨਾਂ ਦੀ ਗਿਣਤੀ ਸੀ। ਕੁਝ ਹਫਤੇ ਪਹਿਲਾਂ ਹਾਵਰਡ ਜ਼ਿਨ੍ਹ ਦਾ ਦੇਹਾਂਤ ਹੋ ਗਿਆ। ਇਹ ਲੇਖ ਅਸੀਂ ਜ਼ਿਨ੍ਹ ਨੂੰ ਇਕ ਸ਼ਰਧਾਂਜਲੀ ਵਜੋਂ ਛਾਪ ਰਹੇ ਹਾਂ। -ਸੰਪਾਦਕ**

"ਮੈਂ ਨਿਰਪਖ ਰਹਿਣ ਵਿਚ ਯਕੀਨ ਨਹੀਂ ਰਖਦਾ ਕਿਉਂਕਿ ਤੁਸੀਂ ਇਸ ਤਰ੍ਹਾਂ ਕਰ ਹੀ ਨਹੀਂ ਸਕਦੇ। ਘਟਨਾਵਾਂ ਪਹਿਲਾਂ ਹੀ ਦੁਨੀਆਂ ਨੂੰ ਇਕ ਖਤਰਨਾਕ ਦਿਸ਼ਾ ਵਲ ਖਿਚ ਰਹੀਆਂ ਹਨ ਅਤੇ ਨਿਰਪਖ ਰਹਿਣ ਦਾ ਮਤਲਬ ਹੈ ਤੁਸੀਂ ਉਨ੍ਹਾਂ ਨਾਲ ਸਹਿਮਤ ਹੋ। ਤੁਸੀਂ ਇਸ ਵਿਚ ਚਾਹੇ ਨਿਰਪਖ ਜਾਂ ਉਦਾਸੀਨ ਰਹਿਣ ਦਾ ਢੋਂਗ ਕਰੋ ਪਰ ਹਾਲਾਤ ਤੁਹਾਨੂੰ ਇਸ ਤਰ੍ਹਾਂ ਨਹੀਂ ਕਰਨ ਦੇਣਗੇ ਤੇ ਆਪਣੇ ਨਾਲ ਤੁਰਨ ਤੇ ਮਜਬੂਰ ਕਰਨਗੇ। ਸੋ ਮੈਂ ਇਕ ਅਧਿਆਪਕ ਹੋਣ ਦੇ ਨਾਤੇ ਚੁਪ-ਚੁਪੀਤੇ ਇਨ੍ਹਾਂ ਹਾਲਾਤਾਂ ਨਾਲ ਨਹੀਂ ਤੁਰ ਸਕਦਾ। ਇਕ ਅਧਿਆਪਕ ਤੇ ਵਿਦਿਆਰਥੀ ਹੋਣ ਦੇ ਨਾਤੇ, ਮੈਂ ਇਹ ਸਮਝਣ ਤੇ ਦੇਖਣ ਦੀ ਕੋਸ਼ਿਸ਼ ਕਰਾਂਗਾ ਕਿ ਦੁਨੀਆਂ ਵਿਚ ਕੀ ਅਤੇ ਕਿਉਂ ਵਾਪਰ ਰਿਹਾ ਹੈ। ਉਸ ਉਪਰ ਮੈਂ ਆਪਣੀ ਪ੍ਰਤੀਕਿਰਿਆ ਪ੍ਰਗਟ ਕਰਾਂਗਾ।

ਹਾਵਰਡ ਜ਼ਿੰਨ੍ਹ ਆਪਣੀ ਜ਼ਿੰਦਗੀ ਦੇ ਲਗਪਗ 50 ਸਾਲ ਇਸ ਪ੍ਰਤੀਬਧਤਾ ਤੇ ਪਹਿਰਾ ਦਿੰਦਾ ਹੋਇਆ, ਆਪਣੇ ਵਿਚਾਰਾਂ ਨਾਲ ਤੇ ਆਪਣੀਆਂ ਸਰਗਰਮ ਕਾਰਵਾਈਆਂ ਨਾਲ ਦੁਨੀਆਂ ਵਿਚ ਵਾਪਰਦੇ ਅਣਮਨੁਖੀ ਵਰਤਾਰਿਆਂ ਨੂੰ ਅਣਥੱਕ ਚੈਲੇਂਜ ਕਰਦਾ ਰਿਹਾ। ਸੰਸਾਰ ਦੇ ਉਘੇ ਚਿੰਤਕ ਨੌਅਮ ਚੌਮਸਕੀ ਨੇ ਉਸਦੀ ਮੌਤ



*60ਵਿਆਂ ਦੇ ਅਖੀਰ ਵਿਚ ਵੀਅਤਨਾਮ ਲੜਾਈ ਵਿਰੁਧ ਗ੍ਰਿਫਤਾਰੀ ਦਿੰਦਾ ਹੋਇਆ ਹਾਵਰਡ ਜ਼ਿਨ੍ਹ*

ਤੇ ਸ਼ਰਧਾਂਜਲੀ ਦਿੰਦੇ ਹੋਏ ਕਿਹਾ ਕਿ "ਉਸਨੇ ਆਪਣੇ ਵਿਚਾਰਾਂ ਨਾਲ ਅਮਰੀਕੀ ਚੇਤੰਨਤਾ ਨੂੰ ਬਹੁਤ ਹੀ ਉਸਾਰੂ ਢੰਗ ਨਾਲ ਬਦਲ ਦਿਤਾ। ਮੈਂ ਇਹ ਸੋਚ ਵੀ ਨਹੀਂ ਸਕਦਾ ਕਿ ਉਸਦੀ ਤੁਲਨਾ ਕਿਸੇ ਵੀ ਹੋਰ ਨਾਲ ਕੀਤੀ ਜਾ ਸਕਦੀ ਹੈ। ਉਸ 'ਤੇ ਅਮਰੀਕਨ ਬੁਧੀਜੀਵੀ ਅਤੇ ਨੈਤਿਕ ਸਭਿਆਚਾਰ ਵਿਚ ਬਹੁਤ ਹੈਰਾਨੀ ਵਾਲਾ ਯੋਗਦਾਨ ਪਾਇਆ ਹੈ।"

ਭਾਵੇਂ ਉਹ ਬਹੁਤ ਮਹਾਨ ਇਤਿਹਾਸਕਾਰ ਸੀ ਪਰ ਉਸਨੂੰ ਅਕਾਦਮੀ ਦੇ ਬੰਦ ਸਰਕਲ ਵਿਚ ਰਹਿਣਾ ਪਸੰਦ ਨਹੀਂ ਸੀ। ਉਹ ਇਕ ਅਧਿਆਪਕ ਸੀ, ਲੇਖਕ ਸੀ, ਇਸ ਤੋਂ ਵੀ ਵਧ ਕੇ ਉਹ ਇਕ ਚੇਤੰਨ ਰਾਜਨੀਤਕ ਕਾਰਜਕਰਤਾ ਸੀ। ਉਸਦਾ ਜਨਮ 24 ਅਗਸਤ 1922 ਨੂੰ ਇਕ ਬਹੁਤ ਗਰੀਬ ਮਿਹਨਤਕਸ਼ ਯਹੂਦੀ ਪਰਿਵਾਰ ਵਿਚ ਨਿਊ ਯਾਰਕ ਵਿਖੇ ਹੋਇਆ। ਉਸਦਾ ਪਿਤਾ ਇਕ ਵੇਟਰ ਦਾ ਕੰਮ ਕਰਦਾ ਸੀ। ਉਹ ਚਾਰ ਭਰਾ ਸਨ। 1994 ਵਿਚ ਉਸਦੀ ਜ਼ਿੰਦਗੀ ਉਪਰ ਬਣੀ ਡਾਕੂਮੈਂਟਰੀ ਫਿਲਮ 'You cannot be natural in moving Train' ਵਿਚ ਉਹ ਆਪਣੀ ਜ਼ਿੰਦਗੀ ਦੇ ਸ਼ੁਰੂਆਤੀ ਦੌਰ ਬਾਰੇ ਦਸਦਾ ਕਹਿੰਦਾ ਹੈ ਕਿ, "ਸਾਡੇ ਘਰ ਵਿਚ ਕਿਤਾਬ ਦਾ ਨਾਮਨਿਸ਼ਾਨ ਨਹੀਂ ਸੀ। ਉਸਨੂੰ ਪਹਿਲੀ ਕਿਤਾਬ ਉਸਦੀ ਗਲੀ ਵਿਚੋਂ ਚਾਰਲਸ ਡਿਕਨਸ ਦੀ ਮਿਲੀ, ਉਸਤੋਂ ਬਾਅਦ ਉਸਨੇ ਚਾਰਲਸ ਡਿਕਨਜ ਦੀਆਂ ਸਾਰੀਆਂ ਲਿਖਤਾਂ ਲਾਈਬ੍ਰੇਰੀ ਤੋਂ ਲੈ ਕੇ ਪੜ੍ਹੀਆਂ ਤੇ ਇਸ ਤਰ੍ਹਾਂ ਉਸਨੂੰ ਗਰੀਬੀ, ਅਮੀਰੀ ਤੇ ਸਮਾਜ ਵਿਚ ਵਾਪਰਦੇ ਵਿਤਕਰੇ ਬਾਰੇ ਜਾਣਕਾਰੀ ਮਿਲੀ ਕਿ ਇਹ ਸਿਰਫ ਅਮਰੀਕਾ ਵਿਚ ਹੀ ਨਹੀਂ ਸਗੋਂ ਪੂਰੀ ਦੁਨੀਆਂ ਦਾ ਵਰਤਾਰਾ ਹੈ। 17 ਸਾਲਾਂ ਦੀ ਉਮਰ ਵਿਚ ਉਸ ਨੇ ਟਾਈਮਜ਼ ਚੌਕ (ਟਾਈਮਜ਼ ਸਕੇਅਰ) ਉਪਰ ਪਹਿਲੀ ਵਾਰ ਇਕ ਕਮਿਊਨਿਸਟ ਰੈਲੀ ਵਿਚ ਹਿੱਸਾ ਲਿਆ। ਇਸ ਸ਼ਾਂਤਮਈ ਰੈਲੀ ਵਿਚ ਪੁਲਿਸ ਨੇ ਬਹੁਤ ਬੇਰਹਿਮੀ ਨਾਲ ਲਾਠੀਚਾਰਜ ਕੀਤਾ। ਇਹ ਉਸ ਲਈ ਤਾਕਤ ਦੇ ਨੰਗੇ-ਚਿਟੇ ਰੂਪ ਵਿਚ ਦਰਸ਼ਨ ਸਨ ਅਤੇ ਇਹ ਉਸ ਲਈ ਬਹੁਤ ਹੀ ਦਿਲ ਕੰਬਾਊ ਸਿਖਿਆ ਸੀ।


ਉਸ ਨੇ ਆਪਣੀ ਪਹਿਲੀ ਨੌਕਰੀ 'Brooklyn Navy Yard' ਵਿਚ ਕੀਤੀ। ਫੇਰ ਉਹ 1943 ਵਿਚ ਹਵਾਈ ਸੈਨਾ ਵਿਚ ਭਰਤੀ ਹੋ ਗਿਆ। ਦੂਸਰੀ ਸੰਸਾਰ ਜੰਗ ਵਿਚ ਉਸਨੇ ਫਰਾਂਸ, ਜਰਮਨੀ ਤੇ ਯੂਰਪ ਦੇ ਹੋਰਾਂ ਦੇਸ਼ਾਂ ਦੇ ਫੌਜੀ ਤੇ ਸ਼ਹਿਰੀ ਵਸੋਂ ਵਾਲੇ ਖੇਤਰਾਂ ਉਪਰ ਬੰਬ ਸੁਟੇ। ਬਾਅਦ ਵਿਚ ਉਸ ਨੇ ਆਪਣੀ ਇਕ ਇੰਟਰਵਿਊ ਵਿਚ ਕਿਹਾ, "ਜਦੋਂ ਮੈਂ ਜੌਨ ਹਿਅਰਸੇ ਦੀ ਹੀਰੋਸ਼ੀਮਾ ਰਿਪੋਰਟ ਪੜ੍ਹੀ ਅਤੇ ਫਰਾਂਸ ਦੇ ਸ਼ਹਿਰ ਰੌਅਨ ਦਾ ਦੌਰਾ ਕੀਤਾ, ਜਿਸ ਉਤੇ ਮੈਂ ਬੰਬਾਰੀ ਕੀਤੀ ਸੀ ਤਾਂ ਮੈਨੂੰ ਅਹਿਸਾਸ ਹੋਇਆ ਕਿ ਜਦੋਂ ਤੁਸੀਂ ਹਜ਼ਾਰਾਂ ਫੁਟ ਦੀ ਉਚਾਈ ਤੋਂ ਨਾਪੈਮ 'Napalm' ਬੰਬ ਸੁਟਦੇ ਹੋ ਤਾਂ ਤੁਹਾਨੂੰ ਨਾ ਤਾਂ ਖੂਨ ਦਿਖਾਈ ਦਿੰਦਾ ਹੈ ਤੇ ਨਾ ਹੀ ਕੋਈ ਦਰਦਨਾਕ ਦ੍ਰਿਸ਼, ਨਾ ਚੀਕਾਂ ਸੁਣਦੀਆਂ ਹਨ। ਤੁਸੀਂ ਤਾਂ ਖੁਸ਼ ਹੁੰਦੇ ਹੋ ਕਿ ਤੁਸੀਂ ਆਪਣੇ ਨਿਸ਼ਾਨੇ ਨੂੰ ਚੰਗੀ ਤਰ੍ਹਾਂ ਤਬਾਹ ਕੀਤਾ ਪਰ ਹੇਠਾਂ ਕੀ ਕੁਝ ਕਰ ਆਏ ਹੋ ਇਸ ਬਾਰੇ ਅਹਿਸਾਸ ਨਹੀਂ ਰਹਿੰਦਾ। ਜਦੋਂ ਮੈਂ ਇਸ ਬਾਰੇ ਸੋਚਣਾ ਸ਼ੁਰੂ ਕੀਤਾ ਤਾਂ ਮੈਂ ਫੌਜ ਛਡਣ ਤੋਂ ਬਾਅਦ ਆਪਣੇ ਸਾਰੇ ਮੈਡਲ, ਸਰਟੀਫਿਕੇਟ ਤੇ ਹੋਰ ਡਾਕੂਮੈਂਟ ਇਕਠੇ ਕਰਕੇ ਇਕ ਫਾਈਲ ਵਿਚ ਪਾ ਕੇ ਰੱਖ ਦਿਤੇ ਤੇ ਉਸ ਉਸ ਉਪਰ ਲੇਬਲ ਲਾ ਦਿਤਾ, 'Never again' ਕਦੇ ਵੀ ਨਹੀਂ।

ਇਸ ਤੋਂ ਬਾਅਦ ਉਸਨੇ ਰੋਜ਼ਾ ਨਾਲ ਵਿਆਹ ਕਰਵਾ ਲਿਆ ਅਤੇ ਉਹ ਤੇ ਉਸਦੀ ਪਤਨੀ ਆਪਣੇ ਬਚਿਆਂ ਸਮੇਤ ਸਸਤੇ ਬੇਸਮੈਂਟ ਘਰਾਂ ਵਿਚ ਰਹਿਣ ਲਗੇ। ਜਿਥੇ ਉਹ ਰਾਤ ਨੂੰ ਗੋਦਾਮਾਂ ਵਿਚ ਟਰਕਾਂ ਵਿਚ ਸਮਾਨ ਉਤਾਰਨ ਤੇ ਚੜ੍ਹਾਉਣ ਦਾ ਕੰਮ ਕਰਦਾ ਸੀ, ਉਥੇ ਦਿਨੇ ਉਸਨੇ ਜੀ.ਆਈ ਬਿਲ ਦੇ ਅਧੀਨ ਨਿਊ ਯਾਰਕ ਯੂਨੀਵਰਸਿਟੀ ਵਿਚ ਬੀ.ਏ. ਦੀ ਪੜ੍ਹਾਈ ਸ਼ੁਰੂ ਕੀਤੀ। ਇਸ ਤੋਂ ਬਾਅਦ ਉਸ ਨੇ ਕੋਲੰਬੀਆ ਯੂਨੀਵਰਸਿਟੀ ਤੋਂ ਮਾਸਟਰਜ਼ ਅਤੇ ਡਾਕਟਰੇਟ ਦੀ ਡਿਗਰੀ ਪ੍ਰਾਪਤ ਕੀਤੀ। 1956 ਵਿਚ ਉਸ ਨੇ ਅਫਰੀਕਨ-ਅਮਰੀਕਨ ਔਰਤਾਂ ਦੇ ਸਪੈਲਮੈਨ ਕਾਲਜ (Spellman College) ਵਿਖੇ ਇਤਿਹਾਸ ਪੜਾਉਣਾ ਸ਼ੁਰੂ ਕੀਤਾ। ਇਥੇ ਰਹਿ ਕਿ ਉਸਨੇ ਅਗਲੇ ਸਤ ਸਾਲ ਤਕ ਆਪਣੇ ਵਿਦਿਆਰਥੀਆਂ ਨਾਲ ਰਲ ਕੇ ਵੋਟਰਾਂ ਦੀ ਰਜਿਸਟਰੇਸ਼ਨ ਤੇ ਕਾਲੇ ਅਫਰੀਕਨ-ਅਮਰੀਕਨ ਲੋਕਾਂ ਦੇ ਹੱਕ ਵਿਚ ਸੰਘਰਸ਼ ਕੀਤਾ ਜਿਸ ਕਾਰਨ 1963 ਵਿਚ ਉਸਨੂੰ ਇਸ ਕਾਲਜ ਤੋਂ ਕਢਿਆ ਵੀ ਗਿਆ ਅਤੇ ਫਿਰ ਜਦੋਂ 2005 ਵਿਚ ਉਸਨੂੰ ਇਸ ਕਾਲਜ ਵਿਚ ਮੁਖ ਭਾਸ਼ਣ ਦੇਣ ਲਈ ਬੁਲਾਇਆ ਗਿਆ ਤਾਂ ਸਮਾਰੋਹ ਤੇ ਆਏ ਸਰੋਤਿਆਂ ਨੂੰ ਕਹੇ ਉਸਦੇ ਸ਼ਬਦ ਪੂਰੇ ਸੰਸਾਰ ਵਿਚ ਗੂੰਜੇ "ਇਤਿਹਾਸ ਸਾਨੂੰ ਦਸਦਾ ਹੈ ਕਿ ਤੁਹਾਨੂੰ ਨਿਰਾਸ਼ ਹੋਣ ਦੀ ਲੋੜ ਨਹੀਂ ਹੈ, ਜੇ ਤੁਸੀਂ ਠੀਕ ਹੋ ਅਤੇ ਸੱਚ ਤੇ ਅਟੱਲ ਹੋ ਤਾਂ ਤੁਸੀਂ ਬਚੇ ਰਹੋਗੇ, ਚੀਜ਼ਾਂ ਤੇ ਹਾਲਤਾਂ ਬਦਲ ਜਾਣਗੀਆਂ... ਵਕਤੀ ਤੌਰ 'ਤੇ ਸਰਕਾਰ, ਅਖਬਾਰ, ਟੀ.ਵੀ. ਲੋਕਾਂ ਨੂੰ ਧੋਖਾ ਦੇ ਸਕਦੇ ਹਨ, ਪਰੰਤੂ ਸੱਚ ਬਾਹਰ ਆਵੇਗਾ, ਸੱਚ ਬਹੁਤ ਤਾਕਤਵਰ ਹੈ ਹਜ਼ਾਰਾਂ ਝੂਠਾਂ ਤੋਂ। ਮੈਨੂੰ ਉਮੀਦ ਹੈ ਕਿ ਤੁਸੀਂ ਸੰਸਾਰ ਜਾਂ ਸਮਾਜ ਦੁਆਰਾ ਬਣਾਏ ਗਏ ਮਾਪਦੰਡਾਂ ਨਾਲ ਆਪਣੀ ਜ਼ਿੰਦਗੀ ਦੀ ਸਫਲਤਾ ਜਾਂ ਅਸਫਲਤਾ ਨੂੰ ਨਹੀਂ ਮਾਪੋਗੇ, ਸਗੋਂ ਤੁਸੀਂ ਸਮਾਜ ਦੇ ਉਨ੍ਹਾਂ ਨਿਯਮਾਂ ਤੇ ਰਵਾਇਤਾਂ ਨੂੰ ਨਹੀਂ ਮੰਨੋਗੇ ਜੋ ਬੇਇਨਸਾਫੀ ਪੈਦਾ ਕਰਦੇ ਹਨ। ਮੈਨੂੰ ਪਤਾ ਹੈ ਕਿ ਉਨ੍ਹਾਂ ਵਿਰੁਧ ਖੜੇ ਹੋਣ ਦੀ ਤੁਹਾਡੇ ਵਿਚ ਤਾਕਤ ਵੀ ਹੈ ਤੇ ਹੌਸਲਾ ਵੀ।

1964 ਵਿਚ ਉਸਨੇ ਬੋਸਟਨ ਯੂਨੀਵਰਸਿਟੀ ਵਿਚ ਪੜ੍ਹਾਉਣਾ ਸ਼ੁਰੂ ਕੀਤਾ ਜਿਥੇ ਉਹ ਵੀਅਤਨਾਮੀ ਜੰਗ ਵਿਰੋਧੀ ਮੁਜ਼ਾਹਰਿਆਂ ਤੇ ਪ੍ਰਦਰਸ਼ਨਾਂ ਦਾ ਮਹਤਵਪੂਰਣ ਸਪੀਕਰ ਬਣ ਗਿਆ। ਉਹ ਡੇਨੀਅਲ ਬੀਸੀਗਨ ਨਾਲ ਹਨੋਈ ਗਿਆ ਜਿਥੇ ਉਤਰੀ ਵੀਅਤਨਾਮ 'ਚੋਂ ਤਿੰਨ ਕੈਦੀਆਂ ਨੂੰ ਆਜ਼ਾਦ ਕੀਤਾ ਗਿਆ ਸੀ। ਇਸ ਸਮੇਂ ਦੌਰਾਨ ਉਸਨੇ ਜੰਗ ਵਿਰੋਧੀ ਦੋ ਕਿਤਾਬਾਂ ਵੀ ਲਿਖੀਆਂ "Vietnam: The Logic of Withdrawal" (1967) and "Disobedience and Democracy" (1968).

ਇਸ ਸਮੇਂ ਦੌਰਾਨ ਬੋਸਟਨ ਯੂਨੀਵਰਸਿਟੀ ਦੇ ਪ੍ਰੈਜ਼ੀਡੈਂਟ ਜਾਨ ਸਿਲਬਰ ਨਾਲ ਉਸ ਦਾ ਵਿਰੋਧ ਸਿਖਰ 'ਤੇ ਪਹੁੰਚ ਗਿਆ ਕਿਉਂਕਿ ਉਹ ਇਕ ਰਾਜਨੀਤਕ ਰੁੜੀਵਾਦੀ ਸੀ। ਜਾਨ ਸਿਲਬਰ ਨੇ ਉਸ ਉਪਰ ਸਾੜਫੂਕ ਕਰਨ ਦਾ ਦੋਸ਼ ਲਾਇਆ, ਜੋ ਬਾਅਦ ਵਿਚ ਉਸਨੂੰ ਵਾਪਸ ਲੈਣਾ ਪਿਆ। ਉਸ ਨੇ ਕਿਹਾ ਕਿ ਹਾਵਰਡ ਨੇ ਸਾਰੀ ਯੂਨੀਵਰਸਿਟੀ ਦੇ ਅਕਾਦਮਿਕ ਵਾਤਾਵਰਨ ਵਿਚ ਜ਼ਹਿਰ ਘੋਲ ਦਿਤਾ ਹੈ। ਹਾਵਰਡ ਇਨ੍ਹਾਂ ਦਿਨਾਂ ਨੂੰ ਯਾਦ ਕਰਦਾ ਹੋਇਆ ਇੰਜ ਦਸਦਾ ਹੈ, "ਜਾਨ ਸਿਲਬਰ ਨੂੰ ਆਪਣੀ ਤਾਕਤ, ਆਪਣੇ, ਪੈਸੇ, ਆਪਣੇ ਦਫਤਰ, ਬਿਲਡਿੰਗਾਂ ਤੇ ਦਰਖਤਾਂ ਉਪਰ ਬਹੁਤ ਮਾਣ ਸੀ ਤੇ ਇਸਦੇ ਉਲਟ ਮੈਨੂੰ ਆਪਣੇ ਵਿਦਿਆਰਥੀਆਂ ਦੇ ਉਪਰ।"

ਉਸਦੀ ਇਕ ਮਹਾਨ ਇਤਿਹਾਸਕਾਰ ਦੇ ਰੂਪ ਵਿਚ ਮਾਨਤਾ ਉਦੋਂ ਹੋਈ ਜਦੋਂ ਉਸਦੀ ਕਿਤਾਬ 'A People's History of the United States' ਛਪੀ (1980), ਇਸ ਨੇ ਅਮਰੀਕੀ ਲੋਕਾਂ ਨੂੰ ਆਪਣੀ ਕੌਮ ਦੇ, ਆਪਣੇ ਦੇਸ਼ ਦੇ ਇਤਿਹਾਸ ਬਾਰੇ ਮੁੜ ਸੋਚਣ 'ਤੇ ਮਜਬੂਰ ਕੀਤਾ, ਇਤਿਹਾਸ ਉਹ ਨਹੀਂ ਹੁੰਦਾ ਜੋ ਸ਼ਾਸਕ ਜਾਂ ਸ਼ਾਸਨ ਵਰਗ ਦੁਆਰਾ ਦਸਿਆ ਜਾਂ ਲਿਖਿਆ ਜਾਂਦਾ ਹੈ, ਇਤਿਹਾਸ ਹਮੇਸ਼ਾ ਆਮ ਆਦਮੀ ਦੁਆਰਾ ਬਣਾਇਆ ਜਾਂਦਾ ਹੈ। ਉਸ ਨੇ ਇਤਿਹਾਸ ਦੀ ਮਹੱਤਤਾ ਉਪਰ ਜ਼ੋਰ ਦਿੰਦੇ ਹੋਏ ਕਿਹਾ ਕਿ ਜੇ ਤੁਸੀਂ ਇਤਿਹਾਸ ਨੂੰ ਨਹੀਂ ਦੇਖਦੇ, ਸਮਝਦੇ ਤਾਂ



*ਹਾਵਰਡ ਜ਼ਿਨ੍ਹ*

ਤੁਸੀਂ ਇਸ ਤਰ੍ਹਾਂ ਹੋ ਜਿਵੇਂ ਤੁਸੀਂ ਕਲ ਜਨਮੇ ਹੋਵੋ, ਕੋਈ ਵੀ ਤੁਹਾਨੂੰ ਕੁਝ ਵੀ ਕਹਿ ਸਕਦਾ ਹੈ ਤੇ ਤੁਸੀਂ ਕੁਝ ਵੀ ਜਾਂਚ ਪੜਤਾਲ ਨਹੀਂ ਕਰ ਸਕਦੇ। ਚੋਮਸਕੀ ਅਨੁਸਾਰ ਉਸ ਨੇ ਇਤਿਹਾਸ ਨੂੰ ਦੇਖਣ ਤੇ ਸਮਝਣ ਦਾ ਢੰਗ ਹੀ ਬਦਲ ਦਿਤਾ ਸੀ, ਉਸਨੇ ਇਸ ਤਰ੍ਹਾਂ ਕਰਕੇ ਇਤਿਹਾਸ ਨੂੰ ਪੜ੍ਹਨ ਦੀਆਂ ਨਵੀਆਂ ਪਹੁੰਚਾਂ ਨੂੰ ਜਨਮ ਦਿਤਾ। ਹੁਣ ਤਕ ਇਸ ਕਿਤਾਬ ਦਾ ਦੁਨੀਆਂ ਦੀਆਂ ਕਈ ਭਾਸ਼ਾਵਾਂ ਵਿਚ ਰੂਪਾਂਤਰਨ ਹੋ ਚੁਕਿਆ ਹੈ ਅਤੇ History Channel ਨੇ 2009 ਵਿਚ ਇਸ ਉਪਰ ਇਕ ਡਾਕੂਮੈਂਟਰੀ 'The People Speak' ਵੀ ਬਣਾਈ, ਜਿਸ ਵਿਚ ਹਾਲੀਵੁਡ ਦੀਆਂ ਸੰਸਾਰ ਪ੍ਰਸਿਧ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ।

ਹਾਵਰਡ ਜ਼ਿਨ੍ਹ ਨੇ ਆਪਣੀ ਸਾਰੀ ਉਮਰ ਲੋਕਤੰਤਰ ਨੂੰ ਅਮਲੀ ਅਰਥਾਂ ਵਿਚ ਲਾਗੂ ਕਰਨ ਤੇ ਲਾ ਦਿਤੀ। ਉਸਦੇ ਸ਼ਬਦਾਂ ਵਿਚ ਲੋਕਤੰਤਰ ਵੋਟਾਂ ਗਿਣਨ ਦਾ ਨਾਮ ਨਹੀਂ ਹੈ ਸਗੋਂ ਮੁਜ਼ਾਹਰਿਆਂ ਅਤੇ ਪ੍ਰਦਰਸ਼ਨਾਂ ਦੀ ਗਿਣਤੀ ਹੈ। ਉਸਨੇ ਲੋਕਤੰਤਰ ਵਿਚ ਰੋਸ ਅਤੇ ਵਿਰੋਧ ਨੂੰ ਬਹੁਤ ਮਹੱਤਤਾ, ਕਦਰਯੋਗ ਅਤੇ ਸਤਿਕਾਰਯੋਗ ਸਥਾਨ ਦਿਤਾ ਹੈ। ਉਸਨੇ ਸਿਖਿਆ ਪ੍ਰਬੰਧ ਉਪਰ ਤਿਖੇ ਹਮਲੇ ਕਰਦੇ ਹੋਏ ਕਿਹਾ ਕਿ ਇਹ ਉਹ ਪ੍ਰਬੰਧ ਹੈ ਜੋ ਸਾਨੂੰ ਦਸਦਾ ਹੈ ਕਿ ਲੋਕਤੰਤਰ ਕੀ ਹੈ, ਕਿਸਨੂੰ ਕਹਿੰਦੇ ਹਨ, ਪਰ ਆਪਣੇ ਪ੍ਰਬੰਧ ਵਿਚ ਕਦੇ ਲਾਗੂ ਨਹੀਂ ਕਰਨ ਦਿੰਦਾ। ਇਸ ਕਰਕੇ ਉਸਨੇ ਆਪਣੇ ਵਿਦਿਆਰਥੀਆਂ ਨੂੰ ਕਿਹਾ ਕਿ "ਸ਼ੁਰੂਆਤ ਤੋਂ ਹੀ, ਮੇਰੀ ਪੜ੍ਹਾਉਣਸ਼ੈਲੀ ਮੇਰੀ ਆਪਣੇ ਜੀਵਨ ਦੇ ਇਤਿਹਾਸ ਨਾਲ ਭਰੀ ਪਈ ਸੀ। ਮੈਂ ਹਮੇਸ਼ਾ ਹੀ ਚੀਜ਼ਾਂ, ਵਰਤਾਰਿਆਂ ਦੇ ਦੂਜੇ ਪਖ ਨੂੰ ਦੇਖਣ ਦੇ ਢੰਗ ਨੂੰ ਸਨਮਾਨ ਦਿੰਦਾ ਹਾਂ। ਪਰ ਮੈਂ ਹਮੇਸ਼ਾ 'ਵਾਸਤਵਕਤਾ' ਤੋਂ ਕੁਝ ਜ਼ਿਆਦਾ ਚਾਹਿਆ, ਮੈਂ ਵਿਦਿਆਰਥੀਆਂ ਤੋਂ ਹਮੇਸ਼ਾ ਇਹ ਚਾਹਿਆ ਹੈ ਕਿ ਉਹ ਮੇਰੀ ਕਲਾਸ 'ਚੋਂ ਵਧੇਰੇ, ਸੂਚਿਤ ਹੋ ਕੇ ਨਹੀਂ ਬਲਕਿ ਵਧੇਰੇ ਸੁਚੇਤ ਹੋ ਕੇ ਨਿਕਲਣ, ਜਿਸ ਨਾਲ ਉਹ ਚੁਪ ਰਹਿ ਕੇ ਕਮਾਈ ਸੁਰਖਿਆ ਨੂੰ ਤਿਆਗਣ, ਵਧੇਰੇ ਤਿਆਰ ਹੋਣ, ਬੋਲਣ ਲਈ ਅਤੇ ਜਿਥੇ ਵੀ ਕਿਤੇ ਅਨਿਆਏ ਹੋਵੇ ਉਥੇ ਉਸਦੇ ਖਿਲਾਫ ਕਿਰਿਆਸ਼ੀਲ ਹੋਣ ਲਈ।"

ਹਾਵਰਡ ਨੇ ਆਪ ਆਪਣੀ ਸਾਰੀ ਉਮਰ ਇਸ ਤਰ੍ਹਾਂ ਹੀ ਬਤੀਤ ਕੀਤੀ। ਇਥੋਂ ਤਕ ਕਿ ਜਦੋਂ ਉਹ ਜ਼ਿੰਦਗੀ ਦਾ ਆਖਰੀ ਪੀਰੀਅਡ ਲਾਉਣ ਗਿਆ ਤਾਂ ਉਸ ਨੇ ਆਪਣੀ ਕਲਾਸ ਅਧਾ ਘੰਟਾ ਪਹਿਲਾਂ ਛਡ ਦਿਤੀ ਤਾਂ ਕਿ ਇਕ ਸਥਾਨਕ ਮੁਜ਼ਾਹਰੇ ਵਿਚ ਉਹ ਆਪਣੇ ਵਿਦਿਆਰਥੀਆਂ ਨਾਲ ਸ਼ਾਮਿਲ ਹੋ ਸਕੇ, ਉਸ ਸਮੇਂ 500 ਵਿਦਿਆਰਥੀ ਸਨ ਜਿਨ੍ਹਾਂ ਵਿਚੋਂ 100 ਨੇ ਉਸ ਨਾਲ ਹਿੱਸਾ ਲਿਆ।

ਜਦੋਂ ਇਕ ਪਤਰਕਾਰ ਨੇ ਉਸਨੂੰ ਪੁਛਿਆ ਕਿ ਉਹ ਅਮਰੀਕਾ ਵਿਚ ਰਹਿ ਕੇ ਅਮਰੀਕਾ ਦਾ ਹੀ ਵਿਰੋਧ ਕਰਦਾ ਹੈ ਤਾਂ ਕੀ ਉਸ ਨੂੰ ਭੈਅ ਨਹੀਂ ਲਗਦਾ। ਉਸਦਾ ਜਵਾਬ ਸੀ ਕਿ "ਮੇਰੇ ਤੋਂ ਕੀ ਖੋਹ ਲਿਆ ਜਾਵੇਗਾ, ਤਨਖਾਹ, ਤਰੱਕੀ, ਜ਼ਿਆਦਾ ਤੋਂ ਜ਼ਿਆਦਾ ਨੌਕਰੀ ਦੂਸਰੇ ਪਾਸੇ ਇਨਸਾਫ ਲਈ ਲੜਨ ਵਾਲੇ ਲੋਕ ਤਾਂ ਆਪਣੀਆਂ ਜਾਨਾਂ ਵਾਰ ਰਹੇ ਹਨ। ਇਹ ਸਭ ਉਨ੍ਹਾਂ ਦੇ ਮੁਕਾਬਲੇ ਤਾਂ ਕੁਝ ਵੀ ਨਹੀਂ।"

ਹਾਵਰਡ ਜ਼ਿੰਨ੍ਹ ਦੀ ਜ਼ਿੰਦਗੀ ਸਾਨੂੰ ਇਹ ਦਸਦੀ ਹੈ ਕਿ ਇਕ ਬੁਧੀਜੀਵੀ ਦੀ ਸਮਾਜ ਪ੍ਰਤੀ ਕੀ ਭੂਮਿਕਾ ਹੁੰਦੀ ਹੈ ਅਤੇ ਇਸ ਭੂਮਿਕਾ ਪ੍ਰਤੀ ਪ੍ਰਤੀਬਧਤਾ ਨੂੰ ਅਧਿਆਪਕ ਆਪਣੇ ਆਮ ਜ਼ਿੰਦਗੀ ਵਿਚ ਕਿਵੇਂ ਉਤਾਰ ਸਕਦਾ ਹੈ? ਉਸਨੇ ਸਾਨੂੰ ਇਹ ਦਿਖਾਇਆ ਕਿ ਸੂਚਨਾ ਇਕੱਤਰ ਕਰਨਾ ਜਾਂ ਕਲਾਸ ਪੜ੍ਹਾਉਣ ਨਾਲੋਂ ਇਨਸਾਫ ਲਈ ਬੋਲਣਾ ਜ਼ਿਆਦਾ ਜ਼ਰੂਰੀ ਹੈ। ਇਥੇ ਉਹ ਸਾਨੂੰ ਅਲਬਰਟ ਆਈਂਸਟਾਈਨ ਦੇ ਸਕੇ ਭਰਾ ਨਾਲੋਂ ਵੀ ਵਧ ਜਾਪਦਾ ਹੈ। ਆਈਂਸਟਾਈਨ ਨੇ ਵੀ ਆਪਣੇ ਅਧਿਆਪਕ ਜੀਵਨ ਸਮੇਂ ਜੰਗ ਦੇ ਵਿਰੋਧ ਵਿਚ ਆਪਣੀ ਕਲਾਸ ਦੇ ਬਾਹਰ ਲਿਖਿਆ ਸੀ: 'ਕਲਾਸ ਰਦ...ਇਨਕਲਾਬ'। ਹਾਵਰਡ ਜ਼ਿੰਨ੍ਹ ਸਾਡੇ ਤੋਂ ਉਸ ਸਮੇਂ ਅਲਵਿਦਾ ਹੋਇਆ ਜਦੋਂ ਦੁਨੀਆਂ ਵਿਚ ਅਜਿਹੇ ਅਧਿਆਪਕਾਂ ਦੀ ਬਹੁਤ ਲੋੜ ਹੈ। ਅਜ ਜਦੋਂ ਦੁਨੀਆਂ ਵਿਚ ਨਿਰਾਸ਼ਾ ਅਤੇ ਹਨੇਰੇ ਦਾ ਬੋਲਬਾਲਾ ਹੈ ਤਾਂ ਉਸ ਦੀ ਜ਼ਿੰਦਗੀ ਤੇ ਵਿਦਵਤਾ ਇਕ ਰੌਸ਼ਨੀ ਦੀ ਲੋਅ ਵਾਂਗੂ ਸੀ। ਅੰਤ ਵਿਚ ਸਾਨੂੰ ਹਾਵਰਡ ਜ਼ਿੰਨ੍ਹ ਦੀ ਯਾਦ ਵਿਚ ਨਾਜ਼ਮ ਹਿਕਮਤ ਦੀਆਂ ਹੇਠ ਲਿਖੀਆਂ ਪੰਕਤੀਆਂ ਯਾਦ ਆਉਂਦੀਆਂ ਹਨ:

ਜੇ ਮੈਂ ਨਹੀਂ ਮਚਾਂਗਾ
ਜੇ ਤੁਸੀਂ ਨਹੀਂ ਮਚੋਗੇ
ਜੇ ਆਪਾਂ ਨਹੀਂ ਮਚਾਂਗੇ
ਤਦ ਚਾਨ੍ਹਣ ਕਿਵੇਂ ਹੋਵੇਗਾ।

## ਪ੍ਰੋ. ਦਰਸ਼ਨ ਸਿੰਘ ਦਾ ਸਨਮਾਨ

(ਸਫਾ 22 ਦੀ ਬਾਕੀ)

ਤਖਤ ਦੀ ਮਰਿਆਦਾ ਤੋਂ ਭਗੌੜੇ ਹਨ, ਉਨ੍ਹਾਂ ਨੂੰ ਪੰਥਕ ਫੈਸਲੇ ਕਰਨ ਦਾ ਕੋਈ ਹੱਕ ਨਹੀਂ ਹੈ। ਜੈਕਾਰਿਆਂ ਨਾਲ ਇਹ ਐਲਾਨ ਵੀ ਕੀਤਾ ਗਿਆ ਕਿ ਪ੍ਰੋ. ਦਰਸ਼ਨ ਸਿੰਘ ਨਾਲ ਸਾਡੀ ਰੋਟੀ ਦੀ ਵੀ ਤੇ ਬੇਟੀ ਦੀ ਵੀ ਸਾਂਝ ਬਰਕਰਾਰ ਰਹੇਗੀ।

ਭਾਈ ਰੇਸ਼ਮ ਸਿੰਘ ਨੇ ਗੁਰੂ ਗ੍ਰੰਥ ਸਾਹਿਬ, ਸਮੂਹ ਸੰਗਤਾਂ ਅਤੇ ਸਾਰੇ ਸਹਿਯੋਗੀਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾਂ ਨੇ ਇਸ ਗੁਰਮਤਿ ਸਮਾਗਮ ਨੂੰ ਸਫਲ ਬਣਾਉਣ ਵਿਚ ਯੋਗਦਾਨ ਪਾਇਆ। ਰੇਸ਼ਮ ਸਿੰਘ ਦੇ ਵੱਡੇ ਭਰਾ ਦਰਸ਼ਨ ਸਿੰਘ ਦਰੜ ਨੇ ਸਾਰੇ ਸਮਾਗਮ ਦੌਰਾਨ ਹਰ ਇੱਕ ਦਾ ਧਿਆਨ ਰੱਖ ਕੇ ਬੜੀ ਵੱਡੀ ਜ਼ਿੰਮੇਵਾਰੀ ਨਿਭਾਈ।

ਜ਼ਿਕਰਯੋਗ ਹੈ ਕਿ ਇਹ ਸਮਾਗਮ ਬੀਤੀ 17 ਜਨਵਰੀ ਨੂੰ ਹੋਣਾ ਸੀ ਪਰ ਸਰਕਾਰੀ ਹੁਕਮਾਂ ਦੇ ਨਾਲ ਰੋਕ ਦਿੱਤਾ ਗਿਆ ਸੀ। ਸਰਕਾਰ ਨੇ ਨਾਕੇ ਲਗਾ ਕਿ ਪਿੰਡ ਇਬਰਾਹੀਮਪੁਰ ਨੂੰ ਪੁਲਿਸ ਛਾਉਣੀ ਵਿਚ ਤਬਦੀਲ ਕਰ ਦਿੱਤਾ ਸੀ। ਸੰਗਤਾਂ ਵਿਚ ਪ੍ਰੋਗਰਾਮ ਨਾ ਕਰਨ ਦੇਣ ਦਾ ਰੋਹ ਲਗਾਤਾਰ ਪਾਇਆ ਜਾ ਰਿਹਾ ਸੀ। ਇੱਥੇ ਇਹ ਵੀ ਯਾਦ ਰਹੇ ਕਿ ਅਜੋਕੇ ਜਥੇਦਾਰਾਂ ਵਲੋਂ ਪ੍ਰੋ. ਦਰਸ਼ਨ ਸਿੰਘ ਨੂੰ ਪੰਥ ਵਿਚੋਂ ਛੇਕੇ ਜਾਣ ਤੋਂ ਬਾਅਦ ਇਹ ਉਨ੍ਹਾਂ ਦਾ ਪਹਿਲਾ ਕੀਰਤਨ ਸਮਾਗਮ ਸੀ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ, ਜਿਸ ਵਿਚ ਸੰਗਤਾਂ ਨੇ ਪ੍ਰੋ. ਦਰਸ਼ਨ ਸਿੰਘ ਨਾਲ ਬੈਠ ਕੇ ਪ੍ਰਸ਼ਾਦਾ ਛਕਿਆ।

ਸਮਾਗਮ ਵਿਚ ਗੁਰਮਤਿ ਪ੍ਰਚਾਰ ਸੇਵਾ ਸੁਸਾਇਟੀ, ਗੁਰੂ ਨਾਨਕ ਮਿਸ਼ਨ ਸੁਸਾਇਟੀ, ਖਾਲਸਾ ਪੰਚਾਇਤ, ਦਲ ਖਾਲਸਾ, ਅਕਾਲੀ ਦਲ ਪੰਚ ਪ੍ਰਧਾਨੀ ਅਤੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨੇ ਸ਼ਮੂਲੀਅਤ ਕੀਤੀ। ਇਨ੍ਹਾਂ ਜਥੇਬੰਦੀਆਂ ਤੋਂ ਇਲਾਵਾ ਭਾਈ ਗੁਰਮੇਲ ਸਿੰਘ ਦੇਨੋਵਾਲ ਕਲਾਂ, ਭਾਈ ਜਰਨੈਲ ਸਿੰਘ ਖਾਲਸਾ, ਭਾਈ ਗੁਰਚਰਨ ਸਿੰਘ ਬਸਿਆਲਾ ਜ਼ਿਲਾ ਇੰਚਾਰਜ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ, ਗੁਰਮੀਤ ਸਿੰਘ ਗੁੱਜਰਪੁਰ, ਜੋਗਾ ਸਿੰਘ ਭੰਗਲ, ਜੇ.ਪੀ ਸਿੰਘ ਸਰਕਲ ਇੰਚਾਰਜ ਸਿੱਖ ਮਿਸ਼ਨਰੀ ਕਾਲਜ ਗੜ੍ਹਸ਼ੰਕਰ, ਦੀਦਾਰ ਸਿੰਘ ਦਾਰਾ ਚੱਕਦਾਨਾ, ਉੜਾਪੜ. ਚੱਕਦਾਨਾ ਤੇ ਲਸਾੜੇ ਦੀਆਂ ਸੰਗਤਾਂ, ਜਸਪਾਲ ਸਿੰਘ ਰੁੜਕੀ ਖਾਸ, ਜਤਿੰਦਰ ਸਿੰਘ, ਹਰਿੰਦਰ ਸਿੰਘ ਲਾਲੀ, ਇਬਰਾਹੀਮਪੁਰ ਦੇ ਪਤਵੰਤੇ ਮਾਸਟਰ ਕਰਤਾਰ ਸਿੰਘ, ਜਥੇਦਾਰ ਸੀਤਲ ਸਿੰਘ, ਮਨਜੀਤ ਸਿੰਘ, ਕੁਲਦੀਪ ਸਿੰਘ, ਸੁਰਜੀਤ ਸਿੰਘ ਨੀਨਾ, ਸੁਰਜੀਤ ਸਿੰਘ ਸੀਤੂ, ਪ੍ਰੀਤਮ ਸਿੰਘ, ਜਰਨੈਲ ਸਿੰਘ ਪੱਲੀ ਝਿੱਕੀ, ਅਜੇਪਾਲ ਸਿੰਘ, ਜਸਵੰਤ ਸਿੰਘ ਬਿੱਲਾ, ਸੁਰਿੰਦਰ ਸਿੰਘ ਗੁਰਮਤਿ ਵਿਦਿਆਲਾ ਕਾਨਪੁਰ ਖੂਹੀ, ਭਾਈ ਗੁਰਚਰਨ ਸਿੰਘ ਕਾਲੇਵਾਲ ਲੱਲੀਆਂ ਤੇ ਹੋਰ ਇਲਾਕੇ ਦੇ ਪਤਵੰਤੇ ਹਾਜਰ ਸਨ।

# ਮਿਜਾਜਾਂ ਪਿੱਟੇ

ਕਹਾ ਸੁ ਘਰ ਦਰ ਮੰਡਪ ਮਹਲਾ
ਕਹਾ ਸੁ ਬੰਕ ਸਰਾਈ॥
ਕਹਾ ਸੁ ਸੇਜ ਸੁਖਾਲੀ ਕਾਮਣਿ
ਜਿਸੁ ਵੇਖ ਨੀਦ ਨਾ ਪਾਈ॥
ਕਹਾ ਸੁ ਪਾਨ ਤੰਬੋਲੀ
ਹਰਮਾ ਹੋਈਆ ਛਾਈ ਮਾਈ॥
ਇਸੁ ਜਰੁ ਕਾਰਣ ਘਣੀ ਵਿਗੁਤੀ
ਇਨਿ ਜਰ ਘਣੀ ਖੁਆਈ॥
-ਗੁਰੂ ਨਾਨਕ ਦੇਵ

ਮਨੁਖ ਦੀਆਂ ਲਾਲਸਾਵਾਂ ਸ਼ੈਤਾਨ ਦੀ ਆਂਦਰ ਵਾਂਗ ਵਧਦੀਆਂ ਤੁਰੀਆਂ ਜਾਂਦੀਆਂ ਹਨ। ਧਰਮ ਨੇ ਮਨੁਖ ਨੂੰ ਸਬਰ-ਸਬੂਰ ਦਾ ਉਪਦੇਸ਼ ਦੇ ਕੇ ਅਤੇ ਪ੍ਰਲੋਕ-ਪਰਾਇਣ ਦੇ ਰਾਹ ਪਾ ਕੇ ਇਨ੍ਹਾਂ ਨੂੰ ਕੁੰਠਿਤ ਕਰਨ ਦੀ ਕੋਸ਼ਿਸ਼ ਕੀਤੀ ਪਰ ਇਸ ਦੀ ਕੋਈ ਪੇਸ਼ ਨਾ ਗਈ। ਉਲਟਾ ਮਨੁਖ ਨੇ ਧਰਮ ਨੂੰ ਵੀ ਅਰਦਾਸਾਂ, ਪ੍ਰਾਰਥਨਾਵਾਂ, ਸੁਖਣਾਂ ਰਾਹੀਂ ਆਪਣੀਆਂ ਲਾਲਸਾਵਾਂ ਦੀ ਤੁਸ਼ਟੀ ਦਾ ਸਾਧਨ ਬਣਾ ਕੇ ਸਾਹ ਲਿਆ। ਧਾਰਮਿਕ ਵਿਸ਼ਵਾਸਾਂ ਨਾਲ ਓਤਪੋਤ ਅਸੀਂ ਜੋ ਆਪਣਾ ਦੇਸ਼ ਛੱਡ ਕੇ ਏਧਰ ਆਏ ਹਾਂ, ਸ਼ਾਇਦ ਸਭ ਤੋਂ ਵਧ ਲੋਭੀ ਸਾਬਿਤ ਹੋਏ ਜਿਨ੍ਹਾਂ ਨੂੰ ਆਪਣੀ ਸਰਜ਼ਮੀਨ ਦੇ ਵਸੀਲੇ ਆਪਣੀਆਂ ਲੋੜਾਂ ਦੀ ਪੂਰਤੀ ਕਰਦੇ ਨਾ ਲੱਗੇ। ਬੱਸ ਏਧਰ ਇਕ ਵਾਰੀ ਪੈਰ ਰਖਿਆ ਨਹੀਂ ਕਿ ਪੈਰ ਚੱਕਿਆ ਗਿਆ। ਸੜਕਾਂ 'ਤੇ ਚਲਦਿਆਂ, ਸਟੋਰਾਂ ਵਿਚ ਘੁੰਮਦਿਆਂ, ਗੈਸ ਸਟੇਸ਼ਨਾਂ ਤੋਂ ਗੈਸ ਪੁਆਉਂਦਿਆਂ ਕੋਈ ਹਮਵਤਨੀ ਕਾਲਾ-ਪੀਲਾ, ਕਣਕਵੰਨਾ ਦਿਸ ਪਵੇ ਸਹੀ, ਮੂੰਹ ਦੂਜੇ ਪਾਸੇ ਭਵਾ ਲੈਂਦੇ ਹਾਂ। "ਹਰ ਲੰਡੀ ਬੁਚੀ ਏਧਰ ਮੂੰਹ ਚੱਕੀ ਆਉਂਦਾ। ਅਸੀਂ ਤਾਂ ਭਲਾ ਆਉਣਾ ਹੀ ਸੀ, ਇਹ ਟੁਚਿਆਂ ਜਿਹਾਂ ਦਾ ਏਥੇ ਕੀ ਕੰਮ?" ਸੋਚ ਸੋਚ ਕੇ ਮੂਡ ਖਰਾਬ ਕਰੀ ਰਖਦੇ ਹਾਂ। ਫਿਰ ਇਸ ਤਰ੍ਹਾਂ ਮਿਜਾਜ ਨਾਲ ਤੁਰਨ ਲਗਦੇ ਹਾਂ ਜਿਵੇਂ ਕਿਧਰੇ ਇਹ ਦੇਸ਼ ਸਾਡੇ ਨਾਨਕਿਆਂ ਦੀ ਜਾਇਦਾਦ ਹੋਵੇ। ਸਟੋਰਾਂ ਵਿਚ ਸਾਡੀਆਂ ਅਰਧੰਗਣੀਆਂ ਨੱਕ ਦੀ ਸੇਧੇ ਆਕੜ ਨਾਲ ਤੁਰਦੀਆਂ ਰੇੜ੍ਹੀਆਂ ਨੂੰ ਇਸ ਤਰ੍ਹਾਂ ਘੁਕਾਉਂਦੀਆਂ ਹਨ ਜਿਵੇਂ ਅਜ਼ਲਾਂ ਤੋਂ ਇਹ ਉਨ੍ਹਾਂ ਦੀਆਂ ਚਾਲਕ ਰਹੀਆਂ ਹੁੰਦੀਆਂ ਹਨ। ਭਾਵੇਂ ਦੇਸ਼ ਵਿਚ ਘੜਿਆਂ ਨਾਲ ਪਾਣੀ ਢੋਂਦੀਆਂ ਰਹੀਆਂ ਹੋਣ, ਏਥੇ ਪੈਰ ਪਾਉਂਦਿਆਂ ਹੀ ਉਹ ਸਭ ਤੋਂ ਪਹਿਲਾਂ ਗਰੌਸਰੀ ਦੀਆਂ ਰੇੜ੍ਹੀਆਂ ਨੂੰ ਮਟਕਾਉਣਾ ਸਿਖਦੀਆਂ ਹਨ।

ਇਨ੍ਹਾਂ ਮੁਲਕਾਂ ਵਿਚ ਆ ਕੇ ਤੇ ਇਨ੍ਹਾਂ ਲੋਕਾਂ ਨਾਲ ਰਲ ਕੇ ਅਸੀਂ ਖੂਬ ਚੌੜੇ ਚਕਲੇ, ਮੋਟੇ ਠੁੱਲੇ ਤੇ ਮਿਜਾਜਾਂ ਨਾਲ ਭਰੇ ਪੀਤੇ ਹੋ ਗਏ ਹਾਂ। ਆਹ ਦੇਸ਼ ਤਾਂ ਭਲਾ ਪਹਿਲਾਂ ਤੋਂ ਹੀ ਕਿਸੇ ਹੋਰ ਦੀ ਹੋਂਦ ਨੂੰ ਮਨੌਤ ਨਹੀਂ ਸੀ ਦਿੰਦਾ, ਹੁਣ ਤਾਂ ਰਹਿੰਦੀ ਦੁਨੀਆਂ ਵੀ ਇਸ ਦੇ ਮਗਰ ਲੱਗੀ ਜਾਂਦੀ ਹੈ। ਯਾਦ ਕਰੋ ਮੈਡਲੇਨ ਐਲਬਰਾਈਟ ਦੇ ਕਥਨ, ਦੁਨੀਆਂ ਵਿਚ ਇਕੋ ਹੀ ਰਾਸ਼ਟਰ ਹੈ, ਸੰਯੁਕਤ ਰਾਜ ਅਮਰੀਕਾ। ਇਸ ਦੇਸ਼ ਦੇ ਲੋਕਾਂ ਦਾ ਇਕੋ ਇਕ ਇਸ਼ਟ ਹੈ, 'ਮੇਕ ਬਕਸ', ਅਰਥਾਤ ਨੋਟ ਬਣਾਓ। ਤੇ ਇਸ ਇਕੋ ਇਕ ਰਾਸ਼ਟਰ ਦੇ ਪਿਛੇ ਲੱਗ ਕੇ ਪਾਗਲ ਹੋਈ ਦੁਨੀਆਂ ਨੇ ਵੀ ਆਪਣਾ ਜੀਵਨ ਮਨੋਰਥ ਇਹੋ ਬਣਾ ਲਿਆ ਹੈ। ਇਹ ਨੋਟ, ਇਨ੍ਹਾਂ ਦਾ ਸਾਵਾ ਰੰਗ, ਇਨ੍ਹਾਂ ਦਾ ਹੁਸਨ, ਸਾਡੇ ਸਭਨਾਂ ਦੇ ਸਿਰਾਂ 'ਚ ਧੁਰ ਤੱਕ ਲੱਥ ਚੁੱਕਾ ਹੈ। ਅੱਖਾਂ ਨਾਲ ਦੇਖਣ ਤੋਂ ਅਸੀਂ ਅਸਮਰਥ ਹੋ ਗਏ ਹਾਂ। ਆਲਾ-ਦੁਆਲਾ, ਚੌਗਿਰਦਾ, ਬਨਸਪਤੀ ਕੁਝ ਵੀ ਤਾਂ ਨਹੀਂ ਦੇਖਦੇ; ਬਸ ਇਸ ਨੂੰ ਵੱਢਣ ਤੁਰੇ ਹੋਏ ਹਾਂ। ਦੁਨੀਆਂ ਦੀ ਤੀਜਾ ਹਿੱਸਾ ਆਬਾਦੀ ਭੁਖੀ ਸੌਂਦੀ ਹੈ ਤੇ ਇਹ ਗਿਣਤੀ ਵਧਦੀ ਹੀ ਜਾ ਰਹੀ ਹੈ। ਆਰਥਕ ਮੰਦਵਾੜੇ ਨੇ ਐਸੀ ਹੋਸ਼ ਭੁਲਾਈ ਕਿ ਹੁਣ ਹੋਸ਼ ਆਈ ਅਸੀਂ ਕਿਸ ਰਾਹ 'ਤੇ ਪਏ ਰਹੇ ਹਾਂ। ਕੁਝ ਹੀ ਸਾਲ ਪਹਿਲਾਂ ਜਦ ਅਮਰੀਕੀ ਰਾਸ਼ਟਰਪਤੀ ਨੂੰ ਪੁਛਿਆ ਗਿਆ ਸੀ ਕਿ ਕਿਉਂ ਤੇਲ ਦੀ ਖਾਤਿਰ ਦੁਨੀਆਂ ਵਿਚ ਹਨੇਰੀ ਲਿਆਂਦੀ ਪਈ ਹੈ, ਕੁਝ ਘਟ ਨਾਲ ਨਹੀਂ ਸਰ ਸਕਦਾ ਤਾਂ ਉਸ ਦਾ ਕਹਿਣਾ ਸੀ ਅਸੀਂ ਅਮਰੀਕੀ ਆਪਣਾ ਸਟੈਂਡਰਡ ਨੀਵਾਂ ਨਹੀਂ ਕਰ ਸਕਦੇ, ਅਸੀਂ ਤਾਂ ਇਸ ਨੂੰ ਹੋਰ ਹੋਰ ਉਪਰ ਚੁੱਕਣਾ ਹੈ। ਅਰਥਾਤ ਦੁਨੀਆਂ ਪਵੇ ਢੱਠੇ ਖੂਹ ਵਿਚ, ਇਹ ਜੋ ਧਰਤੀ ਹੋਰ ਪਰੇ ਹੋਰ ਹੋਰ ਹੈ ਤੇ ਜੋ ਲਖ ਅਗਾਸਾ ਅਗਾਸ ਹੈ ਇਹ ਸਾਡੇ ਮੱਲਣ ਲਈ ਹੈ।

ਪਹੀਆਂ ਜਿੱਡੇ ਬਰਗਰ ਖਾ ਖਾ, ਟਰੱਕਾਂ ਜਿੱਡੀਆਂ ਕਾਰਾਂ ਚਲਾ ਚਲਾ ਤੇ ਮਹਿਲਾਂ ਜਿੱਡੇ ਘਰ ਬਣਾ ਬਣਾ ਇਸ ਦੇਸ਼ ਦਾ ਧਰਮ ਹੈ ਹੋਰ ਹੋਰ ਪਸਰਦੇ ਜਾਣਾ। ਅੱਜ ਦੁਨੀਆਂ ਵਿਚ ਸਭ ਤੋਂ ਢੱਟੇ ਅਮਰੀਕੀ ਹਨ ਤੇ ਮੁਟਾਪਾ ਇਨ੍ਹਾਂ ਦੀ ਸਭ ਤੋਂ ਗੰਭੀਰ ਕੌਮੀ ਬੀਮਾਰੀ ਬਣ ਚੁੱਕਾ ਹੈ। ਪਿਛੇ ਜਿਹੇ ਇਕ ਜਾਣਕਾਰ ਯੂਰਪ ਦੀ ਯਾਤਰਾ ਕਰ ਕੇ ਆਇਆ ਤੇ ਉਸ ਨੇ ਦੱਸਿਆ ਕਿ ਮੈਂ ਆਪਣੇ ਇਕ ਹਫਤੇ ਦੇ ਸਫਰ ਦੌਰਾਨ ਪੈਰਿਸ ਵਿਚ ਇਕੋ ਇਕ ਮੋਟਾ ਆਦਮੀ ਦੇਖਿਆ ਤੇ ਉਹ ਵੀ ਅਮਰੀਕੀ ਸਟੈਂਡਰਡ ਅਨੁਸਾਰ ਔਸਤ ਹੀ ਮੰਨਿਆ ਜਾਵੇਗਾ। ਸਾਊਥ ਕੈਰੋਲੀਨਾ ਦੇ ਇਕ ਟਰੇਲਰ ਵਿਚ 400 ਪੌਂਡ ਵਜ਼ਨ ਦੀ ਇਕ ਮਨੁਖੀ ਹਿੱਪੋ ਰਹਿੰਦੀ ਹੈ ਜੋ ਸਾਰਾ ਦਿਨ ਅੰਦਰ ਵੜੀ ਟੀ.ਵੀ.


ਜਾਰਜ ਕਾਰਲਿਨ

ਹੀ ਦੇਖਦੀ ਰਹਿੰਦੀ ਹੈ। ਜਦ ਕਦੇ ਉਸਨੇ ਆਖਰੀ ਸਾਹ ਲਿਆ ਤਾਂ ਟਰੇਲਰ ਦੇ ਮਾਲਕ ਨੂੰ ਉਸਦੀ ਅਰਥੀ ਕਢਣ ਲਈ ਇਕ ਦੈਂਤਨੁਮਾ ਕੈਨ ਓਪਨਰ ਦੀ ਲੋੜ ਪੈਣੀ ਹੈ ਤਾਂ ਕਿ ਟਰੇਲਰ ਦੇ ਬਖੀਏ ਉਧੇੜੇ ਜਾ ਸਕਣ। ਜਹਾਜ਼ਾਂ ਦੀ ਕੰਪਨੀ ਬੋਇੰਗ ਨੇ ਮੁਟਾਪੇ ਦਾ ਰੁਝਾਨ ਦੇਖ ਕੇ ਚੌੜੀਆਂ ਚੌੜੀਆਂ ਸੀਟਾਂ ਵਾਲੇ ਜਹਾਜ਼ ਹੁਣੇ ਤੋਂ ਡੀਜ਼ਾਈਨ ਕਰਨੇ ਸ਼ੁਰੂ ਕਰ ਦਿੱਤੇ ਹਨ। ਡਾਕਟਰਾਂ ਦੇ ਕਲਿਨਿਕਾਂ ਵਿਚ ਮਰੀਜ਼ਾਂ ਦਾ ਭਾਰ ਜੋਖਣ ਵਾਲੀਆਂ ਤੱਕੜੀਆਂ ਦੇ ਥਾਂ ਗੰਨੇ ਤੋਲਣ ਵਾਲੀਆਂ ਮਸ਼ੀਨਾਂ ਤੱਕ ਰੱਖੀਆਂ ਜਾਣ ਲੱਗੀਆਂ ਹਨ।

ਪੈਂਟਾਗਨ ਨੂੰ ਇਸ ਗੱਲ ਦੀ ਤਸੱਲੀ ਹੋਈ ਕਿ ਬੇਰੁਜ਼ਗਾਰੀ ਵਧਣ ਨਾਲ ਸੈਨਾ ਵਿਚ ਭਰਤੀ ਹੋਣ ਲਈ ਬੇਰੁਜ਼ਗਾਰਾਂ ਦੀਆਂ ਵਹੀਰਾਂ ਲੱਗ ਗਈਆਂ ਹਨ ਪਰ ਨਾਲ ਹੀ ਫਿਕਰ ਪੈ ਗਿਆ ਹੈ ਕਿ ਫਿੱਟੋ-ਫਿੱਟ ਤੇ ਚੁਸਤ-ਫੁਰਤ ਆਦਮੀ ਭਰਤੀ ਹੋਣ ਲਈ ਮਿਲ ਹੀ ਨਹੀਂ ਰਹੇ। ਗੋਗੜਾਂ ਲਟਕਾਈ ਤੁਰੇ ਆਉਂਦੇ ਦੈਂਗੜਿਆਂ ਦੇ ਦੈਂਗੜੇ ਹਿੰਦੂਕੁਸ਼ ਵਰਗੀਆਂ ਦੁਰਗਮ ਤੇ ਔਖੀਆਂ ਘਾਟੀਆਂ ਵਿਚ ਫੌਜ ਦੀਆਂ ਮੁਹਿੰਮਾਂ ਦੌਰਾਨ ਸੁਆਹ ਕੰਮ ਆਉਣਗੇ। ਹਰ ਇਕ ਨੂੰ ਹੁਣ ਉਹ ਸੰਤਰੀ ਵਾਂਗ ਖੜੇ ਹੋਣ ਤੇ ਸਾਮਾਨ ਫੜਾਉਣ ਦਾ ਸੁਖਾਲਾ ਕੰਮ ਤਾਂ ਦੇ ਨਹੀਂ ਸਕਦੇ।

ਦੇਖਿਆ ਜਾਵੇ ਤਾਂ ਅਸੀਂ ਜ਼ਿੰਦਗੀ ਨੂੰ ਇਕ ਮਜ਼ਾਕ ਹੀ ਤਾਂ ਬਣਾ ਲਿਆ ਹੈ; ਇਸ ਦੀਆਂ ਕਦਰਾਂ-ਕੀਮਤਾਂ ਦੇ ਫੂਸੜੇ ਉਡਾਈ ਜਾ ਰਹੇ ਹਾਂ। ਕੋਈ ਸੂਹਜ ਨਹੀਂ ਰਹਿ ਗਿਆ, ਕੋਈ ਸ਼ਊਰ ਨਹੀਂ, ਕੋਈ ਦੁਨੀਆਂ ਦੀ ਖਬਰ ਨਹੀਂ, ਬੱਸ ਮੱਲਦੇ ਤੁਰੇ ਜਾ ਰਹੇ ਹਾਂ। ਪਿਛਲੀ ਸਦੀ ਦੇ ਸੱਤਰਵਿਆਂ-ਅੱਸੀਵਿਆਂ ਦਰਮਿਆਨ ਅਮਰੀਕਾ ਦੇ ਸਮਰੱਥ ਕਮੇਡੀਅਨ, ਐਕਟਰ ਤੇ ਲੇਖਕ ਜਾਰਜ ਕਾਰਲਿਨ ਨੇ ਸਾਡੀ ਜ਼ਿੰਦਗੀ 'ਚ ਘਰ ਕਰ ਰਹੀਆਂ ਅਜਿਹੀਆਂ ਅਣਮਨੁਖੀ ਪ੍ਰਵਿਰਤੀਆਂ ਤੇ ਵਿਸੰਗਤੀਆਂ ਪ੍ਰਤੀ ਬੜੇ ਠੋਕਵੇਂ ਤੇ ਹਲੂਣਵੇਂ ਲਫ਼ਜ਼ਾਂ ਵਿਚ ਤਾੜਨਾ ਕੀਤੀ ਸੀ। ਜੋ ਉਸ ਨੇ ਉਦੋਂ ਦੇਖਿਆ ਤੇ ਜਿਸ ਤੋਂ ਉਸ ਦਾ ਮਨ ਦੁਖੀ ਹੋਇਆ ਅੱਜ ਅਸੀਂ ਉਸ ਤੋਂ ਵੀ ਦੋ ਮਾਸ਼ੇ ਅੱਗੇ ਹੀ ਗਏ ਹਾਂ। ਫਿਰ ਵੀ ਉਸ ਦੀਆਂ ਕੁਝ ਗੱਲਾਂ ਦੁਹਰਾਉਣ ਨੂੰ ਜੀਅ ਕਰ ਆਇਆ ਹੈ।

ਸਾਡੇ ਸਮਿਆਂ ਦੀ ਇਕ ਬਹੁਤ ਵੱਡੀ ਵਿਡੰਬਨਾ ਹੈ ਕਿ ਸਾਡੇ ਮਕਾਨ ਵੱਡੇ ਤੋਂ ਵੱਡੇ ਹੋਈ ਜਾ ਰਹੇ ਹਨ ਪਰ ਮਨ ਛੋਟੇ ਤੋਂ ਛੋਟੇ। ਸੜਕਾਂ ਚੌੜੀਆਂ ਤੇ ਲੰਬੀਆਂ ਹੋ ਹੋ ਫ਼ਰੀ ਵੇ ਬਣ ਗਈਆਂ ਹਨ ਪਰ ਖੁਦ ਅਸੀਂ ਏਨੇ ਤੰਗ-ਨਜ਼ਰੀਏ ਹੋ ਗਏ ਹਾਂ ਪਈ ਮੂਹਰੇ ਪਈ ਚੀਜ਼ ਨਹੀਂ ਦਿਸਦੀ। ਪੈਸਾ ਖਰਚਣ 'ਤੇ ਲੱਕ ਬੰਨ੍ਹ ਲਿਆ ਹੈ ਪਰ ਪੱਲੇ ਸਾਡੇ ਕੱਖ ਵੀ ਨਹੀਂ। ਸਹੂਲਤਾਂ ਦਰ ਸਹੂਲਤਾਂ ਹਾਸਿਲ ਕਰੀ ਜਾਂਦੇ ਹਾਂ ਪਰ ਭੋਗਣ ਹੰਢਾਉਣ ਦਾ ਡੱਕਾ ਨਹੀਂ ਪਤਾ। ਵੱਡੇ ਵੱਡੇ ਘਰ ਛੱਤ ਲਏ ਹਨ ਪਰ ਵਿਚ ਰਹਿਣ ਲਈ ਢਾਈ ਟੋਟਰੂ ਨਹੀਂ ਹਨ; ਬੁੜੀਆਂ ਬੁੜੇ ਬੇਸਮੈਂਟਾਂ ਵਿਚ ਤਾੜੇ ਹੋਏ ਹਨ ਜਾਂ ਫਿਰ ਇੰਡੀਆ ਨਾਮੀ ਇੱਜੜ-ਵਾੜੇ ਵਿਚ ਛੱਡੇ ਹੋਏ ਹਨ। ਡਿਗਰੀਆਂ 'ਤੇ ਡਿਗਰੀਆਂ ਲੱਕ ਦੁਆਲੇ ਲਪੇਟੀ ਜਾਂਦੇ ਹਾਂ ਪਰ ਅਕਲ ਗਿੱਟਿਆਂ ਵਿਚ ਲੁਕੋ ਛੱਡੀ ਹੈ। ਗਿਆਨ ਵਧੀ ਜਾਂਦਾ ਹੈ ਪਰ ਵਿਵੇਕ ਘਟੀ ਜਾਂਦਾ ਹੈ। ਇਟ ਚੁੱਕੀ ਤੇ ਹਰ ਚੀਜ਼ ਦੇ ਮਾਹਰ ਲਭਦੇ ਹਨ ਪਰ ਮਸਲੇ ਫਿਰ ਖੜੇ ਦੇ ਖੜੇ। ਪ੍ਰੋ. ਮੋਹਨ ਸਿੰਘ ਕਦੋਂ ਦੇ ਹੀ ਕਹਿ ਗਏ ਹਨ:

ਨੀ ਮੈਂ ਜਿਉਂ ਜਿਉਂ ਪੜ੍ਹਦਾ ਢੇਰ ਕੁੜੇ
ਮੇਰਾ ਵਧਦਾ ਜਾਏ ਹਨੇਰ ਕੁੜੇ

ਦਵਾਈਆਂ ਤੇ ਇਲਾਜਾਂ ਦੀ ਕਮੀ ਨਹੀਂ ਪਰ ਤੰਦਰੁਸਤੀ ਦਾ ਨਾਮੋ-ਨਿਸ਼ਾਨ ਨਹੀਂ। ਸ਼ਰਾਬਾਂ ਤੇ ਹੋਰ ਨਸ਼ੇ ਦੂਹੋ-ਦੂਹ ਚੱਕੀ ਜਾਂਦੇ ਹਾਂ; ਅੰਨ੍ਹੇਵਾਹ ਖਰਚਾ ਕਰੀ ਜਾਂਦੇ ਹਾਂ ਪਰ ਹਾਸਿਆਂ ਦੀ ਛਣਕਾਰ ਸੁਣਾਈ ਨਹੀਂ ਦੇਂਦੀ। ਕੁਝ ਹੀ ਸਾਲ ਪਹਿਲਾਂ ਪੰਜਾਬੀ ਖਾਸ ਤੌਰ 'ਤੇ ਸਿੱਖ ਸਰਦਾਰ ਦੇਸ਼ ਦੇ ਸਭ ਤੋਂ ਵਧ ਖੁਸ਼ਦਿਲ, ਠਹਾਕਿਆਂ ਨਾਲ ਹੱਸਣ ਵਾਲੇ ਤੇ ਆਪਣੇ ਆਪ 'ਤੇ ਹੀ ਲਤੀਫ਼ੇ ਘੜ ਕੇ ਸੁਣਾਉਣ ਵਾਲੇ ਮੰਨੇ ਤੇ ਪਿਆਰੇ ਜਾਂਦੇ ਸਨ ਪਰ ਅੱਜ ਬਾਰਾਂ ਵਜੇ ਦਾ ਪ੍ਰਸੰਗ ਸੁਣਦਿਆਂ ਹੀ ਉਨ੍ਹਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਂਦੀ ਹੈ। ਹੁਣ ਉਨ੍ਹਾਂ ਨੂੰ ਇਹ ਲਤੀਫ਼ਾ ਸਿੱਖਾਂ ਨੂੰ ਥੱਲੇ ਲਾਉਣ ਦੀ ਹਿੰਦੂਆਂ ਦੀ ਗੁਝੀ ਸਾਜ਼ਿਸ਼ ਪ੍ਰਤੀਤ ਹੋਣ ਲੱਗ ਪਈ ਹੈ। ਹਰਫਲੇ ਹੋਏ ਮਿਹਣਾ ਦੇਣ ਲੱਗ ਜਾਂਦੇ ਹਨ ਕਿ ਰਾਤ ਦੇ ਬਾਰਾਂ ਵਜੇ ਤਾਂ ਸਿੱਖ ਫੌਜੀ ਤੁਰਕਾਂ ਮੁਗਲਾਂ ਤੋਂ ਹਿੰਦੂਆਂ ਦੀ ਹੁੰਦੀ ਬੇਪਤੀ ਰੋਕਣ ਲਈ ਮੁਹਿੰਮਾਂ 'ਤੇ ਜਾਂਦੇ ਸਨ। ਅੱਜ ਦੇ ਸਿੱਖ ਇਤਿਹਾਸਕ ਸਿੰਘਾਂ ਦੀਆਂ ਨਿਸ਼ਕਾਮ ਕੁਰਬਾਨੀਆਂ ਦਾ ਵੀ ਖੁਦ ਲਾਭ ਲੈਣ ਤੋਂ ਸੰਗਦੇ ਨਹੀਂ। ਮੈਂ ਸਮਝ ਨਹੀਂ ਸਕਦਾ ਕਿ ਉਨ੍ਹਾਂ ਨੇ ਫਿਰ ਆਪਣੇ ਹੀ ਇਤਿਹਾਸ ਤੋਂ ਕੀ ਸਿਖਿਆ ਹੈ...।

ਖੈਰ, ਅੱਜ ਦੀ ਗੱਲ ਕਰੀਏ। ਗੱਡੀਆਂ ਭਜਾਈ ਤੁਰੇ ਜਾਂਦੇ ਹਾਂ ਜਿਵੇਂ ਕਿਤੇ ਗੱਡੀ ਚੜ੍ਹਨਾ ਹੁੰਦਾ ਹੈ ਪਰ ਝਟ ਮੂੰਹ ਵੱਟ ਲੈਂਦੇ ਹਾਂ। ਕੰਮ ਕਰਦੇ ਦੇਰ ਰਾਤ ਤੱਕ ਜਾਗਦੇ ਰਹਿੰਦੇ ਹਾਂ ਤੇ ਸਵੇਰ ਨੂੰ ਥੱਕੇ ਹੁੱਟੇ ਅੰਗੜਾਈ ਭੰਨਦੇ ਹਾਂ। ਟੀ.ਵੀ. ਦੇਖਣ ਲੱਗੇ ਸੋਫੇ ਨਾਲ ਚੁੰਬੜੇ ਟੀ.ਵੀ. ਹੀ ਦੇਖੀ ਜਾਂਦੇ ਹਾਂ। ਜ਼ਰਾ ਨਜ਼ਰ ਤਾਂ ਮਾਰੋ, ਕਿੰਨੀਆਂ ਸਾਰੀਆਂ ਕਿਤਾਬਾਂ, ਗ੍ਰੰਥ ਵਿਦਵਾਨਾਂ ਨੇ ਆਪਣੀਆਂ ਰਾਤਾਂ ਗਾਲ ਗਾਲ ਸਾਡੇ ਦਿਲੋ-ਦਿਮਾਗ ਰੌਸ਼ਨ ਕਰਨ ਲਈ ਰਚ ਛੱਡੇ ਹਨ। ਆਪਣੀਆਂ ਸੁਖ-ਸੰਪਤੀਆਂ ਨੂੰ ਜ਼ਰਬਾਂ 'ਤੇ ਜ਼ਰਬਾਂ ਦੇਈ ਜਾਂਦੇ ਹਾਂ ਪਰ ਕਦਰਾਂ ਕੀਮਤਾਂ ਨਿਘਰਦੀਆਂ ਜਾ ਰਹੀਆਂ ਹਨ। ਗੱਲਾਂ ਦੀ ਖੱਟੀ ਖਾਣ 'ਤੇ ਲੱਗੇ ਹੋਏ ਹਾਂ ਐਪਰ ਮੋਹ ਮੁਹੱਬਤ ਉਡਦਾ ਜਾ ਰਿਹਾ ਹੈ ਤੇ ਨਫ਼ਰਤ ਵਧਦੀ ਤੁਰੀ ਜਾਂਦੀ ਹੈ।

ਗਲੀ ਅਸੀ ਚੰਗੀਆ
ਅਚਾਰੀ ਬੁਰੀਆਹ॥
ਮਨਹੁ ਕੁਸੁਧਾ ਕਾਲੀਆ
ਬਾਹਰਿ ਚਿਟਵੀਆਹ॥

ਰਹਿਣ ਸਹਿਣ ਤੇ ਠਾਠ ਬਾਠ ਦਾ ਕੋਈ ਅੰਤ ਨਹੀਂ ਪਰ ਜਿਉਣ ਦਾ ਵੀ ਕੋਈ ਚੱਜ ਨਹੀਂ।

ਡਾਕਟਰੀ ਉਨਤੀ ਨਾਲ ਜ਼ਿੰਦਗੀ ਸਾਲਾਂ ਦੇ ਸਾਲ ਵਧਾ ਲਈ ਹੈ ਪਰ ਸਾਲਾਂ 'ਚੋਂ ਜ਼ਿੰਦਗੀ ਗਾਇਬ ਹੋ ਰਹੀ ਹੈ। ਦੂਰ ਅਕਾਸ਼ਾਂ ਵਿਚ ਚੰਦ ਤੇ ਪੈਰ ਰਖ ਕੇ ਮੁੜ ਆਏ ਹਾਂ ਪਰ ਕਦੇ ਸੜਕ ਪਾਰ ਕਰਕੇ ਨਵੇਂ ਆਏ ਗੁਆਂਢੀ ਦਾ ਹਾਲ ਚਾਲ ਨਹੀਂ ਪੁਛਿਆ। ਆਪਣੀ ਹੱਡਬੀਤੀ ਸੁਣਾਉਂਦਾ ਹਾਂ ਤਾਂ ਕਿ ਕਹੋ ਨਾ ਲੈਕਚਰਬਾਜ਼ੀ ਕਰਨ ਲੱਗ ਪਿਆ ਹਾਂ। ਇਸ ਦੇਸ਼ ਵਿਚ ਆ ਕੇ ਅਸੀਂ ਪਹਿਲਾ ਪਹਿਲਾ ਹੀ ਅਪਾਰਟਮੈਂਟ ਲਿਆ ਸੀ। ਅਜੇ ਅੰਦਰ ਵੜ ਕੇ ਥੱਕੇ ਟੁੱਟਿਆਂ ਨੇ ਚਾਹ ਲਈ ਪਾਣੀ ਧਰਿਆ ਹੀ ਸੀ ਕਿ ਗੁਆਂਢੀ ਗੋਰੇ ਨੇ ਆਣ ਬੂਹਾ ਖੜਕਾਇਆ। ਬੂਹਾ ਖੋਲ੍ਹਿਆ, ਦੇਖਿਆ, ਉਸਦੇ ਮੱਥੇ ਤੇ ਵੱਟ ਸਨ, ਇਕ ਹੱਥ 'ਚ ਕੁੱਤੇ ਦੀ ਸੰਗਲੀ ਸੀ ਤੇ ਦੂਜੇ 'ਚ ਟਿੰਡ ਜਿੱਡੀ ਕੋਕ ਦੀ ਬੋਤਲ। ਜਿਵੇਂ ਮੂੰਹ 'ਤੇ ਚਪੇੜ ਮਾਰੀਦੀ ਹੈ, ਕਹਿੰਦਾ," ਵੈਲਕਮ, ਤੂੰ ਆਪਣੀ ਕਾਰ ਮੇਰੀ ਥਾਂ 'ਚ ਖੜੀ ਕਰ ਦਿੱਤੀ ਹੈ, ਏਹਨੂੰ ਫਟਾਫਟ ਆਪਣੇ ਪਾਸੇ ਲੈ ਜਾ।" ਇਹ ਕਹਿੰਦਿਆਂ ਉਸ ਨੇ ਮੂੰਹ ਫੇਰ ਲਿਆ ਤੇ ਚਲਦਾ ਬਣਿਆ।

ਅਸੀਂ ਬਾਹਰਲਾ ਅਕਾਸ਼ ਜਿੱਤ ਲਿਆ ਪਰ ਅੰਦਰਲਾ ਨਹੀਂ। ਵੱਡੇ ਵੱਡੇ ਕਾਰਜ ਸਿਰੇ ਚੜ੍ਹਾ ਲਏ ਪਰ ਸ਼ੁਭ ਕੰਮ ਨਹੀਂ ਕੀਤੇ। ਹਵਾ ਸਾਫ ਕਰ ਲਈ ਪਰ ਰੂਹ ਮਲੀਨ ਕਰ ਲਈ। ਐਟਮ ਦੀ ਖੋਜ ਕਰਕੇ ਐਟਮ ਬੰਬ ਬਣਾਈ ਫਿਰਦੇ ਹਾਂ ਪਰ ਮਨ ਦਵੇਸ਼ਾਂ ਨਾਲ ਭਰ ਲਿਆ। ਲਿਖ ਲਿਖ ਗੱਡੇ ਲੱਦ ਲਏ ਪਰ ਸਿਖਿਆ ਕੁਝ ਨਹੀਂ। ਸਕੀਮਾਂ 'ਤੇ ਸਕੀਮਾਂ ਬਣਾਈ ਜਾਂਦੇ ਹਾਂ ਪਰ ਸਿਰੇ ਕੁਝ ਨਹੀਂ ਚਾੜ੍ਹਦੇ। ਹਰ ਵਕਤ ਕਾਹਲੇ ਪਏ ਰਹਿੰਦੇ ਹਾਂ ਪਰ ਉਡੀਕ ਕਰਨਾ ਨਹੀਂ ਸਿਖਿਆ। ਕੰਪਿਊਟਰ ਦੀਆਂ ਡਿਸਕਾਂ ਵਿਚ ਜਾਣਕਾਰੀਆਂ ਤੂੜੀ ਜਾਂਦੇ ਹਾਂ ਪਰ ਕਿਸੇ ਨਾਲ ਗੱਲ ਕਰਨ ਲਈ ਸਾਡੇ ਪਾਸ ਫੁਰਸਤ ਨਹੀਂ।

ਫਾਸਟ ਫੂਡਾਂ ਦਾ ਜ਼ਮਾਨਾ ਆ ਗਿਆ ਹੈ, ਪਰ ਹਾਜਮਾ ਜਿੱਡਾ ਹੋਈ ਜਾਂਦਾ ਹੈ, ਪੱਥਰ ਬਣਿਆ ਖਾਧਾ ਪੀਤਾ ਅੱਗੇ ਨੂੰ ਤਾਂ ਤੁਰਦਾ ਹੀ ਨਹੀਂ। ਇਸ ਯੁੱਗ ਵਿਚ ਵੱਡੇ ਵੱਡੇ ਆਦਮੀ ਜਿੰਨੇ ਮਰਜ਼ੀ ਦੇਖ ਲਓ ਪਰ ਕਿਰਦਾਰ ਹੋਛੇ, ਦੋਗਲੇ ਤੇ ਮੀਸਣੇ। ਮੁਨਾਫਿਆਂ ਦਾ ਕੋਈ ਅੰਤ ਨਹੀਂ, ਬੈਂਕਾਂ ਭਰੀ ਜਾਂਦੇ ਹਨ ਪਰ ਰਿਸ਼ਤੇ ਪੇਤਲੇ ਤੋਂ ਪੇਤਲੇ ਪੈਂਦੇ ਜਾ ਰਹੇ ਹਨ। ਘਰ ਦੇ ਦੋਵੇਂ, ਬਲਕਿ ਸਾਰੇ ਜੀਅ ਕਮਾਉਣ ਲੱਗ ਪਏ ਹਨ ਪਰ ਤਲਾਕ ਵਧ ਰਹੇ ਹਨ, ਬੱਚੇ ਤੁਹਾਡੇ ਵੱਲ ਮੂੰਹ ਸਿਧਾ ਕਰਕੇ ਨਹੀਂ ਬੋਲਦੇ। ਘਰ ਵੱਡੇ ਵੱਡੇ ਪਰ ਗ੍ਰਹਿਸਥੀ ਟੁੱਟੀ ਹੋਈ। ਹਰ ਕੰਮ ਝਟਕੀ-ਪਟਕੀ 'ਚ ਕਰਨ ਨੂੰ ਪੈਂਦੇ ਹਾਂ, ਬੱਚਿਆਂ ਦੇ ਡਾਇਪਰ ਲਾਹ ਲਾਹ ਮਾਰਦੇ ਹਾਂ ਪਰ ਸ਼ਰਮ ਦੀ ਲੋਈ ਵੀ ਲਾਹ ਮਾਰੀ ਹੈ। ਬੱਸ ਇਕ ਰਾਤ ਭਰ ਦਾ ਰਿਸ਼ਤਾ ਤੇ ਖਤਮ। ਗੋਲੀਆਂ ਤੇ ਗੋਲੀਆਂ ਖਾਈ ਜਾਂਦੇ ਹਾਂ-ਖੁਸ਼ ਹੋਣ ਲਈ ਗੋਲੀ, ਖਾਮੋਸ਼ ਹੋਣ ਲਈ ਗੋਲੀ, ਸੌਣ ਲਈ ਗੋਲੀ, ਜਾਗਣ ਲਈ ਗੋਲੀ ਏਥੋਂ ਤਕ ਕਿ ਮਰ ਜਾਣ ਤੇ ਮਾਰ ਦੇਣ ਲਈ ਵੀ ਗੋਲੀ ਤਿਆਰ ਪਈ ਹੈ। ਸ਼ੋ ਰੂਮ ਭਰੇ ਪਏ ਹਨ ਪਰ ਸਟਾਕ ਖਾਲੀ।

ਮੈਨੂੰ ਪਤਾ ਹੈ ਮੇਰਾ ਇਹ ਲੇਖ ਪੜ੍ਹ ਕੇ ਤੁਹਾਡਾ ਮੱਥਾ ਥੋੜਾ ਠਣਕਣਾ ਹੈ ਪਰ ਫਿਰ ਵੀ ਤੁਸੀਂ ਫਟਾ ਫਟ ਇਸ ਨੂੰ ਡਸਟ ਬਿਨ ਵਿਚ ਸੁਟ ਦੇਣਾ ਹੈ ਕਿਉਂਕਿ ਸਟਾਰਟ ਹੋਈ ਤੁਹਾਡੀ ਕਾਰ ਤੁਹਾਨੂੰ ਉਡੀਕ ਰਹੀ ਹੈ।

ਇਓਂ ਲਗਦਾ ਹੈ ਜਿਵੇਂ ਜ਼ਿੰਦਗੀ ਨੇ ਅਤਿ ਹੀ ਚੁੱਕ ਲਈ ਹੋਵੇ; ਪੈਰਾਂ ਚ ਜਿਵੇਂ ਜ਼ਮੀਨ ਹੀ ਨਹੀਂ ਰਹੀ; ਬਸ ਇਕ ਗ਼ਰਦਿਸ਼ ਵਿਚ ਭਉਂਦੇ ਫਿਰ ਰਹੇ ਹਾਂ। ਕੁਝ ਸਾਲ ਹੋਏ ਕੈਨੇਡਾ ਵਿਚ ਇਕ ਪੰਜਾਬੀ ਨੇ ਦਿਨ ਰਾਤ ਇਕ ਕਰਕੇ ਬੇਹੱਦ ਮਾਇਆ ਇਕੱਠੀ ਕਰ ਲਈ। ਪਰ ਆਖਰ ਇਕ ਦਿਨ ਉਸ ਦੀ ਬੱਤੀ ਜਗੀ; ਕੀ ਮਕਸਦ ਹੈ ਇਸ ਸਭ ਕਾਸੇ ਦਾ? ਆਖਰ ਕਿੰਨਾ ਕੁ ਧੰਨ ਬੰਦੇ ਲਈ ਕਾਫ਼ੀ ਹੁੰਦਾ ਹੈ? ਕੀ ਇਸ ਦੀ ਕੋਈ ਸੀਮਾ



## ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਹੈ? ਉਸ ਨੇ ਆਪਣੇ ਆਪ ਨੂੰ ਸਵਾਲ ਪਾਇਆ ਤੇ ਸਾਰੀ ਮਾਇਆ ਦਾਨ ਕਰਨੀ ਸ਼ੁਰੂ ਕਰ ਦਿਤੀ। ਪਛਮੀ ਜਗਤ ਉਸ ਦੇ ਵਤੀਰੇ 'ਤੇ ਚਕ੍ਰਿਤ ਰਹਿ ਗਿਆ। ਇਹ ਤਾਂ ਕੋਈ ਸਿਰ ਫਿਰਿਆ ਹੀ ਅਜਿਹਾ ਕੰਮ ਕਰ ਸਕਦਾ ਹੈ, ਹਰ ਇਕ ਦੀ ਇਹੀ ਟਿੱਪਣੀ ਸੀ। ਮਾਇਆ ਦੇ ਪਟੇ ਵਿਚ ਇਹ ਲੋਕ ਏਨੇ ਲਪੇਟੇ ਹੋਏ ਹਨ ਕਿ ਇਸਦੀ ਇਸ ਤਰ੍ਹਾਂ ਲੁਟਕੀ ਉਨ੍ਹਾਂ ਨੂੰ ਧਨ ਦੀ ਬੇਹੁਰਮਤੀ ਲਗਦੀ ਸੀ। ਇਹ ਨਹੀਂ ਕਿ ਬੰਦੇ ਨੂੰ ਸਾਰੀ ਮੋਹ ਮਾਇਆ ਛੱਡ ਹੀ ਦੇਣੀ ਚਾਹੀਦੀ ਹੈ ਪਰ ਇਹ ਤਾਂ ਸਮਝ ਹੋਣੀ ਚਾਹੀਦੀ ਹੈ ਕਿ ਜ਼ਿੰਦਗੀ ਦਾ ਅਸਲੀ ਸਵਾਦ ਮਨੁਖੀ ਰਿਸ਼ਤਿਆਂ ਦੇ ਨਿੱਘ ਵਿਚ ਨਿਹਿਤ ਹੈ। ਸਾਰੀ ਦੌੜ ਭੱਜ ਵਿਚ ਜੇ ਰਿਸ਼ਤੇ ਹੀ ਗਵਾ ਲਏ ਤਾਂ ਅਸੀਂ ਕੀ ਖੱਟਿਆ। ਮਨੁਖਾ ਜ਼ਿੰਦਗੀ ਦੀ ਉਤਮਤਾ ਮਨੁਖ ਦੇ ਸੰਦਰਭ ਵਿਚ ਹੀ ਹੈ ਨਾ ਕਿ ਬੇਜਾਨ ਚੀਜ਼ਾਂ ਵਿਚ।

ਪੰਜਾਬੀ ਲੇਖਕ ਬਲਵੰਤ ਗਾਰਗੀ ਕੁਝ ਸਾਲ ਅਮਰੀਕਾ ਵਿਚ ਪੜ੍ਹਾਉਂਦਾ ਰਿਹਾ। ਏਥੋਂ ਉਹ ਦੋ ਹੀ ਮੰਮੇ ਇੰਡੀਆ ਲੈ ਕੇ ਗਿਆ:ਮੇਮ ਤੇ ਮੋਟਰ। ਵਿਆਹੀ ਮੇਮ ਨੂੰ ਜਦ ਉਹ ਬੰਬਈ ਤੋਂ ਕਾਰ ਵਿਚ ਦਿੱਲੀ ਲਿਆ ਰਿਹਾ ਸੀ ਤਾਂ ਉਸ ਨੂੰ ਜੀ.ਟੀ. ਰੋਡ ਦੀ ਇਕ ਸਾਈਡ 'ਤੇ ਇਕ ਝੌਂਪੜੀ ਦਿਖਾਈ ਦਿਤੀ। ਉਸ ਨੇ ਇਸਨੂੰ ਦੇਖਣ ਦੀ ਇਛਾ ਪ੍ਰਗਟ ਕੀਤੀ ਤਾਂ ਗਾਰਗੀ ਨੇ ਕਾਰ ਰੋਕ ਲਈ। ਇਹ ਇਕ ਸਾਧੂ ਦੀ ਕੁੱਲੀ ਸੀ। ਗਾਰਗੀ ਦੀ ਪਤਨੀ ਜੀਨੀ ਇਹ ਦੇਖ ਕੇ ਬਹੁਤ ਹੈਰਾਨ ਰਹਿ ਗਈ ਕਿ ਜ਼ਿੰਦਗੀ ਦੀਆਂ ਸਾਰੀਆਂ ਲੁੜੀਂਦੀਆਂ ਚੀਜ਼ਾਂ ਇਸ ਸਾਧੂ ਦੇ ਅੱਗੇ, ਪਿੱਛੇ, ਖੱਬੇ, ਸੱਜੇ ਬੱਸ ਇਕ ਹੱਥ ਦੀ ਹੀ ਮਾਰ ਵਿਚ ਸਨ। ਏਧਰ ਹੱਥ ਮਾਰਿਆ ਪਾਣੀ ਦਾ ਘੜਾ ਪਿਆ ਸੀ ਔਧਰ ਹੱਥ ਮਾਰਿਆ ਰੋਟੀ, ਸੁਲਫੇ ਦੀ ਚਿਲਮ, ਪਰਨਾ, ਪੱਖੀ, ਲੋਟੇ, ਮਾਲਾ, ਗੀਤਾ ਪਏ ਸਨ। ਨੀਂਦ ਆਈ ਤੇ ਉਹ ਉਥੇ ਹੀ ਟੇਢਾ ਹੋ ਸਕਦਾ ਸੀ। ਅਮਰੀਕਾ ਤੋਂ ਆਈ ਇਸ ਮੇਮ ਲਈ ਇਹ ਪਹਿਲਾ ਸਬਕ ਸੀ ਕਿ ਜ਼ਿੰਦਗੀ ਨੂੰ ਜਿੰਨਾ ਮਰਜ਼ੀ ਸਰਲ ਤੇ ਜਿੰਨਾ ਮਰਜ਼ੀ ਜਟਿਲ ਬਣਾ ਲਓ।

ਮਹਾਪੁਰਸ਼ਾਂ ਨੇ ਤਾਂ ਤੱਤ ਕਢੇ ਹੋਏ ਹਨ:
ਕਬੀਰ ਕੋਠੇ ਮੰਡਪ ਹੇਤੁ ਕਰਿ
ਕਾਹੇ ਮਰਹੁ ਸਵਾਰਿ
ਕਾਰਜੁ ਸਾਢੇ ਤੀਨਿ ਹਥ
ਘਨੀ ਤ ਪਉਨੇ ਚਾਰਿ

ਜਾਰਜ ਕਾਰਲਿਨ ਬਹੁਤ ਸਾਰੀਆਂ ਖਰੀਆਂ ਖਰੀਆਂ ਗੱਲਾਂ ਕਹਿ ਗਿਆ ਹੈ ਪਰ ਉਸਨੇ ਕੁਝ ਸੁਝਾ ਵੀ ਦਿੱਤੇ ਹਨ ਜੋ ਮੈਂ ਉਸੇ ਦੀ ਭਾਸ਼ਾ ਵਿਚ ਪੇਸ਼ ਕਰਨੇ ਚਾਹੁੰਦਾ ਹਾਂ:

**ਯਾਦ ਰੱਖੋ:**ਆਪਣੇ ਪਿਆਰਿਆਂ ਨਾਲ ਕੁਝ ਸਮਾਂ ਬਿਤਾਵੋ, ਉਹ ਤੁਹਾਡੇ ਕੋਲ ਹਮੇਸ਼ਾ ਹਮੇਸ਼ਾ ਨਹੀਂ ਰਹਿਣੇ।

**ਯਾਦ ਰੱਖੋ:**ਤੁਹਾਡੇ ਵੱਲ ਜੋ ਪਿਆਰ ਦੀਆਂ ਨਜ਼ਰਾਂ ਨਾਲ ਦੇਖ ਰਿਹਾ ਹੈ ਉਸ ਨਾਲ ਕੁਝ ਬੋਲ ਸਾਂਝੇ ਕਰੋ। ਸਮਝ ਲਵੋ ਏਹ ਬੰਦਾ ਇਸ ਦੁਨੀਆਂ ਤੋਂ ਤੁਰਨ ਹੀ ਵਾਲਾ ਹੈ।

ਲਾਗੇ ਖੜੇ ਬੰਦੇ ਨੂੰ ਜੱਫੀ ਪਾ ਲਓ; ਤੁਹਾਡੇ ਕੋਲ ਹੋਰ ਕੋਈ ਖਜ਼ਾਨਾ ਹੈ ਹੀ ਕੀ ਜੋ ਤੁਸੀਂ ਉਸ ਨੂੰ ਦੇ ਸਕਦੇ ਹੋ। ਨਾਲੇ ਇਸਦਾ ਮੁੱਲ ਵੀ ਕੀ ਲਗਦਾ ਹੈ।

ਆਪਣੇ ਜੀਵਨ ਸਾਥੀ ਤੇ ਆਪਣੇ ਹੋਰ ਸਨੇਹੀਆਂ ਨੂੰ ਕਹੋ ਮੈਂ ਤੁਹਾਨੂੰ ਪਿਆਰ ਕਰਦਾ ਹਾਂ, ਉਪਰੋਂ ਉਪਰੋਂ ਹੀ ਨਹੀਂ ਤਹਿਦਿਲੋਂ ਕਹੋ।

ਉਸਦਾ ਹੱਥ ਘੁੱਟੋ ਤੇ ਉਸ ਪਲ ਦੇ ਨਿਘ ਨੂੰ ਮਾਣੋ, ਮੁਮਕਿਨ ਹੈ ਉਹ ਬੰਦਾ ਕੱਲ ਤੁਹਾਡੇ ਕੋਲ ਰਹੇ ਹੀ ਨਾ।

ਪਿਆਰ ਕਰਨ ਲਈ, ਗੱਲਾਂ ਕਰਨ ਲਈ ਤੇ ਆਪਣੇ ਵਡਮੁਲੇ ਖਿਆਲ ਸਾਂਝੇ ਕਰਨ ਲਈ ਜ਼ਿੰਦਗੀ 'ਚੋਂ ਸਮਾਂ ਕਢੋ।

**ਹਮੇਸ਼ਾ ਯਾਦ ਰੱਖੋ:**ਤੁਹਾਡੀ ਜ਼ਿੰਦਗੀ ਦਾ ਵਡੱਪਣ ਇਸ ਗੱਲ ਤੋਂ ਨਹੀਂ ਮਿਣਿਆ ਜਾਵੇਗਾ ਕਿ ਤੁਸੀਂ ਸਾਹ ਕਿੰਨੇ ਲਏ ਹਨ ਸਗੋਂ ਇਸ ਗੱਲ ਤੋਂ ਜਾਣਿਆ ਜਾਵੇਗਾ ਕਿ ਕਿੰਨੇ ਸਾਹ ਰੋਕ ਕੇ ਤੁਸੀਂ ਜ਼ਿੰਦਗੀ ਦਾ ਹੁਸੀਨ ਮੰਜ਼ਰ ਤੱਕਿਆ ਹੈ।

**ਦੁਖਦੀ ਰਗ**

# ਸਮਸਿਆ ਕੌਣ...ਮਾਓਵਾਦੀ ਜਾਂ ਭਾਰਤੀ ਰਾਜ?

***ਪਿਛਲੇ ਕੁਝ ਅਰਸੇ ਤੋਂ ਛੱਤੀਸਗੜ੍ਹ ਵਿਚ ਮਾਓਵਾਦੀ ਹਿੰਸਾ ਨੂੰ ਲੈ ਕੇ ਸਰਕਾਰ ਵੱਡੀ ਚਿੰਤਾ ਵਿਚ ਹੈ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਕਹਿ ਰਹੇ ਹਨ ਕਿ ਇਹ ਸਾਡੇ ਆਪਣੇ ਹੀ ਬੰਦੇ ਹਨ, ਅਸੀਂ ਇਨ੍ਹਾਂ ਵਿਰੁਧ ਫੌਜ ਦੀ ਵਰਤੋਂ ਨਹੀਂ ਕਰਾਂਗੇ। ਪਰ ਦੂਜੇ ਪਾਸੇ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਆਦਿਵਾਸੀ ਇਲਾਕਿਆਂ ਵਿਚ ਤਾਕਤ ਦੀ ਲਗਾਤਾਰ ਵਰਤੋਂ ਹੋ ਰਹੀ ਹੈ। ਗ੍ਰਹਿ ਮੰਤਰੀ ਪੀ. ਚਿਦੰਬਰਮ ਆਖੀ ਜਾ ਰਹੇ ਹਨ ਕਿ ਜੇ ਮਾਓਵਾਦੀ 72 ਘੰਟਿਆਂ ਲਈ ਹਿੰਸਾ ਬੰਦ ਕਰ ਦੇਣ ਤਾਂ ਸਰਕਾਰ ਉਨ੍ਹਾਂ ਨਾਲ ਗੱਲਬਾਤ ਲਈ ਤਿਆਰ ਹੈ। ਪਰ ਸਵਾਲ ਇਹ ਹੈ ਕਿ ਇਸ ਸਾਰੀ ਸਮੱਸਿਆ ਦਾ ਹੱਲ ਕੀ ਹੈ? ਹਿਮਾਂਸ਼ੂ ਕੁਮਾਰ ਪੱਕੇ ਗਾਂਧੀਵਾਦੀ ਹਨ, ਅਹਿੰਸਾ ਦੇ ਪੁਜਾਰੀ। ਉਹ ਪਿਛਲੇ 17 ਸਾਲ ਤੋਂ ਆਦਿਵਾਸੀ ਇਲਾਕਿਆਂ ਵਿਚ ਆਦਿਵਾਸੀ ਲੋਕਾਂ ਨਾਲ ਕੰਮ ਕਰਦੇ ਆ ਰਹੇ ਹਨ। ਹਾਲ ਹੀ ਵਿਚ ਮੁੰਬਈ ਪ੍ਰੈਸ ਕਲੱਬ ਵਿਚ ਉਨ੍ਹਾਂ ਦੰਤੇਵਾੜਾ (ਛਤੀਸਗੜ੍ਹ) ਦੀ ਸਥਿਤੀ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕੀਤੀ ਅਤੇ ਦੱਸਿਆ ਕਿ ਹਿੰਸਾ ਦਾ ਅਸਲ ਕਾਰਨ ਕੀ ਹੈ। ਇਹ ਲੇਖ ਉਸੇ ਗੱਲਬਾਤ ਦਾ ਸਾਰ ਹੈ। -ਸੰਪਾਦਕ***

**ਹਿਮਾਂਸ਼ੂ ਕੁਮਾਰ**

ਗਾਂਧੀ ਜੀ ਦੇ ਇਨ੍ਹਾਂ ਵਿਚਾਰਾਂ ਕਿ ਅਸਲੀ ਭਾਰਤ ਪਿੰਡਾਂ ਵਿਚ ਰਹਿੰਦਾ ਹੈ ਅਤੇ ਨੌਜਵਾਨਾਂ ਨੂੰ ਇਨ੍ਹਾਂ ਦੇ ਸੁਧਾਰ ਲਈ ਉਥੇ ਜ਼ਰੂਰ ਜਾਣਾ ਚਾਹੀਦਾ ਹੈ, ਦੀ ਪਾਲਣਾ ਕਰਦਿਆਂ ਸਤਾਰਾਂ ਸਾਲ ਪਹਿਲਾਂ ਮੈਂ ਦੰਤੇਵਾੜਾ ਗਿਆ। ਪਿੰਡ ਦੇ ਲੋਕਾਂ ਨੇ ਮੈਨੂੰ ਆਸ਼ਰਮ ਬਣਾਉਣ ਲਈ ਥਾਂ ਦਿਤੀ। ਇਸ ਸਾਲ ਸਰਕਾਰ ਨੇ 1000 ਪੁਲਿਸ ਕਰਮੀ ਅਤੇ ਬਾਰੂਦੀ ਸੁਰੰਗ ਤੋੜੂ ਵਾਹਨ ਭੇਜ ਕੇ ਮੇਰਾ ਆਸ਼ਰਮ ਢਾਹ ਦਿਤਾ ਅਤੇ ਇਸ ਤੋਂ ਬਾਅਦ ਹੀ ਆਦਿਵਾਸੀਆਂ ਨੇ ਸਵੀਕਾਰ ਕੀਤਾ ਕਿ ਮੈਂ ਵੀ ਉਨ੍ਹਾਂ ਵਰਗਾ ਹੀ ਹਾਂ; ਮੇਰਾ ਘਰ ਵੀ ਢਾਹਿਆ ਜਾ ਸਕਦਾ ਹੈ। ਦੰਤੇਵਾੜਾ ਦੇ ਜੰਗਲਾਂ ਵਿਚ ਲੋਕ ਆਦਿਵਾਸੀਆਂ ਵਾਂਗ ਕੁਦਰਤ ਨਾਲ ਇਕਮਿਕ ਹੋ ਕੇ ਰਹਿੰਦੇ ਹਨ। ਇਥੇ ਕੁਦਰਤੀ ਨਿਆਂ ਚਲਦਾ ਹੈ। ਜੰਗਲਾਂ ਵਿਚ ਕੋਈ ਪੁਲਿਸ ਨਹੀਂ; ਕੋਈ ਜੁਰਮ ਨਹੀਂ। ਮੈਂ ਆਪਣੇ ਵਿਆਹ ਤੋਂ ਮਹਿਜ ਇਕ ਮਹੀਨਾ ਪਿਛੋਂ ਹੀ ਦੰਤੇਵਾੜਾ ਚਲਾ ਗਿਆ ਸਾਂ। ਮੈਂ ਅਤੇ ਮੇਰੀ ਪਤਨੀ ਨੇ ਏਥੇ ਇਕ ਝੌਂਪੜੀ ਬਣਾਈ ਜਿਸਦੀ ਸਿਰਫ ਛੱਤ ਸੀ; ਕੋਈ ਦੀਵਾਰ ਨਹੀਂ ਸੀ। ਮੈਂ ਕਈ ਵਾਰੀ ਆਪਣੀ ਪਤਨੀ ਨੂੰ ਇਕੱਲਿਆਂ ਹੀ ਝੌਂਪੜੀ ਵਿਚ ਛੱਡ ਕੇ ਸਮੁਚੇ ਮੱਧ ਪ੍ਰਦੇਸ਼ ਦੀ ਸੈਰ ਕਰਨ ਲਈ ਦੋ ਦੋ ਮਹੀਨੇ ਬਾਹਰ ਵੀ ਚਲਾ ਜਾਇਆ ਕਰਦਾ ਸਾਂ। ਅਜਿਹੇ ਵੇਲਿਆਂ 'ਤੇ ਉਸ ਕਦੀ ਵੀ ਕਿਸੇ ਕਿਸਮ ਦੀ ਲਫਤੇਬਾਜ਼ੀ ਦੀ ਸ਼ਿਕਾਇਤ ਨਹੀਂ ਕੀਤੀ ਸੀ।

**ਪਿੰਡਾਂ ਨੂੰ ਜ਼ਬਰੀ ਖਾਲੀ ਕਰਾਉਣਾ:** 2005 ਵਿਚ ਛਤੀਸਗੜ੍ਹ ਸਰਕਾਰ ਨੇ ਅਚਾਨਕ ਮਹਿਸੂਸ ਕਰਨਾ ਸ਼ੁਰੂ ਕਰ ਦਿਤਾ ਕਿ ਦੰਤੇਵਾੜਾ ਵਿਚਲੇ ਮਾਓਵਾਦੀ ਉਨ੍ਹਾਂ ਲਈ ਵੱਡਾ ਖਤਰਾ ਹਨ। ਸਰਕਾਰ ਨੇ ਇਸ ਕਥਿਤ ਖਤਰੇ ਦਾ ਟਾਕਰਾ ਕਰਨ ਲਈ ਆਪਣੇ ਗੁਮਾਸ਼ਤਿਆਂ ਨੂੰ 'ਸਲਵਾ ਜੂਡਮ' ਯਾਨਿ ਕਿ 'ਸਾਂਝੀ ਸ਼ਾਤੀ ਮੁਹਿੰਮ' ਬੈਨਰ ਹੇਠ ਹਥਿਆਰਬੰਦ ਕਰਕੇ ਮੋੜਵੀਂ ਲਹਿਰ ਸ਼ੁਰੂ ਕਰ ਦਿਤੀ। ਉਹ ਜਾਣਦੇ ਸਨ ਕਿ ਮਾਓਵਾਦੀਆਂ ਨੂੰ ਆਦਿਵਾਸੀਆਂ ਦੀ ਸਹਾਇਤਾ ਪ੍ਰਾਪਤ ਹੈ ਇਸ ਲਈ ਉਨ੍ਹਾਂ ਨੇ ਜੰਗਲਾਂ ਵਿਚਲੇ ਪਿੰਡਾਂ ਨੂੰ ਖਾਲੀ ਕਰਾਉਣਾ ਸ਼ੁਰੂ ਕਰ ਦਿਤਾ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਜ਼ਬਰਦਸਤੀ ਘਰਾਂ 'ਚੋਂ ਖਦੇੜ ਕੇ ਉਨ੍ਹਾਂ ਨੂੰ ਪਿੰਡ ਦੀਆਂ ਫਿਰਨੀਆਂ ਤੇ ਸਥਿਤ ਪੁਲਿਸ ਥਾਣਿਆਂ ਦੇ ਨੇੜਲੇ ਕੈਂਪਾਂ ਵਿਚ ਤਾੜਨ ਦੀ ਕੋਸ਼ਿਸ਼ ਕੀਤੀ। ਪੁਲਿਸ ਸ਼ਕਤੀ ਦੇ ਨਾਲ ਗੁੰਡਿਆਂ ਦੀ ਤਾਕਤ ਵੀ ਮੌਜੂਦ ਸੀ ਜਿਨ੍ਹਾਂ ਨੇ ਪਿੰਡ ਵਾਸੀਆਂ ਨੂੰ ਜੋਰ-ਜਬਰੀ ਬਾਹਰ ਕਢਿਆ ਅਤੇ ਉਨ੍ਹਾਂ ਨੂੰ ਕੈਂਪਾਂ ਵਿਚ ਵਾੜ ਦਿੱਤਾ।

ਪਰੰਤੂ ਆਦਿਵਾਸੀ ਇਸ ਖੇਤਰ 'ਚ ਵਹਿੰਦੇ ਨਦੀ ਨਾਲਿਆਂ ਜਾਂ ਪਰਬਤੀ ਢਾਲਾਂ ਯਾਨਿ ਕਿ ਕੁਦਰਤ ਨਾਲ ਰਚ ਮਿਚ ਕੇ ਜਿਉਣਾ ਗਿਝੇ ਹੋਏ ਹਨ। ਇਸਦੇ ਉਲਟ ਸਰਕਾਰ ਵਲੋਂ ਬਣਾਏ ਸੁਰਵਾੜਿਆਂ ਵਰਗੇ ਕਥਿਤ ਕੈਂਪ ਇਕ ਦੂਸਰੇ ਦੇ ਅੰਦਰ ਇੰਜ ਵੜੇ ਹੋਏ ਹਨ ਕਿ ਸਾਹ ਲੈਣਾ ਵੀ ਮੁਹਾਲ ਹੈ। ਆਤੁਰ ਹੋ ਕੇ ਜਦ ਕੋਈ ਵਿਚਾਰਾ ਆਦਿਵਾਸੀ ਇਨ੍ਹਾਂ ਵਾੜਿਆਂ ਵਿਚੋਂ ਜਾਨ ਬਚਾ ਕੇ ਖਿਸਕਣ ਦੀ ਕੋਸ਼ਿਸ਼ ਕਰਦਾ ਹੈ ਤਾਂ ਸਲਵਾ ਜੂਡਮ ਦੇ 'ਦੇਸ਼ ਭਗਤ ਚੋਬਰ' ਉਨ੍ਹਾਂ ਨੂੰ ਗੋਲੀ ਮਾਰ ਦਿੰਦੇ ਹਨ, ਜੇਲ੍ਹਾਂ ਵਿਚ ਸੁਟ ਦਿੰਦੇ ਹਨ ਅਤੇ ਜੇਕਰ ਅਜਿਹੀ ਹਰਕਤ ਕਰਦਿਆਂ ਕੋਈ ਔਰਤ ਹੱਥ ਲੱਗ ਜਾਵੇ ਤਾਂ ਉਸਨੂੰ ਬਲਾਤਕਾਰ ਦਾ ਸ਼ਿਕਾਰ ਹੋਣਾ ਪੈਂਦਾ ਹੈ।

ਇਕ ਸਮੇਂ ਇਨ੍ਹਾਂ ਕੈਂਪਾਂ ਵਿਚ 1000 ਪਿੰਡਾਂ ਦੇ 54000 ਲੋਕ ਤਾੜੇ ਹੋਏ ਸਨ। ਸਰਕਾਰ ਦਾ ਦਾਅਵਾ ਸੀ ਕਿ ਉਸ ਵਲੋਂ 600 ਦੇ ਕਰੀਬ ਪਿੰਡਾਂ ਵਿਚੋਂ ਮਾਓਵਾਦੀ ਅਨਸਰਾਂ ਦੀ ਸਫਾਈ ਕਰ ਦਿਤੀ ਗਈ ਸੀ। ਪੰਜਾਹ ਹਜ਼ਾਰ ਆਦਿਵਾਸੀ ਜੰਗਲ ਵਿਚ ਭਜ ਗਏ ਸਨ। ਉਦੋਂ ਮੁਖ ਮੰਤਰੀ ਰਮਨ ਸਿੰਘ ਨੇ ਸਾਬਕਾ ਅਮਰੀਕੀ ਰਾਸ਼ਟਰਪਤੀ ਬੁਸ਼ ਦੀ ਰੀਸੇ ਅਨੋਖਾ ਐਲਾਨ ਕੀਤਾ ਸੀ ਕਿ "ਜਿਹੜੇ ਕੈਂਪਾਂ ਵਿਚ ਹਨ ਉਹ ਅਮਨਪਸੰਦ ਹਨ; ਉਨ੍ਹਾਂ ਦੇ ਨਾਲ ਹਨ ਅਤੇ ਜਿਹੜੇ ਭੱਜੇ ਹੋਏ ਹਨ ਉਹ ਨਕਸਲਵਾਦੀਆਂ ਦੇ ਢਹੇ ਚੜ੍ਹੇ ਹੋਏ ਹਨ; ਉਨ੍ਹਾਂ ਨੂੰ ਅਸਾਂ ਖਤਮ ਕਰਨਾ ਹੀ ਕਰਨਾ ਹੈ।

ਉਦੋਂ ਮੈਂ ਮੁੱਖ ਮੰਤਰੀ ਨੂੰ ਇਕ ਖੁਲ੍ਹਾ ਪੱਤਰ ਲਿਖਿਆ ਸੀ ਕਿ ਲੋਕ ਆਪਣੀਆਂ ਕੁੱਲੀਆਂ 'ਚ ਰਹਿਣ ਲਈ ਬਜਿਦ ਹਨ ਉਹ ਆਕੀ ਹਨ, ਹਿੰਸਕ ਹਨ, ਨਕਸਲਵਾਦੀ ਹਨ ਅਤੇ ਤੁਸੀਂ ਉਨ੍ਹਾਂ ਨੂੰ ਗੋਲੀਆਂ ਮਾਰ ਕੇ ਬੰਦੇ ਬਣਾਉਣਾ ਚਾਹੁੰਦੇ ਹੋ। ਅਸਲ ਵਿਚ ਉਹ ਇਹੋ ਕੁਝ ਹੀ ਕਰ ਰਹੇ ਸਨ। ਉਨ੍ਹਾਂ ਦੇ ਪਿੰਡਾਂ 'ਤੇ ਵਾਰ ਵਾਰ ਹਮਲੇ ਹੋਏ। ਲੋਕਾਂ ਨੂੰ ਘਰਾਂ ਤੋਂ ਉਜਾੜਿਆ ਗਿਆ ਪਰ ਆਦਿਵਾਸੀਆਂ ਨੇ ਵਾਰ ਵਾਰ ਆਪਣੀ ਧਰਤੀ ਉਤੇ ਵਾਪਸ ਪਰਤ ਕੇ ਆਪਣੇ ਗੁਜ਼ਰ-ਬਸਰ ਲਈ ਓਹੜ-ਪੋਹੜ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰ ਵਾਰ ਉਨ੍ਹਾਂ ਨੂੰ ਖਦੇੜਿਆ ਗਿਆ ਅਤੇ ਉਨ੍ਹਾਂ ਉਤੇ ਤਸ਼ੱਦਦ ਕੀਤਾ ਗਿਆ। ਉਨ੍ਹਾਂ ਦੀਆਂ ਫਸਲਾਂ ਸਾੜ ਦਿਤੀਆਂ ਗਈਆਂ। ਸੋ ਇਹ ਸੀ ਉਹ ਸਾਰਾ ਪਿਛੋਕੜ ਜਿਸ ਵਿਚ ਨਕਸਲੀ ਧਿਰਾਂ ਉਨ੍ਹਾਂ ਨਿਆਸਰਿਆਂ ਦਾ ਆਸਰਾ ਬਣਨ ਲਈ ਬਹੁੜੀਆਂ ਅਤੇ ਇਹ ਸੀ ਉਹ ਅਸਲ ਕਾਰਨ ਜਿਸ ਦੇ ਸਿਟੇ ਵਜੋਂ ਸਹਿਜੇ ਸਹਿਜੇ ਉਨ੍ਹਾਂ ਦੁਖਿਆਰੇ ਲੋਕਾਂ ਨੇ ਉਨ੍ਹਾਂ ਨਕਸਲੀਆਂ ਨੂੰ ਆਪਣੇ ਰਹਿਨੁਮਾ ਮੰਨਣਾ ਸ਼ੁਰੂ ਕਰ ਦਿਤਾ।

ਵੇਖੋ ਸਲਵਾ ਜੂਡਮ ਦੀਆਂ ਗਸ਼ਤੀ ਵਾਹਰਾਂ ਨੂੰ ਸ਼ਰਾਬ, ਮਾਸ ਅਤੇ ਔਰਤਾਂ ਹਰ ਰੋਜ਼ ਚਾਹੀਦੀਆਂ ਹਨ। ਇਹ ਫੈਲਸੂਫੀਆਂ ਸਰਕਾਰ ਤਾਂ ਉਨ੍ਹਾਂ ਨੂੰ ਮੁਹੱਈਆ ਕਰਵਾਉਣੋਂ ਰਹੀ। ਇਸ ਸਾਰੇ ਕਾਸੇ ਲਈ ਚੋਬਰ ਧਾੜਾਂ ਨੇ ਬੇਬਸ ਆਦਿਵਾਸੀਆਂ ਦੇ ਗਲ ਅੰਗੂਠੇ ਦੇਣੇ ਸ਼ੁਰੂ ਕਰ ਦਿਤੇ। ਇਨ੍ਹਾਂ ਅਨਸਰਾਂ ਦੀਆਂ ਵਧੀਕੀਆਂ ਤੇ ਤਾਂ ਸਰਕਾਰ ਮੂਕ ਦਰਸ਼ਕ ਬਣੀ ਰਹਿੰਦੀ ਹੈ ਪ੍ਰੰਤੂ ਜਦੋਂ ਕੋਈ ਗੁੱਸੈਲ ਆਦਿਵਾਸੀ ਨੌਜਵਾਨ ਤੰਗ ਆ ਕੇ ਕਿਸੇ ਚੋਬਰ ਦੀ ਲੱਤ ਜਾਂ ਕੰਨ ਵੱਢ ਦਿੰਦਾ ਹੈ ਤਾਂ ਸਮੂਚੇ ਮੀਡੀਏ ਅੰਦਰ ਕਥਿਤ ਬੇਲਗਾਮ ਆਦਿਵਾਸੀ ਹਿੰਸਾ ਦੀ ਦੁਹਾਈ ਚੁਕ ਦਿਤੀ ਜਾਂਦੀ ਹੈ।

ਸਰਕਾਰ ਮਾਓਵਾਦੀਆਂ ਦੀ ਹਿੰਸਾ ਦੀ ਗੱਲ ਕਰਦੀ ਹੈ, ਪ੍ਰੰਤੂ ਅਜਿਹਾ ਨਹੀਂ ਹੈ। ਸਗੋਂ ਸਰਕਾਰ ਖੁਦ ਹਿੰਸਕ ਹੈ। ਗ੍ਰਹਿ ਮੰਤਰੀ ਹਮੇਸ਼ਾ ਸ਼ਾਂਤੀ ਬਾਰੇ ਗੱਲ ਕਰਦਾ ਹੈ, ਪਰ ਸ਼ਾਂਤੀ ਕਿਵੇਂ ਆਵੇਗੀ ਜੇ ਤੁਸੀਂ ਆਦਿਵਾਸੀਆਂ ਦੇ ਜਿਉਣ ਦੇ ਹੱਕ ਨੂੰ ਨਹੀਂ ਮੰਨੋਗੇ? ਫੇਰ ਤੁਸੀਂ ਮੇਰੇ ਤੋਂ ਇਹ ਉਮੀਦ ਕਰਦੇ ਹੋ ਕਿ ਮੈਂ ਇਨ੍ਹਾਂ ਲੋਕਾਂ ਨੂੰ ਹਿੰਸਾ ਦਾ ਰਸਤਾ ਛਡਣ ਲਈ ਕਹਾਂ। ਪਰ ਹੁਣ ਸਥਿਤੀ ਇਹ ਹੈ ਕਿ ਆਦਿਵਾਸੀਆਂ ਨੂੰ ਹਰੇਕ ਬਾਹਰੋਂ ਆਉਣ ਵਾਲਾ ਆਦਮੀ ਆਪਣਾ ਦੁਸ਼ਮਣ ਲਗਦਾ ਹੈ। ਇਹ ਸਥਿਤੀ ਸਰਕਾਰ ਨੇ ਬਣਾਈ ਹੈ ਜਿਸ ਵਿਚ ਆਦਿਵਾਸੀ ਆਪਣੇ ਹੀ ਦੇਸ਼ ਵਾਸੀਆਂ ਨੂੰ ਆਪਣੇ ਦੁਸ਼ਮਣ ਦੇ ਤੌਰ 'ਤੇ ਵੇਖਣ ਲਗੇ ਹਨ ਅਤੇ ਮੇਰੀ ਬਤੌਰ ਗਾਂਧੀਵਾਦੀ ਸੋਚ ਇਹ ਹੈ ਕਿ ਇਸ ਵਿਚ ਉਨ੍ਹਾਂ ਦਾ ਉਕਾ ਹੀ ਕੋਈ ਕਸੂਰ ਨਹੀਂ ਹੈ।



**ਰਾਜ ਦੁਆਰਾ ਪੁਨਰ-ਵਸੇਬੇ ਦਾ ਵਿਰੋਧ:** ਕਹਿਣ ਨੂੰ ਸਾਡੀ ਸਰਵਉਚ ਅਦਾਲਤ ਨੇ ਸਰਕਾਰ ਨੂੰ ਸਲਵਾ ਜੂਡਮ ਦੀਆਂ ਧਾੜਾਂ ਵਲੋਂ ਉਜਾੜੇ ਗਏ ਪਿੰਡ ਵਾਸੀਆਂ ਦੇ ਮੁੜ-ਵਸੇਬੇ ਵਾਸਤੇ ਹਰਜਾਨਾ ਦੇਣ ਦਾ ਹੁਕਮ ਸੁਣਾਇਆ ਹੋਇਆ ਹੈ ਪਰ ਇਕ ਵੀ ਪਿੰਡਵਾਸੀ ਮੁੜ ਵਸਾਇਆ ਨਹੀਂ ਗਿਆ ਅਤੇ ਕਿਸੇ ਨੂੰ ਵੀ ਹਰਜਾਨਾ ਨਹੀਂ ਦਿਤਾ ਗਿਆ। 10 ਜੂਨ 2008 ਨੂੰ ਸਰਵਉਚ ਅਦਾਲਤ ਨੇ ਨਿਰਦੇਸ਼ ਦਿਤਾ ਸੀ ਕਿ ਰਾਸ਼ਟਰੀ ਮਨੁਖੀ ਅਧਿਕਾਰ ਕਮਿਸ਼ਨ ਸਲਵਾ ਜੂਡਮ ਦੀ ਸਾਰੀ ਕਾਰਗੁਜ਼ਾਰੀ ਦੀ ਪੜਤਾਲ ਕਰੇਗਾ। ਸਾਡੇ ਵਲੰਟੀਅਰ ਦੰਤੇਵਾੜਾ ਦੇ ਕਬਾਇਲੀਆਂ ਨੂੰ ਜਿਨ੍ਹਾਂ ਵਿਚੋਂ ਕੁਝ ਆਂਧਰਾ ਪ੍ਰਦੇਸ਼ ਚਲੇ ਗਏ ਸਨ, ਨਾਲ ਲੈ ਕੇ ਰਾਸ਼ਟਰੀ ਮਨੁਖੀ ਅਧਿਕਾਰ ਕਮਿਸ਼ਨ ਦੀ ਟੀਮ ਨੂੰ ਮਿਲਣ ਲਈ ਗਏ। ਜਦੋਂ ਨੇਂਦੜਾਂ ਪਿੰਡ ਦੇ ਲੋਕ ਵਾਪਸ ਆ ਰਹੇ ਸਨ ਤਾਂ ਸਲਵਾ ਜੂਡਮ ਦੇ ਚੋਬਰਾਂ ਨੇ ਜੀਪ ਰੋਕ ਲਈ ਅਤੇ ਕਬਾਇਲੀਆਂ ਨੂੰ ਬੇਤਹਾਸ਼ਾ ਕੁਟਿਆ ਮਾਰਿਆ। ਅਸੀਂ ਪੁਲਿਸ ਦੇ ਡਾਇਰੈਕਟਰ ਜਨਰਲ ਨੂੰ ਫ਼ੋਨ ਕੀਤਾ ਅਤੇ ਪੁਛਿਆ ਕਿ ਰਾਸ਼ਟਰੀ ਮਨੁਖੀ ਅਧਿਕਾਰ ਕਮਿਸ਼ਨ ਨਾਲ ਗੱਲ ਕਰਨਾ ਵੀ ਗੁਨਾਹ ਹੈ? ਕੁਝ ਨਹੀਂ ਹੋਇਆ। ਉਲਟਾ ਉਨ੍ਹਾਂ ਆਦਿਵਾਸੀਆਂ ਤੋਂ ਇਕ ਕਾਗਜ਼ ਉਤੇ ਜ਼ਬਰੀ ਦਸਤਖਤ ਕਰਵਾਏ ਗਏ ਜਿਸ ਵਿਚ ਲਿਖਿਆ ਸੀ, ਅਖੇ ਉਨ੍ਹਾਂ ਨੂੰ ਰਾਸ਼ਟਰੀ ਮਨੁਖੀ ਅਧਿਕਾਰ ਕਮਿਸ਼ਨ ਦੇ ਸਾਹਮਣੇ ਬਿਆਨ ਦੇਣ ਲਈ ਮਾਓਵਾਦੀਆਂ ਵਲੋਂ ਮਜਬੂਰ ਕੀਤਾ ਗਿਆ ਸੀ।

ਇਹ ਸਾਰਾ ਨਜ਼ਾਰਾ ਬੜਾ ਹੀ ਭਿਆਨਕ ਸੀ ਅਤੇ ਮੇਰੇ ਵਰਗੇ ਨਰਮ ਜਿਹੇ ਅਹਿੰਸਾਵਾਦੀ ਦੀ ਬਰਦਾਸ਼ਤ ਤੋਂ ਵੀ ਬਾਹਰ ਸੀ। ਮੈਨੂੰ ਯਾਦ ਆਇਆ ਕਿ ਰੂਸੀ ਜਾਰਸ਼ਾਹੀ ਦੇ ਕਿਸੇ ਅਜਿਹੇ ਜ਼ੁਲਮ ਨੂੰ ਤਕ ਕੇ ਮਹਾਨ ਗਾਂਧੀਵਾਦੀ ਲੇਖਕ ਟਾਲਸਟਾਏ ਨੇ "ਮੈਂ ਚੁਪ ਨਹੀਂ ਰਹਿ ਸਕਦਾ" ਲੇਖ ਲਿਖ ਕੇ ਹਾਅ ਦਾ ਨਾਅਰਾ ਮਾਰਿਆ ਸੀ। ਹਾਲਤ ਇਹ ਸੀ ਕਿ ਮਹਿਜ਼ ਆਪਣੇ ਨਾਲ ਹੁੰਦੀ ਬੀਤੀ ਸੁਣਾਉਣ ਦੇ ਦੋਸ਼ ਹੇਠ ਅਣਮਨੁਖੀ ਜ਼ਲਾਲਤ ਦਾ ਸ਼ਿਕਾਰ ਬਣਾਇਆ ਜਾ ਰਿਹਾ ਸੀ। ਸਿਰਫ ਇਕ ਤਥਾਤਮਿਕ ਜਾਣਕਾਰੀ ਲਭਣ ਵਾਲੀ ਕਾਨੂੰਨੀ ਟੀਮ ਨਾਲ ਗੱਲ ਕਰਨ ਕਰਕੇ ਮੈਂ ਫੈਸਲਾ ਕੀਤਾ ਕਿ ਅਸੀਂ ਆਪਣੇ ਵਸੇਬੇ ਤੋਂ ਨਹੀਂ ਹਿਲਾਂਗੇ। ਜੇ ਉਹ ਪਿੰਡ ਨੂੰ ਸਾੜਨਾ ਚਾਹੁੰਦੇ ਨੇ ਤਾਂ ਫਿਰ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮੈਨੂੰ ਹੀ ਸਾੜ ਲੈਣ ਦਿਓ। ਇਕ ਜੁਲਾਈ ਨੂੰ ਲੋਕਾਂ ਨੇ ਪਿੰਡ ਦੇ ਦੁਆਲੇ ਇਕ ਮਨੁਖੀ ਢਾਲ ਬਣਾ ਲਈ ਅਤੇ ਛੇ ਮਹੀਨਿਆਂ ਤਕ ਉਥੇ ਡਟੇ ਰਹੇ। ਅਸੀਂ ਵਲੰਟੀਅਰਾਂ ਨੂੰ ਆਪਣੀਆਂ ਜਾਨਾਂ ਬਚਾ ਕੇ ਆਂਧਰਾ ਪ੍ਰਦੇਸ਼ ਵਲ ਦੌੜ ਗਏ ਆਪਣੇ ਸਾਥੀਆਂ ਨੂੰ ਵੀ ਵਾਪਸ ਲਿਆਉਣ ਲਈ ਭੇਜਿਆ। ਉਹ ਵਾਪਸ ਆਏ ਅਤੇ ਉਥੇ ਰਹਿਣ ਲਗ ਪਏ। ਪਰ ਤਿੰਨ ਸਾਲ ਤਕ ਉਹ ਆਪਣੀ ਭੂਮੀ ਤੇ ਖੇਤੀ ਨਹੀਂ ਕਰ ਸਕੇ। ਉਨ੍ਹਾਂ ਕੋਲ ਬੀਜ ਨਹੀਂ ਸਨ, ਪਸ਼ੂ ਭੱਜ ਗਏ ਸਨ ਅਤੇ ਪਿੰਡਾਂ ਨੂੰ ਕਈ ਕਈ ਵਾਰੀ ਸਾੜਿਆ ਜਾ ਚੁਕਾ ਸੀ। ਅਸਾਂ ਉਨ੍ਹਾਂ ਲੋਕਾਂ ਦੇ ਪੁਨਰ-ਵਸੇਬੇ ਦਾ ਪ੍ਰਬੰਧ ਕੀਤਾ। ਵੇਖਾ-ਵੇਖੀ ਹੋਰ ਪਿੰਡਾਂ ਦੇ ਲੋਕਾਂ ਨੇ ਵੀ ਹੌਸਲਾ ਫੜਿਆ ਅਤੇ ਸਾਡੇ ਤਕ ਪਹੁੰਚ ਕੀਤੀ। ਸਾਡੇ ਵਲੰਟੀਅਰਾਂ ਨੇ ਇਨ੍ਹਾਂ ਲੋਕਾਂ ਨੂੰ ਵੀ ਨੇਂਦੜਾਂ ਪਿੰਡ ਵਾਲੇ ਅਮਲ ਦੇ ਰਾਹ ਪਾ ਦਿਤਾ।

ਜਦੋਂ ਕੁਲੈਕਟਰ ਨੂੰ ਪਤਾ ਲੱਗਾ ਕਿ ਸਾਡੇ ਵਲੰਟੀਅਰਾਂ ਦੀ ਰਹਿਨੁਮਾਈ ਹੇਠ ਆਦਿਵਾਸੀ ਲੋਕ ਲੰਗਾਗਿਰੀ ਪਿੰਡ ਵਲ ਜਾ ਰਹੇ ਹਨ ਤਾਂ ਉਸ ਨੇ ਮੈਨੂੰ ਬੁਲਾਇਆ। ਇਹ ਸਨਿਚਰਵਾਰ ਸੀ ਅਤੇ ਸ਼ਾਮ ਦੇ ਸਾਢੇ ਚਾਰ ਵਜੇ ਦਾ ਸਮਾਂ ਸੀ। ਉਸਨੂੰ ਪਤਾ ਸੀ ਕਿ ਅਗਲੇ ਦਿਨ ਐਤਵਾਰ ਨੂੰ ਸਾਰੇ ਸਰਕਾਰੀ ਦਫ਼ਤਰ ਬੰਦ ਹੋਣਗੇ। ਉਸਨੇ ਕਿਹਾ ਕਿ ਸਾਰੇ ਫੌਜੀ ਦਸਤੇ ਚੋਣ ਡਿਊਟੀ 'ਤੇ ਤਾਇਨਾਤ ਹਨ। ਇਸ ਲਈ ਉਹ ਉਨ੍ਹਾਂ ਨੂੰ ਕੋਈ ਸੁਰਖਿਆ ਨਹੀਂ ਦੇ ਸਕਦਾ। ਮੈਂ ਕਿਹਾ ਕਿ ਮੈਂ ਉਸ ਤੋਂ ਸੁਰਖਿਆ ਮੰਗੀ ਹੀ ਕਦੋਂ ਹੈ? ਸੰਵਿਧਾਨਿਕ ਤੌਰ 'ਤੇ ਤੁਸੀਂ ਕਿਸੀ ਨੂੰ ਵੀ ਉਸ ਦੇ ਘਰ ਜਾਣ ਤੋਂ ਨਹੀਂ ਰੋਕ ਸਕਦੇ। ਪਰ ਜਦੋਂ ਸਾਡੇ ਆਦਮੀ ਪਿੰਡ ਤੋਂ ਉਰਵਾਰ ਪੁਲ 'ਤੇ ਪਹੁੰਚੇ, ਉਨ੍ਹਾਂ ਨੂੰ ਪੁਲਿਸ ਨੇ ਰੋਕ ਲਿਆ। ਉਸ ਪੁਲ ਨੂੰ ਪਿਛਲੇ ਤਿੰਨ ਸਾਲ ਤੋਂ ਪੁਲਿਸ ਵੀ ਪਾਰ ਨਹੀਂ ਕਰ ਸਕੀ ਸੀ। ਮੈਂ ਕੁਲੈਕਟਰ ਤੋਂ ਪੁਛਿਆ, ਕੀ ਤੁਸੀਂ ਲੋਕਾਂ ਨੂੰ ਵਾਪਸ ਘਰ ਜਾਣ ਦੀ ਆਗਿਆ ਦਿਓਗੇ? ਜੇ ਨਹੀਂ, ਤਾਂ ਸਾਨੂੰ ਸਰਵਉਚ ਅਦਾਲਤ ਵਿਚ ਜਾਣਾ ਪਏਗਾ ਅਤੇ ਉਥੇ ਦੱਸਣਾ ਪਵੇਗਾ ਕਿ ਤੁਸੀਂ ਉਸਦੇ ਹੁਕਮਾਂ ਨੂੰ ਲਾਗੂ ਕਰਨ ਦੀ ਆਗਿਆ ਨਹੀਂ ਦੇ ਰਹੇ। ਸੋ ਉਸ ਸ਼ਾਮ ਸਭ ਨੇ ਉਹ ਪੁਲ ਪਾਰ ਕਰ ਲਿਆ।

ਪਰ ਪ੍ਰਸ਼ਾਸਨ ਨੇ ਖਹਿੜਾ ਨਹੀਂ ਛਡਿਆ। ਉਨ੍ਹਾਂ ਨੇ ਮੇਰੀ ਗੱਡੀ ਜ਼ਬਤ ਕਰ ਲਈ ਅਤੇ ਸਾਨੂੰ ਛੁਡਾਉਣ ਲਈ ਅਦਾਲਤ ਜਾਣਾ ਪਿਆ। ਅਸੀਂ ਵੇਖਿਆ ਕਿ ਪੁਲਿਸ ਨੇ ਪਿੰਡ ਵਾਸੀਆਂ ਲਈ ਲਿਆਂਦਾ ਗਿਆ ਅੱਧਾ ਰਾਸ਼ਨ ਕੱਢ ਲਿਆ ਹੋਇਆ ਸੀ। ਭਲਾਂ ਅਜਿਹੇ ਕਾਰਨਾਮੇ ਕਰਨ ਵਾਲੀ ਪੁਲਿਸ ਤੋਂ ਕੌਣ ਬਚਾਏ!

ਆਦਿਵਾਸੀਆਂ ਨੇ ਦੁਬਾਰਾ ਆਪਣੀ ਭੂਮੀ ਉਤੇ ਖੇਤੀ ਕਰਨੀ ਸ਼ੁਰੂ ਕੀਤੀ। ਪਰ ਇਕ ਵਾਰ ਫਿਰ ਪੁਲਿਸ ਨੇ ਮੁੜ ਵਸਾਏ ਗਏ ਪਿੰਡਾਂ 'ਤੇ ਹਮਲੇ ਕਰਨੇ ਸ਼ੁਰੂ ਕਰ ਦਿਤੇ। ਅਸੀਂ ਫਿਰ ਵੀ ਕੋਸ਼ਿਸ਼ ਕਰਦੇ ਰਹੇ। ਆਖਰ ਹੁਣ ਇਨ੍ਹਾਂ ਤੀਹ ਪਿੰਡਾਂ ਵਿਚ ਅਮਨ ਸ਼ਾਂਤੀ ਹੈ। ਕੋਈ ਵੀ ਉਥੇ ਜਾ ਕੇ ਉਨ੍ਹਾਂ ਪਿੰਡਾਂ ਨੂੰ ਵੇਖ ਸਕਦਾ ਹੈ। ਅਸੀਂ ਸਰਕਾਰੀ ਧਿਰਾਂ ਨੂੰ ਕਿਹਾ ਕਿ ਗਰੀਬ ਲੋਕਾਂ ਨਾਲ ਖਾਹਮਖਾਹ ਜੋਰ-ਜ਼ਬਰ ਕਰੀ ਜਾਣ ਦੀ ਬਜਾਏ ਜੇਕਰ ਉਨ੍ਹਾਂ ਨੇ ਸ਼ਾਂਤੀ ਹੀ ਬਹਾਲ ਕਰਨੀ ਹੈ ਤਾਂ ਉਹ ਸਾਡੇ ਤਜ਼ਰਬੇ ਤੋਂ ਕਿਉਂ ਨਹੀਂ ਸਿੱਖ ਲੈਂਦੇ। ਪਰ ਸ਼ਾਂਤੀ ਸਥਾਪਨਾ ਤਾਂ ਮਹਿਜ ਇਕ ਬਹਾਨਾ ਹੈ। ਸਰਕਾਰ ਚਾਹੁੰਦੀ ਤਾਂ ਇਹ ਹੈ ਕਿ ਆਦਿਵਾਸੀ ਆਪਣੇ ਵਸੇਬੇ ਖਾਲੀ ਕਰਕੇ ਭੱਜ ਨੱਠ ਜਾਣ ਅਤੇ ਉਹ ਖਣਿਜਾਂ ਨਾਲ ਅਮੀਰ ਉਨ੍ਹਾਂ ਦੇ ਇਸ ਖੇਤਰ ਨੂੰ ਖਾਣਾਂ ਦੀ ਖੁਦਾਈ ਕਰਕੇ ਅੰਨ੍ਹੇਵਾਹ ਮੁਨਾਫੇ ਕਮਾਉਣ ਲਈ ਵਡੇ ਉਦਯੋਗਪਤੀਆਂ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਦੇ ਸਵਾਮੀਆਂ ਦੇ ਹਵਾਲੇ ਕਰ ਦੇਵੇ।

ਫੇਰ ਆਦਿਵਾਸੀਆਂ ਨੇ ਫੈਸਲਾ ਕੀਤਾ ਕਿ ਉਨ੍ਹਾਂ ਦੇ ਨੌਜਵਾਨ ਸਲਵਾ ਜੂਡਮ ਦੀਆਂ ਧਾੜਾਂ ਤੋਂ ਖੁਦ ਪਿੰਡਾਂ ਦੀ ਰਾਖੀ ਕਰਨਗੇ। ਉਨ੍ਹਾਂ ਨੇ ਜਿਹੜੇ ਵੀ ਹਥਿਆਰ ਡਾਂਗਾਂ, ਖੇਤੀ ਦੇ ਸੰਦ ਵਗੈਰਾ ਉਨ੍ਹਾਂ ਕੋਲ ਸਨ ਲੈ ਕੇ ਆਪਣੇ ਪਿੰਡਾਂ ਵਿਚ ਗਸ਼ਤ ਕਰਨੀ ਸ਼ੁਰੂ ਕਰ ਦਿਤੀ। ਉਨ੍ਹਾਂ ਨੇ ਆਪਣਾ ਅਨਾਜ ਪਹਾੜਾਂ ਵਿਚ ਲੁਕਾਉਣਾ ਸ਼ੁਰੂ ਕਰ ਦਿਤਾ। ਇਹ ਸੀ ਉਹ ਮੌਕ ਜਦੋਂ ਗ੍ਰਹਿ ਮੰਤਰੀ ਪੀ. ਚਿੰਦਬਰਮ ਨੇ ਉਨ੍ਹਾਂ ਨੂੰ ਨਕਸਲਵਾਦੀ ਗਰਦਾਨ ਦਿਤਾ ਅਤੇ ਕਿਹਾ ਕਿ ਉਨ੍ਹਾਂ ਨੇ ਸਰਕਾਰ ਦੇ ਖਿਲਾਫ਼ ਹਥਿਆਰ ਚੁਕੇ ਹਨ; ਹਿੰਸਾ ਮਚਾਈ ਹੈ ਅਤੇ ਉਸਨੇ ਹਰ ਕੀਮਤ ਤੇ ਇਸ ਹਿੰਸਾ ਦਾ ਖਾਤਮਾ ਕਰਕੇ ਸ਼ਾਤੀ ਸਥਾਪਤ ਕਰਨੀ ਹੀ ਕਰਨੀ ਹੈ!!

ਸਰਕਾਰ ਸ਼ਾਂਤੀ ਨਹੀਂ, ਭੂਮੀ ਚਾਹੁੰਦੀ ਹੈ। ਉਸ ਉਤੇ ਸਿੱਤਮ ਇਹ ਕਿ ਸਰਕਾਰ ਆਪਣੇ ਕੀਤੇ ਗੁਨਾਹ ਨੂੰ ਕਬੂਲਣਾ ਹੀ ਨਹੀਂ ਚਾਹੁੰਦੀ। ਇਕ ਅਰਸੇ ਦੌਰਾਨ ਅਸੀਂ ਸਰਕਾਰੀ ਬਲਾਂ ਦੀਆਂ ਵਧੀਕੀਆਂ ਵਿਰੁਧ ਵਖ ਵਖ ਸਥਾਨਕ ਪੁਲਿਸ ਚੌਕੀਆਂ 'ਤੇ ਜਾ ਕੇ 1000 ਤੋਂ ਵੀ ਵਧ ਐਫ. ਆਈ. ਆਰ. ਦਰਜ ਕਰਵਾਉਣ ਲਈ ਵਾਰ ਵਾਰ ਟੱਕਰਾਂ ਮਾਰੀਆਂ। ਇਹ ਸਭ ਬਲਾਤਕਾਰ, ਅਗਵਾਹ, ਘਰਾਂ ਨੂੰ ਸਾੜਨ ਆਦਿ ਸੰਗੀਨ ਜੁਰਮਾਂ ਬਾਰੇ ਸਨ। ਪਰ ਕਿਸੇ ਦੇ ਕੰਨਾਂ 'ਤੇ ਜੂੰ ਤਕ ਨਹੀ ਸਰਕੀ, ਕਿਸੇ ਕੋਈ ਐਫ. ਆਈ. ਆਰ.ਦਰਜ ਨਹੀਂ ਕੀਤੀ। ਪੁਲਿਸ ਕਪਤਾਨ ਨੇ ਕਿਹਾ ਕਿ ਪੁਲਿਸ ਇਹ ਸ਼ਿਕਾਇਤਾਂ ਦਰਜ ਨਹੀਂ ਕਰੇਗੀ, ਕਿਉਂਕਿ ਇਹ ਝੂਠੀਆਂ ਹਨ। ਸਾਡੇ ਪਹੁੰਚ ਕਰਨ 'ਤੇ ਸਰਵਉਚ ਅਦਾਲਤ ਨੇ ਕਿਹਾ ਹੈ ਕਿ ਕੋਈ ਵੀ ਪੁਲਿਸ ਅਫ਼ਸਰ ਇਹ ਫੈਸਲਾ ਨਹੀਂ ਕਰ ਸਕਦਾ ਕਿ ਕੋਈ ਸ਼ਿਕਾਇਤ ਝੂਠੀ ਹੈ ਜਾਂ ਸੱਚੀ। ਖਾਸ ਕਰਕੇ ਜਦੋਂ ਸ਼ਿਕਾਇਤ ਖੁਦ ਪੁਲਿਸ ਦੇ ਖਿਲਾਫ਼ ਹੋਵੇ।

**ਪ੍ਰਸ਼ਾਸਨਿਕ ਅਤੇ ਨਿਆਂਇਕ ਪੱਖਪਾਤ:** ਇਕ ਲੜਕੀ ਨੇ ਸਾਡੇ ਕੋਲ ਆ ਕੇ ਦੱਸਿਆ ਕਿ ਉਸ ਨਾਲ ਦੋ ਦਿਨਾਂ ਤਕ ਥਾਣੇ ਵਿਚ ਸਮੂਹਿਕ ਬਲਾਤਕਾਰ ਕੀਤਾ ਗਿਆ ਹੈ। ਪੁਲਿਸ ਨੇ ਅਜਿਹੇ ਅਣਮਨੁਖੀ ਗੁਨਾਹ ਦੀ ਵੀ ਸ਼ਿਕਾਇਤ ਦਰਜ ਨਹੀਂ ਕੀਤੀ। ਅਸੀਂ ਸਰਵਉਚ ਅਦਾਲਤ ਗਏ, ਜਿਸਨੇ ਰਾਜ ਸਰਕਾਰ ਤੋਂ ਜਵਾਬ ਮੰਗਿਆ। ਪੁਲਿਸ ਕਪਤਾਨ ਨੇ ਆਪਣੇ ਉਤਰ ਵਿਚ ਕਿਹਾ "ਅਸੀਂ ਮੁਲਜਮਾਂ ਤੋਂ ਪੁਛਿਆ ਹੈ ਕਿ ਕੀ ਤੁਸੀਂ ਇਸ ਲੜਕੀ ਨਾਲ ਬਲਾਤਕਾਰ ਕੀਤਾ ਹੈ? (ਦੋਸ਼ੀ ਸਲਵਾ ਜੂਡਮ ਦੇ ਮੋਹਤਬਰ ਸਨ) ਉਨ੍ਹਾਂ ਨੇ ਕਿਹਾ ਹੈ ਕਿ ਨਹੀਂ, ਲੜਕੀ ਸਾਡੇ 'ਤੇ ਝੂਠਾ ਇਲਜ਼ਾਮ ਲਾ ਰਹੀ ਹੈ। ਸੋ ਇਸ ਤਰ੍ਹਾਂ ਸਾਡੀ ਪੁਲਿਸ ਬਲਾਤਕਾਰ ਦੀਆਂ ਸ਼ਿਕਾਇਤਾਂ ਦੀ ਪੜਤਾਲ ਕਰਦੀ ਹੈ। ਅੱਜ ਕਲ੍ਹ ਉਹ ਬਲਾਤਕਾਰੀਆਂ ਨੂੰ ਪੁਛਦੇ ਹਨ ਕਿ ਕੀ ਉਨ੍ਹਾਂ ਨੇ ਬਲਾਤਕਾਰ ਕੀਤਾ ਹੈ ਅਤੇ ਉਨ੍ਹਾਂ ਦੇ ਉਤਰ ਦੇ ਆਧਾਰ 'ਤੇ ਉਹ ਫੈਸਲਾ ਕਰਦੇ ਹਨ।

ਫਿਰ ਜਦੋਂ ਅਸੀਂ ਉਘੇ ਮਾਨਵ ਅਧਿਕਾਰਵਾਦੀ ਸ੍ਰੀ ਬਿਨਾਇਕ ਸੇਨ ਦੀ ਰਿਹਾਈ ਲਈ ਮੁਹਿੰਮ ਚਲਾ ਰਹੇ ਸਾਂ, ਉਦੋਂ ਅਸੀਂ ਸਲਵਾ ਜੂਡਮ ਦੇ ਖਾਤਮੇ, ਛਤੀਸਗੜ੍ਹ ਵਿਸ਼ੇਸ਼ ਸੁਰਖਿਆ ਕਾਨੂੰਨ ਦੇ ਤਹਿਤ ਨਜ਼ਰਬੰਦ ਲੋਕਾਂ ਦੀ ਰਿਹਾਈ ਅਤੇ ਇਸ ਐਕਟ ਨੂੰ ਵਾਪਸ ਲਏ ਜਾਣ ਲਈ ਵੀ ਜੋਰ ਪਾ ਰਹੇ ਸਾਂ ਪਰ ਕੋਈ ਨਤੀਜਾ ਨਹੀਂ ਨਿਕਲਿਆ। ਹੁਣ ਸਗੋਂ ਇਹ ਐਕਟ ਸਾਰੇ ਪਿੰਡਵਾਸੀਆਂ ਦੇ ਖਿਲਾਫ਼ ਵਰਤਿਆ ਜਾ ਰਿਹਾ ਹੈ। ਅਖੇ "ਤੁਸੀਂ ਮਾਓਵਾਦੀਆਂ ਨੂੰ ਪਾਣੀ ਪਿਆਇਆ, ਤੁਸੀਂ ਉਨ੍ਹਾਂ ਨੂੰ ਰਾਹ ਦਸਿਆ, ਤੁਸੀਂ ਦੋਸ਼ੀ ਹੋ।" ਅਧਿਕਾਰੀ ਇਸ ਕਿਸਮ ਦੇ ਇਲਜ਼ਾਮ ਲਾਉਂਦੇ ਹਨ।

ਤੁਹਾਡੀ ਨਿਆਂਪਾਲਿਕਾ, ਤੁਹਾਡਾ ਪ੍ਰਸ਼ਾਸਨ, ਤੁਹਾਡਾ ਲੋਕਤੰਤਰ, ਤੁਸੀਂ ਖੁਦ ਆਪਣੇ ਹੀ ਇਸ ਸਮੁਚੇ ਨਿਜ਼ਾਮ ਦੀਆਂ ਜੜ੍ਹਾਂ ਪੁਟ ਰਹੇ ਹੋ। ਫੇਰ ਨਕਸਲੀਆਂ ਕੋਲ ਤਾਂ ਕਰਨ ਲਈ ਬਹੁਤਾ ਕੁਝ ਰਹਿ ਹੀ ਨਹੀਂ ਜਾਂਦਾ। ਜਦੋਂ ਲਿਖ ਕੇ ਜਾਂ ਬੋਲ ਕੇ ਗੱਲ ਕਰਨੀ ਵੀ ਗੁਨਾਹ ਹੋ ਜਾਵੇ ਬਿਨਾਇਕ ਸੇਨ ਸਿਰਫ ਲਿਖ ਰਿਹਾ ਸੀ, ਮੈਂ ਸਿਰਫ ਗੱਲਬਾਤ ਹੀ ਕਰ ਰਿਹਾ ਸੀ ਹੋਰ ਤੁਸੀਂ ਕੀ ਕਰ ਸਕਦੇ ਹੋ? ਕੀ ਤੁਸੀਂ ਆਦਿਵਾਸੀਆਂ ਨੂੰ ਦੋਸ਼ ਦਿਉਗੇ ਜਿਨ੍ਹਾਂ ਨੇ ਅੰਤ ਵਿਚ ਅਕ ਕੇ ਬੇਬਸੀ ਵਿਚ ਬੰਦੂਕ ਚੁਕੀ ਹੈ?... ਮਰਦਿਆਂ ਨੇ ਕੌੜਾ ਅਕ ਚਬਿਆ ਹੈ!!

ਜਨਵਰੀ ਵਿਚ 19 ਆਦਿਵਾਸੀ ਮਾਰੇ ਗਏ ਸਨ। ਚਾਰ ਲੜਕੀਆਂ ਨਾਲ ਬਲਾਤਕਾਰ ਹੋਇਆ। ਅਸੀਂ ਅਦਾਲਤ ਗਏ। ਸਰਕਾਰੀ ਵਕੀਲ ਬਾਰਬਾਰ ਤਰੀਕਾਂ ਅਗੇ ਪਵਾਈ ਗਿਆ। ਜਜ ਬਦਲਦੇ ਰਹੇ। ਸਪੈਸ਼ਲ ਪੁਲਿਸ ਅਫਸਰਾਂ ਨੇ ਤਿੰਨ ਆਦਿਵਾਸੀ

ਮਾਰ ਦਿਤੇ ਅਤੇ ਉਨ੍ਹਾਂ ਦੀਆਂ ਵਿਧਵਾਵਾਂ ਨੇ ਉਚ ਅਦਾਲਤ ਵਿਚ ਰਿਟ ਦਾਇਰ ਕੀਤੀ। ਸਰਕਾਰ ਨੇ ਝੂਠ ਬੋਲਿਆ ਕਿ ਉਹ ਉਸ ਦੇ 'ਕੈਂਟ' ਹਥੋਂ ਨਹੀਂ ਬਲਕਿ ਨਕਸਲੀਆਂ ਹਥੋਂ ਮਾਰੇ ਗਏ ਸਨ। ਉਲਟ ਇਹ ਕੁਫ਼ਰ ਤੋਲ ਦਿਤਾ ਕਿ ਇਨ੍ਹਾਂ ਔਰਤਾਂ ਨੂੰ ਨਕਸਲਵਾਦੀਆਂ ਨੇ ਪੁਲਿਸ ਦੇ ਖਿਲਾਫ਼ ਰਿਟ ਦਾਇਰ ਕਰਨ ਲਈ ਮਜਬੂਰ ਕੀਤਾ ਸੀ। ਕਹਿਰ ਖੁਦਾ ਦਾ ਇਹ ਕਿ ਜੱਜ ਨੇ ਸਰਕਾਰ ਦੀ ਦਲੀਲ ਮੰਨਦਿਆਂ ਬੇਸਹਾਰਾ ਔਰਤਾਂ ਦੀਆਂ ਰਿਟਾਂ ਰਦ ਕਰ ਦਿਤੀਆਂ।

ਆਮ ਪਿੰਡਵਾਸੀ ਮਾਰੇ ਜਾ ਰਹੇ ਹਨ ਅਤੇ ਉਨ੍ਹਾਂ ਨੂੰ 'ਨਕਸਲੀ ਕਮਾਂਡਰ' ਕਿਹਾ ਜਾ ਰਿਹਾ ਹੈ। ਅਸੀਂ ਸਿਰਫ਼ ਇਸਦੀ ਕੇਂਦਰੀ ਜਾਂਚ ਬਿਊਰੋ ਤੋਂ ਪੜਤਾਲ ਕਰਾਉਣ ਦੀ ਅਤੇ ਪੀੜਿਤਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕੀਤੀ ਪਰ ਜੱਜ ਨੇ ਉਲਟੀ 'ਨੇਕ ਸਲਾਹ' ਇਹ ਦਿਤੀ ਅਖੇ, "ਤੁਸੀਂ ਚੋਣ ਕਰੋ ਕਿ ਤੁਸੀਂ ਕਿਸ ਕੈਂਪ ਵਿਚ ਰਹਿਣਾ ਚਾਹੁੰਦੇ ਹੋ?" ਅਖੇ ਤੁਸੀਂ ਸਾਡੇ ਨਾਲ ਹੋ ਕਿ ਖੂੰਖਾਰ ਨਕਸਲੀਆਂ ਦੇ ਨਾਲ। ਜੇਕਰ ਤੁਸੀਂ ਸਾਡੇ ਨਾਲ ਹੋ ਤਾਂ ਤੁਹਾਡੀ ਪਿਰਤਪਾਲਕ ਸਰਕਾਰ ਹੋਵੇਗੀ। ਸ਼ਾਇਦ ਉਸਦਾ ਕਹਿਣ ਦਾ ਮਤਲਬ ਸੀ ਕਿ ਜੇਕਰ ਗਰੀਬ ਆਦਿਵਾਸੀਆਂ ਨੇ ਉਸਦੀ ਸਲਾਹ ਨਹੀਂ ਮੰਨਣੀ ਤਾਂ ਉਹ ਕਿਸੇ ਵੀ ਖੂਹ ਖਾਤੇ ਵਿਚ ਜਾ ਸਕਦੇ ਹਨ।

**ਆਦਿਵਾਸੀਆਂ ਨੂੰ ਲੱਭਣ ਦੀ ਕਵਾਇਦ:** ਸਤੰਬਰ ਵਿਚ ਹੋਏ 'ਆਪਰੇਸ਼ਨ ਗਰੀਨ ਹੰਟ' ਦੇ ਪਹਿਲੇ ਦੌਰ ਵਿਚ ਪੁਲਿਸ ਬਲਾਂ ਨੇ ਇਕ ਕਥਿਤ ਆਕੀ ਪਰਿਵਾਰ ਨੂੰ ਆਪਣੇ ਕਹਿਰ ਦਾ ਸ਼ਿਕਾਰ ਬਣਾਇਆ। ਪਹਿਲਾਂ ਉਨ੍ਹਾਂ ਨੇ ਪਿਤਾ ਨੂੰ ਛੁਰਾ ਮਾਰਿਆ, ਫਿਰ ਮਾਂ ਨੂੰ ਅਤੇ ਫਿਰ ਛੋਟੀ ਧੀ ਨੂੰ। ਰਾਈਫਲ ਦੇ ਬਟ ਮਾਰ ਕੇ ਉਨ੍ਹਾਂ ਦੇ ਦੋ ਸਾਲ ਦੇ ਮਾਸੂਮ ਪੁਤਰ ਦੇ ਦੰਦ ਤੋੜ ਦਿਤੇ ਅਤੇ ਉਸਦੀ ਜੀਭ ਕੱਟ ਦਿਤੀ। ਮੈਂ ਚਾਹੁੰਦਾ ਸੀ ਕਿ ਪ੍ਰੈਸ ਉਨ੍ਹਾਂ ਦੀ ਇਸ ਕਹਾਣੀ ਨੂੰ ਸੁਣੇ, ਇਸ ਲਈ ਮੈਂ ਉਨ੍ਹਾਂ ਨੂੰ ਰਾਏਪੁਰ ਲਿਜਾਣ ਦਾ ਫੈਸਲਾ ਕੀਤਾ। ਰਾਏਪੁਰ ਪ੍ਰੈਸ ਕਲਬ ਦੇ ਲਾਕੜੀਆਂ ਨੇ ਉਲਟਾ ਮੈਨੂੰ ਪੁਛਿਆ ਕਿ ਤੁਹਾਡੇ ਕੋਲ ਕੀ ਸਬੂਤ ਹੈ ਕਿ ਉਹ ਨਕਸਲੀ ਨਹੀਂ ਸਨ। ਮੈਂ ਉਨ੍ਹਾਂ ਨੂੰ ਦਸਿਆ ਕਿ ਉਨ੍ਹਾਂ ਨੂੰ ਤਾਂ ਸਰਕਾਰ ਵੀ ਨਕਸਲਵਾਦੀ ਨਹੀਂ ਕਹਿੰਦੀ। ਫਿਰ ਵੀ ਉਨ੍ਹਾਂ ਨੇ ਮੈਨੂੰ ਕਲਬ ਵਰਤਣ ਦੀ ਆਗਿਆ ਨਾ ਦੇਣ ਦਾ ਫੈਸਲਾ ਕੀਤਾ। ਯਾਨਿ ਆਦਿਵਾਸੀ ਮੀਡੀਆ ਕੋਲ ਵੀ ਨਹੀਂ ਜਾ ਸਕਦੇ। ਹੁਣ ਦਸੋਂ ਕਿ ਉਹ ਕੀਹਦੇ ਕੋਲ ਜਾਣ? ਕਿਹੜੇ ਅਦਲੀ ਰਾਜੇ ਕੋਲੋਂ ਇਨਸਾਫ ਮੰਗਿਆ ਜਾਵੇ? ਉਨ੍ਹਾਂ ਲਈ ਸਾਰੇ ਰਸਤੇ ਬੰਦ ਹਨ। ਪੁਲਿਸ ਉਨ੍ਹਾਂ ਨੂੰ ਕੁਟਦੀ ਹੈ। ਸਿਆਸੀ ਨੇਤਾ ਭਾਵੇਂ ਉਹ ਕਾਂਗਰਸੀ ਹੋਣ ਜਾਂ ਕੋਈ ਹੋਰ, ਸਾਰੇ 'ਸਲਵਾ ਜੁਡਮ' ਦੇ ਨਾਲ ਹਨ। ਅਦਾਲਤਾਂ ਵਿਚ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ। ਮੀਡੀਆ ਨੂੰ ਪਰਵਾਹ ਨਹੀਂ। ਫਿਰ ਉਹ ਮਾਓਵਾਦੀਆਂ ਤੋਂ ਇਲਾਵਾ ਕਿਥੇ ਜਾਣ? ਜਦੋਂ ਪੁਲਿਸ ਉਨ੍ਹਾਂ 'ਤੇ ਹਮਲਾ ਕਰਦੀ ਹੈ ਤਾਂ ਨਕਸਲਵਾਦੀ ਉਨ੍ਹਾਂ ਨੂੰ ਬਚਾਉਂਦੇ ਹਨ। ਇਸ ਲਈ ਜੇ ਸੱਚਮੁਚ ਸ਼ਾਂਤੀ ਕਾਇਮ ਕਰਨੀ ਹੈ ਤਾਂ ਨਕਸਲਵਾਦੀਆਂ ਦੇ ਹਰਮਨ ਪਿਆਰੇ ਹੋਣ ਦੇ ਮੂਲ ਕਾਰਨ ਨੂੰ ਖ਼ਤਮ ਕੀਤਾ ਜਾਏ।

ਖੁਦ ਅਸੀਂ ਉਹ ਹਾਲਾਤ ਬਣਾਉਣ ਦੀ ਕੋਸ਼ਿਸ਼ ਕੀਤੀ ਜਿਸ ਵਿਚ ਹਿੰਸਾ ਖ਼ਤਮ ਹੋਵੇ। ਪਰ ਅਜਿਹਾ ਵਾਤਾਵਰਣ ਜਿਥੇ ਪੁਲਿਸ ਔਰਤਾਂ ਦੀਆਂ ਛਾਤੀਆਂ ਕੱਟ ਦਿੰਦੀ ਹੈ, ਬਜ਼ੁਰਗ ਆਦਮੀਆਂ ਨੂੰ ਛੁਰੇ ਮਾਰਦੀ ਹੈ ਅਤੇ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ, ਤੁਸੀਂ ਕਲਪਨਾ ਕਰ ਸਕਦੇ ਹੋ ਕਿ ਇਸ ਸਾਰੇ ਕਾਸੇ ਤੋਂ ਬਾਅਦ ਉਸ ਪੁਲਸੀਏ ਦੀ ਕੇਹੀ ਗਤ ਬਣੇਗੀ ਜਿਹੜਾ ਕਿਧਰੇ ਸਬੱਬੀ ਇਨ੍ਹਾਂ ਪਿੰਡਵਾਸੀਆਂ ਦੇ ਹੱਥ ਆ ਜਾਵੇ। ਰਾਜ ਨੂੰ ਅਜਿਹੇ ਹਾਲਾਤ ਪੈਦਾ ਨਹੀਂ ਕਰਨੇ ਚਾਹੀਦੇ। ਸਿਆਸੀ ਨੇਤਾਵਾਂ ਨੂੰ ਆਪਣੇ ਆਪ ਨੂੰ ਇਹ ਸਵਾਲ ਜ਼ਰੂਰ ਪੁਛਣਾ ਚਾਹੀਦਾ ਹੈ ਕਿ ਨਕਸਲਵਾਦੀ ਹਰਮਨ ਪਿਆਰੇ ਕਿਉਂ ਹਨ? ਸਾਡੀ ਲੋਕਰਾਜੀ ਸਰਕਾਰ ਲੋਕਪ੍ਰਿਯ ਕਿਉਂ ਨਹੀਂ ਹੈ, ਜੇ ਇਕ ਆਦਿਵਾਸੀ ਪੁਲਿਸ ਕੋਲ ਜਾਂਦਾ ਹੈ ਅਤੇ ਕਹਿੰਦਾ ਹੈ ਕਿ ਪਟਵਾਰੀ ਨੇ ਮੇਰੇ ਪੈਸੇ ਲਏ ਹਨ, ਤਾਂ ਕੀ ਪੁਲਿਸ ਉਸਦੀ ਸ਼ਿਕਾਇਤ ਦੀ ਛਾਣਬੀਣ ਕਰੇਗੀ?


ਜਿਸ ਦਿਨ ਪੁਲਿਸ ਦੀਆਂ ਬੰਦੂਕਾਂ ਗਰੀਬਾਂ ਦੇ ਹੱਕਾਂ ਦੀ ਰਾਖੀ ਲਈ ਉਠਣਗੀਆਂ, ਨਕਸਲਵਾਦ ਉਸੇ ਦਿਨ ਖ਼ਤਮ ਹੋ ਜਾਏਗਾ। ਜੇ ਮੇਰਾ ਬੱਚਾ ਡਰ ਪੈਦਾ ਕਰ ਰਿਹਾ ਹੈ, ਤਾਂ ਕੀ ਮੈਂ ਉਸਦੇ ਅਜਿਹਾ ਕਰਨ ਦਾ ਕਾਰਨ ਜਾਨਣ ਦੀ ਕੋਸ਼ਿਸ਼ ਨਹੀਂ ਕਰਾਂਗਾ? ਕੀ ਪ੍ਰਧਾਨ ਮੰਤਰੀ ਮਾਓਵਾਦੀਆਂ ਨੂੰ ਪੁਛ ਨਹੀਂ ਸਕਦੇ ਕਿ ਏਨੀ ਹਿੰਸਾ ਕਿਉਂ ਹੈ? ਨਕਸਲਵਾਦੀ ਕਈ ਦਹਾਕਿਆਂ ਤੋਂ ਆਦਿਵਾਸੀਆਂ ਨੂੰ ਮਾਨਸਿਕ ਰੂਪ ਵਿਚ ਤਿਆਰ ਕਰ ਰਹੇ ਸਨ ਕਿ ਆਖਰ ਉਨ੍ਹਾਂ ਨੂੰ ਆਪਣੇ ਹਕਾਂ ਲਈ ਵਡੀ ਲੜਾਈ ਲੜਨੀ ਪਵੇਗੀ।

ਇਕ ਦਿਨ ਮੈਂ ਤੁਰਿਆ ਜਾ ਰਿਹਾ ਸੀ, ਦਰਖ਼ਤ ਹੇਠ ਲੇਟੇ ਹੋਏ ਇਕ ਬਜ਼ੁਰਗ ਨੇ ਮੈਨੂੰ ਬੁਲਾਇਆ ਅਤੇ ਪੁਛਿਆ 'ਲੜਾਈ ਹੋਗੀ ਨਾ'? ਇਸ ਲਈ ਮੈਂ ਮੁਖ ਧਾਰਾ ਦੇ ਭਦਰ ਸਿਆਸੀ ਨੇਤਾਵਾਂ ਨੂੰ ਕਹਿੰਦਾ ਰਿਹਾ ਹਾਂ ਕਿ ਇਸ ਖੇਤਰ ਵਿਚ ਦਖ਼ਲ ਨਾ ਦੇਵੋ। ਆਦਿਵਾਸੀ ਉਡੀਕ ਰਹੇ ਹਨ, ਤੁਸੀਂ ਫਸ ਜਾਓਗੇ। ਇਹ ਆਦਿਵਾਸੀ ਉਤਰ ਪ੍ਰਦੇਸ਼ ਦੇ ਲੋਕਾਂ ਵਰਗੇ ਨਹੀਂ ਹਨ। ਇਹ ਤੁਹਾਡੇ ਉਤੇ ਛਾਲ ਮਾਰ ਕੇ ਤੁਹਾਡੇ ਅੰਗ ਰਖਿਅਕ ਦੀ ਏ.ਕੇ. ਸੰਤਾਲੀ ਝਪਟ ਲੈਣਗੇ। 'ਓਪਰੇਸ਼ਨ ਗਰੀਨ ਹੰਟ' ਵਿਚ ਜੰਮੂ ਕਸ਼ਮੀਰ ਤੋਂ ਵੀ ਵਧੇਰੇ ਗਿਣਤੀ ਵਿਚ ਫੌਜਾਂ ਮਰਨਗੀਆਂ। ਸਤੰਬਰ ਵਿਚ ਉਨ੍ਹਾਂ ਨੇ 'ਓਪਰੇਸ਼ਨ ਗਰੀਨ ਹੰਟ' ਸ਼ੁਰੂ ਕੀਤਾ ਸੀ। ਉਹ ਇਕ ਵੀ ਮਾਓਵਾਦੀ ਨੂੰ ਮਾਰ ਨਹੀਂ ਸਕੇ, ਪਰ ਛੇ ਕੋਬਰਾ ਜਵਾਨ ਮਾਰੇ ਗਏ ਹਨ। ਪ੍ਰੰਤੂ ਜਿਨ੍ਹਾਂ ਨੂੰ ਸਰਕਾਰੀ ਬਲਾਂ ਨੇ ਮਾਰਿਆ ਹੈ ਉਹ ਸਾਰੇ ਬੁਢੇ ਆਦਿਵਾਸੀ ਅਤੇ ਬੱਚੇ ਸਨ। ਮਸਲਨ ਇਕ ਛੇ ਸਾਲ ਦਾ ਬੱਚਾ ਛੁਰੇ ਨਾਲ ਮਾਰਿਆ ਗਿਆ, ਇਕ ਪੱਚਾਸੀ ਸਾਲ ਦਾ ਮੰਜੇ 'ਤੇ ਪਿਆ ਬਜ਼ੁਰਗ ਸੰਗੀਨ ਨਾਲ ਮਾਰਿਆ ਗਿਆ...। ਪੁਲਿਸ ਅਜਿਹੇ ਦਰਦਨਾਕ ਕਤਲ ਕਰ ਰਹੀ ਹੈ। ਫੇਰ ਸਰਕਾਰ ਪੁਛਦੀ ਹੈ, ਕੀ ਤੁਸੀਂ ਸਾਡੇ ਨਾਲ ਹੋ ਜਾਂ ਨਕਸਲਵਾਦੀਆਂ ਨਾਲ? ਮੈਂ ਖੁਲ੍ਹਮ ਖੁਲ੍ਹਾ ਕਹਿੰਦਾ ਹਾਂ ਅਸੀਂ ਤੁਹਾਡੀ ਪੁਲਿਸ ਨਾਲ ਨਹੀਂ ਹਾਂ। ਅਸੀਂ ਉਨ੍ਹਾਂ ਆਦਿਵਾਸੀਆਂ ਨਾਲ ਹਾਂ ਜਿਹੜੇ ਮਾਰੇ ਜਾ ਰਹੇ ਹਨ।

ਦਿਗਵਿਜੈ ਸਿੰਘ ਨੇ ਪਿਛੇ ਜਿਹੇ ਇਕ 'ਦਾਨਸ਼ਵਰਾਨਾ' ਲੇਖ ਲਿਖਿਆ ਕਿ ਕਿਵੇਂ ਕੇਵਲ ਇਸ ਖੇਤਰ ਦਾ ਵਿਕਾਸ ਕਰਕੇ ਹੀ ਨਕਸਲੀ ਵਬਾਅ ਨੂੰ ਠਲ ਪਾਈ ਜਾ ਸਕਦੀ ਹੈ। ਮੈਂ ਉਸਨੂੰ ਇਕ ਪਤਰ ਲਿਖਿਆ ਜਿਸ ਵਿਚ ਚਾਰ ਮੰਗਾਂ ਰਖੀਆਂ ਗਈਆਂ। ਪਹਿਲੀ, ਆਪਣੀਆਂ ਫੌਜਾਂ ਵਾਪਸ ਬੁਲਾ ਲਓ। 700 ਪਿੰਡਵਾਸੀ ਪੁਲਿਸ ਦੇ ਘੇਰੇ ਵਿਚ ਹਨ। ਪਿੰਡਵਾਸੀ ਬਾਹਰ ਨਹੀਂ ਜਾ ਸਕਦੇ ਅਤੇ ਬਾਹਰੋਂ ਕੋਈ ਆ ਨਹੀਂ ਸਕਦਾ। ਜੇ ਕੋਈ ਆਦਿਵਾਸੀ ਔਰਤ ਹਫ਼ਤਾਵਾਰੀ ਘਰੇਲੂ ਖਰੀਦੋ-ਫਰੋਖ਼ਤ ਲਈ ਪੰਜ ਕਿਲੋਮੀਟਰ ਦੂਰ ਬਾਜ਼ਾਰ ਜਾਂਦੀ ਹੈ ਤਾਂ ਉਹ ਡਰਦੀ ਹੈ ਕਿ ਰਸਤੇ ਵਿਚ ਸਿਪਾਹੀ ਉਸਨੂੰ ਫੜ ਲੈਣਗੇ। ਇਸ ਲਈ ਉਹ ਪਚਾਸੀ ਕਿਲੋਮੀਟਰ ਦੂਰ ਜੰਗਲ ਵਿਚਲੇ ਸੁਰਖਿਅਤ 'ਬਾਜ਼ਾਰ' ਨੂੰ ਤਰਜੀਹ ਦਿੰਦੀ ਹੈ। ਇਸ ਵਿਚ ਦੋ ਦਿਨ ਜਾਣ ਲਈ ਅਤੇ ਦੋ ਦਿਨ ਆਉਣ ਲਈ ਲਗਦੇ ਹਨ। ਸੋ ਹਰ ਹਫਤੇ ਉਸਦੇ ਚਾਰ ਦਿਨ ਇਹ ਮੰਜ਼ਲ ਮਾਰਨ ਵਿਚ ਹੀ ਲੱਗ ਜਾਂਦੇ ਹਨ। ਮੈਂ ਉਸਨੂੰ ਕਿਹਾ ਕਿ ਤੂੰ ਇਕ ਮਹੀਨੇ ਜੋਗੇ ਚੌਲ ਇਕਠੇ ਹੀ ਕਿਉਂ ਨਹੀਂ ਖਰੀਦ ਲਿਆਉਂਦੀ? ਉਸਨੇ ਜਵਾਬ ਦਿਤਾ, "ਅਸੀਂ ਕੇਵਲ ਓਨੇ ਪੈਸਿਆ ਦੇ ਚੌਲ ਹੀ ਖਰੀਦ ਸਕਦੇ ਹਾਂ ਜਿੰਨੇ ਪੈਸੇ ਸਾਨੂੰ ਸਾਡੇ ਮਹੁਏ ਦੇ ਮਿਲਦੇ ਹਨ। ਜੇ ਸਾਡਾ ਮਹੂਆ ਵੀਹ ਰੁਪਏ ਦਾ ਵਿਕਦਾ ਹੈ ਤਾਂ ਅਤੇ ਵੀਹ ਰੁਪਏ ਦੇ ਹੀ ਚੌਲ ਖਰੀਦੇ ਜਾ ਸਕਣਗੇ।

ਇਹ ਸਾਰੀ ਸਥਿਤੀ ਸਰਕਾਰ ਦੇ ਗੈਰ ਜ਼ਿੰਮੇਵਰਾਨਾ ਰਵਈਏ ਕਰਕੇ ਹੈ, ਨਕਸਲਵਾਦੀਆਂ ਕਰਕੇ ਨਹੀਂ। ਉਨ੍ਹਾਂ ਖੇਤਰਾਂ ਨੂੰ ਆਜ਼ਾਦ ਖੇਤਰ ਆਖ ਛਡਣਾ ਜਾ ਕਰਾਰ ਦੇਣਾ ਵੀ ਰਾਜ ਦੀ ਕੂਟਨੀਤੀ ਦਾ ਇਕ ਹਿੱਸਾ ਹੈ। ਇਸ ਤਰ੍ਹਾਂ ਸਰਕਾਰ ਇਹ ਕਹਿ ਕੇ ਪੱਲ੍ਹ ਝਾੜ ਸਕਦੀ ਹੈ ਕਿ ਪ੍ਰਸ਼ਾਸਨ ਨੂੰ ਉਥੇ ਚੰਗੀ ਤਰ੍ਹਾਂ ਕੰਮ ਨਹੀਂ ਕਰਨ ਦਿਤਾ ਜਾ ਰਿਹਾ। ਹਕੀਕਤ ਇਹ ਹੈ ਕਿ ਸਰਕਾਰ ਦਾ ਪਹੀਆ ਆਦਿਵਾਸੀਆਂ ਨੇ ਨਹੀਂ ਬਲਕਿ ਸਲਵਾ ਜੁਡਮ ਦੇ ਚੋਬਰਾਂ ਨੇ ਜਾਮ ਕੀਤਾ ਹੋਇਆ ਹੈ। ਰਾਜ ਦੀ ਕੋਈ ਸੰਸਥਾ ਏਥੇ ਕੰਮ ਨਹੀਂ ਕਰ ਰਹੀ ਅਤੇ ਨਾ ਹੀ ਏਥੇ ਕੋਈ ਕਾਨੂੰਨ ਹੈ। ਹੋਰ ਤਾਂ ਹੋਰ ਏਥੇ ਤਾਂ ਸੰਵਿਧਾਨ ਦੀ ਧਾਰਾ 21 ਤਹਿਤ ਜ਼ਿੰਦਗੀ ਦਾ ਹਕ ਵੀ ਹੋਂਦ ਵਿਚ ਨਹੀਂ ਹੈ। ਆਦਿਵਾਸੀਆਂ ਦਾ ਸ਼ਿਕਾਰ ਕੀਤਾ ਜਾ ਰਿਹਾ ਹੈ। ਯਾਦ ਰਖੋ ਕਈ ਵਾਰ ਹਿੰਸਾ ਡਰ ਅਤੇ ਬੇਬਸੀ ਵਿਚੋਂ ਵੀ ਉਪਜਦੀ ਹੈ।

ਇਨ੍ਹਾਂ ਪਿੰਡਾਂ ਵਿਚ ਜਿਨ੍ਹਾਂ ਦੇ ਦੁਆਲੇ ਪੁਲਿਸ ਦੀ ਘੇਰਾਬੰਦੀ ਹੈ, ਵਿਚ ਸਰਕਾਰ ਨੇ ਸਭ ਕੁਝ ਬੰਦ ਕਰ ਦਿਤਾ ਹੈ। ਏਥੇ ਕੁਝ ਵੀ ਨਹੀਂ ਹੈ-ਨਾ ਸਕੂਲ, ਨਾ ਡਾਕਟਰ। ਸਰਕਾਰ ਨੇ ਹਾਈ ਕੋਰਟ ਨੂੰ ਦਸਿਆ ਹੈ ਕਿ ਇਹ ਸਾਰੇ ਨਕਸਲਵਾਦੀ ਹਨ। ਪੁਲਿਸ ਕਹਿੰਦੀ ਹੈ ਕਿ ਇਥੇ ਰਾਸ਼ਨ ਡਿਪੂਆਂ ਰਾਹੀਂ ਚੌਲ ਵੰਡਣ ਦੀ ਕੋਈ ਤੁਕ ਨਹੀਂ ਕਿਉਂਕਿ ਨਕਸਲੀ ਉਨ੍ਹਾਂ ਨੂੰ ਲੁਟ ਲੈਣਗੇ। ਇਸ ਲਈ ਪਿਛਲੇ ਪੰਜ ਸਾਲਾਂ ਵਿਚ ਇਨ੍ਹਾਂ ਖੇਤਰਾਂ ਅੰਦਰ ਕਦੇ ਵੀ ਚੌਲ ਨਹੀਂ ਵੰਡੇ ਗਏ। ਕੀ ਕਦੇ ਕੋਈ ਨਕਸਲਵਾਦੀ ਭੁੱਖ ਨਾਲ ਮਰਿਆ? ਮੈਡੀਕਲ ਅਫ਼ਸਰਾਂ ਨੇ ਮੈਨੂੰ ਦਸਿਆ ਕਿ ਜੇ ਉਨ੍ਹਾਂ ਦੇ ਡਾਕਟਰ ਜੰਗਲ ਵਿਚ ਮਰੀਜ਼ਾਂ ਦਾ ਇਲਾਜ ਕਰਨ ਜਾਂਦੇ ਹਨ ਤਾਂ ਕੇਂਦਰੀ ਰਿਜ਼ਰਵ ਪੁਲਿਸ ਬਲ ਦੇ ਜਵਾਨ ਉਨ੍ਹਾਂ ਨੂੰ ਕੁਟਦੇ ਮਾਰਦੇ ਹਨ। ਜੇ



ਅਧਿਆਪਕ ਜਾਂਦੇ ਹਨ ਤਾਂ ਉਨ੍ਹਾਂ ਨੂੰ ਕੁਟਿਆ ਜਾਂਦਾ ਹੈ। ਉਹ ਗੁੱਸੇ ਵਿਚ ਹਨ। ਉਹ ਅਧਿਆਪਕਾਂ ਨੂੰ ਕਹਿੰਦੇ ਹਨ, ਜਦੋਂ ਤੁਸੀਂ ਜੰਗਲਾਂ ਅੰਦਰ ਜਾਂਦੇ ਹੋ ਤਾਂ ਤੁਹਾਨੂੰ ਉਹ ਕਿਉਂ ਕੁਝ ਵੀ ਨਹੀਂ ਕਹਿੰਦੇ ਸਾਡੇ ਤੇ ਘਾਤਾਂ ਕਿਉਂ ਲਗਾਉਂਦੇ ਹਨ? ਅਖੇ ਤੁਸੀਂ ਜ਼ਰੂਰ ਨਕਸਲਵਾਦੀਆਂ ਨਾਲ ਮਿਲੇ ਹੋਏ ਹੋ। ਮੈਂ ਉਨ੍ਹਾਂ ਨੂੰ ਦਸਿਆ ਕਿ ਅਧਿਆਪਕ ਅਤੇ ਡਾਕਟਰ ਤੁਹਾਡੇ ਵਾਂਗ ਅੰਦਰ ਹਥਿਆਰ ਲੈ ਕੇ ਨਹੀਂ ਜਾਂਦੇ।

ਦੰਤੇਵਾੜਾ ਦਾ ਕੁਲੈਕਟਰ ਬਹੁਤ ਹੀ ਬੇਦਰਦੀ ਨਾਲ ਕਬਾਇਲੀਆਂ ਦੀ ਭੂਮੀ ਦਾ ਕਬਜ਼ਾ ਗੈਰ ਕਬਾਇਲੀਆਂ ਨੂੰ ਦੇ ਰਿਹਾ ਹੈ। ਸਰਕਾਰ ਖੁਦ ਭੂਮੀ ਉਤੇ ਕਬਜ਼ਾ ਕਰਕੇ ਅਮੀਰ ਸਿੰਡੀਕੇਟਾਂ ਦੇ ਹਵਾਲੇ ਕਰ ਰਹੀ ਹੈ ਪ੍ਰੰਤੂ ਮਾਓਵਾਦੀਆਂ ਦੀ ਹਾਜ਼ਰੀ ਕਾਰਨ ਹੀ ਕੰਪਨੀਆਂ ਉਥੇ ਆਪਣੇ ਕੰਮ ਸ਼ੁਰੂ ਕਰਨ ਵਿਚ ਸਫ਼ਲ ਨਹੀਂ ਹੋ ਰਹੀਆਂ।

**ਕੰਧਾਂ ਵਲ ਧੱਕੇ:** ਇਸ ਖਿਤੇ ਦੀ ਸਥਿਤੀ ਬਾਰੇ ਇਕੋ ਗੱਲ ਜੋ ਵਾਰ ਵਾਰ ਸਾਰੇ ਸੰਚਾਰ ਸਾਧਨਾਂ 'ਤੇ ਦੁਹਰਾ ਹੋ ਰਹੀ ਹੈ ਉਹ ਹੈ ਕਿ ਨਕਸਲੀ ਤਾਂ ਅਤਿ ਭਿਆਨਕ ਤੇ ਖੂੰਖਾਰ ਹਨ ਜਦੋਂ ਕਿ ਸਰਕਾਰੀ ਕਾਰਿੰਦੇ ਸਾਰੇ ਦੇਵਤਾ ਸਮਾਨ ਹਨ। ਦੰਤੇਵਾੜਾ ਦੇ ਆਦਿਵਾਸੀਆਂ ਨੂੰ ਪੁਛੋ। ਮੈਂ ਕੁਝ ਨੇਤਾਵਾਂ ਨੂੰ ਕਿਹਾ, ਚਲੋ ਤੁਸੀਂ ਮਾਓਵਾਦੀਆਂ ਨਾਲ ਗੱਲ ਨਾ ਕਰੋ। ਗੱਲ ਉਨ੍ਹਾਂ ਨਾਲ ਕਰੋ ਜਿਨ੍ਹਾਂ ਨੂੰ ਤੁਸੀਂ ਮਾਓਵਾਦੀਆਂ ਦਾ ਸ਼ਿਕਾਰ ਕਹਿੰਦੇ ਹੋ। ਇਹ ਆਦਿਵਾਸੀ ਹਨ। ਤੁਸੀਂ ਆਖਰ ਉਨ੍ਹਾਂ ਦੇ ਹੀ ਲੋਕਤੰਤਰੀ ਪ੍ਰਣਾਲੀ ਨਾਲ ਚੁਣੇ ਹੋਏ ਨੇਤਾ ਹੋ। ਉਮੀਦ ਕੀਤੀ ਜਾਂਦੀ ਹੈ ਕਿ ਜਨਤਾ ਤੁਹਾਨੂੰ ਪਿਆਰ ਕਰੇ, ਤੁਸੀਂ ਜਨਤਾ ਨੂੰ। ਜੇ ਜਨਤਾ ਤੁਹਾਨੂੰ ਛਡ ਕੇ ਨਕਸਲਵਾਦੀਆਂ ਨੂੰ ਪਿਆਰ ਕਰਦੀ ਹੈ, ਤਾਂ ਤੁਸੀਂ ਉਸਦਾ ਕਾਰਨ ਲਭੋ ਕਿ ਆਖਰ ਅਜਿਹਾ ਕਿਉਂ ਹੈ? ਉਹ ਤੁਹਾਨੂੰ ਘ੍ਰਿਣਾ ਕਿਉਂ ਕਰਦੇ ਹਨ!!

ਯਾਦ ਰਹੇ ਕਿ ਮੇਰਾ ਸਮੁਚਾ ਅਮਲ ਅਹਿੰਸਾਵਾਦੀ ਹੈ। ਲੋਕਤੰਤਰੀ ਸੰਸਥਾਵਾਂ ਨੂੰ ਮਜ਼ਬੂਤ ਬਣਾਉਣ, ਪਿੰਡਵਾਸੀਆਂ ਨੂੰ ਉਨ੍ਹਾਂ ਦੇ ਸੰਵਿਧਾਨਕ ਅਧਿਕਾਰਾਂ ਲਈ ਜਾਗਰੂਕ ਕਰਨ, ਉਨ੍ਹਾਂ ਨੂੰ ਭਲਾਈ ਸਕੀਮਾਂ ਬਾਰੇ ਦਸਣ ਅਤੇ ਆਪਣੇ ਹੱਕਾਂ ਲਈ ਲੋਕਤੰਤਰੀ ਤਰੀਕੇ ਨਾਲ ਲੜਨ ਬਾਰੇ ਦਸਣ ਦਾ ਕੰਮ ਮੈਂ ਪਿਛਲੇ 17 ਸਾਲ ਤੋਂ ਕਰ ਰਿਹਾ ਹਾਂ। ਕਿਉਂਕਿ ਮਾਓਵਾਦੀਆਂ ਨੇ ਬੰਦੂਕ ਚੁਕ ਲਈ ਸੀ, ਇਸ ਲਈ ਅਸੀਂ ਮਹਾਤਮਾ ਦੀ ਅਹਿੰਸਾ ਦੀ ਨੀਤੀ ਦਾ ਪ੍ਰਚਾਰ ਕਰਨ ਉਥੇ ਗਏ ਸਾਂ। ਪਰ ਸਰਕਾਰ ਸਾਨੂੰ ਹੀ ਮਾਓਵਾਦੀ ਕਹਿਣ ਲਗ ਪਈ। ਸ਼ਾਇਦ ਸਟੇਟ ਹੁੰਦੀ ਹੀ ਹਿੰਸਕ ਹੈ। ਪ੍ਰਸ਼ਾਸਨਿਕ ਅਮਲਾ ਆਮ ਆਦਮੀ ਦੇ ਨੱਕ ਵਿਚ ਦਮ ਕਰ ਦਿੰਦਾ ਹੈ, ਆਪਣੇ ਹੱਕਾਂ ਲਈ ਅੜਨ ਵਾਲੇ ਬੰਦੇ ਨੂੰ ਹਰ ਤਰ੍ਹਾਂ ਨਾਲ ਤੰਗ ਕਰਦਾ ਹੈ ਅਤੇ ਅਖੀਰ ਵਿਚ ਉਸਨੂੰ ਹਿੰਸਕ ਨਕਸਲੀ ਕਰਾਰ ਦਿੰਦਾ ਹੈ।

ਵਿਨੋਬਾ ਭਾਵੇ ਨਕਸਲਵਾਦੀਆਂ ਬਾਰੇ ਕਿਹਾ ਕਰਦੇ ਸਨ, "ਇਹ ਨੌਜਵਾਨਾਂ ਭਟਕੇ ਹੋਏ ਨਹੀਂ ਸਗੋਂ ਗਰੀਬ ਲੋਕਾਂ ਪ੍ਰਤੀ ਰਹਿਮ ਤੋਂ ਪ੍ਰੇਰਿਤ ਹੋਏ ਹਨ, ਮੈਂ ਇਨ੍ਹਾਂ ਨੂੰ ਸਲਾਮ ਕਰਦਾ ਹਾਂ।" ਜਦੋਂ ਉਨ੍ਹਾਂ ਨੇ ਭੂਦਾਨ ਲਹਿਰ ਸ਼ੁਰੂ ਕੀਤੀ ਤਾਂ ਉਨ੍ਹਾਂ ਨੇ ਨਕਸਲਵਾਦੀਆਂ ਨੂੰ ਤੀਹ ਸਾਲ ਪਿਛੇ ਧੱਕ ਦਿਤਾ ਸੀ। ਮੈਂ ਪਿਛਲੇ 17 ਸਾਲ ਤੋਂ ਦੰਤੇਵਾੜਾ ਵਿਚ ਦੇਖ ਰਿਹਾ ਹਾਂ ਕਿ ਨਕਸਲਵਾਦੀ ਆਦਿਵਾਸੀਆਂ ਖਾਤਰ ਉਨ੍ਹਾਂ ਦੇ ਭਲੇ ਲਈ ਕੰਮ ਕਰਦੇ ਹਨ। ਦੂਸਰੇ ਪਾਸੇ ਜੇ ਇਕ ਆਦਿਵਾਸੀ ਔਰਤ ਲੱਕੜਾਂ ਦਾ ਇਕ ਗੱਠਾ ਜੰਗਲ ਵਿਚੋਂ ਗੁਜ਼ਰ-ਬਸਰ ਲਈ ਚੁਣ ਲਿਆਉਂਦੀ ਹੈ, ਤਾਂ ਜੰਗਲਾਤ ਦਾ ਗਾਰਡ ਇਸਦੀ ਸਜ਼ਾ ਉਸ ਔਰਤ ਨਾਲ ਬਲਾਤਕਾਰ ਕਰਕੇ ਦਿੰਦਾ ਹੈ। ਜੇ ਪਕੜੇ ਜਾਣ 'ਤੇ ਕਿਧਰੇ ਉਹ ਤਿੰਨ ਰੁਪਏ ਦਾ ਜੁਰਮਾਨਾ ਨਹੀਂ ਦਿੰਦੇ ਤਾਂ ਗਾਰਡ ਉਨ੍ਹਾਂ ਤੋਂ 300 ਰੁਪਏ ਜਬਰੀ ਵਸੂਲਦਾ ਹੈ।

ਫੇਰ 1980 ਵਿਚ ਨਕਸਲਵਾਦੀ ਇਥੇ ਆਏ। ਉਨ੍ਹਾਂ ਨੇ ਇਕ ਜੰਗਲਾਤ ਗਾਰਡ ਨੂੰ ਫੜਿਆ, ਉਸਨੂੰ ਦਰਖ਼ਤ ਨਾਲ ਨੂੜਿਆ ਅਤੇ ਆਦਿਵਾਸੀਆਂ ਨੂੰ ਉਸਨੂੰ ਕੁਟਣ ਲਈ ਕਿਹਾ। ਉਸ ਸਮੇਂ ਆਦਿਵਾਸੀਆਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦੀ ਵੀ ਕੋਈ ਤਾਕਤ ਹੈ। ਸਰਕਾਰੀ ਤੰਤਰ ਅਜਿਹੇ ਭ੍ਰਿਸ਼ਟ ਗਾਰਡਾਂ ਨੂੰ ਇਸੇ ਤਰ੍ਹਾਂ ਸਜ਼ਾ ਦੇ ਕੇ ਬੇਬਸ ਆਦਿਵਾਸੀਆਂ ਨੂੰ ਉਨ੍ਹਾਂ ਦੀ ਅਜ਼ਮਤ ਦੀ ਰਾਖੀ ਦਾ ਅਹਿਸਾਸ ਕਿਉਂ ਨਹੀਂ ਕਰਵਾ ਸਕਦਾ। ਰਾਜ ਨੇ ਕਦੇ ਵੀ ਮਹੂਏ ਦਾ ਘਟੋ-ਘਟ ਮੂਲ ਨਿਸ਼ਚਿਤ ਨਹੀਂ ਕੀਤਾ, ਪਰ ਨਕਸਲਵਾਦੀਆਂ ਨੇ ਇਹ ਕਰਵਾਇਆ ਹੈ।

ਆਦਿਵਾਸੀ ਕਦੇ ਵੀ ਹਿੰਸਕ ਨਹੀਂ ਰਹੇ ਪਰ ਜਦੋਂ ਵੀ ਉਨ੍ਹਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣੀ ਚਾਹੀ, ਰਾਜ ਨੇ ਪੁਲਿਸ ਭੇਜ ਦਿਤੀ। ਅਜਿਹਾ ਕਿਉਂ ਹੈ ਕਿ ਨਕਸਲੀ ਕਦੇ ਵੀ ਮੇਰੇ ਵਿਰੁਧ ਹਿੰਸਕ ਨਹੀਂ ਹੋਏ? ਮੈਨੂੰ ਉਹ ਬੈਠਣ ਨੂੰ ਮੂੜ੍ਹਾ ਦਿੰਦੇ ਹਨ, ਪਾਣੀ ਪਿਆਉਂਦੇ ਹਨ, ਤੁਰੇ ਜਾਂਦੇ ਨੂੰ ਬੁਲਾ ਕੇ ਕਹਿੰਦੇ ਹਨ "ਆਓ, ਗੁਰੂ ਜੀ ਬੈਠੋ।" ਸ਼ੁਰੂ ਸ਼ੁਰੂ ਵਿਚ ਮਾਓਵਾਦੀਆਂ ਨੇ ਐਲਾਨ ਕੀਤਾ ਸੀ ਕਿ ਸਾਡੇ ਖੇਤਰ 'ਚ ਕੋਈ ਸਰਕਾਰੀ ਪ੍ਰੋਗਰਾਮ ਨਹੀਂ ਹੋਏਗਾ। ਪਰ ਅਸੀਂ ਆਪਣਾ ਕੰਮ ਕੀਤਾ। ਹੁਣ ਉਨ੍ਹਾਂ ਨੇ ਸੁਨੇਹਾ ਭੇਜਿਆ ਹੈ ਅਸੀਂ ਹਿਮਾਂਸ਼ੂ ਦੇ ਕੰਮ ਵਿਚ ਕੋਈ ਦਖ਼ਲ ਨਹੀਂ ਦੇਵਾਂਗੇ ਕਿਉਂਕਿ ਉਸਦੀ ਕੋਈ ਖੁਦਗਰਜ਼ ਸਿਆਸੀ ਇਛਾ ਨਹੀਂ ਹੈ।

ਲੋਕ ਪੁਲਿਸ ਅਤੇ ਬੇਕਸੂਰ ਨਾਗਰਿਕਾਂ ਦੇ ਖਿਲਾਫ ਮਾਓਵਾਦੀਆਂ ਦੀ ਹਿੰਸਾ ਦੀ ਗੱਲ ਕਰਦੇ ਹਨ। ਤੁਹਾਨੂੰ ਹਿੰਸਾ ਦੇ ਵਰਤਾਰੇ ਨੂੰ ਜਾਨਣ ਲਈ ਇਸਨੂੰ ਗਹਿਰਾਈ ਤੋਂ ਸਮਝਣਾ ਪਏਗਾ। ਜੇ ਇਕ ਸਿਪਾਹੀ ਮਾਰਿਆ ਜਾਂਦਾ ਹੈ ਤਾਂ ਸਰਕਾਰ ਐਲਾਨ ਕਰਦੀ ਹੈ ਕਿ ਇਕ ਬੇਕਸੂਰ ਮਾਓਵਾਦੀਆਂ ਹਥੋਂ ਮਾਰਿਆ ਗਿਆ ਅਤੇ ਉਥੇ ਮੀਡੀਆ ਵੀ ਬਹੁਤ ਪੈਂਦਾ ਹੈ। ਜੇ ਇਕ ਬਜ਼ੁਰਗ ਆਦਿਵਾਸੀ ਮਾਰਿਆ ਜਾਂਦਾ ਹੈ ਤਾਂ ਪੁਲਿਸ ਕਹਿੰਦੀ ਹੈ ਕਿ ਮਾਓਵਾਦੀਆਂ ਦਾ ਖਤਰਨਾਕ 'ਖੇਤਰੀ ਕਮਾਂਡਰ' ਮਾਰਿਆ ਗਿਆ ਹੈ। ਆਦਿਵਾਸੀ ਹਮੇਸ਼ਾ ਡਰ ਵਿਚ ਜਿਉਂਦੇ ਹਨ। ਜੇ ਉਨ੍ਹਾਂ ਨੂੰ ਲਗਦਾ ਹੈ ਕਿ ਇਹ ਆਦਮੀ ਪੁਲਿਸ ਨੂੰ ਮੁਖਬਰੀ ਕਰ ਦੇਵੇਗਾ ਕਿ ਉਹ ਕਿਥੇ ਛੁਪੇ ਹੋਏ ਹਨ। ਜੇ ਤੁਹਾਡੀ ਲਗਾਤਾਰ ਭਾਲ ਹੋ ਰਹੀ ਹੋਵੇ, ਤੁਹਾਨੂੰ ਆਪਣਾ ਘਰ ਛਡਣ ਲਈ ਮਜਬੂਰ ਕੀਤਾ ਗਿਆ ਹੋਵੇ, ਤੁਹਾਨੂੰ ਪੁਲਿਸ ਤੋਂ ਬਚੇ ਰਹਿਣ ਲਈ ਥਾਂ ਥਾਂ ਭਟਕਣਾ ਪਵੇ, ਅਜਿਹੇ ਸਮੇਂ ਦੌਰਾਨ ਕੋਈ ਤੁਹਾਡੇ ਕੋਲ ਆਵੇ ਜਿਸ 'ਤੇ ਤੁਹਾਨੂੰ ਸ਼ੱਕ ਹੋਵੇ ਕਿ ਉਹ ਪੁਲਿਸ ਨੂੰ ਤੁਹਾਡੇ ਠਿਕਾਣੇ ਬਾਰੇ ਦਸ ਦੇਵੇਗਾ ਤਾਂ ਭਲਾਂ ਤੁਸੀਂ ਕੀ ਕਰੋਗੇ? ਅਜਿਹਾ ਇਕ ਵਾਰ ਮੇਰੇ ਨਾਲ ਹੋਇਆ। ਸਰਕਾਰ ਨੇ ਮੈਨੂੰ ਬੇਨਤੀ ਕੀਤੀ ਕਿ ਮੈਂ ਇਕ ਜੰਗਲ ਵਿਚ ਹੋਏ ਹੈਲੀਕਪਟਰ ਹਾਦਸੇ ਵਿਚੋਂ ਬਚੇ ਹੋਏ ਲੋਕਾਂ ਨੂੰ ਲੱਭਣ ਵਿਚ ਪ੍ਰਸ਼ਾਸਨ ਦੀ ਮਦਦ ਕਰਾਂ। ਉਹ ਜੰਗਲ ਦੇ ਅੰਦਰ ਜਾਣ ਤੋਂ ਬਹੁਤ ਡਰੇ ਹੋਏ ਸਨ। ਹੈਲੀਕਪਟਰ ਵਿਚਲੇ ਲੋਕਾਂ ਦੇ ਪਰਿਵਾਰ ਬਹੁਤ ਕਾਹਲੇ ਸਨ। ਮੈਂ ਮਾਓਵਾਦੀ ਨੇਤਾਵਾਂ ਨਾਲ ਗੱਲਬਾਤ ਕੀਤੀ ਅਤੇ ਅੰਦਰ ਚਲਾ ਗਿਆ। ਪਰ ਪੁਲਿਸ ਨੇ ਮੇਰੇ ਨਾਲ ਵਿਸ਼ਵਾਸਘਾਤ ਕੀਤਾ। ਉਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਉਹ ਸਾਡਾ ਪਿੱਛਾ ਨਹੀਂ ਕਰਨਗੇ, ਪਰ ਉਨ੍ਹਾਂ ਨੇ ਪਿਛਾ ਕੀਤਾ ਅਤੇ ਆਪਣੇ ਬਦਨਾਮ ਪੁਲਸੀ ਅੰਦਾਜ਼ ਵਿਚ ਰਸਤੇ ਵਿਚ ਮੁਰਗੇ, ਸ਼ਰਾਬ ਤੇ ਹੋਰ ਜੋ ਕੁਝ ਹੱਥ ਲੱਗਾ ਲੁਟਿਆ। ਮਾਓਵਾਦੀਆਂ ਨੇ ਸਮਝਿਆ ਮੈਂ ਪੁਲਿਸ ਨੂੰ ਲੈ ਕੇ ਆਇਆ ਹਾਂ। ਉਨ੍ਹਾਂ ਨੇ ਮੈਨੂੰ ਦਰਖ਼ਤ ਨਾਲ ਬੰਨ੍ਹ ਲਿਆ ਅਤੇ ਮਾਰ ਦਿੰਦੇ ਜੇ ਉਨ੍ਹਾਂ ਨੂੰ ਸੱਚਾਈ ਦਾ ਪਤਾ ਨਾ ਲਗਦਾ। ਉਹ ਤਾਂ ਆਪਣੇ ਸਾਥੀਆਂ ਨੂੰ ਵੀ ਖ਼ਤਮ ਕਰ ਦਿੰਦੇ ਹਨ, ਜਿਹੜੇ ਉਨ੍ਹਾਂ ਨੂੰ ਧੋਖਾ ਦਿੰਦੇ ਹਨ।

ਮੈਂ ਉਸ ਪਿੰਡ ਵਿਚ ਤਿੰਨ ਦਿਨ ਰਿਹਾ। ਇਥੇ ਕੋਈ ਆਦਮੀ 40 ਸਾਲ ਤੋਂ ਵਧ ਉਮਰ ਦਾ ਨਹੀਂ ਸੀ। ਉਹ ਇਸ ਤੋਂ ਵਧ ਉਮਰ ਹੰਢਾਉਂਦੇ ਹੀ ਨਹੀਂ। ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। ਸਾਡੇ ਨਾਲ ਇਕ ਅੱਠ ਸਾਲ ਦਾ ਗਾਰਡ ਸੀ। ਉਸਦੇ ਕੋਲ ਇਕ ਟੋਪੀ ਅਤੇ ਸੀਟੀ ਸੀ ਅਤੇ ਉਸਨੂੰ ਇਨ੍ਹਾਂ ਦੋਵਾਂ ਚੀਜ਼ਾਂ 'ਤੇ ਮਾਣ ਸੀ। ਮੈਂ ਉਸਨੂੰ ਪੁਛਿਆ ਪਿਛਲੀ ਵਾਰ ਪੁਲਿਸ ਤੁਹਾਡੇ ਪਿੰਡ ਕਦੋਂ ਆਈ ਸੀ? ਉਸਨੇ ਦਸਿਆ ਦੋ ਸਾਲ ਪਹਿਲਾਂ। ਉਨ੍ਹਾਂ ਨੇ ਕੀ ਕੀਤਾ? ਉਸਦੇ ਦੱਸਣ ਅਨੁਸਾਰ ਪੁਲੀਸ ਨੇ 40 ਘਰ ਸਾੜੇ, ਤਿੰਨ ਲੋਕਾਂ ਨੂੰ ਜਾਨੋਂ ਮਾਰਿਆ ਅਤੇ ਹੱਥ ਨਾਲ ਇਸ਼ਾਰਾ ਕਰਦਿਆਂ ਦਸਿਆ ਕਿ ਉਹ ਔਰਤ ਜਿਹੜੀ ਖੜ੍ਹੀ ਹੈ, ਉਸ ਨਾਲ ਬਲਾਤਕਾਰ ਵੀ ਕੀਤਾ। ਇਹ ਪਿੰਡ ਬੈਲਾਡਿਲਾ ਦੇ ਬਿਲਕੁਲ ਪਿਛਲੇ ਪਾਸੇ ਹੈ। ਇਹ ਕੋਲੇ ਦੀ ਧੂੜ ਨਾਲ ਅੱਟਿਆ ਪਿਆ ਸੀ। ਇਥੇ ਕੋਈ ਸਕੂਲ ਨਹੀਂ ਸੀ। ਸ਼ਾਇਦ ਇਹੋ ਵਿਕਾਸ ਦਾ ਭਾਰਤੀ ਮਾਡਲ ਹੈ।

**ਸ਼ਾਂਤੀ ਸਿਰਫ ਨਿਆਂ ਨਾਲ ਆਏਗੀ:** ਸਰਕਾਰ ਬਾਰਬਾਰ ਸਾਨੂੰ ਤੇ ਹੋਰ ਮਾਨਵ ਅਧਿਕਾਰ ਸੰਗਠਨਾਂ ਨੂੰ ਨਸੀਹਤਾਂ ਦਿੰਦੀ ਹੈ ਕਿ ਅਸੀਂ ਨਕਸਲੀਆਂ ਨੂੰ ਹਿੰਸਾ ਦਾ ਰਸਤਾ ਛੱਡਣ ਲਈ ਆਖੀਏ। ਪਰ ਅਸੀਂ ਸਰਕਾਰ ਨੂੰ ਕਹਿੰਦੇ ਹਾਂ, ਤੁਸੀਂ ਆਪਣੀ ਫੌਜ ਨੂੰ ਕਹੋ ਕਿ ਉਹ ਬੇਲੋੜੀ ਹਿੰਸਾ ਬੰਦ ਕਰੇ। ਉਹ ਸਭ ਐਫ.ਆਈ.ਆਰ. ਦਰਜ ਕਰੋ, ਜਿਹੜੀਆਂ ਇਨ੍ਹਾਂ ਜ਼ਮਹੂਰੀ ਸੰਗਠਨਾਂ ਨੇ ਤੁਹਾਡੀ ਪੁਲਿਸ ਦੇ ਖਿਲਾਫ਼ ਦਿਤੀਆਂ ਹਨ। ਤੁਸੀਂ ਖੁਦ ਤਾਂ ਏਨਾਂ ਵੀ ਨਹੀਂ ਕਰਦੇ ਅਤੇ ਉਨ੍ਹਾਂ ਨੂੰ ਹਿੰਸਾ ਦੇ ਖਿਲਾਫ਼ ਆਪਣੀ ਸਥਿਤੀ ਸਪਸ਼ਟ ਕਰਨ ਲਈ ਕਹਿੰਦੇ ਹੋ। ਤੁਸੀਂ ਸਾਡੇ ਤੋਂ ਕੀ ਸੁਣਨਾ ਚਾਹੁੰਦੇ ਹੋ? ਅਸੀਂ ਇਥੇ ਰਹਿੰਦੇ ਹਾਂ, ਸਥਿਤੀ ਨੂੰ ਸਮਝਦੇ ਹਾਂ। ਕੁਝ ਘਟਨਾਵਾਂ ਬਾਹਰੋਂ ਦੇਖਣ ਨੂੰ ਭਿਆਨਕ ਲਗਦੀਆਂ ਹਨ। ਸਿਪਾਹੀਆਂ ਦੇ ਇਕ ਸਮੂਹ ਨੇ ਪਿੰਡਾਂ ਦੇ ਪਿੰਡ ਜਲਾ ਦਿਤੇ ਪ੍ਰੰਤੂ ਇਸੇ ਦੌਰਾਨ ਕਿਵੇਂ ਨਾ ਕਿਵੇਂ ਗੁੱਸੇ ਵਿਚ ਆਏ ਉਥੋਂ ਦੇ ਲੋਕ ਉਨ੍ਹਾਂ ਨੂੰ ਘੇਰਨ 'ਚ ਕਾਮਯਾਬ ਹੋ ਗਏ ਅਤੇ ਉਨ੍ਹਾਂ ਨੇ ਚੁਕ ਕੇ ਇਸ ਟੁਕੜੀ ਨੂੰ ਸਾੜ ਦਿਤਾ। ਫਿਰ...।

ਪਿਛਲੇ ਪੰਜ ਸਾਲਾਂ ਵਿਚ ਕੋਈ ਸਿਆਸੀ ਨੇਤਾ ਦੰਤੇਵਾੜਾ ਦੇ ਲੋਕਾਂ ਦੇ ਦੁਖ ਦਰਦ ਸੁਣਨ ਨਹੀਂ ਆਇਆ। ਇਸ ਲਈ ਮੈਂ ਇਨ੍ਹਾਂ ਆਦਿਵਾਸੀਆਂ ਨੂੰ ਦਿੱਲੀ ਲੈ ਕੇ ਜਾਣ ਬਾਰੇ ਸੋਚਿਆ। ਮੈਂ ਸੋਚਿਆ ਕਿ ਉਥੇ ਹੰਗਾਮਾ ਹੋ ਜਾਏਗਾ। ਮੈਂ ਇਨ੍ਹਾਂ ਪੀੜਤ ਆਦਿਵਾਸੀਆਂ ਨੂੰ ਸੰਵਿਧਾਨ ਕਲਬ ਵਿਚ ਲੈ ਗਿਆ। ਪਰ ਕਿਸੇ ਦੇ ਕੰਨਾਂ 'ਤੇ ਜੂੰ ਤਕ ਨਹੀਂ ਸਰਕੀ। ਸਾਡੇ ਸ਼ਹਿਰੀ ਮਧ ਵਰਗ ਦੀ ਖੁਦਗਰਜ਼ੀ ਦੀ ਹਾਲਤ ਅੱਜ ਇਹ ਹੈ ਕਿ ਉਨ੍ਹਾਂ ਨੂੰ ਕੋਈ ਪ੍ਰਵਾਹ ਹੀ ਨਹੀਂ ਕਿ ਦੂਰ ਦੁਰਾਡੇ ਪੇਂਡੂ ਖੇਤਰਾਂ ਵਿਚ ਕੀ ਭਾਣੇ ਵਾਪਰ ਰਹੇ ਹਨ। ਉਹ ਸਿਰਫ ਸ਼ਾਂਤੀ ਚਾਹੁੰਦੇ ਹਨ। ਇਹ ਉਹ ਲੋਕ ਹਨ ਜਿਹੜੇ ਅਰਾਮ ਭਰਪੂਰ ਜ਼ਿੰਦਗੀਆਂ ਜਿਊਂ ਰਹੇ ਹਨ... ਤੇ ਉਹ ਸ਼ਾਂਤੀ ਇਸ ਲਈ ਚਾਹੁੰਦੇ ਹਨ ਤਾਂ ਕਿ ਉਨ੍ਹਾਂ ਦਾ ਐਸ਼ੋ-ਆਰਾਮ ਨਿਰਵਿਘਨ ਜਾਰੀ ਰਹੇ। ਪਰ ਉਹ ਗਰੀਬ ਲੋਕ ਤਾਂ ਆਪਣੇ ਹੱਕਾਂ ਲਈ ਲੜਦਿਆਂ ਜ਼ਬਰ ਦਾ ਸ਼ਿਕਾਰ ਹੋ ਰਹੇ ਹਨ, ਉਨ੍ਹਾਂ ਦੀ ਪਹਿਲ ਨਿਆਂ ਹੈ। ਵਿਨੋਬਾ ਭਾਵੇ ਨੇ ਕਿਹਾ ਸੀ "ਜਿਥੇ ਅਨਿਆਂ ਹੈ, ਉਥੇ ਸ਼ਾਂਤੀ ਨਹੀਂ ਹੋ ਸਕਦੀ। ਪਰ ਸਰਕਾਰ ਸਾਡੀ ਨਿਆਂ ਬਾਰੇ ਤਾਂ ਗੱਲ ਹੀ ਨਹੀਂ ਕਰਦੀ। ਬਸ ਸ਼ਾਂਤੀ, ਸ਼ਾਂਤੀ ਕੂਕੀ ਜਾ ਰਹੀ ਹੈ।"

ਸਾਡੇ ਲੱਖਾਂ ਨਾਗਰਿਕਾਂ ਨੇ ਹਥਿਆਰ ਕਿਉਂ ਚੁੱਕੇ ਹਨ? ਸਾਡੇ ਚੰਗੇ ਖਾਂਦੇ ਪੀਂਦੇ ਵਰਗਾਂ ਨੂੰ ਇਸ ਗੱਲ ਦੀ ਸਮਝ ਨਹੀਂ ਆਉਂਦੀ। ਅਸੀਂ ਸ਼ਹਿਰਾਂ ਵਿਚ ਰਹਿੰਦੇ ਹਾਂ, ਸਾਡੀ ਰਾਖੀ ਲਈ ਪੁਲਿਸ ਹੈ, ਸਰਕਾਰ ਹੈ। ਅਸੀਂ ਇਕ ਪਾਸੇ ਹਾਂ। ਦੂਜੇ ਪਾਸੇ ਉਹ ਲੋਕ ਹਨ ਜਿਨ੍ਹਾਂ ਦੀ ਰਖਿਆ ਲਈ ਕੋਈ ਪੁਲਿਸ ਨਹੀਂ, ਕੋਈ ਸਰਕਾਰ ਨਹੀਂ। ਉਨ੍ਹਾਂ ਕੋਲ ਖਾਣ ਲਈ ਕੁਝ ਵੀ ਨਹੀਂ। ਇਹੋ ਉਹ ਲੋਕ ਹਨ ਜਿਨ੍ਹਾਂ ਨੇ ਹਥਿਆਰ ਚੁਕੇ ਹਨ। ਇਹ ਲੋਕ ਸਦੀਆਂ ਤੋਂ ਜੰਗਲਾਂ ਅੰਦਰ ਵਸੇ ਹੋਏ ਹਨ। ਭਾਰਤ ਵਿਚ ਜਮਹੂਰੀ ਪ੍ਰਣਾਲੀ ਹੋਵੇਗੀ। ਪ੍ਰੰਤੂ ਕਰੋੜਾਂ ਹੀ ਲੋਕ

*(ਬਾਕੀ ਸਫ਼ਾ 34 'ਤੇ)*

## ਸੰਪਾਦਕ ਦੀ ਡਾਕ

# ਪੰਜਾਬ ਦਾ ਵਿਕਾਸ-ਡਾ. ਸੁੱਚਾ ਸਿੰਘ ਗਿੱਲ ਬਨਾਮ ਡਾ. ਗੁਰਬਚਨ

**ਮਝੈਲ ਸਿੰਘ ਸਰਾਂ**

13 ਫਰਵਰੀ ਦੇ ਪੰਜਾਬ ਟਾਈਮਜ਼ ਨੇ ਪੰਜਾਬ ਦੇ ਵਿਕਾਸ ਲਈ ਮਾਡਲ ਬਾਰੇ ਦੋ ਵਿਦਵਾਨਾਂ ਡਾ. ਸੁੱਚਾ ਸਿੰਘ ਗਿੱਲ ਅਤੇ ਡਾ. ਗੁਰਚਰਨ ਦੇ ਵਿਚਾਰ ਨਾਲੋ ਨਾਲ ਛਾਪ ਕੇ ਬੜਾ ਵਧੀਆ ਕੀਤਾ ਕਿਉਂਕਿ ਜੇ ਵੱਖੋ ਵੱਖਰੇ ਅੰਕਾਂ ਵਿਚ ਛਪਦੇ ਤਾਂ ਪਾਠਕਾਂ ਨੂੰ ਕੜੀਆਂ ਜੋੜਨ ਵਿਚ ਮੁਸ਼ਕਿਲ ਆਉਣੀ ਸੀ। ਆਪਾਂ ਜਿੰਨੇ ਵੀ ਬਾਹਰ ਪਰਦੇਸਾਂ ਵਿਚ ਬੈਠੇ ਹਾਂ, ਇਹ ਵੀ ਸਾਨੂੰ ਪਤਾ ਕਿ ਮੁੜ ਪੰਜਾਬ ਵਿਚ ਜਾ ਕੇ ਵਸਿਆ ਨਹੀਂ ਜਾਣਾ ਪਰ ਤਾਰ ਜ਼ਰੂਰ ਉਥੇ ਵੱਜਦੀ ਰਹਿੰਦੀ ਹੈ-ਕਿਸੇ ਦੀ ਵੱਧ ਤੇ ਕਿਸੇ ਦੀ ਘੱਟ। ਆਪਣੀ ਆਉਣ ਵਾਲੀ ਅਗਲੀ ਪੀੜ੍ਹੀ ਸ਼ਾਇਦ ਇਹ ਤਾਰ ਤੋੜ ਹੀ ਲਵੇ। ਆਪਾਂ ਬਾਹਰ ਵਾਲੇ ਹੋਰ ਭਾਵੇਂ ਲੱਖ ਵਖਰੇਵੇਂ ਰੱਖੀਏ ਪਰ ਪੰਜਾਬ ਦੇ ਭਲੇ ਲਈ ਤਕਰੀਬਨ ਇਕ ਸੋਚ ਹੀ ਰਖਦੇ ਹਾਂ। ਇਸ ਕਰਕੇ ਜਦੋਂ ਦੋ ਲੇਖ ਇੱਕਠੇ ਹੀ ਉਹ ਵੀ 'ਪੰਜਾਬ ਦੇ ਵਿਕਾਸ' ਬਾਰੇ ਛਪੇ ਤਾਂ ਪੜ੍ਹਨੇ ਵੀ ਸਾਰਿਆਂ ਨੇ ਹੀ ਸੀ ਤੇ ਖਾਸ ਗੱਲ ਇਹ ਕਿ ਦੋਹਾਂ ਦੇ ਵਿਚਾਰ ਇਕੋ ਮਸਲੇ 'ਤੇ ਇਕ ਦੂਜੇ ਤੋਂ ਉਲਟ ਹਨ, ਇਸ ਕਰਕੇ ਮੈਨੂੰ ਤਾਂ ਦੋਹਰੀ ਵਾਰੀ ਵੀ ਪੜ੍ਹਨੇ ਪਏ।

ਡਾ. ਗਿੱਲ ਦਾ ਲੇਖ ਅੰਕੜੇ ਭਰਪੂਰ ਹੋਣ ਕਰਕੇ ਵਿਚਾਰਾਂ ਦਾ ਸਬੂਤ ਦਿੰਦਾ ਲੱਗਦਾ ਹੈ ਤੇ ਖਾਮੀਆਂ ਉਨ੍ਹਾਂ ਨੂੰ ਦਿੱਸੀਆਂ। ਉਹੀ ਡਾ. ਗੁਰਬਚਨ ਨੂੰ ਵੀ ਮਹਿਸੂਸ ਹੋਈਆਂ। ਡਾ. ਗਿੱਲ ਦਾ ਲੇਖ ਇਕ ਯੂਨੀਵਰਸਿਟੀ 'ਚ ਪੜ੍ਹੇ ਲਿਖੇ ਤੇ ਸਰਕਾਰੀ ਰੁਤਬੇ ਵਾਲੇ ਸ਼ਹਿਰ ਨਿਵਾਸੀ ਦਾ ਲੱਗਦਾ ਹੈ ਜਦੋਂ ਕਿ ਡਾ. ਗੁਰਬਚਨ ਦਾ ਲੇਖ ਪੇਂਡੂ ਹਕੀਕਤ ਨਾਲ ਵਾਬਸਤਾ ਲਗਦਾ। ਡਾ. ਗੁਰਬਚਨ ਨੇ ਬੋਲੀ ਕੁੱਝ ਜਿਆਦਾ ਹੀ ਖਰਵੀਂ ਵਰਤ ਦਿੱਤੀ, ਅਸਲ ਵਿਚ ਕਈ ਵਾਰੀ ਦਿਲੋਂ ਸਾਫ ਬੰਦੇ ਕੋਲੋਂ ਨਾਇਨਸਾਫੀ ਸਹਿਣ ਨਹੀਂ ਹੁੰਦੀ ਤਾਂ ਲਫਜ਼ਾਂ 'ਚ ਗੁੱਸਾ ਨਿਕਲਦਾ, ਸ਼ਾਇਦ ਡਾ. ਗੁਰਬਚਨ ਵੀ ਇਸੇ ਮਾਨਸਿਕਤਾ ਵਿਚੋਂ ਗੁਜ਼ਰੇ ਹਨ। ਡਾ. ਗੁਰਬਚਨ ਨੇ ਡਾ. ਗਿੱਲ ਦੀ ਹਰੇਕ ਦਲੀਲ ਨੂੰ ਕੱਟਿਆ ਹੈ। ਖਾਸ ਤੌਰ 'ਤੇ ਸੱਠਵਿਆਂ ਤੇ ਸੱਤਰਵਿਆਂ 'ਚ ਆਈ ਹਰੀ ਕ੍ਰਾਂਤੀ ਦੇ ਮਾੜੇ ਪ੍ਰਭਾਵ ਜੋ ਅੱਜ ਵਾਬਰਕੇ ਮੋਹਰੇ ਆਏ ਹਨ ਉਨ੍ਹਾਂ ਸੰਬੰਧੀ ਡਾ. ਗੁਰਬਚਨ ਸੌ ਫੀਸਦੀ ਦਰੁੱਸਤ ਲੱਗਦੇ ਹਨ। ਪੰਜਾਬ ਦਾ ਕੁਦਰਤੀ ਸੋਮਾ ਦਰਿਆਈ ਪਾਣੀ ਤੇ ਜ਼ਮੀਨੀ ਪਾਣੀ ਸੀ ਤੇ ਨਾਲ ਉਪਜਾਊ ਜ਼ਮੀਨ, ਦਰਿਆਈ ਪਾਣੀ ਬੜੀ ਬੇਹਯਾਈ ਨਾਲ ਸਰਕਾਰਾਂ ਨੇ ਪੰਜਾਬ ਤੋਂ ਖੋਹੇ, ਜ਼ਮੀਨੀ ਪਾਣੀ ਦੇ ਸੋਮੇ ਦੀ ਜਿਸ ਬੇਕਿਰਕੀ ਨਾਲ ਹਰੀ ਕ੍ਰਾਂਤੀ ਦੀ ਆੜ 'ਚ ਦੁਰਵਰਤੋਂ ਹੋਈ, ਆਉਂਦੇ ਸਾਲਾਂ ਵਿਚ ਸਿੰਜਾਈ ਦੀ ਗੱਲ ਤਾਂ ਇਕ ਪਾਸੇ ਰਹੀ ਪੀਣ ਵਾਲੇ ਪਾਣੀ ਨੂੰ ਵੀ ਤਰਸਣਾ ਪੈ ਸਕਦਾ ਹੈ। ਰਹੀ ਗੱਲ ਜ਼ਮੀਨ ਦੇ ਉਪਜਾਊਪਣ ਦੀ, ਉਹ ਵੀ ਚੜ੍ਹ ਗਈ ਹਰੀ ਕ੍ਰਾਂਤੀ ਦੀ ਬਲੀ। ਇਕ ਹੋਰ ਕੁਦਰਤੀ ਸੋਮਾ ਸੀ ਉਥੋਂ ਦੇ ਲੋਕਾਂ ਦਾ ਸੁਭਾਅ। ਪੰਜਾਬੀ ਇਸ ਪੱਖੋਂ ਬੜੇ ਸਿਰੜੀ ਤੇ ਮਿਹਨਤੀ ਸਾਬਿਤ ਹੁੰਦੇ ਰਹੇ, ਇਹ ਸਿਰੜ ਪੁਠਾ ਹੀ ਸੀ ਕਿ ਵੀਹਵੀਂ ਸਦੀ ਦੇ ਮੁੱਢ ਵਿਚ ਲਾਇਲਪੁਰ-ਮਿੰਟਗੁਮਰੀ ਦੇ ਜੰਗਲਾਂ ਨੂੰ ਪੱਧਰਾ ਕਰਕੇ ਸਭ ਤੋਂ ਉਪਜਾਊ ਬਾਗਾਂ 'ਚ ਬਦਲ ਦਿੱਤਾ। ਇਹ ਪੰਜਾਬੀਆਂ ਦਾ ਸੁਭਾਅ ਵੀ ਕਿਸੇ ਗਿਣੀ-ਮਿਥੀ ਚਾਲ ਤਹਿਤ ਹਰੇ ਇਨਕਲਾਬ ਰਾਹੀਂ ਬਦਲ ਦਿੱਤਾ ਗਿਆ ਜਾਂ ਕਹਿ ਲਈਏ ਕਿ ਇਕ ਦਮ ਆਈ ਆਰਥਿਕ ਉਥਲ-ਪੁਥਲ ਨੇ ਤੌਰ ਤਰੀਕੇ ਬਦਲ ਦਿੱਤੇ। ਇਸਦਾ ਨਤੀਜਾ ਹੈ ਕਿ ਅੱਜ ਪੇਂਡੂ ਜੱਟ ਦਾ ਮੁੰਡਾ ਆਪਣੇ ਹੀ ਖੇਤਾਂ ਵਿਚ ਹੱਥੀਂ ਕੰਮ ਕਰਨ ਤੋਂ ਨਾਬਰ ਹੋਇਆ ਖੜਾ ਹੈ। ਇੰਨਾ ਹੀ ਨਹੀਂ ਨਸ਼ਿਆਂ ਨੇ ਸਰੀਰ ਵੀ ਗਾਲ ਸੁੱਟਿਆ। ਇਨ੍ਹਾਂ ਅਲਾਮਤਾਂ ਦਾ ਜ਼ਿਕਰ ਵੀ ਡਾ. ਗਿੱਲ ਨੇ ਕੀਤਾ ਹੈ ਤੇ ਨਾਲ ਫਿਕਰ ਵੀ, ਪਰ ਇਨ੍ਹਾਂ ਦੀ ਜੜ੍ਹ ਕਿੱਥੋਂ ਬਣੀ, ਉਹ ਨਹੀਂ ਦੱਸੀ। ਉਲਟਾ ਦੱਸਿਆ ਹੈ ਕਿ ਅੱਸੀਵਿਆਂ ਵਿਚ ਰਾਜ ਪ੍ਰਬੰਧ ਤਹਿਸ-ਨਹਿਸ ਹੋਣ ਕਰਕੇ ਲੋਕਾਂ ਤੋਂ ਟੈਕਸ ਇਕੱਠਾ ਨਹੀਂ ਹੋਇਆ ਜਿਸ ਕਰਕੇ ਵਿਕਾਸ ਨੂੰ ਡੱਕਾ ਲੱਗਾ ਤੇ ਸਰਕਾਰਾਂ ਆਪਣਾ ਕੰਮਕਾਜ ਕਰਜਾ ਲੈ ਕੇ ਚਲਾਉਣ ਲੱਗ ਪਈਆਂ। ਡਾ. ਗੁਰਬਚਨ ਨੇ ਦਲੀਲ ਨਾਲ ਕਾਟ ਕੀਤਾ ਕਿ ਕਰਜਾ ਟੈਕਸ ਇਕੱਠਾ ਨਾ ਹੋਣ ਕਰਕੇ ਨਹੀਂ ਸਗੋਂ ਪੰਜਾਬੀਆਂ ਦੀ ਆਵਾਜ਼ ਨੂੰ ਦਬਾਉਣ ਲਈ ਕੇਂਦਰ ਸਰਕਾਰ ਵਲੋਂ ਸੁਰੱਖਿਆ ਦਸਤਿਆਂ ਉਤੇ ਕੀਤੇ ਗਏ ਬੇਬਹਾ ਖਰਚ ਕਰਕੇ ਚੜ੍ਹਿਆ। ਪੰਜਾਬੀਆਂ ਨੇ ਆਪਣੇ ਕੁਦਰਤੀ ਸੋਮੇ ਦਰਿਆਈ ਪਾਣੀਆਂ ਨੂੰ ਬਚਾਉਣ ਲਈ ਲੋਕਤੰਤਰੀ ਤਰੀਕੇ ਨਾਲ ਆਵਾਜ਼ ਉਠਾਈ ਸੀ।

ਡਾ. ਗਿੱਲ ਅਨੁਸਾਰ ਸ. ਪ੍ਰਤਾਪ ਸਿੰਘ ਕੈਰੋਂ ਵਾਂਗ ਕੀਤੇ ਕੰਮ ਵਿਚ ਮੁੜ ਵਸੇਬਾ, ਨਹਿਰੀ ਕੰਮ, ਖੇਤੀ ਵਿਦਿਆ ਤੇ ਖੋਜ ਜਿਸ ਨਾਲ ਹਰੀ ਕ੍ਰਾਂਤੀ ਆਈ, ਵਿਚੋਂ ਨਵੇਂ ਸਿਰੇ ਤੋਂ ਹੋਰ ਹਰੀ ਕ੍ਰਾਂਤੀ ਲਿਆ ਕੇ ਪੰਜਾਬ ਨੂੰ ਵਿਕਾਸ ਦੀ ਲੀਹ ਤੇ ਲਿਆਂਦਾ ਜਾ ਸਕਦਾ ਹੈ ਪਰ ਡਾ. ਗੁਰਬਚਨ ਤਾਂ ਪਹਿਲੀ ਹਰੀ ਕ੍ਰਾਂਤੀ ਨੂੰ ਹੀ ਸਾਮਰਾਜੀ ਸਰਮਾਏਦਾਰੀ ਵਲੋਂ ਪੰਜਾਬ ਦੀ ਕੀਤੀ ਲੁੱਟ ਕਰਾਰ ਦਿੰਦਾ ਹੈ। ਇਸੇ ਤਰਜ ਦੀ ਹੋਰ ਕ੍ਰਾਂਤੀ ਪੰਜਾਬ ਨੂੰ ਕਿਸ ਬਲੀ ਦੇ ਬੂਥੇ ਦੇਵੇਗੀ? ਇਹਦਾ ਅੰਦਾਜਾ ਹੁਣ ਲਾਉਣਾ ਬਹੁਤਾ ਔਖਾ ਨਹੀਂ ਰਹਿ ਗਿਆ। ਡਾ. ਗੁਰਬਚਨ ਦੀ ਗੱਲ ਵਿਚ ਵਜਨ ਵੀ ਲੱਗਦਾ ਹੈ ਕਿਉਂਕਿ ਹਿੰਦੋਸਤਾਨ ਵਿਚ ਜਿੰਨੇ ਟਰੈਕਟਰ ਬਣਦੇ ਹਨ ਉਨ੍ਹਾਂ ਦੀ 50% ਖਪਤ ਇਕੱਲੇ ਪੰਜਾਬ ਵਿਚ ਹੁੰਦੀ ਹੈ। ਇਸੇ ਤਰ੍ਹਾਂ ਕੀੜੇ ਮਾਰ ਤੇ ਨਦੀਨਨਾਸ਼ਕ ਦਵਾਈਆਂ ਦੀ 50% ਖਪਤ ਪੰਜਾਬ ਦੀ ਜ਼ਮੀਨ 'ਤੇ ਹੁੰਦੀ ਹੈ। ਇਸੇ ਹਿਸਾਬ ਨਾਲ ਖਾਦਾਂ ਦੀ ਖਪਤ ਹੈ। ਪਿਛਲੇ ਪੰਜ ਛੇ ਸਾਲਾਂ ਵਿਚ ਜਿੰਨੇ ਸਬਮਰਸੀਬਲ ਬੋਰ ਪੰਜਾਬ 'ਚ ਖੇਤੀ ਲਈ ਹੋਏ ਉਨੇ ਸ਼ਾਇਦ ਸਾਰੇ ਬਾਕੀ ਮੁਲਕ ਵਿਚ ਨਹੀਂ ਹੋਏ। ਸਿੰਜਾਈ ਦੇ ਪਹਿਲੇ ਸਾਰੇ ਟਿਊਬਵੈਲ ਭਾਵੇਂ ਬਿਜਲੀ ਦੀਆਂ ਮੋਟਰਾਂ ਨਾਲ ਚੱਲਦੇ ਸਨ ਜਾਂ ਇੰਜਣਾਂ ਨਾਲ, ਫੇਲ੍ਹ ਹੋ ਗਏ ਤੇ ਇਹ ਮਹਿੰਗੇ ਭਾਅ ਲਏ ਇੰਜਣ, ਮੋਟਰਾਂ, ਪੱਖੇ ਤੇ ਪਾਈਪਾਂ ਕਬਾੜ 'ਚ ਮੁਫਤ ਦੇ ਭਾਅ ਵੇਚਣੇ ਪਏ ਤੇ ਇਨ੍ਹਾਂ ਨੂੰ ਹੀ ਸਰਮਾਏਦਾਰਾਂ ਵੱਲੋਂ ਢਾਲ ਕੇ ਸਬਮਰਸੀਵਲ ਸੈਟ ਬਣਾ ਲਿਆ ਜੋ ਫਿਰ ਲੱਖਾਂ ਦੇ ਭਾਅ ਕਿਸਾਨਾਂ ਨੂੰ ਲੈਣੇ ਪੈ ਗਏ। ਇਹ ਲੁੱਟ ਨਹੀਂ ਤਾਂ ਹੋਰ ਕੀ ਆ, ਇਹੀ ਗੱਲ ਡਾ. ਗੁਰਬਚਨ ਦੇ ਲੇਖ ਵਿਚੋਂ ਝਲਕਦੀ ਹੈ।

ਡਾ. ਗਿੱਲ ਦੀ ਦਲੀਲ ਹੈ ਕਿ ਅਫਸਰਸ਼ਾਹੀ ਨੂੰ ਜੁਆਬਦੇਹ ਬਣਾਇਆ ਜਾਵੇ। ਗੱਲ ਤਾਂ ਸਹੀ ਹੈ ਪਰ ਕਿਹਦੇ ਅੱਗੇ ਜੁਆਬਦੇਹ ਹੋਵੇ ਕਿਉਂਕਿ ਰਾਜ ਸੱਤਾ 'ਤੇ ਕਾਬਜ਼ ਹਾਕਮ ਤਾਂ ਆਪ ਉਨ੍ਹਾਂ ਤੋਂ ਕੁਤਾਹੀਆਂ ਕਰਾਉਂਦੇ ਹਨ। ਕਿਹੜੇ ਮੂੰਹ ਨਾਲ ਅਫਸਰਾਂ ਨੂੰ ਜੁਆਬਦੇਹ ਬਣਾਉਣਗੇ? ਡਾ. ਗਿੱਲ ਦੀ ਅਗਲੀ ਗੱਲ ਵੀ ਬੜੀ ਦਰੁਸਤ ਹੈ ਕਿ ਸੁਯੋਗ ਲੀਡਰਸ਼ਿਪ ਹੀ ਇਹ ਕੰਮ ਕਰ ਸਕਦੀ ਜਿਹੜੀ ਪੰਜਾਬ ਵਿਚੋਂ ਹੀ ਤਲਾਸ਼ਣੀ ਪੈਣੀ ਹੈ, ਕਿਤੋਂ ਬਾਹਰੋਂ ਨਹੀਂ, ਇਹੋ ਜਿਹਾ ਤਲਾਸ਼ਣ ਦਾ ਤਰੀਕਾ ਵੀ ਜੇ ਡਾ. ਗਿੱਲ ਲੋਕਾਂ ਨੂੰ ਦੱਸ ਦੇਣ ਤਾਂ ਉਨ੍ਹਾਂ ਦਾ ਭਲਾ ਈ ਹੋਊਗਾ ਕਿਉਂਕਿ ਪੰਜਾਬ ਦੇ ਮੌਜੂਦਾ ਹਾਲਾਤ ਅਨੁਸਾਰ ਵੋਟਾਂ ਦੀ ਸਿਆਸਤ ਵਿਚੋਂ ਲੀਡਰਸ਼ਿਪ ਤਾਂ ਕਿਸੇ ਡੇਰੇਦਾਰ ਦੇ ਅਸ਼ੀਰਵਾਦ ਨਾਲ ਹੀ ਆਉਂਦੀ ਹੈ।

ਡਾ. ਗਿੱਲ ਨੇ ਕਿਹਾ ਹੈ, ''ਇਸ ਬਾਰੇ ਸਾਨੂੰ ਸਾਰਿਆਂ ਨੂੰ ਦੁਆ ਤੇ ਕੋਸ਼ਿਸ਼ ਕਰਨੀ ਪਵੇਗੀ ਤਾਂ ਕਿ ਪੰਜਾਬ ਦਾ ਅਤੇ ਪੰਜਾਬ ਦੇ ਲੋਕਾਂ ਦਾ ਭਲਾ ਹੋ ਸਕੇ।'' ਇਨ੍ਹਾਂ ਦੋ ਮੁੱਦਿਆਂ ਦੁਆ (ਅਰਦਾਸ) ਤੇ ਕੋਸ਼ਿਸ਼ ਉਤੇ ਵੀ ਮਾੜੀ ਜਿਹੀ ਗੱਲ ਕਰ ਹੀ ਲਈਏ। ਜਿੱਥੋਂ ਤੱਕ ਦੁਆ ਦਾ ਸੰਬੰਧ ਹੈ ਮੈਨੂੰ ਲੱਗਦਾ ਹੈ ਕਿ ਜਿੰਨੀਆਂ ਦੁਆਵਾਂ ਪੰਜਾਬ ਵਿਚ ਹੋ ਰਹੀਆਂ ਹਨ ਸ਼ਾਇਦ ਹੋਰ ਕਿਤੇ ਇੰਨੀਆਂ ਨਾ ਹੁੰਦੀਆਂ ਹੋਣ। 'ਸੰਤ ਸਮਾਜ' ਬਣੀ ਬੈਠੀ ਪੂਰੀ ਇਕ ਸੰਸਥਾ ਦਾ ਕੰਮ ਦਿਨ ਰਾਤ ਦੁਆਵਾਂ ਕਰਨਾ ਈ ਆ ਹੋਰ ਕਿਹੜਾ ਇਸ ਨੇ ਡੰਗਰਾਂ ਲਈ ਪੱਠੇ ਵੱਢ ਕੇ ਲਿਆਉਣੇ ਆ ਜਾਂ ਪਾਣੀ ਲਾਉਣ ਜਾਣਾ। ਸੈਂਕੜੇ ਡੇਰੇ ਪੰਜਾਬ ਵਿਚ ਪੰਜ ਤਾਰਾ ਹੋਟਲਾਂ ਵਰਗੀਆਂ ਸਹੂਲਤਾਂ ਵਾਲੇ ਬਣੇ ਹੋਏ ਆ ਉਥੇ ਵੀ ਦੁਆਵਾਂ ਹੀ ਚੱਲਦੀਆਂ, ਸਾਰੇ ਗੁਰਦੁਆਰਿਆਂ ਵਿਚ ਲੜੀਵਾਰ ਅਖੰਡ ਪਾਠ ਕਰਵਾਏ ਜਾ ਰਹੇ ਹਨ ਤੇ ਕਿਤੇ ਕਿਤੇ ਤਾਂ ਇੱਕਠੇ ਹੀ 51 ਜਾਂ ਕੋਤਰ ਸੌ ਵੀ ਹੋ ਰਹੇ ਹਨ। ਸਾਰੇ ਪਿੰਡਾਂ ਵਿਚ ਜਠੇਰਿਆਂ ਦੀ ਪੂਜਾ ਵੀ ਦੁਆ 'ਚ ਹੀ ਆਉਂਦੀ ਹੋਈ ਹਰ ਵੱਡਾ-ਛੋਟਾ ਅਰਦਾਸ ਵਿਚ ਹੀ ਤਾਂ ਲੱਗਾ ਹੋਇਆ। ਮੱਕੜ ਦੀ 'ਡੰਡੌਤ' ਵੀ 'ਦੁਆ' ਈ ਹੈਗੀ, ਜਿੰਨੀਆਂ ਦੁਆਵਾਂ ਬਾਦਲ ਪਰਿਵਾਰ ਕਰ ਰਿਹਾ ਸ਼ਾਇਦ ਕੋਈ ਕਰ ਹੀ ਨਹੀਂ ਸਕਦਾ, ਕੋਈ ਸਾਧ ਨਹੀਂ ਛੱਡਿਆ ਜਿਹਦੇ ਪੈਰਾਂ 'ਚ ਬਹਿ ਕੇ ਚੌਂਕੀ ਨਾ ਭਰੀ ਹੋਵੇ ਇਸ ਟੱਬਰ ਨੇ। ਕੋਈ ਡੇਰੇਦਾਰ ਨਹੀਂ ਛੱਡਿਆ ਜਿਹਤੋਂ ਆਸ਼ੀਰਵਾਦ ਨਾ ਲਿਆ ਹੋਵੇ, ਕੋਈ ਮੰਦਰ-ਸ਼ਿਵਦੁਆਲਾ ਨਹੀਂ ਛੱਡਿਆ ਜਿਹਦਾ ਟੱਲ ਨਹੀਂ ਖੜਕਾਇਆ ਕੋਈ ਸ਼ੋਭਾ ਯਾਤਰਾ ਨਹੀਂ ਰਹਿਣ ਦਿੱਤੀ ਜਿਹਦੇ ਮੋਹਰੇ ਝਾੜੂ ਨਾ ਫੇਰਿਆ ਹੋਵੇ, ਹੁਣ ਤਾਂ ਗਊ ਪੂਜਾ ਕਰਕੇ ਮਨ ਦੀ ਸ਼ਾਂਤੀ ਵੀ ਲੈ ਲਈ। ਐਨੀਆਂ ਦੁਆਵਾਂ ਮੇਰਾ ਖਿਆਲ ਹੈ ਡਾ. ਸਾਹਿਬ ਬਥੇਰੀਆਂ ਹੋਣਗੀਆਂ। ਬਾਦਲ ਸਾਹਿਬ ਨੇ ਨਕਲੀ ਗੋਡਿਆਂ ਵਾਲੇ ਸਾਬਕਾ ਪ੍ਰਧਾਨ ਮੰਤਰੀ, ਜਿਸਨੇ ਸ੍ਰੀ ਦਰਬਾਰ ਸਾਹਿਬ ਤੇ 1984 ਵਿਚ ਫੌਜ ਵੱਲੋਂ ਕੀਤੇ ਹਮਲੇ ਨੂੰ ਦੇਰ ਨਾਲ ਪਰ ਦਰੁਸਤ ਕਾਰਵਾਈ ਕਿਹਾ ਸੀ, ਦੀ ਸਿਹਤਯਾਬੀ ਲਈ ਵੀ ਉਸੇ ਦਰਬਾਰ ਸਾਹਿਬ ਵਿਚ ਅਖੰਡ ਪਾਠ ਕਰਵਾਇਆ ਤੇ ਦੁਆਵਾਂ ਕੀਤੀਆਂ ਕਿਤੇ ਮਿਲਦੀ ਐਦਾਂ ਦੀ ਮਿਸਾਲ? ਸੋ, ਦੁਆਵਾਂ ਵਲੋਂ ਤਾਂ ਕੋਈ ਕਸਰ ਬਚੀ ਨਹੀਂ। ਅਗਲੀ ਗੱਲ ਹੈ ਕੋਸ਼ਿਸ਼ ਦੀ, ਇਹ ਅਜੇ ਪੰਜਾਬੀ ਭਰਾਵਾਂ ਨੇ ਕਰਨੀ ਐ ਜਿਹਦੇ 'ਚ ਅਜੇ ਥੋੜ੍ਹਾ ਸਮਾਂ ਰਹਿੰਦਾ, ਦੇਖੋ ਐਨੀਆਂ ਦੁਆਵਾਂ ਬਾਅਦ ਕੋਸ਼ਿਸ਼ ਕੀ ਰੰਗ ਲਿਆਵੇਗੀ।

ਡਾ. ਗੁਰਬਚਨ ਦਾ ਵਿਕਾਸ ਮਾਡਲ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਮਨੁੱਖੀ ਜੀਵਨ-ਜਾਚ ਅਤੇ ਮਾਰਕਸ ਏਂਜਲਸ ਦੇ ਅਨੁਭਵਾਂ 'ਚ ਤਰਾਸ਼ਿਆ ਕਮਿਊਨਿਜ਼ਮ ਤੇ ਸਟੈਂਡ ਕਰਦਾ ਹੈ। ਗੁਰਬਾਣੀ ਵਿਚ ਕੁਦਰਤੀ ਸੋਮਿਆਂ ਨੂੰ ਸੰਭਾਲਣ ਦਾ ਥਾਂ-ਪੁਰ-ਥਾਂ ਜ਼ਿਕਰ ਹੈ ਅਤੇ ਇਹ ਵੀ ਕਿ ਇਸ ਵਿਚ ਵਰਤੀ ਅਣਗਹਿਲੀ ਅਤੇ ਕੁਤਾਹੀ ਵੱਡੀਆਂ ਆਫ਼ਤਾਂ ਹੀ ਨਹੀਂ ਸਗੋਂ ਜੀਵਾਂ ਦੇ ਸਰਬਨਾਸ਼ ਦਾ ਕਾਰਨ ਵੀ ਹੋਵੇਗਾ ਤੇ ਇਹ ਹੁਣ ਵਿਗਿਆਨ ਨੇ ਵੀ ਕਹਿ ਦਿੱਤਾ ਕਿ 'ਸੇਵ ਅਰਥ' ਯਾਨਿ ਧਰਤੀ ਬਚਾਓ। ਜਿੱਥੋਂ ਤੱਕ ਪੰਜਾਬ ਦੀ ਗੱਲ ਹੈ ਪਹਿਲਾਂ ਅਸੀਂ ਸੁਣਦੇ ਹੁੰਦੇ ਸੀ ਕਿ ਜ਼ਮੀਨ ਜੱਟ ਦੀ ਮਾਂ ਹੈ, ਉਦਾਂ ਇਹ ਗੱਲ ਹੈ ਵੀ ਸੱਚੀ ਕਿਉਂਕਿ ਜਿੰਨਾ ਚਿਰ ਜੱਟ ਦਾ ਜ਼ਮੀਨ ਨਾਲ ਮਾਂ-ਪੁੱਤ ਦਾ ਰਿਸ਼ਤਾ ਰਿਹਾ ਜ਼ਮੀਨ ਨੇ ਵੀ ਆਲਾ-ਦੁਆਲਾ ਹਰਿਆ ਭਰਿਆ ਰੱਖਿਆ। ਜੱਟ ਨੇ ਖੂਹਾਂ ਤੇ ਦਰਖਤਾਂ ਦੇ ਝੁੰਡਾਂ ਦੇ ਝੰਡ ਲਾਏ ਟਾਹਲੀਆਂ, ਕਿੱਕਰਾਂ-ਨਿੰਮਾਂ-ਤੂਤਾਂ-ਜਾਮਣਾਂ-ਅੰਬਾਂ ਦੇ ਦਰਖਤਾਂ ਨੂੰ ਜੱਟਾਂ ਨੇ ਪੁੱਤਾਂ ਵਾਂਗ ਪਾਲਣਾ ਤੇ ਮਿੱਤਰਾਂ ਵਾਂਗ ਉਨ੍ਹਾਂ ਦੇ ਅੰਗ-ਸੰਗ ਰਹਿਣਾ ਜੇ ਕਿਤੇ ਇਕ ਦਰਖਤ ਵੱਢਣਾ ਤਾਂ ਉਸਤੋਂ ਪਹਿਲਾਂ ਦੋ ਹੋਰ ਲਾਉਣੇ, ਖੂਹਾਂ-ਖੇਤਾਂ ਦੇ ਨਾਂ ਦਰਖਤਾਂ ਦੇ ਨਾਵਾਂ ਨਾਲ ਰੱਖੇ ਹੁੰਦੇ ਸੀ। ਹਰਾ ਇਨਕਲਾਬ ਆਇਆ ਤਾਂ ਨਾਲ ਹੀ ਇਨ੍ਹਾਂ ਦਰਖਤਾਂ ਦਾ ਖੋ ਵੀ ਸ਼ੁਰੂ ਹੋ ਗਿਆ, ਸਭ ਖੂੰਜੇ-ਖਰਲੇ ਪੱਧਰੇ ਕਰਕੇ ਦੇਹ ਫਸਲ 'ਤੇ ਫਸਲ, ਸਪਰੇਅ 'ਤੇ ਸਪਰੇਅ। ਅੱਜ ਕਿਤੇ ਖੇਤਾਂ ਵਿਚ ਛਾਂ ਨਹੀਂ ਰਹੀ ਬੈਠਣ ਨੂੰ, ਸਭ ਰੁੰਡ-ਮਰੁੰਡ ਹੋ ਗਿਆ। ਜਿੰਦਾਂ-ਜਿੰਦਾਂ ਜੱਟ ਸਿਰ ਕਰਜਾ ਚੜ੍ਹਿਆ ਉਹਨੇ ਜ਼ਮੀਨ ਵੇਚੀ, ਜਦ ਇਹ ਜ਼ਮੀਨ ਕਾਸ਼ਤਕਾਰ ਕੋਲੋਂ ਨਿਕਲ ਕੇ ਵਪਾਰਕ ਰੁਚੀ ਵਾਲੇ ਕੋਲ ਗਈ ਤਾਂ ਜ਼ਮੀਨ ਅਤੇ ਜੱਟ ਦਾ ਮਾਂ-ਪੁੱਤ ਦਾ ਰਿਸ਼ਤਾ ਖਤਮ ਹੋ ਗਿਆ, ਜ਼ਮੀਨ ਠੇਕੇ 'ਤੇ ਚੜਨ ਲੱਗ ਪਈ। ਕਿਸੇ ਨੇ ਨਹੀਂ ਸੋਚਿਆ ਕਿ ਜ਼ਮੀਨ ਵੀ ਆਰਾਮ ਚਾਹੁੰਦੀ ਹੈ ਤੇ ਇਹਦਾ ਹਾਰ ਸ਼ਿੰਗਾਰ ਇਹਦੇ ਦਰਖਤ ਹਨ, ਸਭ ਪੈਸੇ ਖਾਤਿਰ ਵੱਢੇ ਗਏ। ਪਤਾ ਨਹੀਂ ਮੈਂ ਗਲਤ ਹਾਂ ਜਾਂ ਸਹੀ ਜਿੰਨੀ ਦੇਰ ਜ਼ਮੀਨ ਅਤੇ ਜੱਟ ਦਾ ਮਾਂ-ਪੁੱਤ ਵਾਲਾ ਰਿਸ਼ਤਾ ਮੁੜ ਨਹੀਂ ਲਿਆਂਦਾ ਜਾਂਦਾ ਮਸਲਾ ਹੱਲ ਨਹੀਂ ਹੋਣਾ। ਜੇ ਜੱਟ ਦੀ ਜ਼ਮੀਨ ਵਿੱਕਣ ਤੋਂ ਨਾ ਰੋਕੀ, ਜਿਹੜੇ ਮਰਜ਼ੀ ਹਰੇ ਇਨਕਲਾਬ ਤੇ ਵਿਕਾਸ ਮਾਡਲ ਲੈ ਆਇਓ ਕਦੀ ਵੀ ਪੰਜਾਬ ਦਾ ਭਲਾ ਨਹੀਂ ਹੋਣਾ।

## ਗੁਰਦੁਆਰਾ ਚੋਣਾਂ ਬਨਾਮ ਵੋਟਰ ਲਿਸਟਾਂ

ਅੱਜ ਕਲ੍ਹ ਪੰਜਾਬ ਵਿਚ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਇਥੇ ਗੁਰਦੁਆਰਾ ਫਰੀਮਾਂਟ (ਕੈਲੀਫੋਰਨੀਆ) ਦੀ ਚੋਣ ਦਾ ਬੁਖ਼ਾਰ ਪੂਰੇ ਜ਼ੋਰਾਂ 'ਤੇ ਹੈ। ਦੋਹਾਂ ਚੋਣਾਂ ਵਿਚ ਵੋਟਰ ਲਿਸਟਾਂ ਦਾ ਮੁੱਦਾ ਬੜਾ ਗੰਭੀਰਤਾ ਭਰਿਆ ਵਿਖਾਈ ਦਿੰਦਾ ਹੈ। ਦੋਸ਼ ਵੀ ਇਕੋ ਤਰ੍ਹਾਂ ਦੇ ਹੀ ਲਾਏ ਜਾ ਰਹੇ ਹਨ ਕਿ ਵੋਟਾਂ ਬਣਾਉਣ ਲਈ ਕਾਬਜ਼ ਧਿਰਾਂ ਨੇ ਬੇ-ਨਿਯਮੀਆਂ ਕੀਤੀਆਂ ਹਨ।

ਮਸਲਾ ਕਾਫੀ ਗੰਭੀਰ ਤਾਂ ਹੈ ਪਰ ਹੈਰਾਨੀ ਇਸ ਗੱਲ ਦੀ ਹੈ ਕਿ ਧਾਰਮਿਕ ਸੰਸਥਾਵਾਂ ਦੀਆਂ ਚੋਣਾਂ ਵਿਚ ਧਾਰਮਿਕ ਹਸਤੀਆਂ ਹੀ ਜਾਅਲਸਾਜ਼ੀ ਕਰ ਰਹੀਆਂ ਹਨ ਜਾਂ ਦੋਸ਼ ਲਾ ਰਹੀਆਂ ਹਨ। ਇਸ ਤੋਂ ਮਾੜੀ ਗੱਲ ਕੀ ਹੋ ਸਕਦੀ ਹੈ। ਧਾਰਮਿਕ ਅਸਥਾਨਾਂ ਉਪਰ ਤਾਂ ਝੂਠ ਦਾ ਪਰਛਾਵਾਂ ਵੀ ਨਹੀਂ ਪੈਣਾ ਚਾਹੀਦਾ। ਝੂਠ ਬੋਲ ਕੇ ਜਾਂ ਜਾਅਲਸਾਜ਼ੀ ਕਰਕੇ ਜਾਂ ਦੂਸ਼ਣ ਲਾ ਕੇ ਚੌਧਰ ਹਾਸਲ ਕਰਨੀ ਕਿਸੇ ਤਰ੍ਹਾਂ ਵੀ ਉਚਿਤ ਨਹੀਂ ਸਮਝੀ ਜਾ ਸਕਦੀ।

ਗੁਰਬਾਣੀ ਤਾਂ ਕਹਿੰਦੀ ਹੈ ਕਿ 'ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ' ਪਰ ਸਾਡੇ ਇਹ ਧਾਰਮਿਕ ਨੁਮਾਇੰਦੇ ਸ਼ਾਇਦ ਇਸ ਤੋਂ ਕੋਹਾਂ ਦੂਰ ਲੱਗਦੇ ਹਨ। ਚੌਧਰ ਦੀ ਭੁਖ ਅਤੇ ਹਉਮੈ ਹਰ ਇਕ 'ਤੇ ਭਾਰੂ ਹੈ। ਸੇਵਾ ਭਾਵਨਾ ਵਾਲਾ ਜਜ਼ਬਾ ਘੱਟ ਹੀ ਵਿਖਾਈ ਦਿੰਦਾ ਹੈ। ਦੂਸ਼ਣਬਾਜ਼ੀ ਤੇ ਨਿੰਦਿਆ ਹੀ ਚੋਣ ਜਿਤਣ ਦਾ ਆਧਾਰ ਬਣ ਗਏ ਹਨ।

ਹੈਰਾਨੀ ਉਦੋਂ ਹੋਰ ਵੀ ਵੱਧ ਜਾਂਦੀ ਹੈ ਜਦੋਂ ਸਾਡੇ ਚੌਧਰੀ ਸੱਤਾ ਪ੍ਰਾਪਤੀ ਲਈ ਚੋਣ ਮੁੱਦਿਆਂ ਨੂੰ ਅਦਾਲਤਾਂ ਵਿਚ ਲਿਜਾਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਅੱਜ ਕਿਸੇ ਵੀ ਗੁਰਦੁਆਰੇ ਦੀ ਚੋਣ ਇਸ ਅਦਾਲਤੀ ਚੱਕਰਾਂ 'ਚੋਂ ਬਚ ਨਹੀਂ ਸਕੀ। ਸੰਗਤਾਂ ਦਾ ਸ਼ਰਧਾ ਨਾਲ ਦਿਤਾ ਦਸਵੰਧ ਇਹ ਪਾਣੀ ਵਾਂਗ ਰੋੜ ਦਿੰਦੇ ਹਨ। ਇਕ ਦੂਸਰੇ ਉਪਰ ਦੋਸ਼ ਲਾਉਣ ਲੱਗੇ ਕਈ ਵਾਰ ਇਹ ਵੀ ਨਹੀਂ ਸੋਚਦੇ ਕਿ ਇਸ ਨਾਲ ਸਿੱਖ ਕੌਮ ਤੇ ਪੰਥ ਦਾ ਕਿੰਨਾ ਨੁਕਸਾਨ ਹੋਵੇਗਾ।

ਦਾਸ ਦੀ ਗੁਰਦੁਆਰਾ ਚੋਣਾਂ ਵਿਚ ਸ਼ਰੀਕ ਸਾਰੇ ਹੀ ਸੱਜਣਾਂ ਨੂੰ ਬੇਨਤੀ ਹੈ ਕਿ ਚੋਣਾਂ ਵਿਚ ਕੋਈ ਇਹੋ ਜਿਹਾ ਤਰੀਕਾ ਅਪਨਾਉਣ ਜਾਂ ਦੂਸ਼ਣ ਲਾਉਣ ਤੋਂ ਗੁਰੇਜ਼ ਕਰਨ ਜਿਸ ਨਾਲ ਪੰਥ ਦੀ ਬਦਨਾਮੀ ਤੇ ਹੇਠੀ ਹੋਵੇ। ਚੋਣ ਅਧਿਕਾਰੀਆਂ ਨੂੰ ਬੇਨਤੀ ਹੈ ਕਿ ਉਹ ਨਿਰਪੱਖ ਰਹਿ ਕੇ ਤੇ ਚੋਣ ਪ੍ਰਕਿਰਿਆ ਸੁਹਿਰਦ ਤਰੀਕੇ ਨਾਲ ਸਿਰੇ ਚੜ੍ਹਾਉਣ। ਦਾਸ ਵਲੋਂ ਸੰਗਤਾਂ ਨੂੰ ਵੀ ਬੇਨਤੀ ਹੈ ਕਿ ਉਹ ਧੜਿਆਂ ਤੋਂ ਉਪਰ ਉਠ ਕੇ ਯੋਗ ਤੇ ਸੁਹਿਰਦ ਨੁਮਾਇੰਦਿਆਂ ਦੀ ਚੋਣ ਕਰਨ।

*ਬਲਦੇਵ ਸਿੰਘ ਬੇਦੀ, ਸੈਨ ਹੋਜ਼ੇ (ਕੈਲੀਫੋਰਨੀਆ)।*

# ਸਮਸਿਆ ਕੌਣ...

ਇਸ ਪ੍ਰਣਾਲੀ ਤੋਂ ਬਾਹਰ ਹਾਸ਼ੀਏ 'ਤੇ ਧੱਕੇ ਹੋਏ ਹਨ। ਇਹ ਲੜਾਈ ਉਨ੍ਹਾਂ ਲੋਕਾਂ ਦੀ ਹੈ। ਜੇ ਸਵਾਲ ਹੋਵੇ ਕਿ ਇਸ ਧਰਤੀ ਦੀ ਸਾਰੀ ਭੂਮੀ ਕਿਸਦੀ ਹੈ? ਤਾਂ ਇਸਦਾ ਉਤਰ ਹੈ ਕਿ ਸਾਡੀ ਸਾਰਿਆਂ ਦੀ। ਨਾਲ ਹੀ ਸੱਚਾਈ ਇਹ ਵੀ ਹੈ ਕਿ ਕੁਝ ਲੋਕਾਂ ਕੋਲ ਬਹੁਤ ਭੂਮੀ ਹੈ ਅਤੇ ਕੁਝ ਬਹੁਤ ਕੋਲ ਘਟ। ਤੁਸੀਂ ਸ਼ਹਿਰ ਵਿਚ ਰਹਿੰਦੇ ਹੋ, ਇਸ ਲਈ ਤੁਹਾਡੇ ਕੋਲ ਵਧ ਹੈ, ਤੁਸੀਂ ਬ੍ਰਾਹਮਣ ਹੋ, ਇਸ ਲਈ ਤੁਹਾਡੇ ਕੋਲ ਵਧ ਹੈ, ਤੁਸੀਂ ਪੜ੍ਹੇ ਲਿਖੇ ਹੋ, ਇਸ ਲਈ ਤੁਹਾਡੇ ਕੋਲ ਵਧ ਹੈ। ਜਿਹੜਾ ਬੱਚਾ ਮੈਰੀਨ ਡਰਾਈਵ ਵਿਚ ਜੰਮਿਆ ਹੈ ਉਹ ਧਾਰਵੀ ਵਿਚ ਜਨਮੇ ਬੱਚੇ ਦਾ ਘਰ ਢਾਹ ਸਕਦਾ ਹੈ। ਭਲਾਂ ਇਸ ਤੋਂ ਉਲਟਾ ਕਿਉਂ ਨਹੀਂ ਹੋ ਸਕਦਾ।

ਨਾਬਰਾਬਰੀ ਸਿਸਟਮ ਦੇ ਵਿਚ ਰਸੀ ਹੋਈ ਹੈ। ਵਧੇਰੇ ਸਾਧਨਾਂ ਦਾ ਮਾਲਕ ਕੌਣ ਹੋਵੇਗਾ ਇਸ ਸੰਬੰਧੀ ਵਿਚਾਰ ਸਾਡੇ ਸਦਾਚਾਰਕ ਮੂਲ ਵਿਧਾਨ ਅਤੇ ਸਿਆਸੀ ਢਾਂਚੇ ਦਾ ਹਿੱਸਾ ਬਣ ਚੁਕਿਆ ਹੈ। ਦੋਵੇਂ ਹੀ ਆਰਥਿਕ ਸਿਸਟਮ ਦੁਆਰਾ ਦ੍ਰਿੜ ਹੁੰਦੇ ਹਨ। ਇਹੋ ਹੀ ਮਿਲ ਕੇ ਸਮਾਜ ਦੀ ਮੂਲ ਸੰਰਚਨਾ ਕਰਦੇ ਹਨ। ਇਹ ਉਹ ਢਾਂਚਾ ਹੈ ਜਿਹੜਾ ਗਰੀਬ ਨੂੰ ਗਰੀਬ ਅਤੇ ਅਮੀਰ ਨੂੰ ਹੋਰ ਅਮੀਰ ਕਰੀ ਜਾਂਦਾ ਹੈ। ਅਸੀਂ ਇਸ ਢਾਂਚੇ ਦੇ ਆਦੀ ਹਾਂ; ਇਸ ਦੀਆਂ ਨੇਅਮਤਾਂ ਦੇ ਆਨੰਦ ਮਾਣਦੇ ਹਾਂ ਪਰ ਉਹ ਲੋਕ ਜਿਹੜੇ ਇਸਦਾ ਸੇਕ ਬਰਦਾਸ਼ਤ ਕਰਦੇ ਹਨ ਉਨ੍ਹਾਂ ਬਾਰੇ ਤੁਹਾਡਾ ਕੀ ਖਿਆਲ ਹੈ? ਉਹ ਇਸਨੂੰ ਤੋੜਨਾ ਚਾਹੁੰਦੇ ਹਨ। ਇਹ ਲੜਾਈ ਢਾਂਚਾਗਤ ਹਿੰਸਾ ਦੇ ਖ਼ਿਲਾਫ ਹੈ। ਇਹ ਉਦੋਂ ਤਕ ਖ਼ਤਮ ਨਹੀਂ ਹੋਵੇਗੀ ਜਦੋਂ ਤਕ ਸਾਡਾ ਬੇਇਨਸਾਫੀ 'ਤੇ ਆਧਾਰਤ ਸਮਾਜੀ ਢਾਂਚਾ ਨਹੀਂ ਬਦਲਦਾ ਅਤੇ ਸਭ ਲੋਕ ਸਮਾਨ ਨਹੀਂ ਹੋ ਜਾਂਦੇ। ਸਭਨਾਂ ਨੂੰ ਉਨ੍ਹਾਂ ਦੇ ਹਕ ਨਹੀਂ ਮਿਲ ਜਾਂਦੇ।

ਉਹ ਆਦਮੀ ਜਿਹੜਾ ਪ੍ਰੇਸ਼ਾਨੀਆਂ ਵਿਚ ਗੁਸਿਆ ਹੋਇਆ ਹੈ, ਉਹ ਤਾਂ ਲੜੇਗਾ। ਇਹ ਗਰੀਬਾਂ ਦੀ ਲੜਾਈ ਹੈ। ਨਕਸਲੀਆਂ ਦਾ ਤਾਂ ਇਸ ਉਪਰ ਠੱਪਾ ਲੱਗਾ ਹੋਇਆ ਹੈ। ਜੇ ਕੋਈ ਮਾਰਕਸ ਨਾ ਹੁੰਦਾ, ਗਾਂਧੀ ਨਾ ਹੁੰਦਾ, ਤਾਂ ਕੀ ਗਰੀਬ ਨਾ ਲੜਦੇ? ਉਨ੍ਹਾਂ ਨੂੰ ਨਕਸਲੀਆਂ ਜਾਂ ਗਾਂਧੀਵਾਦੀਆਂ ਦੀ ਲੋੜ ਨਹੀਂ। ਪਰ ਕਦੇ ਕਦੇ ਕੋਈ ਗਾਂਧੀ, ਕੋਈ ਵਿਨੋਬਾ ਅਤੇ ਮਾਓਵਾਦੀ ਉਨ੍ਹਾਂ ਦੀ ਲੜਾਈ ਵਿਚ ਸ਼ਾਮਿਲ ਹੋ ਜਾਂਦੇ ਹਨ। ਜੇ ਕੇਂਦਰ ਸਰਕਾਰ ਸੋਚਦੀ ਹੈ ਕਿ ਉਹ ਫੌਜ ਦੀ ਮਦਦ ਨਾਲ ਗਰੀਬ ਦੀ ਇਸ ਲੜਾਈ ਨੂੰ ਕੁਚਲ ਦੇਵੇਗੀ ਤਾਂ ਉਹ ਗਲਤ ਸੋਚਦੀ ਹੈ। ਕਈ ਵਾਰ ਅਤਿ ਦਾ ਦਮਨ ਵੀ ਲੜਨ ਵਾਲਿਆਂ ਨੂੰ ਹੋਰ ਉਤਸ਼ਾਹ ਦਿੰਦਾ ਹੈ; ਲੜਨ ਦੀ ਵਜ੍ਹਾ ਦਿੰਦਾ ਹੈ।

ਜੇ ਕੇਂਦਰ ਸਰਕਾਰ ਸੱਚਮੁਚ ਸ਼ਾਂਤੀ ਚਾਹੁੰਦੀ ਹੈ, ਤਾਂ ਇਸਨੂੰ ਮਹਿਜ ਇਕ ਹਫ਼ਤੇ ਵਿਚ ਪ੍ਰਾਪਤ ਕੀਤਾ ਜਾ ਸਕਦਾ ਹੈ। ਪ੍ਰਸ਼ਾਸਨ ਉਥੇ ਜਾਵੇ ਤੇ ਗਰੀਬ ਲੋਕਾਂ ਦੀਆਂ ਸਮਸਿਆਵਾਂ ਨੂੰ ਸਮਝਣ ਦਾ ਯਤਨ ਕਰੇ। ਆਂਗਨਵਾੜੀ, ਸਿਹਤ ਸੇਵਾਵਾਂ ਅਤੇ ਸਕੂਲ ਦੁਬਾਰਾ ਖੋਲ੍ਹੇ ਜਾਣ, ਬਜਾਇ ਇਸਦੇ ਕਿ ਤੁਸੀਂ ਇਹ ਸੋਚੋ ਕਿ ਤੁਸੀਂ ਉਨ੍ਹਾਂ ਨੂੰ ਹੌਲੀ ਹੌਲੀ ਕਸ਼ਟ ਦਰ ਕਸ਼ਟ ਦੇ ਕੇ ਮਾਰ ਦਿਓਗੇ। ਜੇ ਤੁਸੀਂ ਬਲਦੀ 'ਤੇ ਤੇਲ ਪਾਓਗੇ ਤਾਂ ਅਗ ਹੋਰ ਭੜਕੇਗੀ। ਤੁਸੀਂ ਆਪਣੀ ਕੋਬਰਾ ਫੌਜ ਭੇਜਦੇ ਹੋ ਅਤੇ ਉਸਦੇ ਜੁਆਨ ਇਕ ਮੰਜੇ 'ਤੇ ਪਏ ਬਜ਼ੁਰਗ ਨੂੰ ਛੁਰਾ ਮਾਰ ਕੇ ਮਾਰ ਦਿੰਦੇ ਹਨ। ਤੁਸੀਂ ਬਿਲਕੁਲ ਉਹੀ ਕਰਦੇ ਹੋ ਜੋ ਮਾਓਵਾਦੀ ਬਾਰਬਾਰ ਕਹਿੰਦੇ ਹਨ ਕਿ ਤੁਸੀਂ ਕਰੋਗੇ ਹੀ ਕਰੋਗੇ। ਉਹ ਆਦਿਵਾਸੀਆਂ ਨੂੰ ਬੜੇ ਚਿਰ ਤੋਂ ਇਹ ਦਸਦੇ ਆ ਰਹੇ ਹਨ ਕਿ ਸਰਕਾਰ ਦੀ ਨੀਤੀ ਦਮਨਕਾਰੀ ਹੈ।

ਹੁਣ ਸਾਰੀ ਦੁਨੀਆਂ ਵਿਚ ਗਰੀਬ ਨੂੰ ਇਕ ਅਜਿਹਾ ਬੋਝ ਸਮਝਿਆ ਜਾ ਰਿਹਾ ਹੈ ਜਿਹੜਾ ਸਾਧਨਾਂ ਨੂੰ ਪ੍ਰਦੂਸ਼ਿਤ ਕਰ ਰਿਹਾ ਹੈ। ਅਖੇ ਅਜਿਹੇ ਲੋਕਾਂ ਨੂੰ ਬਿਲਕੁਲ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਬਾਕੀ ਬਚਦੇ ਅਸੀਂ ਸਾਰੇ ਧਰਤੀ ਉਪਰ ਬੁਲ੍ਹੇ ਲੁਟ ਸਕੀਏ। ਇਨ੍ਹਾਂ ਵਿਚੋਂ ਆਦਿਵਾਸੀ ਸਭ ਤੋਂ ਵਧ ਸੰਕਟ ਵਿਚ ਹਨ। ਸਾਡੀ ਸਰਕਾਰ ਇਨ੍ਹਾਂ ਆਦਿਵਾਸੀਆਂ ਦਾ ਬੀਜ ਨਾਸ ਕਰਨਾ ਚਾਹੁੰਦੀ ਹੈ। ਸਾਡੀ ਆਧੁਨਿਕ ਸਭਿਅਤਾ ਇਸੇ ਦਿਸ਼ਾ ਵਿਚ ਜਾ ਰਹੀ ਹੈ। ਕੀ ਅਸੀਂ ਇਸਨੂੰ ਸਮਰਥਨ ਦੇਵਾਂਗੇ? ਕੀ ਤੁਸੀਂ ਲੱਖਾਂ ਲੋਕਾਂ ਨੂੰ ਮਾਰ ਸਕੋਗੇ?

ਗਰੀਬਾਂ ਦੀਆਂ ਤਿੰਨ ਕਿਸਮਾਂ ਹਨ (1) ਉਹ ਜਿਹੜੇ ਤੁਹਾਡੀ ਅਮੀਰੀ ਤੇ ਨਿਰਭਰ ਹੋ ਕੇ ਜਿਉਂਦੇ ਹਨ ਜਿਵੇਂ ਗੁਬਾਰੇ ਵੇਚਣ ਵਾਲੇ, ਘਰਾਂ ਵਿਚ ਕੰਮ ਕਰਨ ਵਾਲੇ ਨੌਕਰ, ਉਸਾਰੀ ਦਾ ਕੰਮ ਕਰਨ ਵਾਲੇ ਕਾਮੇ ਆਦਿ। (2) ਉਹ ਜਿਹੜੇ ਇਹ ਸੋਚਦੇ ਹਨ ਕਿ ਉਹ ਅਮੀਰ ਬਣਨ ਦੇ ਯੋਗ ਨਹੀਂ ਹਨ। ਉਹ ਸੋਚਦੇ ਹਨ ਕਿ ਉਹ ਨੀਵੀਂ ਜਾਤ ਦੇ ਹਨ ਅਤੇ ਅਨਪੜ੍ਹ ਹਨ ਇਸ ਲਈ ਉਹ ਕਦੇ ਅਮੀਰ ਨਹੀਂ ਹੋ ਸਕਣਗੇ। (3) ਉਹ ਜਿਹੜੇ ਆਦਿਵਾਸੀਆਂ ਵਾਂਗ ਜੰਗਲਾਂ ਵਿਚ ਉਦੋਂ ਤਕ ਖ਼ੁਸ਼ੀ ਖ਼ੁਸ਼ੀ ਰਹਿੰਦੇ ਹਨ ਜਦੋਂ ਤਕ ਤੁਸੀਂ ਆਪਣੇ ਆਪ ਨੂੰ ਅਮੀਰ ਕਰਨ ਲਈ ਉਨ੍ਹਾਂ ਦੀ ਭੂਮੀ ਨੂੰ ਲੁਟਣ ਨਹੀਂ ਜਾਂਦੇ। ਇਸ ਲਈ ਉਨ੍ਹਾਂ ਨੇ ਆਪਣੇ ਗੁਜ਼ਰ-ਬਸਰ ਦੇ ਵਸੀਲੇ ਬਚਾਉਣ ਲਈ ਹਥਿਆਰ ਚੁਕੇ ਹਨ ਅਤੇ ਤੁਸੀਂ ਹੁਣੇ ਚਿਦੰਬਰਮ ਕੋਲ ਭਜ ਰਹੇ ਹੋ। ਜਦੋਂ ਗਰੀਬਾਂ ਦੀਆਂ ਪਹਿਲੀਆਂ ਦੋ ਸ਼੍ਰੇਣੀਆਂ ਵੀ ਤੀਜੀ ਸ਼੍ਰੇਣੀ ਨਾਲ ਸ਼ਾਮਿਲ ਹੋ ਜਾਣਗੀਆਂ ਉਦੋਂ ਤੁਹਾਡਾ ਸਭ ਕੁਝ ਤਬਾਹ ਹੋ ਜਾਏਗਾ। ਤੁਹਾਡਾ ਇਸ ਬਾਰੇ ਕੀ ਨਜ਼ਰੀਆ ਹੈ। ਵਿਨੋਬਾ ਕਿਹਾ ਕਰਦੇ ਸਨ, "ਅਨਿਆਂ ਨੂੰ ਕਬੂਲਣਾ ਗਲਤੀ ਹੈ, ਇਸ ਕਬੂਲੀਅਤ ਦੇ ਖ਼ਿਲਾਫ ਮੈਂ ਗ਼ਰੀਬਾਂ ਨੂੰ ਜਾਗਰੂਕ ਕਰਾਂਗਾ।" ਜੋ ਕੁਝ ਵੀ ਛਤੀਸਗੜ੍ਹ ਵਿਚ ਹੋ ਰਿਹਾ ਹੈ ਉਹ ਮਧ ਵਰਗੀ ਸ਼੍ਰੇਣੀ ਦੀ ਸਹਿਮਤੀ ਤੋਂ ਬਿਨਾਂ ਨਹੀਂ ਹੋ ਰਿਹਾ।

ਵੇਖੋ ਤੁਸੀਂ ਹਿੰਸਾ ਅਤੇ ਤਬਾਹੀ ਦੇ ਬੀਜ ਬੋ ਰਹੇ ਹੋ। 'ਸਲਵਾ ਜੁਡਮ' ਤੋਂ ਪਹਿਲਾਂ ਮਾਓਵਾਦੀਆਂ ਦੀ ਗਿਣਤੀ ਕੇਵਲ 5000 ਸੀ। ਸਲਵਾ ਜੁਡਮ ਤੋਂ ਪਿਛੋਂ ਮਾਓਵਾਦੀਆਂ ਦੀ ਸ਼ਕਤੀ 22 ਗੁਣਾਂ ਵਧ ਕੇ 11,000 ਹੋ ਗਈ ਹੈ। 'ਓਪਰੇਸ਼ਨ ਗਰੀਨ ਹੰਟ' ਤੋਂ ਬਾਅਦ ਹਰੇਕ ਬਚਿਆ ਹੋਇਆ ਆਦਿਵਾਸੀ ਮਾਓਵਾਦੀ ਹੋ ਜਾਵੇਗਾ ਅਤੇ ਜਦੋਂ ਮਾਓਵਾਦੀ ਵਧਣਗੇ, ਉਹ ਆਪਣਾ ਆਧਾਰ ਵਿਕਸਿਤ ਕਰਨਗੇ। ਉਹ ਮੁੰਬਈ, ਦਿੱਲੀ ਪਹੁੰਚ ਜਾਣਗੇ। ਮੈਨੂੰ ਫੌਜ ਦੇ ਜਵਾਨਾਂ ਲਈ ਵੀ ਅਫ਼ਸੋਸ ਹੈ। ਉਨ੍ਹਾਂ ਦਾ ਦੋਵੇਂ ਪਾਸੇ ਨੁਕਸਾਨ ਹੈ। ਜੇ ਉਹ ਨੀਮ ਫੌਜੀ ਬਲਾਂ ਜਾਂ ਪੁਲਿਸ ਵਿਚ ਭਰਤੀ ਨਹੀਂ ਹੁੰਦੇ ਤਾਂ ਭੁਖੇ ਮਰਦੇ ਹਨ ਅਤੇ ਜੇ ਉਹ ਇਸ ਵਿਚ ਭਰਤੀ ਹੁੰਦੇ ਹਨ ਤਾਂ ਵੀ ਮਰਦੇ ਹਨ। ਤੁਸੀਂ ਅਮੀਰ ਅਦਾਰਿਆਂ ਦੇ ਫਾਇਦੇ ਲਈ ਇਨ੍ਹਾਂ ਨੌਜਵਾਨਾਂ ਨੂੰ ਮੌਤ ਦੇ ਮੂੰਹ ਕਿਉਂ ਧੱਕ ਰਹੇ ਹੋ?

ਮੈਂ ਤੁਹਾਨੂੰ ਅਪੀਲ ਕਰਦਾ ਹਾਂ, ਬਸਤਰ ਆਓ, ਆਦਿਵਾਸੀਆਂ ਦੇ ਨਾਲ ਖੜ੍ਹੇ ਹੋਵੋ। ਗਰੀਬ ਆਦਿਵਾਸੀਆਂ ਦੀ ਰੂਹ ਅੰਦਰ ਵੀ ਉਸੇ 'ਰੱਬ ਸੱਚੇ' ਦਾ ਵਾਸ ਹੈ, ਉਨ੍ਹਾਂ ਦਾ ਦਰਦ ਵੀ ਸਮਝਿਆ ਜਾਵੇ। ਉਹ ਵੀ ਬਹੁਤ ਜ਼ਿਆਦਾ ਦੁਖੀ ਹਨ।

*ਰੂਪਾਂਤਰਣ-ਆਸ਼ਾ ਕਿਰਨ*

ਖਾਲਸਾ ਪੰਥ

# ਨਾਨਕ ਨਿਰਮਲ ਪੰਥ ਚਲਾਇਆ



ਡਾ. ਗੁਰਨਾਮ ਕੌਰ

ਕਿਸੇ ਵੀ ਧਰਮ ਨੂੰ ਇਕ ਸੰਪੂਰਨ, ਆਜ਼ਾਦ ਅਤੇ ਵਿਲੱਖਣ ਹਸਤੀ ਹੋਣ ਦੀ ਪਛਾਨ ਲਈ ਚਾਰ ਤੱਥਾਂ ਦੀ ਪ੍ਰਮੁੱਖ ਤੌਰ 'ਤੇ ਜ਼ਰੂਰਤ ਹੁੰਦੀ ਹੈ। ਪਹਿਲੀ ਲੋੜ ਹੈ ਉਸ ਧਰਮ ਦਾ ਬਾਨੀ, ਦੂਸਰਾ ਹੈ ਉਸਦਾ ਧਰਮ ਗ੍ਰੰਥ, ਤੀਸਰਾ ਹੈ ਉਸ ਦਾ ਧਾਰਮਿਕ ਸਥਾਨ, ਚੌਥਾ ਹੈ ਉਸਨੂੰ ਮੰਨਣ ਵਾਲੇ ਲੋਕ, ਉਸਦੇ ਮਾਰਗ 'ਤੇ ਚੱਲਣ ਵਾਲੇ। ਸਿੱਖ ਧਰਮ ਦੀ ਇਨ੍ਹਾਂ ਤੱਥਾਂ ਦੀ ਲੋਅ ਵਿਚ ਹੀ ਦੇਖਿਆਂ ਆਪਣੀ ਅੱਡਰੀ, ਵਿਲੱਖਣ, ਸੁਤੰਤਰ ਅਤੇ ਸੰਪੂਰਨ ਹਸਤੀ ਹੈ। ਸਿੱਖ ਧਰਮ ਦਾ ਆਗਾਜ਼ ਗੁਰੂ ਨਾਨਕ ਦੇਵ ਜੀ ਦੇ ਵੇਈਂ ਨਦੀ ਪ੍ਰਵੇਸ਼ ਤੋਂ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਸਿੱਖ ਧਰਮ ਦੇ ਬਾਨੀ ਗੁਰੂ ਹਨ। ਭਾਈ ਗੁਰਦਾਸ ਨੇ ਫੁਰਮਾਇਆ ਹੈ ਕਿ ਬਾਬੇ ਨਾਨਕ ਨੇ ਚਾਰ ਵਰਣਾਂ ਨੂੰ ਇਕੱਠਾ ਕਰਕੇ ਇਕ ਵਰਣ ਬਣਾ ਦਿੱਤਾ ਅਤੇ, "ਮਾਰਿਆ ਸਿੱਕਾ ਜਗਤ ਵਿਚ ਨਾਨਕ ਨਿਰਮਲ ਪੰਥ ਚਲਾਇਆ।" ਗੁਰੂ ਨਾਨਕ ਨੇ ਇਕ ਨਵਾਂ, ਸਰਬ-ਸਾਂਝਾ, ਨਿਰਮਲ ਭਾਵ ਪਵਿੱਤਰ ਪੰਥ ਸ਼ੁਰੂ ਕੀਤਾ। ਗੁਰੂ ਨਾਨਕ ਨੇ ਆਪਣੇ ਜਿਉਂਦੇ ਜੀਅ ਭਾਈ ਲਹਿਣੇ ਨੂੰ ਆਪਣਾ ਜਾਂਨਸ਼ੀਨ ਗੁਰੂ ਥਾਪਿਆ ਅਤੇ ਆਪਣੀ ਜੋਤਿ ਉਨ੍ਹਾਂ ਵਿਚ ਰੱਖ ਕੇ ਉਨ੍ਹਾਂ ਨੂੰ ਗੁਰੂ ਅੰਗਦ ਦਾ ਨਾਮ ਦਿੱਤਾ। ਗੁਰੂ ਜੋਤਿ ਅਤੇ ਗੁਰੂ ਜੁਗਤਿ ਦਾ ਇਹ ਸਿਲਸਿਲਾ ਬਾਨੀ ਗੁਰੂ ਨਾਨਕ ਤੋਂ ਸ਼ੁਰੂ ਹੋ ਕੇ ਦਸਵੇਂ ਅਤੇ ਆਖਰੀ ਸਰੀਰਕ ਗੁਰੂ ਗੋਬਿੰਦ ਸਿੰਘ ਜੀ ਤੱਕ ਚੱਲਿਆ। ਗੁਰੂ ਗੋਬਿੰਦ ਸਿੰਘ ਜੀ ਨੇ 1699 ਦੀ ਵਿਸਾਖੀ ਨੂੰ ਖੰਡੇ-ਬਾਟੇ ਦੀ ਪਾਹੁਲ ਦੇ ਕੇ ਖਾਲਸਾ ਸਾਜ ਕੇ ਅਤੇ ਗ੍ਰੰਥ ਸਾਹਿਬ ਵਿਚ ਗੁਰੂ ਤੇਗ ਬਹਾਦਰ ਕੀ ਬਾਣੀ ਸ਼ਾਮਲ ਕਰਕੇ ਆਪਣੇ ਜੋਤੀ ਜੋਤਿ ਸਮਾਉਣ ਤੋਂ 'ਪਹਿਲਾਂ' 1708 ਈ. ਵਿਚ ਗ੍ਰੰਥ ਸਾਹਿਬ ਨੂੰ ਗੁਰਗੱਦੀ ਦੇ ਕੇ ਸਿੱਖ ਧਰਮ ਨੂੰ ਅੰਤਮ ਰੂਪ ਦਿੱਤਾ। ਸਿੱਖ ਧਰਮ ਦਾ ਆਪਣਾ ਧਰਮ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜੋ ਸਿੱਖ ਸਿਧਾਂਤਾਂ ਅਤੇ ਫਲਸਫੇ ਦਾ ਆਧਾਰ ਸ੍ਰੋਤ ਹੈ। ਸਿੱਖ ਧਰਮ ਨੂੰ ਸਥਾਪਤ ਕਰਨ ਅਤੇ ਇਸ ਦੇ ਅਸਲੀ ਪ੍ਰਕਾਸ਼ਨ ਲਈ ਦਸ ਗੁਰੂ ਸਾਹਿਬਾਨ ਨੇ ਯੋਗਦਾਨ ਪਾਇਆ ਜਿਨ੍ਹਾਂ ਵਿਚ ਇਕੋ ਹੀ ਦੈਵੀ ਜੋਤਿ ਦਾ ਪ੍ਰਕਾਸ਼ ਮੰਨਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਤੋਂ ਬਾਅਦ ਧਰਮ ਦੇ ਪ੍ਰਚਾਰ ਲਈ ਪਹਿਲਾ ਸਥਾਨ ਕਰਤਾਰਪੁਰ ਰਾਵੀ ਦੇ ਕੰਢੇ ਸਥਾਪਤ ਕੀਤਾ ਜੋ ਹੁਣ ਪਾਕਿਸਤਾਨ ਵਿਚ ਹੈ। ਗੁਰੂ ਅੰਗਦ ਦੇਵ ਜੀ ਨੇ ਖਡੂਰ ਸਾਹਿਬ ਨਵਾਂ ਨਗਰ ਵਸਾਇਆ ਅਤੇ ਉਸਨੂੰ ਸਿੱਖੀ ਦਾ ਪ੍ਰਚਾਰ ਕੇਂਦਰ ਬਣਾਇਆ। ਗੁਰੂ ਅਮਰਦਾਸ ਜੀ ਨੇ ਗੋਇੰਦਵਾਲ ਵਸਾ ਕੇ ਧਰਮ ਪ੍ਰਚਾਰ ਦੇ ਅਮਲੀ ਪੱਖ ਨੂੰ "ਪਹਿਲੇ ਪੰਗਤ ਪਾਛੇ ਸੰਗਤਿ" ਦੇ ਸਿਧਾਂਤ ਰਾਹੀਂ ਪਰਪੱਕ ਕੀਤਾ।

ਸਿੱਖੀ ਦੇ ਪ੍ਰਚਾਰ ਨੂੰ ਹੋਰ ਫੈਲਾਉਣ ਲਈ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ 22 ਮੰਜੀਆਂ (ਵੱਡੇ ਪ੍ਰਚਾਰ ਕੇਂਦਰ) ਅਤੇ ਅਨੇਕਾਂ ਪੀੜ੍ਹੀਆਂ (ਛੋਟੇ ਪ੍ਰਚਾਰ ਕੇਂਦਰ) ਸਥਾਪਤ ਕੀਤੀਆਂ। ਗੁਰੂ ਰਾਮਦਾਸ ਜੀ ਨੇ ਰਾਮਦਾਸ ਚੱਕ (ਅੰਮ੍ਰਿਤਸਰ) ਸਥਾਪਤ ਕੀਤਾ ਅਤੇ ਸਰੋਵਰ ਦੀ ਖੁਦਾਈ ਕਰਾਈ। ਅੰਮ੍ਰਿਤਸਰ ਅੱਜ ਸਿੱਖ ਧਰਮ ਦਾ ਮੁੱਖ ਕੇਂਦਰ ਹੈ। ਗੁਰੂ ਅਰਜਨ ਦੇਵ ਪੰਜਵੀਂ ਨਾਨਕ ਜੋਤਿ ਨੇ ਸਰੋਵਰ ਹਰਿਮੰਦਰ ਸਾਹਿਬ ਬਣਾਇਆ। 1604 ਈ. ਵਿਚ ਗ੍ਰੰਥ ਸਾਹਿਬ ਦਾ ਪਹਿਲਾ ਸੰਕਲਨ ਤਿਆਰ ਕਰਾ ਕੇ ਇਸ ਦਾ ਪਹਿਲਾ ਪ੍ਰਕਾਸ਼ ਕੀਤਾ। ਸਿੱਖ ਸਿਧਾਂਤਾਂ ਦੀ ਵਿਲੱਖਣਤਾ ਅਤੇ ਸੁਤੰਤਰਤਾ ਨੂੰ ਕਾਇਮ ਰੱਖਣ ਲਈ ਗੁਰੂ ਅਰਜਨ ਦੇਵ ਜੀ ਨੇ ਸ਼ਹੀਦੀ ਦਿੱਤੀ। ਗੁਰੂ ਹਰਗੋਬਿੰਦ ਸਾਹਿਬ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ ਜੋ ਸੰਸਾਰਕਤਾ ਅਤੇ ਅਧਿਆਤਮਕਤਾ, ਸ਼ਕਤੀ ਅਤੇ ਭਗਤੀ ਦੇ ਸੁਮੇਲ ਦੀਆਂ ਪ੍ਰਤੀਕ ਹਨ। ਭਾਵ ਸਿੱਖ ਇਕੋ ਸਮੇਂ ਸੰਤ ਅਤੇ ਸਿਪਾਹੀ ਹੈ, ਇਕ ਸੰਪੂਰਨ ਵਿਅਕਤੀਤਵ ਦੀ ਘਾੜਤ ਕੀਤੀ। ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਬੁੰਗੇ (ਅਕਾਲ ਤਖਤ) ਦੀ ਸਥਾਪਨਾ ਕੀਤੀ ਜਿਥੇ ਧਾਰਮਿਕ ਅਤੇ ਦੁਨਿਆਵੀ ਮਸਲਿਆਂ ਦਾ ਹੱਲ ਕੀਤਾ ਜਾਂਦਾ ਸੀ। ਅਕਾਲ ਤਖਤ ਸੱਚੇ ਪਾਤਸ਼ਾਹ ਦਾ ਤਖਤ ਹੈ ਜੋ ਸਿੱਖ ਧਰਮ ਦੀ ਸੁਤੰਤਰ ਹੋਂਦ ਦਾ ਪ੍ਰਤੀਕ ਹੈ। ਗੁਰੂ ਹਰਗੋਬਿੰਦ ਸਾਹਿਬ ਨੇ ਸਿੱਖ ਸਿਧਾਂਤਾਂ ਅਤੇ ਧਰਮ ਦੀ ਰੱਖਿਆ ਲਈ ਜ਼ੁਲਮ ਨਾਲ ਟੱਕਰ ਲਈ। ਕੀਰਤਪੁਰ ਨਵਾਂ ਨਗਰ ਵਸਾ ਕੇ ਸਿੱਖ ਧਰਮ ਦੀਆਂ ਜੜ੍ਹਾਂ ਮਜ਼ਬੂਤ ਕੀਤੀਆਂ। ਗੁਰੂ ਤੇਗ ਬਹਾਦਰ ਨੌਂਵੇਂ ਗੁਰੂ ਨੇ ਕੀਰਤਪੁਰ ਤੋਂ ਕੁਝ ਫਾਸਲੇ ਤੇ ਨਵਾਂ ਨਗਰ ਅਨੰਦਪੁਰ ਵਸਾਇਆ ਅਤੇ ਇਨਸਾਨ ਦੇ ਆਪਣੇ ਧਰਮ ਨੂੰ ਮੰਨਣ ਦੇ ਮੌਲਿਕ ਅਧਿਕਾਰ ਦੀ ਰਾਖੀ ਲਈ ਦਿੱਲੀ ਜਾ ਕੇ ਸ਼ਹੀਦੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਚ ਹੀ ਅਨੰਦਗੜ੍ਹ ਕਿਲਾ ਉਸਾਰਿਆ। 1699 ਦੀ ਵਿਸਾਖੀ ਨੂੰ ਖੰਡੇ ਬਾਟੇ ਦੀ ਪਾਹੁਲ ਦੇ ਕੇ ਖਾਲਸਾ ਸਾਜਿਆ। ਪੰਜ ਕਕਾਰਾਂ ਦੀ ਰਹਿਤ ਦੇ ਕੇ ਸਿੱਖੀ ਨੂੰ ਅੰਤਮ ਸਰੂਪ ਦਿੱਤਾ। ਉਨ੍ਹਾਂ ਨੇ ਧਰਮ ਦੀ ਖਾਤਰ ਕਿਵੇਂ ਜ਼ੁਲਮ ਨਾਲ ਟੱਕਰ ਲਈ ਅਤੇ ਸਰਬੰਸ ਵਾਰਿਆ ਇਸ ਇਤਿਹਾਸ ਤੋਂ ਸਾਰੇ ਜਾਣੂ ਹਨ।

ਸਮੇਂ ਸਮੇਂ ਸਿੱਖ ਧਰਮ ਦੀ ਵੱਖਰੀ ਹੋਂਦ ਅਤੇ ਵੱਖਰੀ ਪਛਾਣ 'ਤੇ ਹਮਲੇ ਹੁੰਦੇ ਰਹੇ ਹਨ। ਉਨੀਵੀਂ ਸਦੀ ਵਿਚ ਆਰੀਆ ਸਮਾਜ ਵਲੋਂ ਇਹ ਦਾਅਵਾ ਕੀਤਾ ਗਿਆ ਸੀ ਕਿ ਸਿੱਖ ਧਰਮ ਹਿੰਦੂ ਧਰਮ ਦੀ ਸ਼ਾਖਾ ਹੈ। ਇਸ ਦਾ ਉੱਤਰ ਦਿੰਦਿਆਂ ਭਾਈ ਕਾਨ੍ਹ ਸਿੰਘ ਨਾਭਾ ਨੇ 1898 ਈ. ਵਿਚ ਪੁਸਤਕ ਲਿਖੀ ਸੀ, "ਹਮ ਹਿੰਦੂ ਨਹੀਂ।" ਹੁਣੇ ਜਿਹੇ ਰਮਾਕਾਂਤ ਤਿਵਾੜੀ ਨੇ ਆਰ.ਐਸ.ਐਸ ਦੀ ਵੈਬਸਾਈਟ ਤੇ ਆਪਣੇ ਵਿਚਾਰ ਅੰਕਤ ਕਰਦਿਆਂ ਲਿਖਿਆ ਹੈ ਕਿ ਉਹ ਅੰਮ੍ਰਿਤਸਰ ਦੋ ਦਿਨ ਰਿਹਾ ਅਤੇ ਇਸ ਸਮੇਂ ਵਿਚ ਚਾਰ ਵਾਰ ਦਰਬਾਰ ਸਾਹਿਬ ਗਿਆ। ਉਸਨੇ ਕੜਾਹ ਪ੍ਰਸ਼ਾਦ ਵੀ ਲਿਆ ਪਰ ਲੰਗਰ ਨਹੀਂ ਛਕਿਆ। ਲੰਗਰ ਨਾ ਛਕਣ ਦਾ ਕਾਰਨ ਲੰਗਰ ਦੀਆਂ ਸਬਜ਼ੀਆਂ ਵਿਚ ਲਸਣ ਅਤੇ ਪਿਆਜ ਦੀ ਵਰਤੋਂ ਦੱਸੀ ਹੈ।

ਇਸਦੇ ਨਾਲ ਇਹ ਵੀ ਦੱਸਿਆ ਕਿ ਲਸਣ ਤੇ ਪਿਆਜ ਹਿੰਦੂ ਧਰਮ ਮੁਤਾਬਿਕ ਸ਼ਾਕਾਹਾਰੀ ਵਸਤਾਂ ਨਹੀਂ ਹਨ ਅਤੇ ਇਨ੍ਹਾਂ ਦੀ ਵਰਤੋਂ ਬੰਦ ਕਰਨੀ ਚਾਹੀਦੀ ਹੈ। ਦੂਸਰੀ ਗੱਲ ਉਸਨੇ ਕਹੀ ਹੈ ਕਿ ਕੀਰਤਨ ਸੁਣਦਿਆਂ ਉਸਨੇ ਬਹੁਤ ਵਾਰ ਰਾਮ, ਗੋਬਿੰਦ ਅਤੇ ਸ਼ਿਵਾ ਦਾ ਨਾਮ ਸੁਣਿਆ। ਜੇ ਕੀਰਤਨ ਵਿਚ ਇਨ੍ਹਾਂ ਦਾ ਨਾਮ ਆਉਂਦਾ ਹੈ ਫਿਰ ਮੰਦਰ (ਭਾਵ ਗੁਰਦੁਆਰੇ) ਵਿਚ ਇਨ੍ਹਾਂ ਦੀਆਂ ਮੂਰਤੀਆਂ ਪੂਜਣ ਤੋਂ ਸਿੱਖ ਕਿਉਂ ਕਤਰਾਉਂਦੇ ਹਨ? ਰਾਮ ਜਨਮ ਭੂਮੀ ਨੂੰ ਮੁਕਤ ਕਰਾਉਣ ਵਿਚ ਸਿੱਖ ਸਹਿਯੋਗ ਕਿਉਂ ਨਹੀਂ ਦਿੰਦੇ? ਅਗਲਾ ਪ੍ਰਸ਼ਨ ਉਸਨੇ ਕੀਤਾ ਹੈ ਕਿ ਦਰਬਾਰ ਸਾਹਿਬ ਵਿਖੇ ਅਜਾਇਬ ਘਰ ਵਿਚ ਸੰਤ ਭਿੰਡਰਾਂਵਾਲੇ ਅਤੇ ਹੋਰ ਸ਼ਹੀਦਾਂ ਦੀਆਂ ਤਸਵੀਰਾਂ ਕਿਉਂ ਲਾਈਆਂ ਹਨ? ਇਹ ਤਸਵੀਰਾਂ ਹਟਾਉਣੀਆਂ ਚਾਹੀਦੀਆਂ ਹਨ ਅਤੇ ਇਸ ਦਾ ਨਾਂ ਅਜਾਇਬ ਘਰ ਨਹੀਂ ਹੋਣਾ ਚਾਹੀਦਾ, ਵਗੈਰਾ ਵਗੈਰਾ।

ਸਿੱਖ ਧਰਮ ਹਿੰਦੂ ਧਰਮ ਦੀ ਸ਼ਾਖਾ ਨਹੀਂ ਹੈ। ਜਿਵੇਂ ਸ਼ੁਰੂ ਵਿਚ ਹੀ ਦੱਸਿਆ ਹੈ ਇਸ ਦੀ ਇਕ ਵਿਲੱਖਣ ਅਤੇ ਸੁਤੰਤਰ ਹਸਤੀ ਹੈ। ਸਿੱਖ ਧਰਮ ਦਾ ਆਪਣਾ ਸਿਧਾਂਤ, ਆਪਣੀ ਵਿਚਾਰਧਾਰਾ, ਆਪਣਾ ਫਲਸਫਾ ਅਤੇ ਆਪਣੀ ਰਹਿਤ-ਮਰਿਯਾਦਾ ਹੈ। ਇਸ ਦਾ ਸੁਤੰਤਰ ਇਲਹਾਮ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਦਸਾਂ ਜਾਮਿਆਂ ਵਿਚ ਹੋਇਆ ਹੈ ਜਿਸ ਦੀ ਮਿਸਾਲ ਕਿਸੇ ਹੋਰ ਧਰਮ ਵਿਚ ਪ੍ਰਾਪਤ ਨਹੀਂ ਹੈ। ਇਹ ਇੱਕ ਵਿਲੱਖਣ ਵਰਤਾਰਾ ਹੈ। ਸਿੱਖ ਧਰਮ ਦਾ ਇਲਹਾਮ ਬਾਣੀ ਦੇ ਰੂਪ ਵਿਚ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਹੋਇਆ ਅਤੇ ਇਕ ਲਗਾਤਾਰ ਅਮਲ ਹੈ ਜੋ ਤਕਰੀਬਨ ਢਾਈ ਸੌ ਸਾਲ ਦੇ ਸਮੇਂ ਤੇ ਫੈਲਿਆ ਹੋਇਆ ਹੈ। ਇਸ ਦੀ ਮਿਸਾਲ ਹਿੰਦੂ ਧਰਮ ਜਾਂ ਕਿਸੇ ਹੋਰ ਧਰਮ ਵਿਚ ਨਹੀਂ ਮਿਲਦੀ ਅਤੇ ਇਸ ਦਾ ਹਿੰਦੂ ਧਰਮ ਦੇ ਸਿਧਾਂਤਾਂ ਨਾਲ ਕੋਈ ਸਬੰਧ ਨਹੀਂ। ਇਥੇ ਬਹੁਤ ਹੀ ਸੰਖੇਪ ਵਿਚ, ਇਸ਼ਾਰੇ ਮਾਤਰ ਹਿੰਦੂ ਧਰਮ ਦੀ ਗੱਲ ਕਰਨੀ ਬਣਦੀ ਹੈ।

ਹਿੰਦੂ ਧਰਮ ਦੇ ਪ੍ਰਮੁੱਖ ਧਰਮ ਗ੍ਰੰਥ ਚਾਰ ਵੇਦ ਹਨ ਰਿਗਵੇਦ, ਸ਼ਾਮਵੇਦ, ਯਜੁਰਵੇਦ ਅਤੇ ਅਥਰਵਵੇਦ। ਹਰ ਵੇਦ ਦੇ ਚਾਰ ਭਾਗ ਹਨ ਸੰਹਿਤਾ ਜਾਂ ਮੰਤਰ ਭਾਗ, ਆਰਣਿਕ ਗ੍ਰੰਥ, ਬ੍ਰਾਹਮਣ ਗ੍ਰੰਥ ਅਤੇ ਉਪਨਿਸ਼ਦ। ਹਰ ਵੇਦ ਦੇ ਪੜਨ-ਪੜ੍ਹਾਉਣ ਵਾਲੇ ਅਲੱਗ ਅਲੱਗ ਪੁਰੋਹਿਤ ਹਨ। ਵੇਦਾਂ ਨੂੰ ਸ਼ੁਤੀ ਅਤੇ ਅਪੌਰਸ਼ ਮੰਨਿਆ ਗਿਆ ਹੈ। ਜਿਸ ਦਾ ਅਰਥ ਹੈ ਹਰ ਸੰਸਾਰ ਚੱਕਰ ਦੇ ਸ਼ੁਰੂ ਹੋਣ ਤੇ ਵੇਦ ਬ੍ਰਹਮਾ ਨੂੰ ਈਸ਼ਵਰ ਵਲੋਂ ਦਿੱਤੇ ਜਾਂਦੇ ਹਨ। ਵੇਦਾਂ 'ਤੇ ਅਧਾਰਿਤ ਛੇ ਸ਼ਾਸਤਰ ਹਨ। ਨਿਆਇ, ਵੈਸ਼ੇਸ਼ਕ, ਸਾਂਖ, ਯੋਗ, ਮੀਮਾਂਸ ਅਤੇ ਵੇਦਾਂਤ। ਇਨ੍ਹਾਂ ਦੇ ਰਚਣ ਵਾਲੇ ਛੇ ਰਿਸ਼ੀ ਹਨ। ਛੇ ਸ਼ਾਸਤਰ ਸਿਮਰਤੀ ਗ੍ਰੰਥਾਂ ਵਿਚ ਆਉਂਦੇ ਹਨ। ਰਮਾਇਣ ਅਤੇ ਮਹਾਂਭਾਰਤ ਦੋ ਵੱਡੇ ਮਹਾਂਕਾਵਿ ਹਨ ਜੋ ਇਤਿਹਾਸ ਅਤੇ ਮਿਥਿਹਾਸ ਦਾ ਮਿਸ਼ਰਣ ਮੰਨੇ ਗਏ ਹਨ। ਇਸੇ ਤਰ੍ਹਾਂ ਅਨੇਕਾਂ ਪੁਰਾਣ ਹਨ ਪਰ ਪ੍ਰਮੁੱਖ ਅਠਾਰਾਂ ਪੁਰਾਣ ਹਨ। ਹਿੰਦੂ ਧਰਮ ਵਿਚ ਅਨੇਕਾਂ ਦੇਵਤਿਆਂ ਦੀ ਪੂਜਾ ਕੀਤੀ ਜਾਂਦੀ ਹੈ ਜੋ ਅਲੱਗ ਅਲੱਗ ਖੇਤਰਾਂ ਦੇ ਮਾਲਕ ਹਨ। ਤਿੰਨ ਪ੍ਰਮੁੱਖ ਦੇਵ ਹਨ-ਬ੍ਰਹਮਾ, ਵਿਸ਼ਨੂੰ ਅਤੇ ਮਹੇਸ਼ ਜਾਂ ਸ਼ਿਵਜੀ। ਤਿੰਨਾਂ ਦੇ ਵੱਖਰੇ ਵੱਖਰੇ ਕਾਰਜ ਖੇਤਰ ਹਨ। ਬ੍ਰਹਮਾ ਰਚਨਾ ਕਰਨ ਵਾਲਾ ਹੈ, ਵਿਸ਼ਨੂੰ ਪਾਲਣ ਵਾਲਾ ਅਤੇ ਸ਼ਿਵਜੀ ਸੰਘਾਰ ਕਰਤਾ ਹੈ। ਸਮੇਂ ਸਮੇਂ ਇਹ ਦੇਵਤੇ ਧਰਮ ਦੀ ਪੁਨਰਸਥਾਪਤੀ ਵਾਸਤੇ ਅਵਤਾਰ ਧਾਰਦੇ ਹਨ।

ਡਾ. ਗੁਰਨਾਮ ਕੌਰ*

ਅਵਤਾਰਾਂ ਵਿਚੋਂ ਵਿਸ਼ਨੂੰ ਦੇ 24 ਅਵਤਾਰ ਪ੍ਰਮੁੱਖ ਹਨ। ਇਨ੍ਹਾਂ ਵਿਚੋਂ ਵੀ ਰਮਾਇਣ ਦਾ ਨਾਇਕ ਸ੍ਰੀ ਰਾਮ ਚੰਦਰ ਅਤੇ ਮਹਾਂਭਾਰਤ ਦਾ ਨਾਇਕ ਅਤੇ ਗੀਤਾ ਦਾ ਰਚਨਾਹਾਰਾ ਸ੍ਰੀ ਕ੍ਰਿਸ਼ਨ ਪ੍ਰਸਿੱਧ ਅਵਤਾਰ ਹਨ। ਸ੍ਰੀਮਦ ਭਾਗਵਤ ਗੀਤਾ ਮਹਾਂਭਾਰਤ ਦੇ ਯੁੱਧ ਵਿਚ ਸ੍ਰੀ ਕ੍ਰਿਸ਼ਨ ਵਲੋਂ ਪਾਂਡਵ ਅਰਜਨ ਨੂੰ ਕੀਤਾ ਉਪਦੇਸ਼ ਹੈ। ਗੀਤਾ ਵਿਚ ਸ੍ਰੀ ਕ੍ਰਿਸ਼ਨ ਨੇ ਆਪਣੇ ਆਪ ਨੂੰ ਪਰਮਾਤਮਾ ਵਜੋਂ ਪੇਸ਼ ਕੀਤਾ ਹੈ। ਇਨ੍ਹਾਂ ਗ੍ਰੰਥਾਂ ਅਤੇ ਦੇਵਤਿਆਂ ਨਾਲ ਸਬੰਧਿਤ ਹਿੰਦੂ ਧਰਮ ਵਿਚ ਅਨੇਕਾਂ ਫਿਰਕੇ ਅਤੇ ਮੱਤ ਮਤਾਂਤਰ ਹਨ। ਵਰਣ-ਆਸ਼ਰਮ ਧਰਮ ਹਿੰਦੂ ਧਰਮ ਦੀ ਸਮਾਜਿਕ ਵੰਡ ਅਤੇ ਸਮਾਜਕ ਢਾਂਚੇ ਦਾ ਧੁਰਾ ਹੈ, ਜਿਸ ਦੁਆਲੇ ਸਾਰਾ ਸਮਾਜਕ ਤਾਣਾ-ਬਾਣਾ ਬੁਣਿਆ ਹੋਇਆ ਹੈ। ਪ੍ਰਮੁੱਖ ਤੌਰ 'ਤੇ ਚਾਰ ਵਰਣ ਬ੍ਰਾਹਮਣ, ਖਤਰੀ, ਵੈਸ਼ ਅਤੇ ਸੂਦਰ ਹਨ ਜਿਨ੍ਹਾਂ ਦਾ ਆਪਣਾ ਆਪਣਾ ਕਾਰਜ ਖੇਤਰ ਹੈ ਅਤੇ ਇਸੇ ਮੁਤਾਬਿਕ ਸਮਾਜਕ ਦਰਜਾ ਹੈ। ਅੱਗੇ ਇਨ੍ਹਾਂ ਵਰਣਾਂ ਦੀਆਂ ਉਪਜਾਤਾਂ ਹਨ। ਆਸ਼ਰਮ ਧਰਮ ਮਨੁੱਖ ਦੀ ਜ਼ਿੰਦਗੀ ਨੂੰ ਸੌ ਸਾਲ ਦੀ ਮੰਨ ਕੇ ਚਾਰ ਹਿੱਸਿਆਂ-ਬ੍ਰਹਮਚਾਰੀ, ਗ੍ਰਹਿਸਤ, ਵਾਣ-ਪ੍ਰਸਤ ਅਤੇ ਸੰਨਿਆਸ ਵਿਚ ਵੰਡਦਾ ਹੈ। ਇਸ ਤਰ੍ਹਾਂ ਆਪਣੇ-ਆਪਣੇ ਵਰਣ ਅਨੁਸਾਰ ਸਿੱਖਿਆ ਪ੍ਰਾਪਤ ਕਰਨ, ਸੰਸਾਰਕ ਜੀਵਨ, ਤਪੱਸਿਆ ਅਤੇ ਸੰਨਿਆਸ ਦਾ ਸਮਾਂ ਨਿਸ਼ਚਤ ਕੀਤਾ ਹੈ। ਸਿਖਿਆ ਪ੍ਰਾਪਤ ਕਰਨ ਅਤੇ ਜਨੇਊ ਪਹਿਨ ਕੇ ਧਰਮ ਵਿਚ ਦਾਖਲ ਹੋਣ ਦਾ ਅਧਿਕਾਰ ਸਿਰਫ ਉਪਰਲੇ ਦੋ ਵਰਣਾਂ ਨੂੰ ਦਿਤਾ ਗਿਆ ਹੈ। ਧਾਰਮਿਕ ਕਿਰਿਆਵਾਂ ਵਿਚ ਯੱਗ ਅਤੇ ਹਵਨ ਤੋਂ ਇਲਾਵਾ ਵੱਖ-ਵੱਖ ਦੇਵੀ ਦੇਵਤਿਆਂ ਖਾਸ ਕਰਕੇ ਪ੍ਰਮੁੱਖ ਤਿੰਨ ਦੇਵਤਿਆਂ ਅਤੇ ਉਨ੍ਹਾਂ ਦੇ ਅਵਤਾਰਾਂ ਦੀਆਂ ਮੂਰਤੀਆਂ ਬਣਾ ਕੇ ਉਨ੍ਹਾਂ ਦੀ ਪੂਜਾ ਦਾ ਵਿਧੀ ਵਿਧਾਨ ਵੀ ਸ਼ਾਮਲ ਹੈ। ਹਰ ਮਨੁੱਖ ਦਾ ਵਰਣ ਉਸ ਦੇ ਜਨਮ ਨਾਲ ਨਿਸ਼ਚਤ ਹੁੰਦਾ ਹੈ, ਜੋ ਜਿਥੇ ਪੈਦਾ ਹੋਇਆ ਹੈ, ਉਹ ਉਸੇ ਵਰਣ ਵਿਚ ਰਹੇਗਾ। ਵਰਣ ਦਾ ਅਰਥ ਰੰਗ ਵੀ ਹੈ ਅਤੇ ਇਹ ਨਸਲੀ ਵੰਡ ਨਾਲ ਸਬੰਧਤ ਹੈ।

ਹੁਣ ਬਹੁਤ ਹੀ ਸੰਖੇਪ ਵਿਚ ਰਮਾਂਕਾਂਤ ਤਿਵਾੜੀ ਦੇ ਉਠਾਏ ਨੁਕਤਿਆਂ ਨੂੰ ਸਿੱਖ ਸਿਧਾਂਤਾਂ ਦੀ ਰੌਸ਼ਨੀ ਵਿਚ ਦੇਖੀਏ। ਸਿੱਖਾਂ ਦੇ ਪ੍ਰਮੁੱਖ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਛੇ ਗੁਰੂਆਂ ਦੀ ਬਾਣੀ ਦੇ ਨਾਲ ਸੂਫੀ ਸੰਤਾਂ, ਭਗਤਾਂ ਅਤੇ ਭੱਟਾਂ ਦੀ ਬਾਣੀ ਵੀ ਸ਼ਾਮਲ ਹੈ। ਇਹ ਬਾਣੀਕਾਰ ਇਸਲਾਮ ਅਤੇ ਹਿੰਦੂ ਧਰਮ ਅਤੇ ਵੱਖ-ਵੱਖ ਜਾਤਾਂ ਵਿਚੋਂ ਹਨ। ਬਾਣੀ ਸਿਰਫ ਉਨ੍ਹਾਂ ਭਗਤਾਂ ਅਤੇ ਸੰਤਾਂ ਦੀ ਸ਼ਾਮਲ ਕੀਤੀ ਗਈ ਜਿਨ੍ਹਾਂ ਦੀ ਗੁਰਮਤਿ ਨਾਲ ਸਿਧਾਂਤਕ ਸਾਂਝ ਬਣਦੀ ਹੈ। ਬਾਣੀ ਸ਼ਾਮਲ ਕਰਨ ਲੱਗਿਆਂ ਧਰਮ ਜਾਂ ਜਾਤ ਨੂੰ ਆਧਾਰ ਨਹੀਂ ਬਣਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਿੰਦੂ ਧਰਮ ਦੇ ਸਮਾਜਕ ਧੁਰੇ ਵਰਣ ਆਸ਼ਰਮ ਧਰਮ ਨੂੰ ਮੁੱਢੋਂ ਨਕਾਰਿਆ ਗਿਆ ਹੈ। ਸਭ ਇਨਸਾਨਾਂ ਵਿਚ ਇਕੋ ਪਰਮਾਤਮ ਜੋਤਿ ਦੀ ਵਿਆਪਕਤਾ ਤਸਲੀਮੀ ਗਈ ਹੈ। "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸਦੈ ਚਾਨਣਿ ਸਭ ਮਹਿ ਚਾਨਣ ਹੋਇ॥" ਸ੍ਰੀ ਗੁਰੂ ਗ੍ਰੰਥ ਸਾਹਿਬ, ਜੋ ਸਿੱਖਾਂ ਦਾ ਸ਼ਬਦ ਗੁਰੂ ਹੈ ਅਤੇ ਜਿਸਨੂੰ ਦਸਮ ਗੁਰੂ ਵਲੋਂ ਬਕਾਇਦਾ ਗੁਰਗੱਦੀ ਦਿੱਤੀ ਗਈ, ਤੋਂ ਸਿੱਖ ਪੰਥ ਨੇ ਸਰਬ ਸਮਿਆਂ ਵਾਸਤੇ ਅਗਵਾਈ ਲੈਣੀ ਹੈ। ਹੋਰ ਕਿਸੇ ਵੇਦ ਜਾਂ ਸ਼ਾਸਤਰ ਨੂੰ ਨਹੀਂ ਮੰਨਣਾ। ਇਸ ਤਰ੍ਹਾਂ ਹਿੰਦੂ ਧਰਮ-ਗ੍ਰੰਥਾਂ ਜਾਂ ਸ਼ਾਸਤਰਾਂ ਦਾ ਸਿੱਖ ਧਰਮ ਨਾਲ ਕੋਈ ਸਰੋਕਾਰ ਨਹੀਂ ਹੈ।

ਗੁਰਮਤਿ ਅਨੁਸਾਰ ਵੇਦਾਂ ਤੋਂ ਸਹੀ ਅਗਵਾਈ ਨਹੀਂ ਮਿਲਦੀ, ਕਿਉਂਕਿ ਉਹ ਤਾਂ ਮਨੁੱਖ ਨੂੰ ਕਰਮ-ਕਾਂਡ ਬਾਰੇ ਹੀ ਦਸਦੇ ਹਨ ਅਤੇ ਮਨੁੱਖ ਨੂੰ ਉੱਚੀਆਂ ਨੀਵੀਆਂ ਜਾਤਾਂ ਦੇ ਭਰਮ ਵਿਚ ਪਾਉਂਦੇ ਹਨ। ਅਸਲ ਗਿਆਨ ਅਤੇ ਪਰਮਾਤਮਾ ਨਾਲ ਸੁਰਤਿ ਜੋੜਨ ਦਾ ਰਸਤਾ ਬਾਣੀ ਹੀ ਦਸਦੀ ਹੈ। ਅਸਲ ਚੀਜ਼ ਗਿਆਨ ਹੈ ਜੋ ਸਾਨੂੰ ਕਰਮਾਂ ਦੀਆਂ ਗਿਣਤੀਆਂ ਮਿਣਤੀਆਂ ਅਤੇ ਉਨ੍ਹਾਂ ਦੇ ਫਲ, ਨਰਕ-ਸਵਰਗ ਦੇ ਵਿਚਾਰਾਂ ਵਿਚੋਂ ਕੱਢ ਕੇ ਪਰਮਾਤਮਾ ਦੀ ਸਰਬ ਉੱਚਤਾ ਦੀ ਸੋਝੀ ਦਿੰਦਾ ਹੈ ਅਤੇ ਉਸ ਦੇ ਨਾਮ ਵਿਚ ਲੀਨ ਕਰਾਉਂਦਾ ਹੈ, "ਕਥਾ ਕਹਾਣੀ ਬੇਦੀ ਆਣੀ ਪਾਪ ਪੁੰਨੁ ਬੀਚਾਰੁ॥"

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੱਢ ਵਿਚ ਹੀ ਮੂਲ ਮੰਤਰ ਵਿਚ ਪਰਮਾਤਮਾ ਦੇ ਗੁਣ ਦਰਸਾਉਂਦਿਆਂ ਉਸਨੂੰ ਇਕ, ਕਰਤਾ ਪੁਰਖ ਭਾਵ ਰਚਨਾ ਕਰਨ ਵਾਲਾ, ਸਤਿਨਾਮ, ਭੈ ਅਤੇ ਵੈਰ ਤੋਂ ਉੱਤੇ (ਕਿਉਂਕਿ ਉਸਦੇ ਬਰਾਬਰ ਕੋਈ ਨਹੀਂ) ਸਮੇਂ ਵਿਚ ਨਾ ਆਉਣ ਵਾਲਾ ਪਰ ਸਰਬ-ਵਿਆਪਕ ਕਿਹਾ ਹੈ। ਸਾਰਾ ਸੰਸਾਰ ਉਸਦਾ ਰੂਪ ਹੈ, ਉਸੇ ਤੋਂ ਬਣਿਆ ਹੈ। ਆਪ ਉਹ ਅਜੂਨੀ ਹੈ ਜਨਮ ਨਹੀਂ ਲੈਂਦਾ ਅਤੇ ਨਾ ਹੀ ਮਰਦਾ ਹੈ। ਭਾਵ ਉਹ ਕੋਈ ਅਵਤਾਰ ਨਹੀਂ ਧਾਰਦਾ। ਉਹ ਆਪਣਾ ਕਾਰਨ ਆਪ, ਸੈਭੰ ਹੈ। ਉਸਨੂੰ ਗੁਰੂ ਦੀ ਮਿਹਰ, ਰਾਹੀਂ ਪਾ ਸਕੀਦਾ ਹੈ। ਇਸਦੇ ਹੋਰ ਵਿਸਤਾਰ ਵਿਚ ਨਾ ਜਾਂਦਿਆਂ ਹੋਇਆਂ ਇਥੇ ਇਹ ਦੱਸਣਾ ਬਣਦਾ ਹੈ ਕਿ ਸਿਖ ਧਰਮ ਵਿਚ ਪਰਮਾਤਮਾ ਦੇ ਜੂਨਾਂ ਵਿਚ ਆਉਣ ਜਾਂ ਅਵਤਾਰ ਧਾਰਨ ਦੇ ਸਿਧਾਂਤ ਨੂੰ ਬਿਲਕੁਲ ਨਕਾਰਿਆ ਗਿਆ ਹੈ। ਜਨਮ ਅਤੇ ਮਰਨ ਬੰਧਨ ਹਨ, ਪਰਮਾਤਮਾ ਅਸੀਮ ਅਤੇ ਅਪ੍ਰੰਪਰ ਹੈ। ਇਸ ਸਬੰਧੀ ਗੁਰਬਾਣੀ ਵਿਚ ਬਹੁਤ ਸਾਰੇ ਹਵਾਲੇ ਮਿਲ ਜਾਂਦੇ ਹਨ ਪਰ ਮੈਂ ਇਥੇ ਸਿਰਫ ਇਕ ਦੋ ਹਵਾਲੇ ਦੇ ਕੇ ਗਲ ਖਤਮ ਕਰਾਂਗੀ। ਸ੍ਰੀ ਗੁਰੂ ਗਰੰਥ ਸਾਹਿਬ ਦੇ ਪੰਨਾ 559 ਤੇ ਹਿੰਦੂ ਧਰਮ ਦੇ ਤਿੰਨ ਪ੍ਰਮੁੱਖ ਦੇਵਤਿਆਂ ਬਾਰੇ ਜ਼ਿਕਰ ਹੈ ਕਿ ਬ੍ਰਹਮਾ ਨੇ ਵੇਦ-ਬਾਣੀ ਪ੍ਰਗਟ ਕੀਤੀ। ਇਹ ਹਿੰਦੂ ਧਰਮ ਦਾ ਵਿਸ਼ਵਾਸ ਹੈ ਕਿ ਹਰ ਸੰਸਾਰ ਚੱਕਰ ਦੇ ਅਰੰਭ ਹੋਣ ਵੇਲੇ ਈਸ਼ਵਰ ਵਲੋਂ ਬ੍ਰਹਮਾ ਨੂੰ ਚਾਰੇ ਵੇਦ ਦਿੱਤੇ ਜਾਂਦੇ ਹਨ। ਪਰ ਉਸਨੇ ਮਾਇਆ ਅਤੇ ਮੋਹ ਦਾ ਖਿਲਾਰਾ ਹੀ ਪਾਇਆ। ਮਹਾਂਦੇਵ (ਸ਼ਿਵਜੀ) ਨੂੰ ਆਤਮਕ ਜੀਵਨ ਦੀ ਸੂਝ ਦੇਣ ਵਾਲਾ ਮੰਨਿਆ ਜਾਂਦਾ ਹੈ ਅਤੇ ਉਹ ਆਪਣੇ ਹਿਰਦੇ ਘਰ ਵਿਚ ਮਸਤ ਰਹਿੰਦਾ ਹੈ ਪਰ ਉਸ ਵਿਚ ਬਹੁਤ ਕ੍ਰੋਧ ਅਤੇ ਅਹੰਕਾਰ ਸੁਣਿਆ ਹੈ। ਸ਼ਿਵਜੀ ਕ੍ਰੋਧ ਦੀਆਂ ਕਥਾਵਾਂ ਮਸ਼ਹੂਰ ਹਨ। ਵਿਸ਼ਨੂੰ ਸਦਾ ਅਵਤਾਰ ਧਾਰਨ ਵਿਚ ਹੀ ਰੁਝਿਆ ਰਹਿੰਦਾ ਹੈ। ਇਸ ਹਾਲਤ ਵਿਚ ਸੰਸਾਰ-ਸਾਗਰ ਤੋਂ ਪਾਰ ਜਾਣ ਲਈ ਦੁਨੀਆਂ ਕਿਸ ਦੇ ਚਰਨੀਂ ਲੱਗੇ? "ਬ੍ਰਹਮ ਬੇਦ ਬਾਣੀ ਪਰਗਾਸੀ ਮਾਇਆ ਮਹ ਪਸਾਰਾ॥"...(ਪੰਨਾ 559) ਇਸਦਾ ਨਤੀਜਾ ਇਹ ਕੱਢਿਆ ਹੈ ਕਿ ਜਿਹੜੇ ਮਨੁੱਖ ਸੰਸਾਰ ਵਿਚ ਰਹਿੰਦਿਆਂ ਗੁਰੂ ਦੀ ਸ਼ਰਣ ਪੈ ਕੇ ਗਿਆਨ ਵਿਚ ਰੰਗੇ ਰਹਿੰਦੇ ਹਨ, ਉਨ੍ਹਾਂ ਦੇ ਅੰਦਰੋਂ ਘੋਰ ਅੰਧੇਰਾ ਮੁਕ ਜਾਂਦਾ ਹੈ। ਗੁਰੂ ਅਰਜਨ ਦੇਵ ਕ੍ਰਿਸ਼ਨ ਨੂੰ ਪਰਮਾਤਮਾ ਮੰਨ ਕੇ ਜਨਮ ਅਸ਼ਟਮੀ ਮਨਾਉਣ ਵਾਲਿਆਂ ਸਬੰਧੀ ਕਹਿੰਦੇ ਹਨ ਕਿ ਹੋਰ ਸਾਰੀਆਂ ਤਿੱਥਾਂ ਪਾਸੇ ਕਰ ਦਿੱਤੀਆਂ ਅਤੇ ਅਸ਼ਟਮੀ ਨੂੰ ਰੱਬ ਦੇ ਜਨਮ ਦੀ ਤਰੀਕ ਮੰਨ ਲਿਆ। ਭਟਕਣਾਂ ਦੇ ਕਾਰਨ ਕੁਰਾਹੇ ਪਿਆ ਹੋਇਆ ਮਨੁੱਖ ਇਹ ਕੱਚੀਆਂ ਗੱਲਾਂ ਕਰ ਰਿਹਾ ਹੈ ਕਿ ਪਰਮਾਤਮਾ ਨੇ ਅਸ਼ਟਮੀ ਨੂੰ ਜਨਮ ਲਿਆ ਜਦਕਿ ਪਰਮਾਤਮਾ ਜਨਮ ਮਰਨ ਤੋਂ ਪਰੇ ਹੈ। ਪੰਜੀਰੀ ਬਣਾ ਕੇ, ਲੁਕਾ ਕੇ ਕ੍ਰਿਸ਼ਨ ਦੀ ਮੂਰਤੀ ਦੇ ਮੂੰਹ ਨੂੰ ਭੋਗ ਲਾਇਆ ਜਾਂਦਾ ਹੈ। ਅਜਿਹਾ ਰੱਬ ਨਾਲੋਂ ਟੁੱਟਿਆ ਹੋਇਆ ਮੂਰਖ ਮਨੁੱਖ ਹੀ ਕਰ ਸਕਦਾ ਹੈ ਕਿਉਂਕਿ ਪਰਮਾਤਮਾ ਤਾਂ ਅਜੂਨੀ ਹੈ। ਕ੍ਰਿਸ਼ਨ ਦੀ ਮੂਰਤੀ ਬਣਾ ਕੇ ਉਸਨੂੰ ਲੋਰੀ ਦੇਣਾ ਇਹ ਸਾਰੇ ਅਪਰਾਧਾਂ ਦੀ ਜੜ ਹੈ। ਅਜਿਹਾ ਮੂੰਹ ਸੜ ਜਾਵੇ ਜਿਹੜਾ ਕਹਿੰਦਾ ਹੈ ਰੱਬ ਜੂਨ ਵਿਚ ਆਉਂਦਾ ਹੈ, ਜਨਮ ਲੈਂਦਾ ਹੈ। ਪਰਮਾਤਮਾ ਨਾ ਜਨਮ ਲੈਂਦਾ ਹੈ ਨਾ ਮਰਦਾ ਹੈ। ਨਾਨਕ ਦਾ ਰੱਬ ਤਾਂ ਸਰਬ ਵਿਆਪਕ ਹੈ, "ਸਗਲੀ ਥੀਤਿ ਪਾਸ ਡਾਰਿ ਰਾਖੀ॥...ਪੰਨਾ ॥36॥" ਜਿਥੋਂ ਤੱਕ ਗੋਬਿੰਦ ਜਾਂ ਰਾਮ ਆਦਿ ਨਾਵਾਂ ਦਾ ਸਬੰਧ ਹੈ ਉਹ ਪਰਮਾਤਮਾ ਲਈ ਵਰਤੇ ਗਏ ਹਨ। ਕ੍ਰਿਸ਼ਨ ਜਾਂ ਰਾਮਚੰਦਰ ਦੀ ਗੱਲ ਕਰਦਿਆਂ ਉਨ੍ਹਾਂ ਦੇ ਖਾਸ ਨਾਵਾਂ ਦਾ ਜ਼ਿਕਰ ਕੀਤਾ ਹੈ ਅਤੇ ਉਨ੍ਹਾਂ ਨੂੰ ਆਮ ਰਾਜੇ ਅਤੇ ਸੰਸਾਰੀ ਜੀਵ ਮੰਨਿਆ ਹੈ ਨਾ ਕਿ ਪਰਮਾਤਮਾ। ਗੋਬਿੰਦ ਅਤੇ ਰਾਮ ਰੱਬ ਦੇ ਪ੍ਰਚਲਤ ਨਾਂ ਹਨ।

ਗੁਰਦੁਆਰਾ ਗੁਰੂ ਕਾ ਲੰਗਰ, ਸੰਗਤਿ, ਖਾਲਸਾ ਆਦਿ ਸੰਸਥਾਵਾਂ ਸਿੱਖ ਇਲਹਾਮ ਦਾ ਅਮਲੀ ਪ੍ਰਕਾਸ਼ਨ ਹਨ। ਜਾਤ-ਪਾਤ, ਊਚ-ਨੀਚ ਅਤੇ ਨਸਲ ਦੇ ਭਿੰਨ-ਭੇਦ ਨੂੰ ਖਤਮ ਕਰਨ ਲਈ, "ਚਾਰ ਵਰਣ ਇਕ ਵਰਣ ਕਰਾਇਆ" ਦੇ ਅਮਲੀ ਪਰਗਟਾਵੇ ਲਈ ਲੰਗਰ ਦੀ ਸੰਸਥਾ ਸਥਾਪਤ ਕੀਤੀ ਗਈ ਜਿਥੇ ਸਾਰੇ, ਬਿਨਾ ਕਿਸੇ ਭੇਦ-ਭਾਵ ਦੇ ਸੇਵਾ ਕਰਨ ਅਤੇ ਇਕੋ ਪੰਗਤ ਵਿਚ ਬਰਾਬਰ ਬੈਠ ਕੇ ਲੰਗਰ ਛਕਣ ਦੇ ਹੱਕਦਾਰ ਹਨ। ਹਿੰਦੂ ਧਰਮ ਵਿਚ ਸਭ ਤੋਂ ਵੱਧ ਸੁਚਮ ਰਸੋਈ ਦੀ ਮੰਨੀ ਜਾਂਦੀ ਹੈ। ਇਸ ਕਿਸਮ ਦੀ ਸੁੱਚਮ ਬਾਰੇ ਗੁਰੂ ਨਾਨਕ ਦੇਵ ਜੀ ਨੇ ਕਿਹਾ ਹੈ, "ਦੇ ਕੇ ਚਉਕਾ ਕਢੀ ਕਾਰ॥ ਉਪਰਿ ਆਇ ਬੈਠੇ ਕੂੜਿਆਰ॥" (ਪੰਨਾ 472) ਲੰਗਰ ਦੀ ਸੰਸਥਾ ਗੁਰੂ ਨਾਨਕ ਵਲੋਂ ਦਿਤੇ ਬਰਾਬਰੀ ਦੇ ਸਿਧਾਂਤ ਦਾ ਅਮਲੀ ਪ੍ਰਗਟਾਵਾ ਹੈ ਜਿਸ ਵਿਚ ਰਮਾਕਾਂਤ ਤਿਵਾੜੀ ਨੂੰ ਲਸਣ ਅਤੇ ਪਿਆਜ ਸ਼ਾਕਾਹਾਰੀ ਭੋਜਨ ਨਹੀਂ ਜਾਪਦੇ। ਇਹ ਲੰਗਰ ਸਮੁੱਚੀ ਸੰਗਤਿ, ਹਰ ਮਾਈ ਭਾਈ ਵਾਸਤੇ ਤਿਆਰ ਕੀਤਾ ਜਾਂਦਾ ਹੈ, ਜੋ ਵੀ ਗੁਰੂ ਘਰ ਆਉਂਦਾ ਹੈ, ਕਿਸੇ ਖਾਸ ਭਾਈਚਾਰੇ ਜਾਂ ਫਿਰਕੇ ਵਾਸਤੇ ਨਹੀਂ। ਗੁਰੂ ਅਮਰਦਾਸ ਨੇ ਅਕਬਰ ਬਾਦਸ਼ਾਹ ਨੂੰ ਵੀ ਆਦੇਸ਼ ਕੀਤਾ ਸੀ ਕਿ ਪਹਿਲਾਂ ਪੰਗਤ ਵਿਚ ਬੈਠ ਕੇ ਗੁਰੂ ਦਾ ਲੰਗਰ ਛਕੇ ਅਤੇ ਬਾਦਸ਼ਾਹ ਨੇ ਇਵੇਂ ਹੀ ਕੀਤਾ। ਜਿਥੋਂ ਤੱਕ ਇਸ ਗੱਲ ਦਾ ਸਬੰਧ ਹੈ ਕਿ ਕੀ ਖਾਣਾ ਚਾਹੀਦਾ ਹੈ ਕੀ ਨਹੀਂ, ਗੁਰੂ ਸਾਹਿਬ ਦਾ ਫੁਰਮਾਨ ਹੈ। "ਬਾਬਾ ਸੋ ਖਾਣਾ ਖੁਸੀ ਖੁਆਰੁ॥ ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥ (ਪੰਨਾ 16)"। ਅਸਲੀਅਤ ਤਾਂ ਇਹ ਹੈ ਕਿ ਤਿਵਾੜੀ ਬ੍ਰਾਹਮਣ ਹੋਣ ਦੇ ਨਾਤੇ ਆਮ ਸੰਗਤਿ ਵਿਚ ਬੈਠ ਕੇ ਭਿੱਟ ਦੇ ਡਰੋਂ ਪ੍ਰਸ਼ਾਦਾ ਛਕਣਾ ਨਹੀਂ ਸੀ ਚਾਹੁੰਦਾ। ਜਿਥੋਂ ਤੱਕ ਅਜਾਇਬ ਘਰ ਦੇ ਨਾਂ ਅਤੇ ਉਸ ਵਿਚ ਸ਼ਹੀਦਾਂ ਦੀਆਂ ਫੋਟੋਆਂ ਲਾਉਣ ਦਾ ਤੁਅੱਲਕ ਹੈ ਇਹ ਸਿੱਖਾਂ ਦਾ ਅੰਦਰੂਨੀ ਮਾਮਲਾ ਹੈ। ਹਿੰਦੁਸਤਾਨ ਦੀ ਧਰਤੀ ਤੇ ਜਨਮੇ ਕੁਲ ਧਰਮਾਂ ਵਿਚੋਂ ਸਿਰਫ ਸਿੱਖ ਧਰਮ ਵਿਚ ਹੀ ਸ਼ਹਾਦਤ ਦਾ ਸੰਕਲਪ ਸਿਧਾਂਤਕ ਰੂਪ ਵਿਚ ਪ੍ਰਾਪਤ ਹੈ ਅਤੇ ਇਸ ਦਾ ਅਮਲੀ ਪ੍ਰਕਾਸ਼ਨ ਵੀ ਮੌਜੂਦ ਹੈ। ਜੋ ਵੀ ਧਰਮ ਲਈ ਆਪਣੀ ਜਾਨ ਵਾਰਦਾ ਹੈ ਉਹ ਕੌਮ ਦਾ ਸ਼ਹੀਦ ਹੈ। ਇਸ ਦਾ ਸਰਟੀਫਿਕੇਟ ਤਿਵਾੜੀ ਤੋਂ ਨਹੀਂ ਲਿਆ ਜਾਣਾ।

ਸਿੱਖ ਧਰਮ ਦੇ ਪੈਰੋਕਾਰ ਅੱਜ ਸਾਰੇ ਸੰਸਾਰ ਵਿਚ ਫੈਲੇ ਹੋਏ ਹਨ। ਇਤਿਹਾਸਕ ਤੌਰ 'ਤੇ ਬੇਸ਼ਕ ਸਿੱਖ ਧਰਮ ਸਿਰਫ ਸਾਢੇ ਪੰਜ ਸਦੀਆਂ ਪੁਰਾਣਾ ਹੈ ਪਰ ਇਸ ਦਾ ਸ਼ੁਮਾਰ ਅੱਜ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਹੁੰਦਾ ਹੈ। ਈਸਾ ਮਸੀਹ ਯਹੂਦੀਆਂ ਵਿਚੋਂ ਹੀ ਪੈਦਾ ਹੋਏ। ਦੋਹਾਂ ਧਰਮਾਂ ਦੇ ਧਰਮ ਗ੍ਰੰਥਾਂ ਨੂੰ ਵੀ ਓਲਡ ਟੈਸਟਾਮੈਂਟ (ਪੁਰਾਣਾ ਅਹਿਦ) ਅਤੇ ਨਿਊ ਟੈਸਟਾਮੈਂਟ (ਨਵਾਂ ਅਹਿਦ) ਕਿਹਾ ਜਾਂਦਾ ਹੈ। ਪਰ ਫਿਰ ਵੀ ਯਹੂਦੀ ਧਰਮ ਅਤੇ ਈਸਾਈ ਧਰਮ ਦੋ ਵੱਖਰੇ ਵੱਖਰੇ ਧਰਮ ਹਨ। ਹਜ਼ਰਤ ਮੁਹੰਮਦ ਸਾਹਿਬ ਨੇ ਆਪਣੇ ਤੋਂ ਪਹਿਲਾਂ ਹੋਏ ਇਲਹਾਮਾਂ ਅਤੇ ਪੈਗੰਬਰਾਂ ਦੀ ਗੱਲ ਕੀਤੀ ਹੈ ਪਰ ਇਸਲਾਮ ਇਨ੍ਹਾਂ ਦੋਹਾਂ ਧਰਮਾਂ ਤੋਂ ਵੱਖਰਾ ਧਰਮ ਹੈ। ਇਸੇ ਤਰ੍ਹਾਂ ਬੁੱਧ ਧਰਮ ਅਤੇ ਜੈਨ ਧਰਮ ਹਿੰਦੁਸਤਾਨ ਵਿਚ ਪੈਦਾ ਹੋਏ ਪਰ ਉਹ ਸੁਤੰਤਰ ਧਰਮ ਹਨ। ਦੋਵੇਂ ਧਰਮ ਹੀ ਵੇਦਾਂ ਨੂੰ ਨਹੀਂ ਮੰਨਦੇ। ਇਸੇ ਲਈ ਇਨ੍ਹਾਂ ਨੂੰ ਨਾਸਤਕ ਕਿਹਾ ਜਾਂਦਾ ਹੈ। ਇਨ੍ਹਾਂ ਦੋਹਾਂ ਧਰਮਾਂ ਨੂੰ ਵੀ ਹਿੰਦੂ ਧਰਮ ਦੀਆਂ ਸ਼ਾਖਾਂ ਦੱਸਣ ਦੀ ਕੋਸ਼ਿਸ਼ ਹੁੰਦੀ ਰਹੀ ਹੈ ਇਹ ਇਕ ਵੱਖਰਾ ਅਤੇ ਆਜ਼ਾਦ ਧਰਮ ਹੈ। ਇਸਦਾ ਧਰਮ ਗ੍ਰੰਥ, ਰਹਿਤ ਮਰਿਯਾਦਾ, ਧਾਰਮਿਕ ਸਥਾਨ ਵੱਖਰੇ ਹਨ, ਸਿੱਖ ਦੀ ਪਛਾਣ ਵੱਖਰੀ ਹੈ। ਸਿੱਖ ਧਰਮ ਵੇਦਾਂ, ਵਰਣ-ਆਸ਼ਰਮ ਧਰਮ, ਅਵਤਾਰਵਾਦ ਅਤੇ ਮੂਰਤੀ ਪੂਜਾ ਦੇ ਸਿਧਾਂਤਾਂ ਨੂੰ ਮੁੱਢੋਂ ਨਕਾਰਦਾ ਹੈ। ਸਿੱਖ ਧਰਮ ਵਿਚ ਸ਼ਹਾਦਤ ਦਾ ਸੰਕਲਪ ਅਤੇ ਪਰੰਪਰਾ ਪ੍ਰਾਪਤ ਹੈ ਜਦਕਿ ਹਿੰਦੂ ਧਰਮ 'ਚ "ਬਲੀ" ਦਾ। ਬਲੀ 'ਚ ਸਵੈ-ਇੱਛਾ ਸ਼ਾਮਲ ਨਹੀਂ ਹੁੰਦੀ ਜਦਕਿ ਸ਼ਹਾਦਤ ਸਵੈ-ਇੱਛਾ ਨਾਲ ਪ੍ਰਾਪਤ ਕੀਤੀ ਜਾਂਦੀ ਹੈ। ਹਿੰਦੂ ਧਰਮ ਜਨਮ ਤੋਂ ਹੈ ਜਦਕਿ ਕੋਈ ਵੀ ਇਨਸਾਨ ਭਾਵੇਂ ਉਹ ਕਿਸੇ ਕੌਮ, ਮੁਲਕ ਤੇ ਧਰਮ ਦਾ ਹੋਵੇ ਖੰਡੇ ਬਾਟੇ ਦੀ ਪਾਹੁਲ ਛਕ ਕੇ ਸਿੱਖ ਸਜ ਸਕਦਾ ਹੈ। ਮੰਦਰ ਵਿਚ ਹਰ ਕੋਈ ਨਹੀਂ ਜਾ ਸਕਦਾ। ਗੁਰੂ-ਘਰ ਦੇ ਦਰਵਾਜ਼ੇ ਸਰਬ ਲੋਕਾਈ ਲਈ ਖੁਲ੍ਹੇ ਹਨ, ਕੋਈ ਭਿੰਨ ਭੇਦ ਨਹੀਂ।

*ਸਾਬਕਾ ਮੁਖੀ,
ਗੁਰੂ ਗ੍ਰੰਥ ਸਾਹਿਬ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਕਹਾਣੀ



# ਕ੍ਰਾਂਤੀਕਾਰੀ

-ਸੁਰਿੰਦਰ ਨੀਰ

ਉਹ ਘਰ ਆ ਕੇ ਮਸਾਂ ਸੋਫੇ ਉਤੇ ਪਸਰਿਆ ਹੈ। ਬ੍ਰਾਊਨ ਕਲਰ ਦੇ ਬੂਟਾਂ ਸਮੇਤ ਉਸਨੇ ਲੱਤਾਂ ਸ਼ੀਸ਼ੇ ਦੇ ਟੇਬਲ ਉਤੇ ਪਸਾਰ ਲਈਆਂ ਹਨ। ਬੂਟਾਂ ਉਤੇ ਜੰਮੀ ਗਰਦ ਦੀ ਪਰਤ ਦੱਸ ਰਹੀ ਹੈ ਕਿ ਲੰਮੇ ਸਮੇਂ ਤੋਂ ਇਨ੍ਹਾਂ ਬੂਟਾਂ ਦੀ ਕੋਈ ਖੈਰ ਖੈਰੀਅਤ ਨਹੀਂ ਪੁੱਛੀ ਗਈ, ਨਾ ਝਾੜ ਪੂੰਝ ਤੇ ਨਾ ਹੀ ਪਾਲਿਸ਼ ਮੁਰੰਮਤ। ਚਮੜੇ ਦਾ ਰੰਗ ਵੀ ਸਾਹਮਣੇ ਨੋਕਾਂ ਉਤੋਂ ਬਦਰੰਗ ਜਿਹਾ ਹੋ ਗਿਆ ਹੋਇਆ ਹੈ।

ਮਸਾਂ ਹੀ ਜੇਬ 'ਚੋਂ ਬੋਤਲ ਕੱਢ ਕੇ ਉਸ ਨੇ ਟੇਬਲ 'ਤੇ ਰੱਖੀ ਹੀ ਸੀ ਕਿ ਜੇਬ ਵਿਚ ਪਿਆ ਮੋਬਾਈਲ ਵੱਜ ਉਠਿਆ।

''ਸੂਰਜ ਕੀ ਗਰਮੀ ਸੇ
ਤਪਤੇ ਹੁਏ ਤਨ ਕੋ ਮਿਲ ਜਾਏ
ਤਰਵਰ ਕੀ ਛਾਇਆ
ਐਸਾ ਹੀ ਸੁੱਖ ਮੇਰੇ ਮਨ ਕੋ ਮਿਲਾ ਹੈ।
ਮੈਂ ਜਬ ਸੇ ਸ਼ਰਨ ਤੇਰੀ ਆਇਆ...ਮੇਰੇ ਰਾਮ!''

ਮੋਬਾਈਲ ਦੀ ਖੂਬਸੂਰਤ ਧੁੰਨ ਵਾਤਾਵਰਨ ਦੀ ਖਾਮੋਸ਼ੀ ਨੂੰ ਤੋੜ ਦਿੰਦੀ ਹੈ।

ਉਸ ਨੇ ਜੇਬ 'ਚੋਂ ਮੋਬਾਇਲ ਕੱਢ ਕੇ ਹੱਥ ਵਿਚ ਕਦੀ ਸਿੱਧਾ, ਕਦੀ ਪੁੱਠਾ ਤੇ ਅਖੀਰ ਸਿੱਧਾ ਫੜਕੇ 'ਹੈਲੋ' ਕਿਹਾ ਹੈ। ਬੋਲਾਂ ਦੀ ਲੜਖੜਾਹਟ ਦਸ ਰਹੀ ਹੈ ਕਿ ਜਨਾਬ ਇਸ ਸਾਬਤ ਸਲਾਮਤ ਬੋਤਲ ਤੋਂ ਪਹਿਲਾਂ ਹੀ ਮੌਜੀ ਹੋ ਚੁੱਕੇ ਹਨ। ਸਾਹਮਣੇ ਪਈ ਬੋਤਲ ਤਾਂ ਜਿਵੇਂ ਆਨੰਦ ਪ੍ਰਾਪਤੀ ਲਈ ਹੈ।

''ਯਾਰ ਇਕ ਅਜੀਬ ਜਿਹੀ ਖਬਰ ਸੁਣੀ ਹੈ...'' ਉਧਰੋਂ ਕੋਈ ਬੋਲਦਾ ਹੈ।

''ਕੀ?'' ਲਮਕੀ ਹੋਈ ਆਵਾਜ਼ ਵਿਚ ਇਧਰੋਂ ਪੁੱਛਿਆ ਜਾਂਦਾ ਹੈ।

''ਯਾਰ ਅਯਾਜ਼ ਰਸੂਲ ਡਰਾਮਾ ਅਕੈਡਮੀ ਦਾ ਚੀਫ ਸੈਕਟਰੀ ਬਣ ਗਿਆ ਹੈ।''

''ਕੀ...?'' ਇਸ ਵਾਰ 'ਕੀ'? ਇੰਨਾ ਉਤੇਜਨਾ ਭਰਪੂਰ ਤੇ ਵਿਸਫੋਟਕ ਹੈ ਜਿਵੇਂ ਸ਼ੇਰ ਪੂਰੀ ਤਾਕਤ ਨਾਲ ਦਹਾੜ ਕੇ ਸਾਹਮਣੇ ਖੜ੍ਹੇ ਸ਼ਿਕਾਰ 'ਤੇ ਝਪਟ ਪਿਆ ਹੋਵੇ।

''ਸਕੱਤਰੇਤ ਤੋਂ ਹੁਣੇ ਮੈਨੂੰ ਅਪਡੇਟ ਮੈਸੇਜ ਮਿਲਿਆ ਹੈ। ਅੱਜ ਦੀ ਕੈਬਨਿਟ ਮੀਟਿੰਗ ਵਿਚ ਇਹੋ ਫੈਸਲਾ ਲਿਆ ਗਿਆ ਕਿ ਸੁਰੇਸ਼ ਸ਼ਰਮਾ ਨੂੰ ਸੈਕਟਰੀਸ਼ਿਪ ਦੀ ਹੋਰ ਐਕਸਟੈਨਸ਼ਨ ਨਹੀਂ ਮਿਲ ਸਕਦੀ। ਇਸ ਕਰਕੇ ਅਯਾਜ਼ ਰਸੂਲ ਨੂੰ ਉਸਦੀ ਜਗ੍ਹਾ ਡੈਪੂਟੇਸ਼ਨ 'ਤੇ ਲਗਾਇਆ ਜਾ ਰਿਹਾ।''

''ਪਰ ਉਸ ਸਾਲੇ...ਕੁੱਤੇ ਹਰਾਮੀ ਅਯਾਜ਼ ਰਸੂਲ ਦਾ ਨਾਂ ਕਿਸ ਨੇ ਰਿਕਮੈਂਡ ਕੀਤਾ?''

''ਮੈਂ ਸੁਣਿਆ ਕਿ ਮੁੱਖ ਮੰਤਰੀ ਆਪ ਉਸਦੇ ਕੰਮ ਦੇ ਪ੍ਰਸ਼ੰਸਕ ਹਨ। ਉਸਦੇ ਕਈ ਡਰਾਮਿਆਂ ਦੇ ਉਦਘਾਟਨ ਵੇਲੇ ਮੁੱਖ ਮੰਤਰੀ ਆਪ ਥੀਏਟਰ ਵਿਚ ਪੁੱਜੇ ਹਨ। ਜ਼ਾਹਿਰ ਹੈ ਕਿ ਉਸਦੇ ਨਾਂ ਦੀ ਰਿਕਮੈਨਡੇਸ਼ਨ ਨੂੰ ਉਹ ਪ੍ਰਾਥਮਿਕਤਾ ਦੇਂਦੇ।''

''ਕੀ ਇਹ ਪੱਕੀ ਖਬਰ ਹੈ?''

''ਬਿਲਕੁਲ ਪੱਕੀ... ''

''ਤਾਂ ਫਿਰ ਅੱਜ ਇਹ ਹਨੂਮਾਨ ਦਾ ਭਗਤ ਵੀ ਪ੍ਰਣ ਕਰਦਾ ਹੈ ਕਿ ਅੱਜ ਤੋਂ ਬਾਅਦ ਅਕੈਡਮੀ ਦੇ ਕਿਸੇ ਥੀਏਟਰ ਕੰਪੀਟੀਸ਼ਨ ਵਿਚ ਹਿੱਸਾ ਨਹੀਂ ਲਵੇਗਾ।''

''ਮਤਲਬ?''

ਮਤਲਬ ਇਹ ਕਿ ਹੁਣ ਮੈਂ ਆਪਣੇ ਆਪ ਨੂੰ ਅਕੈਡਮੀ ਦੀਆਂ ਤਮਾਮ ਜੰਜੀਰਾਂ ਤੋਂ ਮੁਕਤ ਕਰਦਾ ਹਾਂ ਤੇ ਅੱਜ ਤੋਂ ਬਾਅਦ ਮੈਂ ਸੁਤੰਤਰ ਥੀਏਟਰ ਕਰਾਂਗਾ। ਅੱਜ ਤੋਂ ਬਾਅਦ ਮੇਰੇ ਅੰਦਰਲੀ ਆਜ਼ਾਦ ਰੂਹ ਪੂਰੀ ਆਜ਼ਾਦੀ ਨਾਲ ਕੰਮ ਕਰੇਗੀ। ਆਪਣੀ ਮਰਜ਼ੀ ਦਾ ਕੰਮ...ਸਾਲਾ ਕੋਈ ਅਯਾਜ਼ ਰਸੂਲ ਹਿੰਮਤ ਨਹੀਂ ਕਰੇਗਾ ਮੇਰੇ ਕੰਮ ਉਤੇ ਕਿੰਤੂ ਪਰੰਤੂ ਕਰਨ ਦੀ। ਅੱਜ ਸਾਡੀ ਆਜ਼ਾਦੀ ਦਾ ਦਿਨ ਹੈ...ਹਾ...ਹਾ...''

ਉਸਦੇ ਹਾ...ਹਾ...ਕਰਨ ਤੱਕ ਫੋਨ ਕੱਟਿਆ ਗਿਆ ਸੀ।

ਅਯਾਜ਼ ਰਸੂਲ ਡਰਾਮਾ ਅਕੈਡਮੀ ਦੀ ਚੀਫ ਸੈਕਟਰੀ? ਤਾਂ ਕੀ ਹੁਣ ਉਸਨੂੰ ਅਯਾਜ਼ ਰਸੂਲ ਅੱਗੇ ਜਾ ਕੇ ਆਪਣੇ ਡਰਾਮੇ ਲਈ ਪਰਮੀਸ਼ਨ ਮੰਗਣੀ ਪਵੇਗੀ? ਅਫਸਰ ਦੀ ਕੁਰਸੀ ਉਤੇ ਬੈਠਾ ਅਯਾਜ਼ ਰਸੂਲ ਆਪਣੇ ਸਾਹਮਣੇ ਕੁਰਸੀ ਉਤੇ ਬੈਠੇ ਮਹਾਨ ਨਾਟਕਕਾਰ ਮਿਸਟਰ ਵਿਸ਼ਨੂੰ ਸ਼ਰਮਾ ਨੂੰ ਦੀਨ ਹੀਣ ਜਹੀ ਦ੍ਰਿਸ਼ਟੀ ਨਾਲ ਦੇਖ ਕੇ ਆਖੇਗਾ ''ਤੁਹਾਡਾ ਨਾਟਕ ਸਰਕਾਰੀ ਨੀਤੀਆਂ ਦੀ ਉਲੰਘਣਾ ਕਰਦਾ ਹੈ....ਇਸ ਕਰਕੇ ਇਸਨੂੰ ਕੰਪੀਟੀਸ਼ਨ ਵਿਚ ਖੇਡੇ ਜਾਣ ਦੀ ਅਨੁਮਤੀ ਨਹੀਂ ਮਿਲ ਸਕਦੀ?''

ਮਨ ਹੀ ਮਨ ਉਹ ਸੱਚਮੁੱਚ ਕਲਪਨਾ ਕਰਨ ਲੱਗ ਪੈਂਦਾ ਹੈ। ਅਯਾਜ਼ ਰਸੂਲ ਉਸੇ ਤਰ੍ਹਾਂ ਕੁਰਸੀ ਉਤੇ ਝੂਟੇ ਖਾ ਰਿਹਾ ਹੈ। ਜਿਵੇਂ ਉਹ ਸੋਚ ਰਿਹਾ ਹੈ ਵਿਸ਼ਨੂੰ ਸ਼ਰਮਾ ਬਿਨਾ ਰੋਕ ਟੋਕ ਸਿੱਧਾ ਉਸਦੇ ਕਮਰੇ ਵਿਚ ਜਾ ਕੇ ਉਸਦੇ ਸਾਹਮਣੇ ਪਈ ਕੁਰਸੀ ਉਤੇ ਬੈਠ ਜਾਂਦਾ ਹੈ, ਪੂਰੇ ਅਧਿਕਾਰ ਨਾਲ।

ਅਧਿਕਾਰ ਨਾਲ ਉਹ ਕਿਉਂ ਨਾ ਬੈਠੇ? ਇਹ ਵਿਸ਼ਨੂੰ ਸ਼ਰਮਾ ਹੀ ਹੈ ਜਿਸਨੇ ਇਕ ਜ਼ਮਾਨੇ ਵਿਚ ਅਯਾਜ਼ ਰਸੂਲ ਜਿਹੇ 'ਨੌ ਸਿਖੀਏ' ਨੂੰ ਆਪਣੇ ਨਾਟਕ ਵਿਚ ਨਿੱਕੇ ਨਿੱਕੇ ਰੋਲ ਦੇ ਕੇ ਵੱਡਾ ਕਲਾਕਾਰ ਬਣਾਇਆ। ਵੱਡਾ ਕਲਾਕਾਰ ਤਾਂ ਉਹ ਖੈਰ ਉਸਨੂੰ ਅੱਜ ਵੀ ਨਹੀਂ ਮੰਨਦਾ ਪਰ ਦੁਨੀਆਂ ਇੰਜ ਹੀ ਮੰਨਦੀ ਹੈ। ਖਾਸ ਤੌਰ 'ਤੇ ਇਸ ਛੋਟੇ ਸ਼ਹਿਰ ਦੇ ਪੜ੍ਹਛੇ ਲੋਕ।

ਉਦੋਂ ਅਯਾਜ਼ ਰਸੂਲ ਕਾਲਜ ਪੜ੍ਹਦਾ ਹੁੰਦਾ ਸੀ। ਵਿਸ਼ਨੂੰ ਸ਼ਰਮਾ ਦੇ ਨਾਟਕਾਂ ਦੀ ਧੁੰਮ ਮਚਦੀ ਸੀ। ਖਾਸ ਤੌਰ 'ਤੇ ਨੌਜਵਾਨ ਤਬਕੇ ਵਿਚ ਉਸਦੇ ਨਾਟਕ ਬਹੁਤ ਲੋਕਪ੍ਰਿਯ ਸਨ। ਅੱਗ ਨਹੀਂ ਸਗੋਂ ਭਾਂਬੜ ਮਚਾ ਦੇਂਦੇ ਸਨ, ਇਸਦੇ ਨਾਟਕ। ਯੂਨੀਵਰਸਿਟੀ ਆਡੀਟੋਰੀਅਮ ਵਿਚ ਤਾਂ ਵਿਦਿਆਰਥੀ ਖਾਸ ਤੌਰ 'ਤੇ ਇਸਦੇ ਨਾਟਕ ਵੀ.ਸੀ. ਤੋਂ ਪ੍ਰਮੀਸ਼ਨ ਲੈ ਕੇ ਮੰਚਨ ਕਰਵਾਉਂਦੇ। ਵਿਚਾਰ ਉਤੇਜਕ, ਰਾਜਸੀ ਤੇ ਸਮਾਜਕ ਕਦਰ ਪ੍ਰਬੰਧਾਂ ਵਿਰੁਧ ਪ੍ਰਚਮ ਲਹਿਰਾਉਣ ਦੇ ਜੋਸ਼ ਨੂੰ ਹਵਾ ਦਿੰਦੇ ਨਾਟਕ। ਵਿਸ਼ਨੂੰ ਸ਼ਰਮਾ ਨੌਜਵਾਨ ਵਿਦਿਆਰਥੀਆਂ ਲਈ ਸਟਾਰ ਆਈਕਾਨ ਸੀ। ਕਾਲਜਾਂ ਯੂਨੀਵਰਸਿਟੀਆਂ ਦੇ ਵਿਦਿਆਰਥੀ ਛੁੱਟੀਆਂ ਦੇ ਦਿਨਾਂ ਵਿਚ ਪਹਾੜਾਂ ਦੀ ਸੈਰ, ਟ੍ਰੈਕਿੰਗਜ਼ਾਂ ਕੁਦਰਤੀ ਨਜ਼ਾਰੇ ਲੁੱਟਣ ਦੀ ਥਾਂ ਵਿਸ਼ਨੂੰ ਸ਼ਰਮਾ ਦੀ ਥੀਏਟਰ ਵਰਕਸ਼ਾਪ ਵਿਚ ਵਕਤ ਬਿਤਾਂਦੇ। ਇਕ ਲਹਿਰ ਸੀ ਵਿਚਾਰਾਂ ਦੀ। ਅਰਾਜਿਕਤਾ ਵਿਰੁਧ ਰੋਸ ਪ੍ਰਗਟ ਕਰਨ ਦੀ ਤੇ ਇਹ ਵਰਕਸ਼ਾਪਾਂ ਨੌਜਵਾਨਾਂ ਨੂੰ ਭਵਿੱਖ ਵਿਚ ਸਮਾਜਿਕ ਪ੍ਰਬੰਧ ਵਿਰੁਧ ਰੋਸ ਪ੍ਰਗਟਾਉਣ ਤੇ ਇਨ੍ਹਾਂ ਨੂੰ ਬਦਲਣ ਦੀ ਹਿੰਮਤ ਦੇਣ ਲਈ ਸੱਚਮੁਚ ਹੀ ਵਿਦਿਆਲਯ ਦਾ ਕੰਮ ਕਰਦੀਆਂ ਸਨ।

ਅਯਾਜ਼ ਰਸੂਲ ਵੀ ਉਨ੍ਹਾਂ ਦਿਨਾਂ 'ਚ ਕਾਲਜ ਦਾ ਵਿਦਿਆਰਥੀ ਸੀ, ਜਦ ਉਸ ਨੇ ਵਿਸ਼ਨੂੰ ਸ਼ਰਮਾ ਦਾ ਥੀਏਟਰ ਗਰੁਪ ਜੁਆਇਨ ਕੀਤਾ ਸੀ ਤੇ ਨਿੱਕੇ ਨਿੱਕੇ ਕਿਰਦਾਰ ਨਿਭਾਉਂਦੇ-ਨਿਭਾਉਂਦੇ ਸੰਜੀਦਾ ਐਕਟਰ ਬਣਕੇ ਥੀਏਟਰ ਕੰਪੀਟੀਸ਼ਨ 'ਚੋਂ ਪਹਿਲਾਂ ਇਨਾਮ ਜਿੱਤਣ ਵਾਲਾ ਮੁੱਖ ਨਾਇਕ ਬਣਨਾ ਸ਼ੁਰੂ ਹੋ ਗਿਆ ਸੀ। ਕਈ ਵਾਰ ਤਾਂ ਲਗਾਤਾਰ ਕਿੰਨੇ ਕਿੰਨੇ ਸਾਲ ਉਹੀ ਇਨਾਮ ਜਿੱਤਦਾ ਰਹਿੰਦਾ।

ਵਿਸ਼ਨੂੰ ਸ਼ਰਮਾ ਨੂੰ ਆਪਣੇ ਉਤੇ ਮਾਣ ਹੁੰਦਾ ਕਿ ਆਖਰ ਇਸ ਹੀਰੇ ਨੂੰ ਤਲਾਸ਼ਣ ਤੇ ਤਰਾਸ਼ਣ ਵਾਲਾ ਜੌਹਰੀ ਉਹੋ ਤਾਂ ਹੈ। ਪਰ ਇਸ ਜੌਹਰੀ ਨੂੰ ਪਤਾ ਹੀ ਨਾ ਲੱਗਾ ਕਿ ਉਸਦੇ ਆਪਣੇ ਹੱਥੀਂ ਤਰਾਸ਼ਿਆ, ਚਮਕਾਇਆ ਹੀਰਾ ਕਦੋਂ ਉਸਦੇ ਹੱਥਾਂ ਵਿਚੋਂ ਨਿਕਲ ਕੇ ਖੁਦ ਆਪ ਆਪਣੀ ਵੁੱਕਤ ਤੇ ਕੀਮਤ ਪਰਖਣ ਲਈ ਬਾਜ਼ਾਰ ਵਿਚ ਜਾ ਬੈਠਾ।

ਅਯਾਜ਼ ਰਸੂਲ ਨੇ ਆਪਣਾ ਨਵਾਂ ਥੀਏਟਰ ਗਰੁਪ ਬਣਾ ਲਿਆ। ਵਿਸ਼ਨੂੰ ਸ਼ਰਮਾ ਜਿੱਥੇ ਹਮੇਸ਼ਾ ਆਪਣੇ ਲਿਖੇ ਹੋਏ ਨਾਟਕ ਮੰਚਨ ਕਰਦਾ ਸੀ, ਉਤੇ ਅਯਾਜ਼ ਰਸੂਲ ਵਿਸ਼ਵ ਦੇ ਸਾਰੇ ਕਲਾਸੀਕਲ ਤੇ ਪਾਪੂਲਰ ਨਾਟਕ ਪੜ੍ਹਦਾ ਉਨ੍ਹਾਂ ਨੂੰ ਆਪਣੇ ਵਲੋਂ ਸਰਲ ਭਾਸ਼ਾ ਵਿਚ ਰੂਪਾਂਤਰ ਕਰਕੇ ਮੰਚਨ ਕਰਦਾ। ਉਹ ਥੋੜ੍ਹੇ ਜਿਹੇ ਸਮੇਂ ਵਿਚ ਹੀ ਦਰਸ਼ਕਾਂ ਨੂੰ ਏਨਾ ਕੁਝ ਨਵਾਂ ਦੇਣ ਲੱਗ ਪਿਆ ਕਿ ਉਸ ਦੇ ਹਰ ਨਾਟਕ ਦੀ ਉਡੀਕ ਰਹਿਣ ਲੱਗ ਪਈ। ਲੋਕੀਂ ਨਾਟਕ ਦੇਖਣ ਲਈ ਤਰਲੋ-ਮੱਛੀ ਹੋਣ ਲੱਗਦੇ।

ਅਯਾਜ਼ ਰਸੂਲ ਦਾ ਪਲੜਾ ਉਪਰ ਵਲ ਜਾ ਰਿਹਾ ਸੀ ਤੇ ਵਿਸ਼ਨੂੰ ਸ਼ਰਮਾ ਦਾ ਪਲੜਾ ਪਹਿਲਾਂ ਇਕ ਹੀ ਥਾਂ ਰੁਕਿਆ ਰਿਹਾ ਫਿਰ ਹੌਲੀ ਹੌਲੀ ਹੇਠਾਂ ਆਉਂਦਾ ਗਿਆ। ਅਯਾਜ਼ ਰਸੂਲ ਨਾਟਕਾਂ ਵਿਚ ਨਵੇਂ ਤੋਂ ਨਵੇਂ ਪ੍ਰਯੋਗ ਕਰਦਾ ਤੇ ਦਰਸ਼ਕ ਉਨ੍ਹਾਂ ਨਾਟਕਾਂ ਨੂੰ ਹੱਥੋ ਹੱਥ ਲੈਂਦੇ। ਉਸਨੇ ਆਪਣੀ ਪੜ੍ਹਾਈ ਵੀ ਜਾਰੀ ਰੱਖਦਿਆਂ ਕੇ.ਏ.ਐਸ. ਐਗਜ਼ਾਮ ਪਾਸ ਕਰ ਲਿਆ ਤੇ ਅੱਜ ਉਸੇ ਡਿਗਰੀ ਦੇ ਬਲਬੂਤੇ ਡਰਾਮਾ ਅਕੈਡਮੀ ਦਾ ਚੀਫ ਸੈਕਟਰੀ ਬਣ ਕੇ ਅਦਾਰੇ ਦੀ ਸਭ ਤੋਂ ਉੱਚੀ ਕੁਰਸੀ ਉਤੇ ਆ ਬੈਠਾ ਸੀ।

ਸਾਰੀਆਂ ਗੱਲਾਂ ਯਾਦ ਆਉਂਦਿਆਂ ਹੀ ਵਿਸ਼ਨੂੰ ਸ਼ਰਮਾ ਦਾ ਮਨ ਕੀਤਾ ਸਾਹਮਣੇ ਪਿਆ ਗਿਲਾਸ ਬਿਨਾ ਪਾਣੀ ਜਾਂ ਸੋਢਾ ਮਿਲਾਇਆਂ ਨੀਟ ਹੀ ਡੀਕ ਲਵੇ। ਘਟੋ ਘਟ ਸਾਲਾ ਪਤਾ ਤਾਂ ਲੱਗੇ ਕਿ ਅੰਦਰਲੀ ਅੱਗ ਨੂੰ ਕੱਟਣ ਲਈ ਕੋਈ ਹੋਰ ਅੱਗ ਵੀ ਹੋ ਸਕਦੀ ਹੈ। ਅੱਗ ਬੁਝਾਉਣ ਲਈ ਅੱਗ ਦਾ ਪ੍ਰਯੋਗ। ਕਿਆ ਬਾਤ ਹੈ। ਤੇ ਉਸਨੇ ਸੱਚਮੁੱਚ ਹੀ ਉਹ ਪੈਗ ਨੀਟ ਹੀ ਚੜ੍ਹਾ ਲਿਆ।

ਗਿਲਾਸ ਦੇ ਪਾਰ ਉਸਨੂੰ ਅਯਾਜ਼ ਰਸੂਲ ਬੈਠਾ ਮੁਸਕਰਾਉਂਦਾ ਪ੍ਰਤੀਤ ਹੁੰਦਾ 'ਸਾਲਿਆ...ਕੁੱਤਿਆ....ਮੇਰੇ ਸਾਹਮਣੇ ਬੈਠ ਕੇ ਮੇਰੇ 'ਤੇ ਹੀ ਹੱਸ ਰਿਹੈਂ...ਦੋ ਕੌਡੀ ਦਾ ਘਟੀਆ ਇਨਸਾਨ...ਲਿਲਕੜੀਆਂ ਲੈਂਦਾ ਹੁੰਦਾ ਸੈਂ ਮੇਰੇ ਅੱਗੇ ਪਿੱਛੇ 'ਸਰ ਜੀ ਮੈਨੂੰ ਆਪਣੇ ਨਾਟਕ ਵਿਚ ਕੋਈ ਰੋਲ ਦੇ ਦੇਵੋ'... ਤੇ ਅੱਜ ਡਰਾਮਾ ਅਕੈਡਮੀ ਦਾ ਸੈਕਟਰੀ ਬਣ ਕੇ ਮੇਰੇ ਉਤੇ ਹੱਸ ਰਿਹਾ ਹੈਂ...ਹਰਾਮੀ ਸੂਰ...'' ਪਤਾ ਨਹੀਂ ਕਿਸਨੂੰ ਖਲਾਅ ਵਿਚ ਘੂਰਦਾ ਹੋਇਆ ਉਹ ਦੰਦ ਪੀਸਦਾ ਹੈ ਤੇ ਉਸਨੇ ਦੂਜਾ ਪੈਗ ਪਾ ਲਿਆ।

ਘਰ ਸੁੰਨਸਾਨ ਪਿਆ ਹੋਇਆ ਹੈ। ਪਤਨੀ ਸ਼ਾਮ ਦੇ ਇਸ ਵੇਲੇ ਪੜੋਸ ਦੇ ਮੰਦਰ ਵਿਚ 'ਓਮ ਜਯ ਜਗਦੀਸ਼ ਹਰੇ' ਕਰਨ ਗਈ ਹੁੰਦੀ ਹੈ। ਉਸਨੂੰ ਪਤਾ ਹੈ ਕਿ ਪਤਨੀ ਨੇ ਕਿੰਨੇ ਵਜੇ ਘਰ ਮੁੜਨਾ ਹੈ। ਬਥੇਰੀ ਵਾਰੀ ਉਹ ਪਤਨੀ ਨੂੰ ਸਮਝਾ ਚੁੱਕਾ ਹੈ ਕਿ ਮੰਦਰ ਵਿਚਲੀਆਂ ਇਹ ਪੱਥਰ ਦੀਆਂ ਮੂਰਤੀਆਂ ਕੋਈ ਭਗਵਾਨ-ਸ਼ਗਵਾਨ ਨਹੀਂ। ਇਹ ਅਸੀਂ ਆਪ ਹੀ ਤਰਾਸ਼ਦੇ, ਸਜਾਂਦੇ, ਸੰਵਾਰਦੇ ਤੇ ਆਸਣ ਉਤੇ ਸਥਾਪਿਤ ਕਰ ਦੇਂਦੇ ਹਾਂ। ਤੇ ਫਿਰ ਆਪ ਹੀ ਉਨ੍ਹਾਂ ਨੂੰ ਪੂਜਦੇ ਪੂਜਦੇ, ਉਨ੍ਹਾਂ ਨੂੰ ਸਰਬ ਸ਼ਕਤੀਮਾਨ ਬਣਾ ਦੇਂਦੇ ਹਾਂ ਤੇ ਫਿਰ ਉਨ੍ਹਾਂ ਦੀਆਂ ਹੀ ਸ਼ਕਤੀਆਂ ਤੋਂ ਆਤੰਕਿਤ ਰਹਿਣ ਲੱਗ ਪੈਂਦੇ ਹਾਂ। ਭਗਵਾਨ ਨੂੰ ਅਸੀਂ ਦਿਆਲੂ ਕਿਰਪਾਲੂ ਨਹੀਂ ਸਗੋਂ ਆਤੰਕਵਾਦੀ ਸਮਝ ਕੇ ਉਸਤੋਂ ਆਤੰਕਿਤ ਰਹਿਣ ਲੱਗ ਪੈਂਦੇ ਹਾਂ। ਉਸ ਅੱਗੇ ਰਹਿਮ ਦੀ ਭੀਖ ਮੰਗਦੇ ਗਿੜਗਿੜਾਉਂਦੇ ਰਹਿੰਦੇ ਹਾਂ। ਪਤਨੀ ਉਸ ਦੀਆਂ ਗੱਲਾਂ ਵਲ ਕਦੀ ਕੋਈ ਧਿਆਨ ਨਹੀਂ ਦੇਂਦੀ। ਪਤਨੀ ਦਰਅਸਲ ਜਾਣਦੀ ਹੈ ਕਿ ਫਲਸਫੇ ਵਰਗੀਆਂ ਗੱਲਾਂ ਕਰਨ ਵਾਲਾ ਇਹ ਵਿਅਕਤੀ ਆਪ ਵੀ ਕਿਸੇ ਆਤੰਕਵਾਦੀ ਤੋਂ ਘੱਟ ਨਹੀਂ, ਕਿਉਂਕਿ ਉਸ ਨੂੰ ਘਰ ਦੀ ਮਰਿਯਾਦਾ ਤੇ ਸ਼ਾਂਤੀ ਭੰਗ ਹੋਣਾ ਪਸੰਦ ਨਹੀਂ ਤੇ ਇਹ ਬੰਦਾ ਜਿਹੜਾ ਆਪਣੇ ਆਪ ਨੂੰ ਅਸਾਧਾਰਨ ਪ੍ਰਤਿਭਾਸ਼ਾਲੀ ਮਨੁੱਖ ਸਮਝਦਾ ਹੈ, ਉਹ ਦੇਸੀ ਜਾਂ ਅੰਗਰੇਜ਼ੀ ਦੇ ਸਿਰਫ ਇਕ ਪਊਏ ਦਾ ਹੀ ਮੁਹਤਾਜ ਹੁੰਦਾ ਹੈ। ਜਦ ਪਊਆ ਉਸਦੇ ਸਿਰ ਨੂੰ ਚੜ੍ਹ ਜਾਂਦਾ ਹੈ ਤੇ ਫਿਰ ਉਹ ਖੁਦ ਕਿਸੇ ਆਤੰਕਵਾਦੀ ਤੋਂ ਘੱਟ ਨਹੀਂ ਹੁੰਦਾ।

ਪਤਨੀ ਅਜੇ ਵੀ ਮੰਦਰ ਵਿਚ ਘੰਟੀਆਂ ਵਜਾ ਰਹੀ ਹੋਵੇਗੀ। ਦੂਜਾ ਪੈਗ ਉਸਦੇ ਸਾਹਮਣੇ ਪਿਆ ਹੋਇਆ ਹੈ ਪਰ ਇਸ ਵਾਰ ਜੋਸ਼ ਵਿਚ ਆ ਕੇ ਨੀਟ ਪੀਣ ਦੀ ਉਹ ਹਿੰਮਤ ਨਹੀਂ ਕਰ ਪਾ ਰਿਹਾ। ਉੱਠ ਕੇ ਫਰਿਜ ਵਿਚੋਂ ਪਾਣੀ ਲੈਣ ਬਾਰੇ ਸੋਚਦਾ ਹੈ। ਬੇਧਿਆਨੇ ਹੀ ਪਤਨੀ ਨੂੰ ਆਵਾਜ਼ ਮਾਰ ਬੈਠਦਾ ਹੈ, ਪਰ ਆਵਾਜ਼ ਦਾ ਕੋਈ ਪਰਤਵੇਂ ਨਾ ਸੁਣ ਉਸਨੂੰ ਆਪਣੀ ਗਲਤੀ ਦਾ ਅਹਿਸਾਸ ਹੁੰਦਾ ਹੈ। ਜੀਅ ਕਰਦਾ ਹੈ ਮੰਦਰ ਜਾ ਕੇ ਪਤਨੀ ਨੂੰ ਗੁੱਤੋਂ ਫੜ ਕੇ ਘਰ ਲਿਆਏ ਤੇ ਉਸਨੂੰ ਪੁੱਛੇ ਕਿ ਜੇ ਤੂੰ ਪਤੀ ਨੂੰ ਖੁਸ਼ ਨਹੀਂ ਰੱਖ ਸਕਦੀ ਤਾਂ ਉਸ ਪੱਥਰ ਦੀ ਮੂਰਤ ਨੂੰ ਖੁਸ਼ ਰੱਖ ਕੇ ਤੈਨੂੰ ਕਿਹੜਾ ਸੁਰਗ ਮਿਲ ਜਾਏਗਾ?

ਅੱਜ ਪਤਨੀ ਆਵੇ ਤਾਂ ਉਸਨੂੰ ਜ਼ਰਾ ਸਿੱਧਾ ਕਰੇਗਾ ਉਹ। ਉੱਠ ਕੇ ਫਰਿਜ਼ 'ਚੋਂ ਪਾਣੀ ਦੀ ਬੋਤਲ ਕੱਢਣ ਜਾਂਦਾ ਹੈ। ਪਰ ਫਰਿਜ ਵਿਚ ਲੱਗੀਆਂ ਬੋਤਲਾਂ ਤਾਂ ਤੱਤੀਆਂ ਜਾਪ ਰਹੀਆਂ ਨੇ। ਠੰਡੀਆਂ ਹੋਈਆਂ ਹੀ ਨਹੀਂ। ਫਰੀਜ਼ਰ ਵੀ ਖਾਲੀ ਪਿਆ ਹੋਇਆ। ਇਕ ਦੋ ਚੀਜ਼ਾਂ ਮੁਸ਼ਕ ਮਾਰ ਰਹੀਆਂ ਹਨ। ਇਹ ਮੁਸ਼ਕ ਉਸਦੇ ਦਿਮਾਗ ਨੂੰ ਚੜ੍ਹ ਜਾਂਦੀ ਹੈ ਤੇ ਗੁੱਸੇ ਵਿਚ ਆ ਕੇ ਉਹ ਫਰਿਜ ਨੂੰ ਦੋਹਾਂ ਹੱਥਾਂ ਨਾਲ ਪਰੇ ਵਗਾਹ ਮਾਰਦਾ ਹੈ। ਇਸਨੂੰ ਯਾਦ ਨਹੀਂ ਕਿ ਦੋ ਦਿਨ ਪਹਿਲਾਂ ਪਤਨੀ ਨੇ ਦੱਸਿਆ ਸੀ ਕਿ ਫਰਿਜ ਚੱਲ ਨਹੀਂ ਰਿਹਾ। ਠੀਕ ਕਰਾਣਾ ਪਵੇਗਾ। ਪਰ ਉਸਦੇ ਜ਼ਿਹਨ 'ਚੋਂ ਨਿਕਲ ਚੁੱਕਾ ਹੈ।

ਲਾਵਾਰਿਸ ਜਿਹੇ ਫਰਿਜ 'ਚੋਂ ਸਾਰਾ ਸਾਮਾਨ ਫਰਸ਼ 'ਤੇ ਇੱਧਰ ਉੱਧਰ ਬਿਖਰ ਜਾਂਦਾ ਹੈ। ਢੱਕਣ ਉਖੜ ਕੇ ਦਰਵਾਜ਼ੇ ਨਾਲ ਜਾ ਵੱਜਦਾ ਹੈ। ਅੰਦਰਲੀਆਂ ਕੱਚ ਦੀਆਂ ਟ੍ਰੇਆਂ ਟੁੱਟ ਕੇ ਚੂਰ ਚੂਰ ਹੋ ਗਈਆਂ ਨੇ। ਉਹ ਬਾਲਟੀ 'ਚੋਂ ਪਾਣੀ ਲੈ ਕੇ ਫਿਰ ਬੈਠ ਗਿਆ ਹੈ। ਪਤਨੀ ਹੱਥ ਵਿਚ ਪ੍ਰਸ਼ਾਦ ਲੈ ਕੇ ਓਮ...ਓਮ...ਸ਼ਾਂਤੀ...ਸ਼ਾਂਤੀ ਕਰਦੀ ਅੰਦਰ ਵੜੀ ਹੈ। ਪਰ ਅੰਦਰ ਦੀ ਅਸ਼ਾਂਤੀ ਵੇਖ ਉਹ ਕੰਬ ਜਾਂਦੀ ਹੈ। ਜਿੱਥੇ ਖੜ੍ਹੀ ਹੈ ਉਤੇ ਹੀ ਖੜ੍ਹੀ ਰਹਿ ਜਾਂਦੀ ਹੈ।

ਉਹ ਲਾਲ ਸੂਹੀਆਂ ਅੱਖਾਂ ਚੁੱਕ ਉਸ ਵਲ ਸ਼ਿਕਾਰੀ ਕੁੱਤੇ ਵਾਂਗ ਵੇਖਦਾ ਹੈ। ਉਹ ਕੰਬ ਉਠਦੀ ਹੈ। ਪਤੀ ਝਟਕੇ ਨਾਲ ਉੱਠ ਉਸਦੀ ਬਾਂਹ ਫੜ ਕੇ ਕਮਰੇ ਅੰਦਰ ਖਿੱਚ ਕੇ ਲੈ ਜਾਂਦਾ ਹੈ।

''ਚੱਲ...ਤੂੰ ਆਪਣੇ ਭਗਵਾਨ ਨੂੰ ਖੁਸ਼ ਕਰ ਆਈ ਹੈਂ ਨਾ? ਹੁਣ ਮੈਨੂੰ ਖੁਸ਼ ਕਰ..'' ਤੇ ਉਹ ਵਹਿਸ਼ੀਆਂ ਵਾਂਗ ਉਸਦੇ ਕੱਪੜੇ ਨੋਚਣ ਖਸੋਟਣ ਤੇ ਉਸਨੂੰ ਪਟਕ ਪਟਕ ਕੇ ਸਿੱਧਾ ਪੁੱਠਾ ਕਰਨ ਵਿਚ ਅੰਦਰਲੀ ਸਾਰੀ ਅੱਗ ਖਰਚ ਕਰਨ ਲੱਗ ਪੈਂਦਾ ਹੈ। ਪਤਨੀ ਦੇ ਹੱਥਾਂ ਵਿਚ ਫੜਿਆ ਪ੍ਰਸ਼ਾਦ ਫਰਸ਼ 'ਤੇ ਡਿੱਗ ਪੈਰਾਂ ਹੇਠ ਮਿਧਿਆ ਗਿਆ ਹੈ। ਠੰਡਾ ਹੋ ਕੇ ਉਹ ਕੁਝ ਦੇਰ ਅਸਥ ਵਿਅਸਥ ਪਈ ਪਤਨੀ ਨੂੰ ਖੂੰਖਾਰ ਭੇੜੀਏ ਵਾਂਗ ਵੇਖਦਾ ਹੈ। ਫਿਰ ਉਸਦੀ ਬਾਂਹ ਫੜ ਉਸਨੂੰ ਖਿੱਚ ਕੇ ਖੜ੍ਹਾ ਕਰਦਾ ਹੈ। ''ਪਤੀ ਤੈਨੂੰ 'ਇਹ ਸਭ ਕੁਝ' ਦੇਂਦਾ ਹੈ। ਉਹ ਸਾਲਾ ਭਗਵਾਨ ਤੈਨੂੰ ਕੀ ਦੇਂਦਾ ਹੈ?''

''ਮੌਤ...ਮੈਂ ਉਸਤੋਂ ਆਪਣੀ ਮੌਤ ਮੰਗਦੀ ਹਾਂ।''

''ਉਹ ਵੀ ਤੈਨੂੰ ਮੈਂ ਹੀ ਦਵਾਂਗਾ...।'' ਆਖਦਿਆਂ ਉਹ ਫਰਿਜ ਵਾਂਗ ਹੀ ਪਤਨੀ ਨੂੰ ਵੀ ਧੱਕਾ ਦੇ ਕੇ ਫਰਸ਼ ਉਤੇ ਸੁੱਟ ਦੇਂਦਾ ਹੈ।

''ਜੇ ਤੂੰ ਮੇਰੇ ਕੰਮ ਨਹੀਂ ਆਉਂਦੀ ਤਾਂ ਤੂੰ ਵੀ ਇਕ ਫਰਿਜ ਹੀ ਹੈਂ...ਬੇਕਾਰ...ਸੜ੍ਹਾਂਦ ਮਾਰਨ ਵਾਲੀ...ਫਜ਼ੂਲ ਚੀਜ਼...ਕਬਾੜੀਆਂ ਕੋਲ ਦੋ ਕੌਡੀਆਂ 'ਚ ਵੇਚਣ ਵਾਲੀ ਬੇਕਾਰ ਚੀਜ਼...ਫਰਿਜ ਤੇ ਫਿਰ ਵੀ ਕੋਈ ਖਰੀਦ ਲਵੇਗਾ, ਪਰ ਤੈਨੂੰ ਕੌਣ ਖਰੀਦੇਗਾ? ਤੂੰ ਉਮਰ ਭਰ ਘੰਟੀਆਂ ਹੀ ਖੜਕਾਉਣੀਆਂ ਹਨ...ਕਦੀ ਉਸ ਭਗਵਾਨ ਦੀਆਂ ਤੇ ਕਦੀ ਇਸ ਭਗਵਾਨ ਦੀਆਂ..''। 'ਇਸ' ਉਹ ਆਪਣੇ ਵਲ ਇਸ਼ਾਰਾ ਕਰਕੇ ਆਖਦਾ ਹੈ। ਪਤਨੀ ਬੇਆਵਾਜ਼ ਫਰਸ਼ ਉਤੇ ਪਈ ਹੈ। ਉਹ ਨਾ ਕਰਾਹ ਰਹੀ ਹੈ ਤੇ ਨਾ ਉੱਠਣ ਦੀ ਕੋਸ਼ਿਸ਼ ਕਰ ਰਹੀ ਹੈ। ਜਿੱਥੇ ਪਈ ਹੈ, ਉਤੇ ਹੀ ਪਈ ਹੈ।

ਅਚਾਨਕ ਉਸਦਾ ਧਿਆਨ ਉਸ ਤੋਂ ਹੁੰਦਾ ਅਯਾਜ਼ ਰਸੂਲ ਵਲ ਚਲਾ ਜਾਂਦਾ ਹੈ ਤੇ ਫਿਰ ਅਯਾਜ਼ ਰਸੂਲ ਤੋਂ ਆਪਣੀ ਥੀਏਟਰ ਵਰਕਸ਼ਾਪ ਵਲ।

ਵਿਸ਼ਨੂੰ ਸ਼ਰਮਾ ਦੀ ਥੀਏਟਰ ਵਰਕਸ਼ਾਪ। ਇਕ ਬਿਲਡਿੰਗ ਵਿਚ ਇਕ ਵੱਡਾ ਜਿਹਾ ਰੀਹਰਸਲ ਹਾਲ। ਉਸ ਵਿਚ ਹੀ ਇਕ ਸਟੇਜ ਵੀ ਹੈ। ਇੱਥੇ ਹੀ ਨਾਟਕ ਤਿਆਰ ਕੀਤੇ ਜਾਂਦੇ ਹਨ, ਰੀਹਰਸਲਾਂ ਹੁੰਦੀਆਂ ਹਨ ਤੇ ਪਹਿਲੀ ਤਿਆਰੀ ਵਜੋਂ ਇਸ ਸਟੇਜ 'ਤੇ ਪ੍ਰਸਤੁਤ ਕੀਤੇ ਜਾਂਦੇ ਹਨ। ਫਿਰ ਪੂਰੀ ਤਰ੍ਹਾਂ ਤਸੱਲੀ ਹੋਣ ਤੋਂ ਬਾਅਦ ਹੀ ਤਿਆਰ ਸ਼ੁਦਾ ਨਾਟਕ ਬਾਹਰ ਸਟੇਜਾਂ ਉਤੇ ਖੇਡਿਆ ਜਾਂਦਾ। ਹਾਲ ਦੇ ਨਾਲ ਹੀ ਚੇਜਿੰਗ ਰੂਮ ਤੇ ਇਕ ਨਿੱਕਾ ਜਿਹਾ ਕਿਚਨ ਤੇ ਬਾਥਰੂਮ ਹੈ। ਦਰਵਾਜ਼ੇ ਅੰਦਰ ਵੜਦਿਆਂ ਹੀ ਛੋਟਾ ਜਿਹਾ ਆਫਿਸ ਹੈ ਜਿੱਥੇ ਇਕ ਅਲਮਾਰੀ ਵਿਚ ਅਣਗਿਣਤ ਮਾਣ ਸਨਮਾਨ, ਸ਼ੀਲਡਾਂ, ਟਰਾਫੀਆਂ ਸਜੀਆਂ ਹੋਈਆਂ ਹਨ। ਲੱਕੜੀ ਦੀ ਮੇਜ਼ ਪਿੱਛੇ ਇਕ ਮੂਵਿੰਗ ਚੇਅਰ ਉਤੇ ਇਸ ਵੇਲੇ ਥੀਏਟਰ ਦਾ ਮਾਲਕ ਯਾਨਿ ਵਿਸ਼ਨੂੰ ਸ਼ਰਮਾ ਹੌਲੇ ਹੌਲੇ ਝੂਟੇ ਖਾ ਰਿਹਾ ਹੈ ਤੇ ਉਸਦੇ ਸਾਹਮਣੇ, ਸੱਜੇ ਖੱਬੇ ਵਿਛੀਆਂ ਕੁਰਸੀਆਂ ਉਤੇ ਉਸ ਦੇ ਨਾਟਕਾਂ ਦੀ ਟੀਮ ਦੇ ਹੋਰ ਮੈਂਬਰ ਬਿਰਾਜਮਾਨ ਨੇ। ਸਾਹਮਣੇ ਇਕ ਕੁਰਸੀ ਉਤੇ ਮਿਸਜ਼ ਸਾਹਨੀ ਤੇ ਉਸਦੇ ਨਾਲ ਹੀ ਪਿਆਰੀ ਜਿਹੀ ਜੂਹੀ ਬੈਠੀ ਹੈ। ਸੱਜੇ ਪਾਸੇ ਤਨਵੀਰ ਤੇ ਉਸਦੇ ਸਾਹਮਣੇ ਭਾਸਕਰ ਬੈਠਾ ਹੈ। ਇਹ ਪੰਜ ਮੈਂਬਰਾਂ ਦੀ ਪੰਚਾਇਤ ਹੈ ਜਿਹੜੀ ਪਿਛਲੇ ਵੀਹ ਸਾਲਾਂ ਤੋਂ ਇਕ ਟੀਮ ਵਜੋਂ ਕੰਮ ਕਰ ਰਹੀ ਹੈ। ਜੂਹੀ ਨੇ ਹਾਲਾਂਕਿ ਥੋੜ੍ਹੇ ਸਮੇਂ ਤੋਂ ਥੀਏਟਰ ਜੁਆਇਨ ਕੀਤਾ ਹੈ, ਪਰ ਉਹ ਵਧੀਆ ਕਲਾਕਾਰ ਹੈ।

''ਕੁਝ ਨਵਾਂ ਪ੍ਰਯੋਗ ਕਰਨਾ ਚਾਹੀਦੈ ਸਾਨੂੰ...ਨਹੀਂ ਤਾਂ ਅਯਾਜ਼ ਰਸੂਲ ਦੇ ਨਾਂ ਦੀ ਪ੍ਰੇਤ ਛਾਇਆ ਬਾਕੀ ਸਾਰੇ ਨਾਟਕਕਾਰਾਂ ਨੂੰ ਨਿਗਲ ਜਾਵੇਗੀ।''

''ਸੁਣਿਆ ਉਸਨੂੰ ਬਾਹਰਲੇ ਮੁਲਕਾਂ ਵਿਚੋਂ ਵੀ ਨਾਟਕ ਮੰਚਨ ਲਈ ਆਫਰ ਆ ਰਹੇ ਹਨ।''

''ਹਾਂ ਜੀ ਸਰਕਾਰੀ ਅਹੁਦਿਆਂ ਦਾ ਇਸਤੇਮਾਲ ਤਾਂ ਇਦਾਂ ਹੀ ਹੋਵੇਗਾ...ਹੋਰ ਕੀ ਕੋਈ ਸਾਡੇ ਜਹੇ ਮਾਹਤਤ ਸਾਥੀਆਂ ਨੂੰ ਬੁਲਾਏਗਾ? ਸਾਨੂੰ ਕੌਣ ਜਾਣਦਾ ਹੈ?''

ਭਾਸਕਰ ਤੇ ਤਨਵੀਰ ਵਿਅੰਗ ਕਸ ਰਹੇ ਹਨ, ਪਰ ਵਿਸ਼ਨੂੰ ਸ਼ਰਮਾ ਕਿਸੇ ਗੰਭੀਰ ਸੋਚ ਵਿਚ ਡੁੱਬਿਆ ਬੋਲਦਾ ਹੈ।

''ਕੁਝ ਅਲੱਗ ਜਿਹਾ ਸੋਚੋ...ਬਿਲਕੁਲ ਮੌਲਿਕ...ਅਜ ਦੀ ਸੋਚ ਦਾ ਹਾਣੀ''।

''ਅੱਜ ਦੀ ਤਾਂ ਸੋਚ ਹੀ ਸਾਲੀ ਐਬਜ਼ਰਡ ਜਹੀ ਹੈ'' ਤਨਵੀਰ ਭੜਕਦਾ ਹੈ।

''ਤਾਂ ਫਿਰ ਐਬਜ਼ਰਡ ਹੀ ਸੋਚੋ'' ਵਿਸ਼ਨੂੰ ਜ਼ੋਰ ਦਿੰਦਾ ਹੈ।

''ਕਿਵੇਂ?'' ਭਾਸਕਰ ਪੁੱਛਦਾ ਹੈ।

''ਸੋਚੋ ਅਗਰ ਤੁਹਾਨੂੰ ਛੂਟ ਮਿਲੇ ਕੋਈ ਇਕ ਸੀਕਵੈਂਸ, ਕੋਈ ਮਨਮਰਜ਼ੀ ਦੀ ਗੱਲ, ਕੋਈ ਆਪਣੀ ਸੋਚ ਮੁਤਾਬਕ ਪ੍ਰਸਤੁਤਿ, ਜਿਹੜੀ ਤੁਹਾਡੇ ਅੰਦਰੋਂ ਆਪਣੇ ਆਪ ਨਿਕਲ ਰਹੀ ਹੈ, ਉਸਨੂੰ ਤੁਸੀਂ ਕਿਵੇਂ ਅਭਿਵਿਅਕਤ ਕਰੋਗੇ? ਆਪਣੇ ਜਜ਼ਬਿਆਂ, ਆਪਣੇ ਐਬਜ਼ਰਡ ਕੁੰਠਾਵਾਂ ਜਾਂ ਖਾਹਿਸ਼ਾਂ ਨੂੰ ਕਿਵੇਂ ਤੇ ਕਿਨ੍ਹਾਂ ਲਫਜ਼ਾਂ, ਤਰੀਕਿਆਂ ਨਾਲ ਕਹਿਣਾ ਚਾਹੋਗੇ ਜਿਸ ਨਾਲ ਵੇਖਣ ਸੁਣਨ ਵਾਲਿਆਂ ਦੇ ਵਿਚਾਰਾਂ ਵਿਚ ਉਤੇਜਨਾ ਆ ਜਾਵੇ। ਹਲਚਲ ਮੱਚ ਜਾਵੇ।''

''ਉਸ ਨਾਲ ਕੀ ਹੋਵੇਗਾ ਸਰ?'' ਤਨਵੀਰ ਪੁਛਦਾ ਹੈ।

''ਕ੍ਰਾਂਤੀ ਆ ਜਾਵੇਗੀ...ਮੈਂ ਇਕ ਕ੍ਰਾਂਤੀ ਲਿਆਉਣੀ ਚਾਹੁੰਦਾ ਹਾਂ'' ਖਲਾਅ ਵਿਚ ਘੂਰਦਿਆਂ ਵਿਸ਼ਨੂੰ ਆਖਦਾ ਹੈ।

''ਕ੍ਰਾਂਤੀ ਤਾਂ ਪਤਾ ਨਹੀਂ ਆਏਗੀ ਜਾਂ ਨਹੀਂ ਪਰ ਜੂਹੀ ਆ ਚੁੱਕੀ ਹੈ।'' ਭਾਸਕਰ ਮਿਸਿਜ਼ ਸਾਹਨੀ ਦੇ ਕੰਨ ਵਿਚ ਹੌਲੀ ਜਿਹੀ ਫੁਸਫੁਸਾਉਂਦੇ ਆਖਦਾ ਹੈ।

''ਭਾਸਕਰ ਤੂੰ ਕੁਝ ਦੱਸ?''

ਵਿਸ਼ਨੂੰ ਸ਼ਰਮਾ ਉਸ ਵਲ ਸਿੱਧਾ ਦੇਖਦਿਆਂ ਪੁੱਛਦਾ ਹੈ।

ਤਦੇ ਭਾਸਕਰ ਉੱਠ ਕੇ ਨਿਹਾਇਤ ਹੀ ਨਾਟਕੀ ਅੰਦਾਜ਼ ਵਿਚ ਆਖਦਾ ਹੈ। ''ਮੈਂ ਤਾਂ ਬਟੁਕ ਨਾਥ ਜੀ ਦਾ ਰੋਲ ਨਿਭਾਉਣਾ ਚਾਹੁੰਦਾ। ਲਵ ਗੁਰੂ ਵਾਲਾ। ਮੂੰਹ ਕਾਲਾ ਕਰਕੇ ਗੋਡਿਆਂ ਭਾਰ ਬੈਠ ਕੇ ਖੂਬਸੂਰਤ ਜੂਹੀ ਮੇਰਾ ਮਤਲਬ ਹੈ ਜੂਲੀ ਸਾਹਮਣੇ ਬੈਠ ਕੇ ਨਿਵੇਦਨ ਕਰਾਂਗਾ। (ਉਹੀ ਜੂਹੀ ਦੇ ਸਾਹਮਣੇ ਗੋਡਿਆਂ ਭਾਰ ਬੈਠ ਕੇ ਇਕ ਹੱਥ ਛਾਤੀ 'ਤੇ ਰੱਖ 'ਕੇ ਬੇਹੱਦ ਨਾਟਕੀ ਅੰਦਾਜ਼ ਵਿਚ ਬੋਲਦਾ ਹੈ) ''ਮੇਰੀ ਪਿਆਰੀ ਜੂਹੀ ਮੈਂ ਹੀ ਤੇਰਾ ਪ੍ਰਾਣਪ੍ਰਿਯ ਹਾਂ ਮੇਰੀ ਪ੍ਰਿਯਾ ਮੇਰਾ ਪ੍ਰੇਮ ਨਿਵੇਦਨ ਸਵੀਕਾਰ ਕਰ।''

''ਜੂਹੀ ਨਹੀਂ ਜੂਲੀ'' ਮਿਸਿਜ਼ ਸਾਹਨੀ ਦਰੁਸਤ ਕਰਦੀ ਹੈ।

''ਹਾਂ ਹਾਂ ਜੂਹੀ...ਜੂਲੀ...ਇਕੋ ਗੱਲ ਹੈ।''

''ਤੇ ਮੈਂ ਤੇਰੇ ਸਿਰ 'ਤੇ ਜੁੱਤੀਆਂ ਮਾਰਾਂਗੀ...'' ਮਿਸਿਜ਼ ਸਾਹਨੀ ਹੱਸਦੀ ਹੈ।

''ਪਰ ਫਿਰ ਵੀ ਮੈਂ ਜੂਹੀ ਨੂੰ ਲੈ ਕੇ ਹੀ ਜਾਊਂਗਾ...''

ਸਾਰੇ ਹੱਸਦੇ ਹਨ। ਜੂਹੀ ਬੇਚਾਰਗੀ ਜਹੀ ਨਾਲ ਵਿਸ਼ਨੂੰ ਸ਼ਰਮਾ ਵਲ ਵੇਖਦੀ ਹੈ।

''ਮਿਸਿਜ਼ ਸਾਹਨੀ ਤੁਸੀਂ?'' ਵਿਸ਼ਨੂੰ ਪੁੱਛਦਾ ਹੈ।

''ਮੈਂ ਤਾਂ ਇਕ ਕਵਿਤਾ ਸੁਣਾਵਾਂਗੀ। ਕੱਲ੍ਹ ਹੀ ਪੜ੍ਹੀ ਹੈ। ਔਰਤ ਦੀਆਂ ਦਬੀਆਂ ਕੁਚਲੀਆਂ ਭਾਵਨਾਵਾਂ ਦਾ ਸਪੱਸ਼ਟ ਵਰਨਣ...''

''ਸੁਣਾਓ'' ਤੇ ਮਿਸਿਜ਼ ਸਾਹਨੀ ਖੜ੍ਹੀ ਹੋ ਕੇ ਨਾਟਕੀ ਅੰਦਾਜ਼ ਵਿਚ ਪੂਰੀ ਬਾਡੀ ਲੈਂਗਵੇਜ ਦਾ ਇਸਤੇਮਾਲ ਕਰਦਿਆਂ ਕਵਿਤਾ ਪ੍ਰਸਤੁਤ ਕਰਦੀ ਹੈ।

''ਘਰ ਲਭਦੀ ਲਭਦੀ
ਮੈਂ ਵਿਆਹ ਨਾਲ ਜਾ ਟਕਰਾਈ
ਵਿਆਹ ਨਾਲ ਘਰ ਨਹੀਂ ਬਣਦੇ
ਸਿਰਫ ਘਰ ਦੇ ਭਰਮ ਟੁਟਦੇ ਨੇ
ਘਰ ਲੱਭਦੀ ਲੱਭਦੀ

ਨੇਰ੍ਹੀ ਗੁਫਾ 'ਚੋਂ ਗੁਜ਼ਰਦੀ
ਮੈਂ ਮੁੜ ਆਪਣੇ ਨਾਲ ਜਾ ਟਕਰਾਈ
ਘਰ ਦੀ ਕਿਸੇ ਕੋਲੋਂ ਆਸ ਰੱਖਣ ਦੀ ਬਜਾਏ
ਮੈਂ ਇਕ ਘਰ ਸਿਰਜ ਕੇ
ਆਪਣੇ ਮੋਢਿਆਂ ਉਤੇ ਰੱਖ ਲਿਆ।''

''ਵਾਹ...ਵਾਹ...ਵਾਹ...ਤੁਹਾਡਾ ਆਪਣਾ ਲਿਖਿਆ ਟੋਟਕਾ ਹੈ?'' ਭਾਸਕਰ ਪੁੱਛਦਾ ਹੈ।

''ਨਹੀਂ ਕਿਸੇ ਮਨਜੀਤ ਟਿਵਾਣਾ ਦਾ''

''ਤੁਸੀਂ ਮਰਦਾਂ ਵਿਰੁਧ ਹੀ ਕਿਉਂ ਹਰ ਵੇਲੇ ਝੰਡਾ ਚੁੱਕੀ ਖੜ੍ਹੀਆਂ ਰਹਿੰਦੀਆਂ ਹੋ। ਸਭ ਤੋਂ ਮੂਹਰੇ ਸਿਮੋਨ-ਦ-ਬੁਆ ਤੇ ਪਿੱਛੇ ਪਿੱਛੇ ਸਾਡੀ ਨਾਰੀ ਸ਼ਕਤੀ ਤੇ ਨਾਰੀ ਮੁਕਤੀ।''

''ਕਿਉਂਕਿ ਮਰਦ ਸਦਾ ਹੀ ਧੋਖੇਬਾਜ਼ ਰਿਹਾ ਹੈ। ਔਰਤ ਦੀਆਂ ਭਾਵਨਾਵਾਂ ਨਾਲ ਬਲਾਤਕਾਰ ਕਰਨ ਵਾਲਾ ਸ਼ੋਸ਼ਕ। ਪਹਿਲਾਂ ਔਰਤ ਨੂੰ ਆਪਣੇ ਮੋਹਜਾਲ ਵਿਚ ਫਸਾਣ ਲਈ ਜ਼ਮੀਨ ਅਸਮਾਨ ਦੇ ਕਲਾਬੇ ਮਿਲਾ ਦਏਗਾ, ਪਰ ਜ਼ਰਾ ਜਿਹੀ ਮੁਸ਼ਕਿਲ ਪੈਣ ਉਤੇ ਲੰਗੜੇ ਕੁੱਤੇ ਵਾਂਗ ਦੁਮ ਦਬਾ ਕੇ ਭੱਜ ਜਾਏਗਾ।''

''ਲੰਗੜੇ ਕੁੱਤੇ ਵਾਂਗ? ਪ੍ਰੇਮੀ ਮਰਦ ਦੀ ਐਸੀ ਬਦਸੂਰਤ ਤਸਬੀਹ?'' ਭਾਸਕਰ ਹੈਰਾਨੀ ਨਾਲ ਪੁੱਛਦਾ ਹੈ।

''ਮੇਰੇ ਜ਼ਿਹਨ ਵਿਚ ਤਾਂ ਅਜਿਹੇ ਮਰਦ ਲਈ ਇਸ ਤੋਂ ਵੀ ਬਦਸੂਰਤ ਤਸਬੀਹ ਉਭਰ ਰਹੀ ਹੈ'' ਉਹ ਮੂੰਹ ਮਰੋੜਦੀ ਹੈ।

''ਸਰ ਪਿਆਰ ਬਾਰੇ ਤੁਹਾਡਾ ਕੀ ਵਿਚਾਰ ਹੈ'' ਨੌਜਵਾਨ ਭਾਸਕਰ ਨੇ ਬਦਮਜ਼ਾ ਜਿਹੇ ਔਰਤ ਮਰਦ ਪ੍ਰਸੰਗ ਨੂੰ ਵਿਰਾਮ ਦੇ ਕੇ ਰੁਮਾਂਟਿਕ ਜਿਹੇ ਵਿਸ਼ੇ ਨੂੰ ਛੋਹ ਲਿਆ। ਮਾਹੌਲ ਸੱਚਮੁੱਚ ਇਕ ਦਮ ਬਦਲ ਜਿਹਾ ਗਿਆ, ਪਰ ਜੂਹੀ ਦਾ ਰੰਗ ਪਤਾ ਨਹੀਂ ਕਿਉਂ ਲਾਲ ਹੋ ਗਿਆ।

''ਪਿਆਰ, ਬੇਟਾ ਕੋਈ ਖਾਲਾ ਜੀ ਦਾ ਘਰ ਨਹੀਂ ਹੈ। ਤਾਂ ਹੀ ਕਿਹਾ ਗਿਆ ਹੈ ਕਿ 'ਇਕ ਆਗ ਕਾ ਦਰਿਆ ਹੈ ਔਰ ਡੂਬ ਕੇ ਜਾਨਾ ਹੈ।' ਇਸ ਪਿਆਰ ਦੇ ਦਰਿਆ ਵਿਚ ਉਤਰਨ ਤੋਂ ਪਹਿਲਾਂ ਆਪਣਾ ਸੀਸ ਤਲੀ 'ਤੇ ਧਰਨਾ ਪੈਂਦਾ ਹੈ। ਫਿਰ ਜਾਨ ਦੀ ਬਾਜ਼ੀ ਲੱਗ ਜਾਏ ਤਾਂ ਲੱਗ ਜਾਏ ਪਿੱਠ ਨਹੀਂ ਦਿਖਾਈ ਜਾ ਸਕਦੀ। ਪਿਆਰ ਆਤਮਾਵਾਂ ਦਾ ਮਿਲਣ ਹੈ। ਸਰੀਰ ਦੀ ਖੂਬਸੂਰਤੀ ਦੇ ਮਾਪਦੰਡਾਂ ਉੱਪਰ ਪਿਆਰ ਕਰਨ ਵਾਲੇ ਕਾਮੀ, ਦੰਭੀ ਮਨੁੱਖ ਹੋ ਸਕਦੇ ਹਨ, ਪ੍ਰੰਤੂ ਸੱਚੇ ਪ੍ਰੇਮੀ ਨਹੀਂ। ਸੱਚਾ ਪ੍ਰੇਮ ਰੂਹ ਦੀਆਂ ਤਾਰਾਂ ਵਿਚ ਝਰਨਾਹਟ ਪੈਦਾ ਕਰਕੇ ਅਨਹਦ ਨਾਦ ਜਗਾ ਦੇਂਦਾ ਹੈ ਤੇ ਸਰੀਰ ਦਾ ਆਕਰਸ਼ਨ ਸਿਰਫ ਕਾਮ ਅਗਨੀ ਭੜਕਾ ਕੇ ਇਨਸਾਨ ਨੂੰ ਭਸਮ ਕਰ ਸਕਦਾ ਹੈ।''

''ਯਾਨਿ ਸਰ ਪਿਆਰ ਵਿਚ ਸਰੀਰ ਦੀ ਕੋਈ ਅਹਿਮੀਅਤ ਨਹੀਂ?''

''ਲੈ...ਸਰੀਰ ਨੂੰ ਹੀ ਅਹਿਮੀਅਤ ਦੇਣੀ ਹੈ ਤਾਂ ਬਾਜ਼ਾਰਾਂ ਵਿਚ ਹੱਟੀਆਂ ਖੁੱਲੀਆਂ ਪਈਆਂ ਹਨ। ਪੰਜ ਸੌ-ਹਜ਼ਾਰ ਰੁਪਏ ਖਰਚ ਕੇ ਜਿਹੋ ਜਿਹਾ ਮਰਜ਼ੀ ਮਾਲ ਆਪਣੀ ਇੱਛਾ ਮੁਤਾਬਿਕ ਖਰੀਦ ਲਵੋ। ਪਰ ਪਿਆਰ ਥੋੜ੍ਹੇ ਨਾ ਖਰੀਦਿਆ ਜਾ ਸਕਦਾ ਹੈ? ਇਹੋ ਫਰਕ ਹੈ ਪਿਆਰ ਅਤੇ ਸਰੀਰ ਵਿਚ...।''

''ਸਰ, ਤੁਸੀਂ ਸੱਚਮੁੱਚ ਮਹਾਨ ਹੋ...ਤੁਹਾਡੇ ਕੋਲ ਬੈਠ, ਤੁਹਾਡੇ ਵਿਚਾਰ ਸੁਣ ਬੁਰੇ ਤੋਂ ਬੁਰੇ ਖਿਆਲਾਂ ਵਾਲਾ ਇਨਸਾਨ ਵੀ ਸਹੀ ਰਾਹ ਪੈ ਜਾਵੇ...ਤੁਸੀਂ ਧੰਨ ਹੋ...।'' ਭਾਸਕਰ ਨੇ ਸੱਚਮੁੱਚ ਹੀ ਵਿਸ਼ਨੂੰ ਸ਼ਰਮਾ ਸਾਹਵੇ ਸਿਰ ਨਿਵਾ ਦਿੱਤਾ ਤੇ ਵਿਸ਼ਨੂੰ ਨੇ ਵੀ ਇਕ ਰਹੱਸਮਈ ਮੁਸਕਰਾਹਟ ਬਿਖੇਰ ਕੇ ਉਸ ਨੂੰ ਜਿਵੇਂ ਸਫਲਤਾ ਦਾ ਅਸ਼ੀਰਵਾਦ ਦੇ ਦਿੱਤਾ ਹੋਵੇ। ਤਦੇ ਉਸਦੀ ਨਜ਼ਰ ਜੂਹੀ ਦੇ, ਲਾਲ ਸੂਹੇ ਹੋ ਰਹੇ ਚਿਹਰੇ ਉਤੇ ਟਿਕ ਜਾਂਦੀ ਹੈ। ਮਿਸਿਜ਼ ਸਾਹਨੀ ਨੀਝ ਲਾ ਕੇ ਇਕ ਕੋਨੇ ਵਿਚ ਲੱਗੇ ਜਾਲੇ ਤੇ ਉਸ ਵਿਚ ਜਕੜੀ ਛਟਪਟਾ ਰਹੀ ਮਕੜੀ ਨੂੰ ਵੇਖ ਕੇ ਮੁਸਕਰਾ ਪਈ ਹੈ।

ਜੂਹੀ ਅਕਸਰ ਵਿਸ਼ਨੂੰ ਸ਼ਰਮਾ ਦੇ ਨਾਲ ਹੀ ਘਰ ਵਾਪਸ ਜਾਂਦੀ ਤੇ ਘਰੋਂ ਆਂਦੀ ਹੈ। ਉਹ ਦੋਵੇਂ ਗੁਆਂਢੀ ਹਨ। ਜੂਹੀ ਨੇ ਐਮ.ਏ. ਦੇ ਪੇਪਰ ਦਿੱਤੇ ਹੋਏ ਹਨ। ਨਤੀਜਿਆਂ ਦੀ ਉਡੀਕ ਕਰਦਿਆਂ ਬੋਰ ਹੋਣ ਦੀ ਬਜਾਏ ਉਸ ਨੇ ਵਿਸ਼ਨੂੰ ਸ਼ਰਮਾ ਦੀ ਥੀਏਟਰ ਵਰਕਸ਼ਾਪ ਜੁਆਇਨ ਕਰ ਲਈ ਹੈ। ਇਹ ਆਈਡੀਆ ਜੂਹੀ ਦੇ ਪਾਪਾ ਦਾ ਸੀ ਜਿਹੜੇ ਰੋਜ਼ ਸਵੇਰੇ ਵਿਸ਼ਨੂੰ ਸ਼ਰਮਾ ਦੇ ਨਾਲ ਸੈਰ ਕਰਨ ਜਾਂਦੇ ਹਨ। ਸੈਰ ਕਰਦੇ ਕਰਦੇ ਹੀ ਜੂਹੀ ਦੇ ਪਾਪਾ ਨੇ ਇਕ ਦਿਨ ਵਿਸ਼ਨੂੰ ਸ਼ਰਮਾ ਨੂੰ ਜੂਹੀ ਦੇ ਪੇਪਰਾਂ ਬਾਅਦ ਰਿਜ਼ਲਟ ਦੀ ਉਡੀਕ ਤੇ ਉਸਦੀ ਬੋਰੀਅਤ ਬਾਰੇ ਗੱਲ ਕੀਤੀ ਤਾਂ ਵਿਸ਼ਨੂੰ ਸ਼ਰਮਾ ਨੇ ਝਟ ਉਨ੍ਹਾਂ ਨੂੰ ਆਪਣੀ ਥੀਏਟਰ ਵਰਕਸ਼ਾਪ ਵਿਚ ਮਨ ਲਗਾਉਣ ਦੀ ਆਫਰ ਦੇ ਦਿੱਤੀ ਜਿਸ ਨੂੰ ਜੂਹੀ ਦੇ ਪਾਪਾ ਨੇ ਬੜੀ ਖੁਸ਼ਦਿਲੀ ਨਾਲ ਸਵੀਕਾਰ ਕਰ ਲਿਆ। ਦਰਅਸਲ ਵਿਸ਼ਨੂੰ ਸ਼ਰਮਾ ਅਕਸਰ ਸਵੇਰੇ ਜੂਹੀ ਨੂੰ ਸਜ ਧਜ ਕੇ ਕਾਲਜ ਤੇ ਫਿਰ ਯੂਨੀਵਰਸਿਟੀ ਜਾਂਦੇ ਦੇਖਦਾ ਰਹਿੰਦਾ ਸੀ। ਜੂਹੀ ਵੀ ਵਿਸ਼ਨੂੰ ਸ਼ਰਮਾ ਦੇ ਉਸ ਆਭਾਮੰਡਲ ਤੋਂ ਪ੍ਰਭਾਵਿਤ ਸੀ, ਜਿਸ ਨੇ ਉਸਨੂੰ ਨੌਜਵਾਨਾਂ ਵਿਚ 'ਯੂਥ ਆਈਕਾਨ' ਬਣਾਇਆ ਹੋਇਆ ਸੀ। ਗਰਮ ਵਿਚਾਰਾਂ ਵਾਲਾ ਵਿਦਰੋਹੀ ਨਾਟਕਕਾਰ।

ਕਿਸੇ ਨੂੰ ਨਹੀਂ ਪਤਾ ਪਿਛਲੇ ਦੋ ਤਿੰਨ ਮਹੀਨਿਆਂ ਤੋਂ ਵਿਸ਼ਨੂੰ ਸ਼ਰਮਾ ਅਤੇ ਜੂਹੀ ਵਿਚਾਲੇ ਕੀ ਚੱਲ ਰਿਹਾ ਹੈ। ਜੂਹੀ ਦਾ ਰਿਜ਼ਲਟ ਆ ਗਿਆ ਹੋਇਆ ਹੈ। ਉਸ ਨੇ ਐਮ.ਏ. ਪਾਸ ਕਰ ਲਈ ਹੈ। ਹੁਣ ਅੱਗੇ? ਪਾਪਾ ਚਾਹੁੰਦੇ ਹਨ ਉਹ ਐਮ.ਫਿਲ ਕਰੇ। ਪਰ ਜੂਹੀ ਹੁਣ ਨਾਟਕ ਵਰਕਸ਼ਾਪ 'ਚੋਂ ਨਿਕਲ ਕੇ ਹੋਰ ਕਿਧਰੇ ਮਨ ਲਗਾ ਸਕੇਗੀ, ਇਸ ਗੱਲ 'ਤੇ ਉਸਨੂੰ ਖੁਦ ਹੀ ਸ਼ੱਕ ਹੈ। ਵਿਸ਼ਨੂੰ ਸ਼ਰਮਾ ਨੇ ਵੀ ਇਕ ਦਿਨ ਬਾਰਸ਼ ਦੇ ਮੌਸਮ ਵਿਚ ਗੱਡੀ ਚਲਾਉਂਦਿਆਂ ਹੋਇਆਂ ਇਕ ਰੁਮਾਂਟਿਕ ਜਿਹਾ ਗੀਤ ਟੇਪ 'ਤੇ ਲਗਾ ਦਿੱਤਾ।

''ਤੈਨੂੰ ਕੈਸੇ ਗੀਤ ਪਸੰਦ ਨੇ ਜੂਹੀ?'' ਉਨ੍ਹਾਂ ਪੁਛਿਆ।

''ਪੁਰਾਣੇ ਦਰਦ ਭਰੇ ਗੀਤ ਤੇ ਗ਼ਜ਼ਲਾਂ।''

''ਪਰ ਤੂੰ ਤਾਂ ਆਪ ਮੁਹੱਬਤਾਂ ਨਾਲ ਲਬਰੇਜ਼ ਗੀਤ ਵਰਗੀ ਹੈਂ। ਦਰਦਾਂ ਨਾਲ ਕਿਉਂ ਆਪਣੇ ਆਪ ਨੂੰ ਘੇਰ ਲਿਆ ਤੂੰ?'' ਜੂਹੀ ਚੁੱਪ।

''ਨਿੱਕੀ ਜਿਹੀ ਕਬੂਤਰੀ ਵਰਗੀ ਹੀ ਤਾਂ ਹੈਂ ਤੂੰ..ਪਿਆਰੀ ਜਹੀ..ਨਿੱਕਾ ਜਿਹਾ ਨੱਕ..ਤੇ ਤੇਰੇ ਹੋਂਠ...ਤੇਰੇ ਹੋਂਠਾਂ ਦੀ ਇਹ ਲਾਲੀ ਨੈਚੁਰਲ ਹੈ ਜਾਂ ਲਿਪਸਟਿਕ ਲਗਾਈ ਹੈ?''

''ਨਹੀਂ ਸਰ...ਮੈਂ ਕੋਈ ਲਿਪਸਟਿਕ ਨਹੀਂ ਲਗਾਈ। ਵੇਖੋ...'' ਤੇ ਉਸਨੇ ਉਂਗਲੀ ਹੋਂਠਾਂ 'ਤੇ ਰਗੜੀ।

''ਭਈ ਤੇਰੀ ਉਂਗਲੀ...ਤੇਰੇ ਹੋਂਠ...ਮੈਂ ਕਿਸ ਉਤੇ ਤਿਬਾਰ ਕਰਾਂ....ਮੈਂ ਆਪ ਵੇਖਣਾ ਚਾਹੁੰਦਾ...'' ਆਖਦਿਆਂ ਉਸ ਆਪਣੀ ਉਂਗਲੀ ਜੂਹੀ ਦੇ ਹੋਂਠਾਂ 'ਤੇ ਛੁਹਾਈ। ਜੂਹੀ ਸਿਹਰ ਉੱਠੀ। ਇਕ ਕੰਪਨ ਰਗ ਰਗ ਵਿਚ ਉਤਰ ਗਿਆ।

''ਕੀ ਹੋਇਆ?'' ਉਸ ਗੌਰ ਨਾਲ ਜੂਹੀ ਦੇ ਚਿਹਰੇ 'ਤੇ ਨਜ਼ਰਾਂ ਗੱਡਦਿਆਂ ਪੁੱਛਿਆ।

''ਕ...ਕੁਝ ਨਹੀਂ''।

''ਪਰ ਤੇਰਾ ਚਿਹਰਾ ਸਫੇਦ ਕਿਉਂ ਹੋ ਰਿਹਾ?'' ਉਸ ਕਾਰ ਇਕ ਪਾਸੇ ਰੋਕ ਲਈ। ''ਤੇਰੇ ਹੱਥ..ਏਨੇ ਠੰਡੇ' ਜੂਹੀ ਦੇ ਹੱਥ ਆਪਣੇ ਦੋਹਾਂ ਹੱਥਾਂ 'ਚ ਲੈ ਕੇ ਉਸ ਘੁੱਟੇ ਤਾਂ ਜੂਹੀ ਦਾ ਸਰੀਰ ਪੂਰਾ ਕੰਬ ਉਠਿਆ। ਕਿੰਨਾ ਚਿਰ ਉਸਦੇ ਹੱਥ ਆਪਣੇ ਹੱਥਾਂ 'ਚ ਲੈ ਵਿਸ਼ਨੂੰ ਸ਼ਰਮਾ ਅੱਖਾਂ ਬੰਦ ਕਰਕੇ ਕਾਰ ਦੀ ਸੀਟ 'ਤੇ ਬੈਠਾ ਰਿਹਾ। ਜੂਹੀ ਆਪਣੀ ਸੀਟ ਉਤੇ ਅਜੀਬ ਜਿਹੀ ਬੇਖੁਦੀ ਵਿਚ ਬੈਠੀ ਸੀ। ਕਿੰਨੀ ਦੇਰ ਬੀਤ ਗਈ ਉਸਨੂੰ ਪਤਾ ਹੀ ਨਹੀਂ ਲੱਗਾ। ਤਦੇ ਕਾਰ ਸਟਾਰਟ ਹੋ ਗਈ ਤੇ ਉਹ ਤ੍ਰਭੱਕ ਪਈ। ਵਿਸ਼ਨੂੰ ਸ਼ਰਮਾ ਨੇ ਮੁਸਕਰਾ ਕੇ ਉਸ ਵਲ ਵੇਖਿਆ ''ਘਰ ਨਹੀਂ ਜਾਣਾ?'' ਤੇ ਉਹ ਸ਼ਰਮਿੰਦਾ ਜਹੀ ਹੋ ਗਈ।

ਫਿਰ ਦੋਹਾਂ ਨੂੰ ਪਤਾ ਨਹੀਂ ਲੱਗਾ ਕਿਹੜੀਆਂ ਤੂਫਾਨੀ ਲਹਿਰਾਂ ਉਨ੍ਹਾਂ ਨੂੰ ਕਿਨਾਰਿਆਂ ਤੋਂ ਤੋੜ ਕੇ ਮੰਝਧਾਰ ਦੇ ਉਸ ਪਾਸੇ ਵਲ ਲੈ ਗਈਆਂ। ਜਿੱਧਰ ਭੰਵਰ ਸਨ। ਬਹੁਤ ਡੂੰਘੇ ਭੰਵਰ। ਵਿਸ਼ਨੂੰ ਸ਼ਰਮਾ ਕੁਸ਼ਲ ਤੈਰਾਕ ਸੀ ਪਰ ਜੂਹੀ ਅਨਾੜੀ ਬਿਲਕੁਲ ਨਾ ਤਜਰਬੇਕਾਰ।

ਇਹ ਗੱਲ ਤਾਂ ਸੱਚ ਹੈ ਕਿ ਇਕ ਜੂਨੀਅਰ ਆਰਟਿਸਟ ਅਯਾਜ਼ ਰਸੂਲ ਦਾ ਡਰਾਮਾ ਅਕੈਡਮੀ ਦਾ ਸਰਪ੍ਰਸਤ ਬਣ ਜਾਣਾ ਕਿਸੇ ਵੀ ਰੰਗਕਰਮੀ ਜਾਂ ਇਸ ਖੇਤਰ ਨਾਲ ਜੁੜੇ ਬੰਦੇ ਨੂੰ ਹਜ਼ਮ ਨਹੀਂ ਸੀ ਹੋਇਆ। ਅੰਦਰੋਂ ਅੰਦਰੀ ਇਹ ਗੱਲ ਸੁਗਬੁਗਾਹਟ ਵਾਂਗ ਉੱਠ ਰਹੀ ਸੀ ਕਿ ਮੁੱਖ ਮੰਤਰੀ ਨਾਲ ਚਾਪਲੂਸੀ ਵਰਗੇ ਰਿਸ਼ਤੇ ਹੋਣ ਕਾਰਨ ਹੀ ਅਯਾਜ਼ ਰਸੂਲ ਇਹ ਪਦਵੀ ਹਾਸਲ ਕਰਨ ਵਿਚ ਸਫਲ ਹੋਇਆ ਹੈ। ਕਹਿਣ ਵਾਲੇ ਤਾਂ ਇਥੋਂ ਤੱਕ ਆਖ ਰਹੇ ਸਨ ਕਿ ਡਰਾਮੇ ਦੇ ਨਾਂ 'ਤੇ ਕੰਮ ਕਰਨ ਵਾਲੀਆਂ ਮਹਿਲਾਵਾਂ ਨੂੰ ਅਯਾਜ਼ ਰਸੂਲ ਮੁੱਖ ਮੰਤਰੀ ਦੀ ਕੋਠੀ ਉਤੇ 'ਅਸਲੀ ਨਾਟਕ' ਕਰਨ ਲਈ ਭੇਜਦਾ ਹੈ। ਸੱਚ ਕੀ ਹੈ, ਝੂਠ ਕੀ ਹੈ? ਇਹ ਕੋਈ ਪ੍ਰਮਾਣਿਤ ਤੌਰ 'ਤੇ ਨਹੀਂ ਸੀ ਕਹਿ ਸਕਦਾ, ਪਰ ਅਫਵਾਹਾਂ ਸਨ ਕਿ ਹਰ ਰੋਜ਼ ਖੰਭਾਂ ਦੇ ਖੰਭ ਉਗਾ ਰਹੀਆਂ ਸਨ। ਇਨ੍ਹਾਂ ਅਫਵਾਹਾਂ ਦਾ ਸਭ ਤੋਂ ਵੱਡਾ ਕਾਰਖਾਨਾ ਸੀ ਵਿਸ਼ਨੂੰ ਸ਼ਰਮਾ ਦੀ ਥੀਏਟਰ ਵਰਕਸ਼ਾਪ ਜਿੱਥੇ ਇਨ੍ਹਾਂ ਨੂੰ ਤਰਤੀਬ ਦੇ ਕੇ ਬਾਜ਼ਾਰ ਵਿਚ ਉਡਾ ਦਿੱਤਾ ਜਾਂਦਾ। ਜਿਤਨਾ ਵਿਦਰੋਹੀ ਸੁਰ ਹੌਲੇ ਹੌਲੇ ਸਰਗਰਮ ਹੋ ਰਿਹਾ ਸੀ ਅਯਾਜ਼ ਰਸੂਲ ਦੇ ਖਿਲਾਫ, ਓਨਾ ਹੀ ਵਿਸ਼ਨੂੰ ਸ਼ਰਮਾ ਦਿਆਂ ਹੋਂਠਾਂ ਉਤੇ ਥਿਰਕਦੀ ਰਹੱਸਮਈ ਮੁਸਕਾਨ ਗਹਿਰੀ ਹੋ ਰਹੀ ਸੀ।

ਇਕ ਵਾਰ ਥੀਏਟਰ ਵਰਕਸ਼ਾਪ ਵਿਚ ਫਿਰ ਕਿਸੇ ਮੁੱਦੇ ਉਤੇ ਵਾਰਤਾਲਾਪ ਹੋ ਗਿਆ। ਭਾਸਕਰ ਕੋਲ ਲੈ ਦੇ ਕੇ ਬਸ ਇਕ ਪਿਆਰ ਦਾ ਹੀ ਵਿਸ਼ਾ ਸੀ ਜਿਸਨੂੰ ਸੁਣਦਿਆਂ ਹੀ ਜੂਹੀ ਦਾ ਰੰਗ ਲਾਲ ਹੋ ਜਾਂਦਾ ਤੇ ਮਿਸਿਜ਼ ਸਾਹਨੀ ਦਾ ਮੂੰਹ ਕਸੈਲਾ। ਬਸ ਇਕ ਤਨਵੀਰ ਸੀ ਜਿਹੜਾ ਅਨਕਨਸਰਡ ਦਰਸ਼ਕ ਵਾਂਗ ਇਹ ਸਾਰਾ ਐਬਜ਼ਰਡ ਨਾਟਕ ਦੇਖਦਾ, ਸੁਣਦਾ ਰਹਿੰਦਾ।

''ਅੱਜਕੱਲ੍ਹ ਔਰਤਾਂ ਪਹਿਲਾਂ ਵਾਂਗ ਅਬਲਾ ਨਾਰੀਆਂ ਨਹੀਂ ਰਹਿ ਗਈਆਂ। ਹੁਣ ਤਾਂ ਮਰਦ ਵਿਚਾਰੇ ਵੀ 'ਪਤਨੀ ਵਿਰੋਧੀ ਮੋਰਚੇ' ਕੱਢਣ ਲਈ ਤਿਆਰ ਹੋ ਗਏ ਹਨ। ਬੀਵੀਆਂ ਦੀ ਹਿੰਸਾ ਦੇ ਸ਼ਿਕਾਰ ਵਿਚਾਰੇ ਮਰਦ।''

''ਇਕ ਤੂੰ ਮਰਦਾਂ ਨੂੰ ਵਿਚਾਰੇ ਵਿਚਾਰੇ ਆਖ ਕੇ ਹਮਦਰਦੀ ਨਾ ਬਟੋਰਿਆ ਕਰ। ਮਰਦ ਅਗਰ ਮਿਰਗੀ ਜਾਂ ਅਧਰੰਗ ਦਾ ਮਾਰਿਆ ਵੀ ਹੋਵੇਗਾ, ਉਹ ਤਾਂ ਵੀ ਆਪਣੀ ਹੈਂਕੜ ਛੱਡਣ ਲਈ ਤਿਆਰ ਨਹੀਂ ਹੁੰਦਾ। ਉਸਦੇ ਲਹੂ ਵਿਚ ਇਹ ਜਰਾਸੀਮ ਉਸਦੇ ਸਮਾਜ ਨੇ ਪਾਏ ਹੁੰਦੇ ਹਨ ਕਿ ਤੂੰ ਮਰਦ ਹੈਂ ਤੈਨੂੰ ਤਕੜਾ ਹੋਣਾ ਚਾਹੀਦਾ ਹੈ। '

''ਫਿਰ ਵੀ ਔਰਤਾਂ ਮਰਦਾਂ ਨੂੰ ਕਿਉਂ ਮੁਹੱਬਤ ਕਰਦੀਆਂ ਨੇ? ਪ੍ਰੇਮੀ ਵੀ ਤਾਂ ਮਰਦ ਹੀ ਹੈ।'' ਤਨਵੀਰ ਜੋ ਹਮੇਸ਼ਾ ਚੁੱਪ ਰਹਿੰਦਾ ਹੈ ਅਚਾਨਕ ਬੋਲ ਪੈਂਦਾ ਹੈ। ਤਾਂ ਪਲ ਭਰ ਲਈ ਸੱਚਮੁੱਚ ਮਿਸਿਜ਼ ਸਾਹਨੀ ਲਾਜਵਾਬ ਹੋ ਜਾਂਦੀ ਹੈ। ਉਹ ਜਾਣਦੀ ਹੈ ਹਜ਼ਾਰਾਂ ਕਿੱਸੇ ਉਨ੍ਹਾਂ ਔਰਤਾਂ ਦੇ ਜਿਹੜੀਆਂ ਪਤੀਆਂ ਨੂੰ ਕੋਸਦੀਆਂ ਪਰ ਪ੍ਰੇਮੀਆਂ ਲਈ ਤੜਪਦੀਆਂ ਹਨ। ਰਿਸ਼ਤਿਆਂ ਤੇ ਜਜ਼ਬਿਆਂ ਦਾ ਇਹ ਗਣਿਤ ਅੱਜ ਤੱਕ ਕਿਸੇ ਵੀ ਸਮਝ ਨਹੀਂ ਆਇਆ।

''ਪਿਆਰ, ਬੇਟਾ ਕੋਈ ਖਾਲਾ ਜੀ ਦਾ ਘਰ ਨਹੀਂ ਹੈ। ਤਾਂ ਹੀ ਕਿਹਾ ਗਿਆ ਹੈ ਕਿ 'ਇਕ ਆਗ ਕਾ ਦਰਿਆ ਹੈ ਔਰ ਡੂਬ ਕੇ ਜਾਨਾ ਹੈ।' ਇਸ ਪਿਆਰ ਦੇ ਦਰਿਆ ਵਿਚ ਉਤਰਨ ਤੋਂ ਪਹਿਲਾਂ ਆਪਣਾ ਸੀਸ ਤਲੀ 'ਤੇ ਧਰਨਾ ਪੈਂਦਾ ਹੈ। ਫਿਰ ਜਾਨ ਦੀ ਬਾਜ਼ੀ ਲੱਗ ਜਾਏ ਤਾਂ ਲੱਗ ਜਾਏ ਪਿੱਠ ਨਹੀਂ ਦਿਖਾਈ ਜਾ ਸਕਦੀ। ਪਿਆਰ ਆਤਮਾਵਾਂ ਦਾ ਮਿਲਣ ਹੈ। ਸਰੀਰ ਦੀ ਖੂਬਸੂਰਤੀ ਦੇ ਮਾਪਦੰਡਾਂ ਉੱਪਰ ਪਿਆਰ ਕਰਨ ਵਾਲੇ ਕਾਮੀ, ਦੰਭੀ ਮਨੁੱਖ ਹੋ ਸਕਦੇ ਹਨ, ਪ੍ਰੰਤੂ ਸੱਚੇ ਪ੍ਰੇਮੀ ਨਹੀਂ। ਸੱਚਾ ਪ੍ਰੇਮ ਰੂਹ ਦੀਆਂ ਤਾਰਾਂ ਵਿਚ ਝਰਨਾਹਟ ਪੈਦਾ ਕਰਕੇ ਅਨਹਦ ਨਾਦ ਜਗਾ ਦੇਂਦਾ ਹੈ ਤੇ ਸਰੀਰ ਦਾ ਆਕਰਸ਼ਨ ਸਿਰਫ ਕਾਮ ਅਗਨੀ ਭੜਕਾ ਕੇ ਇਨਸਾਨ ਨੂੰ ਭਸਮ ਕਰ ਸਕਦਾ ਹੈ।''

ਜੂਹੀ ਵਿਸ਼ਨੂੰ ਸ਼ਰਮਾ ਦੀ ਕਾਰ ਵਿਚ ਬੈਠੀ ਹੈ। ਬਾਰਸ਼ ਜੰਮ ਕੇ ਬਰਸੀ ਹੈ ਅੱਜ। ਥੀਏਟਰ ਤੋਂ ਕਾਰ ਤੱਕ ਆਉਂਦੇ ਆਉਂਦੇ ਦੋਵੇਂ ਭਿੱਜ ਗਏ ਹਨ। ਜੂਹੀ ਦਾ ਦੁਪੱਟਾ ਗਿੱਲਾ ਹੋ ਗਿਆ ਹੈ। ਕਾਰ ਸੜਕ 'ਤੇ ਦੌੜ ਰਹੀ ਹੈ। ਅਸਮਾਨ ਉਤੇ ਕਾਲੇ ਬੱਦਲ ਛਾਏ ਹੋਏ ਹਨ। ਲੱਗਦਾ ਹੈ ਅੱਜ ਘਨਘੋਰ ਘਟਾਵਾਂ ਵਰਣ ਵਾਲੀਆਂ ਹਨ। ''ਜੂਹੀ ਸਰਦੀ ਲੱਗ ਜਾਏਗੀ ਦੁਪੱਟਾ ਉਤਾਰ ਦੇ'' ਵਿਸ਼ਨੂੰ ਆਖਦਾ ਹੈ। ਪਰ ਜੂਹੀ ਨੇ ਜਿਵੇਂ ਕੁਝ ਸੁਣਿਆ ਹੀ ਨਹੀਂ ਹੈ। ਵਿਸ਼ਨੂੰ ਵੀ ਸਮਝ ਜਾਂਦਾ ਹੈ ਕਿ ਅੱਜ ਸ਼ਰਾਰਤ ਦਾ ਮੌਸਮ ਹੈ। ਦੁਪੱਟੇ ਦੀ ਇਕ ਕੰਨੀ ਖਿੱਚ ਕੇ ਦੁਪੱਟਾ ਲਾਹ ਲੈਂਦਾ ਹੈ। ਜੂਹੀ ਅਸਚਰਜਤਾ ਨਾਲ ਉਸ ਵਲ ਵੇਖਦੀ ਹੈ। ਉਸਨੂੰ ਯਕੀਨ ਨਹੀਂ ਸੀ ਉਹ ਇਤਨੀ ਬੇਬਾਕੀ ਦਿਖਾਏਗਾ। ਪਰ ਉਹ ਚੁੱਪ ਰਹਿੰਦੀ ਹੈ।

''ਜੂਹੀਂ ਤੂੰ ਮੈਨੂੰ ਪਿਆਰ ਕਰਦੀ ਹੈਂ।''

''ਬਹੁਤ ਜ਼ਿਆਦਾ...''

''ਕਿੰਨਾ ਜ਼ਿਆਦਾ...?''

''ਏਨਾ ਜ਼ਿਆਦਾ ਕਿ ਮੈਂ ਦਸ ਹੀ ਨਹੀਂ ਸਕਦੀ।''

''ਕਰਦੀ ਵੀ ਹੈਂ ਕਿ ਨਹੀਂ?''

ਜੂਹੀ ਹੱਸ ਪਈ ਹੈ।

''ਜੂਹੀ ਇਕ ਗੱਲ ਆਖਾਂ।''

''ਹੂੰ...''

ਆਪਣੀ ਕੁੜਤੀ ਦਾ ਇਕ ਬਟਨ ਖੋਲ੍ਹ ਦੇ ਪਲੀਜ਼...ਬਸ ਇਕ ਬਟਨ...''

ਜੂਹੀ ਫਟੀਆਂ ਫਟੀਆਂ ਅੱਖਾਂ ਨਾਲ ਉਸ ਵਲ ਵੇਖਦੀ ਹੈ। ਆਤਮਾ ਨੂੰ ਪਿਆਰ ਕਰਨ ਦੀ ਗੱਲ ਕਰਨ ਵਾਲਾ ਸਰੀਰ ਨੂੰ ਦੇਖਣ ਦੀ ਮੰਗ ਕਰ ਰਿਹਾ ਸੀ।

''ਕੀ ਤੂੰ ਮੈਨੂੰ ਪਿਆਰ ਨਹੀਂ ਕਰਦੀ ਜੂਹੀ?''

ਜੂਹੀ ਇਕ ਪਲ ਕੁਝ ਸੋਚਦੀ ਹੈ। ਬੁੱਲ੍ਹ ਦੰਦਾਂ ਥੱਲੇ ਚਿੱਥ ਲੈਂਦੀ ਹੈ। ਤੇ ਫਿਰ ਇਕ ਝਟਕੇ ਨਾਲ ਇਕ...ਦੋ...ਤਿੰਨ...ਸਾਰੇ ਬਟਨ ਖੋਲ੍ਹ ਦਿੰਦੀ ਹੈ।

ਵਿਸ਼ਨੂੰ ਦਾ ਮੂੰਹ ਖੁੱਲ੍ਹੇ ਦਾ ਖੁੱਲ੍ਹਾ ਰਹਿ ਜਾਂਦਾ ਹੈ। ਉਹ ਸੀਟ 'ਤੇ ਬੈਠਾ ਬੇਚੈਨੀ ਨਾਲ ਉਸਲਵੱਟੇ ਲੈਣ ਲੱਗ ਪੈਂਦਾ ਹੈ। ਜੂਹੀ ਉਸਦੇ ਚਿਹਰੇ ਦੇ ਬਦਲਦੇ ਰੰਗ ਅਤੇ ਭਾਵ ਵੇਖ ਰਹੀ ਹੈ। ਬਸ ਵੇਖ ਰਹੀ ਹੈ। ਅਚਾਨਕ ਉਹ ਉਸਦੇ ਹੱਥ ਆਪਣੇ ਹੱਥਾਂ 'ਚ ਫੜ ਕੇ ਘੁੱਟ ਲੈਂਦਾ ਹੈ ਤੇ ਫਿਰ ਉਸਦੇ ਹੋਂਠ...

ਰੰਗਮੰਚ ਦੇ ਖੇਤਰ ਵਿਚ ਹਲਚਲ ਹੈ। ਅਯਾਜ਼ ਰਸੂਲ ਦੇ ਖ਼ਿਲਾਫ ਲੋਕਾਂ ਨੇ ਜਿਵੇਂ ਮੋਰਚਾ ਸੰਭਾਲ ਲਿਆ ਹੈ ਤੇ ਵਿਸ਼ਨੂੰ ਸ਼ਰਮਾ ਇਸ ਮੋਰਚੇ ਦਾ ਪਰਦੇ ਦੇ ਪਿੱਛੇ ਦਾ ਆਗੂ ਹੈ। ਸਭ ਕੁਝ ਉਸਦੀ ਮਰਜ਼ੀ ਮੁਤਾਬਕ ਹੋ ਰਿਹਾ ਹੈ। ''ਸਰ ਜੇ ਅਲੈਕਸ਼ਨ ਹੋਈ ਤਾਂ ਸਮਝੋ ਤੁਹਾਡੀ ਜਿੱਤ ਪੱਕੀ ਹੈ।'' ਵਿਸ਼ਨੂੰ ਹੱਸਦਾ ਹੈ।

''ਜੇ ਕਿਸੇ ਨੂੰ ਸਾਡੇ ਬਾਰੇ ਪਤਾ ਲੱਗ ਗਿਆ ਤਾਂ ਕੀ ਹੋਵੇਗਾ?'' ਜੂਹੀ ਘਬਰਾਈ ਹੋਈ ਵਿਸ਼ਨੂੰ ਨੂੰ ਪੁੱਛਦੀ ਹੈ।

''ਮੈਂ ਤੈਨੂੰ ਆਪਣੇ ਨਾਲ ਰੱਖ ਲਊਂਗਾ। ਉਂਜ ਵੀ ਮੇਰੇ ਕੋਲ ਬਥੇਰੀ ਪ੍ਰਾਪਰਟੀ ਹੈ। ਤਿੰਨ ਸ਼ਹਿਰਾਂ ਵਿਚ ਪਲਾਟ ਨੇ। ਤੈਨੂੰ ਅਲੱਗ ਘਰ ਲੈ ਦਊਂਗਾ। ਮੌਜਾਂ ਕਰੀਂ।''

''ਇਕੱਲਿਆਂ? ਤੇ ਤੁਸੀਂ?''

''ਮੈਂ ਸਿਰਫ਼ ਤੇਰਾ ਹਾਂ ਯਾਦ ਰੱਖੀਂ। ਤੇਰੇ ਬਿਨਾ ਮੈਂ ਕਿਸੇ ਕੰਮ ਦਾ ਨਹੀਂ ਤੇ ਨਾ ਹੀ ਮੈਂ ਤੇਰੇ ਬਿਨਾ ਜੀ ਸਕਦਾਂ। ਸਾਡੀਆਂ ਸਮਾਜਿਕ ਜ਼ਿੰਮੇਵਾਰੀਆਂ ਅਲੱਗ ਨੇ ਪਰ ਇਸ ਸਭ ਦੇ ਬਾਵਜੂਦ ਤੂੰ ਆਪਣੀ ਜਗ੍ਹਾ ਇਕ ਹਕੀਕਤ ਹੈਂ...ਮੇਰੀ ਜ਼ਿੰਦਗੀ ਵਿਚ। ਤੂੰ ਅੱਜ ਤੋਂ ਬਾਅਦ ਮੈਨੂੰ ਅਪਣਾ ਪਤੀ ਤਸੱਵੁਰ ਕਰ ਲੈ। ਤੂੰ ਮੇਰੀ ਇੱਛਿਤ ਬੀਵੀ ਹੈਂ।''

''ਆਪਾਂ ਕਿਸੇ ਮੰਦਰ ਵਿਚ ਵਿਆਹ ਕਰ ਲਈਏ?'' ਜੂਹੀ ਦੀ ਮਾਸੂਮ ਜਿਹੀ ਖਾਹਿਸ਼ ਮਚਲਦੀ ਹੈ।

''ਵਿਆਹ ਮਨ ਦਾ ਹੁੰਦਾ ਹੈ। ਉਹ ਸਮਝ ਮੈਂ ਤੇਰੇ ਨਾਲ ਕਰ ਲਿਆ। ਮੇਰੇ ਲਫਜ਼ਾਂ 'ਤੇ ਯਕੀਨ ਕਰਨ। ਮੈਂ ਕੋਈ ਸਾਧਾਰਨ ਬੰਦਾ ਨਹੀਂ ਹਾਂ। ਜੇ ਮੈਂ ਤੈਨੂੰ ਪਿਆਰ ਕੀਤਾ ਹੈ ਤਾਂ ਹਰ ਮੁਸੀਬਤ ਵਿਚ ਤੇਰੇ ਨਾਲ ਖੜ੍ਹਾ ਵੀ ਹੋਵਾਂਗਾ। ਤੈਨੂੰ ਕਿਧਰੇ ਧੋਖਾ ਦੇ ਕੇ ਚਲਾ ਨਹੀਂ ਜਾਵਾਂਗਾ। ਇਹ ਖਿਆਲ ਹੀ ਮਨ 'ਚੋਂ ਕੱਢ ਦੇ।'' ਤੇ ਜੂਹੀ ਨਿਸ਼ਚਿੰਤ ਹੋ ਗਈ। ਅਕੈਡਮੀ ਦੇ ਸੈਕਟਰੀ ਖਿਲਾਫ ਲੋਕਾਂ ਦਾ ਪ੍ਰਦਰਸ਼ਨ ਉਗਰ ਹੋ ਗਿਆ ਤਾਂ ਪ੍ਰਸ਼ਾਸਨ ਨੂੰ ਮਜਬੂਰਨ ਕਿਸੇ ਅਲੈਕਟਿਡ ਬੰਦੇ ਨੂੰ ਉਸਦੀ ਜਗ੍ਹਾ ਲਗਾਉਣ ਦਾ ਆਦੇਸ਼ ਦੇਣਾ ਪਿਆ।

ਵਿਸ਼ਨੂੰ ਸ਼ਰਮਾ ਅੱਜ ਕੱਲ੍ਹ ਆਪਣੀਆਂ ਕਲਾਬਾਜ਼ੀਆਂ ਉਤੇ ਬਹੁਤ ਖੁਸ਼ ਹੈ। ਜੂਹੀ ਅੱਜ ਕੱਲ੍ਹ ਵਿਆਹੁਤਾ ਔਰਤਾਂ ਵਾਂਗ ਹੀ ਬਿਹੇਵ ਕਰਨ ਲੱਗ ਪਈ ਹੈ। ਕਾਰ ਵਿਚ ਆਂਦੇ ਜਾਂਦੇ ਉਸਦੇ ਹੱਥ ਗੁਸਤਾਖੀਆਂ ਕਰਦੇ ਹਨ। ਵਿਸ਼ਨੂੰ ਤਾਂ ਜਿਵੇਂ ਨਸ਼ਿਆਇਆ ਰਹਿੰਦਾ ਹੈ। ਐਸੇ ਵਿਚ ਕਦੋਂ ਕੀ ਅਣਗਹਿਲੀਆਂ ਹੋ ਜਾਂਦੀਆਂ ਹੋਣਗੀਆਂ ਉਨ੍ਹਾਂ ਨੂੰ ਹੋਸ਼ ਹੀ ਨਹੀਂ।

''ਸਰ ਅਲੈਕਸ਼ਨ ਹੋਣ ਵਾਲੀ ਹੈ। ਤੁਸੀਂ ਸਮਝਦਾਰ ਹੋ। ਜੇ ਕਿਸੇ ਵਿਰੋਧੀ ਨੂੰ ਤੁਹਾਡੀ ਕੋਈ ਵੀ ਕਮਜ਼ੋਰੀ ਹੱਥ ਲੱਗ ਗਈ ਤਾਂ ਸਾਡੀ ਕੀਤੀ ਕਰਾਈ ਪਾਣੀ ਵਿਚ ਚਲੀ ਜਾਵੇਗੀ ਅਤੇ ਮੂੰਹ ਵੇਖਦੇ ਰਹਿ ਜਾਵਾਂਗੇ। ਕੁਰਸੀ ਕੋਈ ਹੋਰ ਮੱਲ ਬੈਠੇਗਾ।'' ਕਿਸੇ ਸ਼ੁਭਚਿੰਤਕ ਨੇ ਵਿਸ਼ਨੂੰ ਨੂੰ ਚਿਤਾਵਨੀ ਦਿੱਤੀ ਤਾਂ ਉਸਦੇ ਜਿਵੇਂ ਹੋਸ਼ ਹਵਾਸ਼ਾਂ ਨੂੰ ਕਰੰਟ ਲੱਗ ਗਿਆ।

''ਨਹੀਂ ਨਹੀਂ...ਐਸਾ ਕਿਵੇਂ ਹੋ ਸਕਦਾ ਹੈਂ?''

''ਸਰ ਸਿਆਸਤ ਵਿਚ ਐਵੇਂ ਹੀ ਹੁੰਦਾ ਹੈ...'' ਵਿਸ਼ਨੂੰ ਸ਼ਰਮਾ ਸਮਝ ਜਾਂਦਾ ਹੈ ਕਿ ਕਿਸ ਕਮਜ਼ੋਰੀ ਦੀ ਗੱਲ ਕੀਤੀ ਗਈ ਹੈ ਤਾਂ ਕਿ ਲੋਕਾਂ ਨੂੰ ਉਸਦੇ ਬਾਰੇ ਸਭ ਪਤਾ ਹੈ? ਉਸਦਾ ਦਿਮਾਗ ਘੁੰਮ ਗਿਆ ਹੈ।।

ਉਸਦੀ ਜ਼ਿੰਦਗੀ ਦੋਰਾਹੇ 'ਤੇ ਖੜ੍ਹੀ ਹੈ। ਜੂਹੀ ਅੱਜਕਲ ਆਪਣੇ ਪਰਸ ਵਿਚ ਗਰਭ ਨਿਰੋਧਕ ਗੋਲੀਆਂ ਰੱਖਣੀਆਂ ਨਹੀਂ ਭੁੱਲਦੀ। ਵਿਸ਼ਨੂੰ ਨੇ ਕਈ ਦਿਨਾਂ ਤੋਂ ਥਕਾਵਟ ਥਕਾਵਟ ਕਹਿੰਦਿਆਂ ਉਸਨੂੰ ਹਿਲ ਸਟੇਸ਼ਨ ਕੁਝ ਦਿਨਾਂ ਲਈ ਨਾਲ ਚੱਲਣ ਲਈ ਤਿਆਰ ਕਰ ਲਿਆ ਸੀ। ਪ੍ਰੋਗਰਾਮ ਮੁਤਾਬਿਕ ਜੂਹੀ ਆਪਣੇ ਕੱਪੜਿਆਂ ਵਾਲੀ ਅਟੈਚੀ ਲੈ ਕੇ ਉਸ ਮੋੜ 'ਤੇ ਖੜ੍ਹੀ ਹੈ, ਜਿਥੋਂ ਵਿਸ਼ਨੂੰ ਸ਼ਰਮਾ ਨੇ ਉਸਨੂੰ ਪਿੱਕ ਕਰਨਾ ਹੈ। ਜੂਹੀ ਉਡੀਕ ਰਹੀ ਹੈ। ਗਿਆਰਾਂ ਵਜੇ ਵਿਸ਼ਨੂੰ ਨੇ ਆਉਣਾ ਸੀ ਪਰ ਹੁਣ ਇਕ ਵੱਜ ਗਿਆ ਹੈ। ਉਹ ਅਜੇ ਤੱਕ ਨਹੀਂ ਆਇਆ। ਸੜਕ ਸੁੰਨਸਾਨ ਪਈ ਹੈ। ਖੜ੍ਹੇ ਖੜ੍ਹੇ ਉਸਨੂੰ ਲੱਗ ਰਿਹਾ ਹੈ ਕਿ ਉਹ ਲਹਿਰਾ ਕੇ, ਚਕਰਾ ਕੇ ਡਿੱਗ ਜਾਵੇਗੀ ਪਰ ਵਿਸ਼ਨੂੰ ਕਿਧਰੇ ਨਜ਼ਰੀਂ ਨਹੀਂ ਪੈ ਰਿਹਾ। ਸੂਰਜ ਢਲਣ ਲੱਗਾ ਹੈ। ਉਹ ਮਰੇ ਕਦਮਾਂ ਨਾਲ ਅਟੈਚੀ ਚੁੱਕ ਵਾਪਸ ਪਰਤ ਪੈਂਦੀ ਹੈ। ਸਵੇਰੇ ਨਾਟਕ ਵਰਕਸ਼ਾਪ ਵਿਚ ਰਿਹਰਸਲ ਸਮੇਂ ਪੁੱਜਦੀ ਹੈ ਤਾਂ ਪਤਾ ਲੱਗਦਾ ਹੈ ਕਿ ਵਿਸ਼ਨੂੰ ਨੂੰ ਅਚਾਨਕ ਕਿਸੇ ਜ਼ਰੂਰੀ ਕੰਮ ਕਰਕੇ ਚਲੇ ਜਾਣਾ ਪਿਆ ਹੈ। ਰਿਹਰਸਲ ਤਦ ਤੱਕ ਉਸਦਾ ਸਹਿਯੋਗੀ ਸੰਭਾਲ ਲੈਂਦਾ ਹੈ। ਜੂਹੀ ਮੋਬਾਇਲ 'ਤੇ ਰਿੰਗ ਕਰਦੀ ਹੈ। ਰਿੰਗ ਅੱਗੋਂ ਡਿਸਕਨੈਕਟ ਕਰ ਦਿੱਤੀ ਜਾਂਦੀ ਹੈ। ਇਕ ਵਾਰ...ਦੋ ਵਾਰ...ਚਾਰ...ਪੰਜ...ਦਸ ਵਾਰ... ''

ਕਿਤਨੇ ਦਿਨ ਬੀਤ ਗਏ ਨੇ। ਕੋਈ ਫੋਨ, ਕੋਈ ਪੈਗਾਮ ਨਹੀਂ। ਕੀ ਉਸਦੇ ਨਾਲ ਛਲਕਪਟ ਹੋਇਆ ਹੈ? ਮਨ ਨਹੀਂ ਮੰਨਦਾ। ਉਹ ਤਾਂ ਕਿਸੇ ਵੀ ਹਾਲਾਤ ਵਿਚ ਉਸ ਨਾਲ ਖਲੋਣ ਦਾ ਪ੍ਰਣ ਕਰਦਾ ਸੀ? ਉਹ ਤਾਂ ਔਰਤਾਂ ਪ੍ਰਤੀ ਸਮਾਜ ਦੇ ਹਿੰਸਾਤਮਕ ਵਤੀਰੇ ਦਾ ਖੰਡਨ ਕਰਦਾ ਸੀ?

ਪਰ ਉਹ ਨਹੀਂ ਪਰਤਿਆ।

ਨਾਟਕ ਦਾ ਦਿਨ ਆ ਗਿਆ। ਤੇ ਅਚਾਨਕ ਜੂਹੀ ਨੇ ਉਸ ਨੂੰ ਹਾਲ ਵਿਚ ਇਕ ਪਾਸੇ ਬੈਠੇ ਵੇਖਿਆ। ਕਿਉਂ? ਕਿਉਂ ਛੁਪ ਰਿਹਾ ਉਹ ਉਸ ਤੋਂ? ਸਾਹਮਣੇ ਆ ਕੇ ਆਖ ਕਿਉਂ ਨਹੀਂ ਦਿੰਦਾ ਕਿ ਮੈਂ ਕਾਇਰ ਹਾਂ ਜੂਹੀ, ਮੈਂ ਤੇਰਾ ਸਾਥ ਨਹੀਂ ਨਿਭਾ ਸਕਦਾ। ਮੈਨੂੰ ਰਾਜਨੀਤੀ ਤੇ ਸੱਤਾ ਨੇ ਡਰਪੋਕ ਬਣਾ ਦਿੱਤਾ। ਹੁਣ ਮੈਂ ਤੈਨੂੰ ਆਪਣੀ ਇੱਛਤ ਪਤਨੀ ਸਵੀਕਾਰ ਨਹੀਂ ਕਰ ਸਕਦਾ। ਮੈਂ ਉਹੀ ਹਿੰਸਾਤਮਕ ਮਰਦ ਹਾਂ, ਜਿਸ ਵਿਰੁਧ ਔਰਤ ਆਪਣਾ ਗੁਸੈਲਾ ਤੇ ਬਦਲਾਲਊ ਭਾਵਨਾ ਵਾਲਾ ਅਹਿਸਾਸ ਸਿਰਜਦੀ ਹੈ। ਅੱਜ ਉਸਦਾ ਨਾਟਕ ਹੈ ਤੇ ਕੱਲ੍ਹ ਇਲੈਕਸ਼ਨ। ਪਰਸੋਂ ਸ਼ਾਇਦ ਉਹ ਅਕੈਡਮੀ ਦੇ ਸਭ ਤੋਂ ਉਚੇ ਅਹੁਦੇ ਤੇ ਬਿਰਾਜਮਾਨ ਹੋਵੇ। ਸੱਤਾ ਦੀ ਏਨੀ ਭੁੱਖ? ਉਸਨੂੰ ਆਪਣੇ ਜਿਸਮ ਦੇ ਅੰਗ ਅੰਗ ਤੋਂ ਕਿਸੇ ਸੜਾਂਦ ਦੀ ਮੁਸ਼ਕ ਆਉਂਦੀ ਹੈ।

ਉਸਦਾ ਮਨ ਕਰਦਾ ਹੈ ਆਪਣੇ ਆਪ ਨੂੰ ਨੋਚ ਸੁੱਟੇ। ਚੀਥੜੇ ਚੀਥੜੇ ਕਰ ਸੁੱਟੇ ਇਸ ਗਲੀਜ਼ ਵਜੂਦ ਨੂੰ ਜਿਸ ਉਤੇ ਕਿਸੇ ਦੀ ਗੰਦੀ ਨਜ਼ਰ ਪਈ। ਉਸਨੂੰ ਯਾਦ ਆਉਂਦੇ ਹਨ ਉਹ ਬੋਲ...''ਸਰੀਰ ਲਈ ਤਾਂ ਕੋਈ ਕਿਧਰੇ ਵੀ ਪੰਜ ਸੌ ਹਜ਼ਾਰ ਰੁਪਏ ਖਰਚ ਕੇ ਜਾ ਸਕਦਾ ਹੈ।'' ਤਾਂ ਕੀ ਉਹ ਵੀ ਪੰਜ ਸੌ-ਹਜ਼ਾਰ ਰੁਪਏ ਵਿਚ ਪ੍ਰਾਪਤ ਹੋਣ ਵਾਲੀ ਚੀਜ਼ ਹੈ? ਇਕ ਗੁਬਾਰ ਉਸਦੇ ਸਿਰ ਨੂੰ ਚੜ੍ਹ ਰਿਹਾ ਹੈ।

''ਤੇਰਾ ਰੋਲ ਆ ਗਿਆ ਹੈ'' ਪ੍ਰਾਮਪਟਰ ਇਸ਼ਾਰਾ ਕਰਕੇ ਆਖਦਾ ਹੈ। ਉਹ ਡੌਰ ਭੌਰ ਜਿਹੀ ਸਟੇਜ ਉਤੇ ਜਾ ਖਲੋਂਦੀ ਹੈ ਪਰ ਬੋਲੇ ਕੀ? ਪ੍ਰੇਮ ਰੱਤੀ ਮੀਰਾ ਹੱਥ ਇਕ ਤਾਰਾ ਫੜ ਕੇ ਗਾਉਂਦੀ ਹੈ:

ਤੁਮ ਚਾਹੇ ਤੋੜੋ ਪੀਆ
''ਮੈਂ ਨਾ ਹੀ ਤੋੜੂੰ ਰੇ
ਤੁਮ ਸੰਗ ਤੋੜੂੰ ਤੋ
ਕਵਨ ਸੰਗ ਜੋੜੂੰ ਰੇ...''

ਜੂਹੀ ਮੀਰਾ ਬਣੀ ਸਟੇਜ ਉਤੇ ਗੋਲ ਗੋਲ ਘੁੰਮ ਰਹੀ ਹੈ। ਪਰ ਅਗਲੇ ਸੰਵਾਦ ਉਸਦੇ ਜ਼ਹਿਨ 'ਚੋਂ ਮਨਫ਼ੀ ਹੋ ਰਹੇ ਹਨ। ਉਹ ਬਲੈਂਕ ਹੋ ਰਹੀ ਹੈ। ਪਰ ਫਿਰ ਵੀ ਘੁੰਮ ਰਹੀ ਹੈ। ਗੋਲ... ਗੋਲ... ਗੋਲ...। ਨਾਟਕ ਦੀ ਥੀਮ ਮੁਤਾਬਕ ਪ੍ਰੇਮ ਵਿਚ ਪਗਲਾਈ ਨਾਇਕਾ ਅੰਤ ਵਿਚ ਇਕ ਹਨੇਰੇ ਕਮਰੇ ਵਿਚ ਕੈਦ ਹੋ ਕੇ ਦੁਨੀਆਂ ਤੋਂ ਮੁੱਖ ਮੋੜ ਲੈਂਦੀ ਹੈ।

ਪਰ ਇੱਥੇ ਤਾਂ ਅੱਧ ਵਿਚਾਲੇ ਹੀ ਜੂਹੀ ਸਭ ਕੁਝ ਭੁੱਲ ਗਈ ਹੈ। ਦਰਸ਼ਕ ਉਤਾਵਲੇ ਹੋ ਕੇ ਫੁਸਫੁਸਾ ਰਹੇ ਹਨ। ਵਿਸ਼ਨੂੰ ਸ਼ਰਮਾ ਘਬਰਾ ਕੇ ਸਟੇਜ ਦੇ ਪਿਛਲੇ ਪਾਸਿਓਂ ਸਾਹਮਣੇ ਆ ਖੜ੍ਹਦਾ ਹੈ। ਜੂਹੀ ਦੀ ਨਜ਼ਰ ਉਸ 'ਤੇ ਪੈਂਦੀ ਹੈ।

ਜੂਹੀ ਦੇ ਹੋਸ਼ ਵਾਪਸ ਪਰਤਦੇ ਹਨ, ਪਰ ਜ਼ਿਹਨ ਵਿਚ ਕੁਝ ਗੜਮਡ ਹੋ ਰਿਹਾ ਹੈ।

''ਜੂਹੀ ਬੋਲੋ...'' ਵਿਸ਼ਨੂੰ ਉਤਸ਼ਾਹਿਤ ਕਰਦਾ ਹੈ।


''ਬੜੇ ਦਿਨ ਹੋਏ ਮੈਂ ਇਕ ਮਹਾਨ ਪ੍ਰੇਮ ਦਾ ਅਨੁਭਵ ਕੀਤਾ ਹੈ, ਪਰ ਮੇਰੇ ਨਾਲਾਇਕ ਪ੍ਰੇਮੀ ਨੇ ਆਪਣੇ ਪੁਰਸ਼ ਦੰਭ ਤੇ ਸੱਤਾ ਦੇ ਅਹੰਕਾਰ ਵਿਚ ਮੇਰੇ ਮਾਸੂਮ ਪ੍ਰੇਮ ਦਾ ਕਤਲ ਕਰ ਦਿੱਤਾ। ਮੈਂ ਤੁਹਾਡੇ ਸਾਰਿਆਂ ਤੋਂ ਆਪਣੇ ਪ੍ਰੇਮ ਦੀ ਹੱਤਿਆ ਦਾ ਇਨਸਾਫ ਚਾਹੁੰਦੀ ਹਾਂ। ਜਦਕਿ ਉਹ ਹਤਿਆਰਾ ਮੇਰੇ ਸਾਹਮਣੇ ਖੜ੍ਹਾ ਹੈ।'' ਉਹ ਇਕ ਉਂਗਲੀ ਸਿੱਧੀ ਵਿਸ਼ਨੂੰ ਵਲ ਤਾਣ ਕੇ ਬੋਲਦੀ ਹੈ।

ਜੂਹੀ ਹੌਲੇ ਹੌਲੀ ਵਿਸ਼ਨੂੰ ਵਲ ਵਧਦੀ ਹੈ। ਰੋਸ਼ਨੀ ਉਸਦੇ ਨਾਲ ਨਾਲ ਤੁਰਦੀ ਵਿਸ਼ਨੂੰ ਨੂੰ ਵੀ ਆਪਣੇ ਘੇਰੇ ਵਿਚ ਲੈ ਲੈਂਦੀ ਹੈ। ਲੋਕੀਂ ਸਾਹ ਰੋਕ ਕੇ ਨਾਟਕ ਦੇ ਇਸ ਅਸਲੀ ਸੀਨ ਨੂੰ ਵੇਖ ਰਹੇ ਹਨ। ਵਿਸ਼ਨੂੰ ਹਾਰ ਕੇ ਧਰਤੀ ਉਤੇ ਢਹਿ ਜਿਹਾ ਪੈਂਦਾ ਹੈ। ਦਰਸ਼ਕਾਂ ਦੀ ਭੀੜ ਵਿਚ ਖੜੋਤੀ ਵਿਸ਼ਨੂੰ ਸ਼ਰਮਾ ਦੀ ਪਤਨੀ ਕਿੰਨੀ ਸਹਿਜਤਾ, ਸ਼ਹਿਣਸ਼ੀਲਤਾ ਤੇ ਸ਼ਾਂਤਮਈ ਭਾਵਾਂ ਨਾਲ ਇਹ ਨਾਟਕ ਵੇਖ ਰਹੀ ਹੈ। ਉਸਦੇ ਹੋਂਠਾਂ ਉਤੇ ਵਿਸ਼ਨੂੰ ਸ਼ਰਮਾ ਦੇ ਆਫਿਸ ਦੀ ਦੀਵਾਰ 'ਤੇ ਟੰਗੀ ਮੋਨਾਲੀਜ਼ਾ ਦੀ ਪੇਂਟਿੰਗ ਉਤੇ ਫੈਲੀ ਰਹੱਸਮਈ ਮੁਸਕਾਨ ਵਰਗੀ ਮੁਸਕਾਨ ਚਿਪਕੀ ਹੋਈ ਹੈ।

#

# ਕਦੇ ਹਾਕੀ ਦੇ ਜਾਦੂਗਰ ਫਿਲਮੀ ਅਦਾਕਾਰਾਂ ਨੂੰ ਆਕਰਸ਼ਿਤ ਕਰਦੇ ਸਨ









ਵਿਸ਼ਵ ਕੱਪ ਹਾਕੀ 'ਚ ਜੂਝਣ ਵਾਲੀ ਕੌਮੀ ਟੀਮ ਨੇ ਸੁਪਰ ਸਟਾਰ ਅਮਿਤਾਭ ਬੱਚਨ ਅਤੇ ਸ਼ਾਹਰੁਖ ਖਾਨ ਵਰਗੀਆਂ ਫਿਲਮੀ ਹਸਤੀਆਂ ਨੂੰ ਬੇਨਤੀ ਕੀਤੀ ਹੈ ਕਿ ਉਹ ਕੌਮੀ ਖੇਡ ਹਾਕੀ ਦੀ ਮਦਦ, ਵਿਸ਼ਵ ਕੱਪ ਹਾਕੀ ਦੇ ਖਿਡਾਰੀਆਂ ਨੂੰ ਹੱਲਾਸ਼ੇਰੀ ਦੇਣ ਅਤੇ ਅਵਾਮ 'ਚ ਹਾਕੀ ਪ੍ਰਤੀ ਦਿਲਚਸਪੀ ਪੈਦਾ ਕਰਨ ਲਈ ਅੱਗੇ ਆਉਣ। ਇਸ ਆਲਮ ਵਿਚ ਉਹ 1975 ਵਿਸ਼ਵ ਕੱਪ ਹਾਕੀ ਵਾਲਾ ਯਾਦਗਾਰੀ ਦੌਰ ਯਾਦ ਆਉਂਦਾ ਹੈ। ਅੱਜ ਉਨ੍ਹਾਂ ਪੁਰਾਣੇ ਸੁਨਹਿਰੀ ਦਿਨਾਂ ਦੀ ਯਾਦ ਤਾਜ਼ਾ ਕਰਨ ਨੂੰ ਮਨ ਕਰਦਾ ਹੈ ਜਦੋਂ ਹਾਕੀ ਦੇ ਜਾਦੂਗਰਾਂ ਨੇ ਪੂਰੇ ਦੇਸ਼ ਨੂੰ ਆਪਣੇ ਜਾਦੂ ਨਾਲ ਮੰਤਰਮੁਗਧ ਕੀਤਾ ਹੋਇਆ ਸੀ। ਭਾਰਤ ਤਾਂ ਕੀ, ਪੂਰੇ ਵਿਸ਼ਵ ਵਿਚ ਭਾਰਤੀ ਹਾਕੀ ਦੀ ਚਰਚਾ ਸੀ। ਹਾਕੀ ਦੇ ਇਨ੍ਹਾਂ ਜਾਦੂਗਰਾਂ ਨੇ ਆਪਣੀ ਕਲਾ ਦੇ ਬਲਬੂਤੇ ਫਿਲਮੀ ਅਦਾਕਾਰਾਂ ਨੂੰ ਵੀ ਕਾਫੀ ਪ੍ਰਭਾਵਤ ਕੀਤਾ ਹੋਇਆ ਸੀ, ਆਪਣੇ ਵੱਲ ਖਿੱਚਿਆ ਹੋਇਆ ਸੀ। ਉਨ੍ਹਾਂ ਨੂੰ ਬੇਨਤੀ ਕਰਨ ਦੀ ਕੋਈ ਲੋੜ ਨਹੀਂ ਸੀ। ਇਹ ਜ਼ਿਕਰਯੋਗ ਹੈ ਕਿ ਭਾਰਤ ਅਤੇ ਵਿਸ਼ਵ ਦੇ ਦੂਜੇ ਦੇਸ਼ਾਂ ਵਿਚ ਫਿਲਮੀ ਸਿਤਾਰੇ ਹਮੇਸ਼ਾ ਖੇਡਾਂ ਦੀ ਦੁਨੀਆਂ ਨਾਲ ਜੁੜੇ ਰਹੇ ਹਨ ਜਾਂ ਫਿਰ ਚਮਕ-ਦਮਕ ਵਾਲੇ ਖੇਤਰਾਂ ਨਾਲ।

ਬਿਹਤਰੀਨ ਫ਼ਿਲਮੀ ਸਿਤਾਰਿਆਂ ਦੀਆਂ ਬਿਹਤਰੀਨ ਫ਼ਿਲਮਾਂ ਦੇਖਣ ਲਈ ਜਿਸ ਤਰ੍ਹਾਂ ਹਾਕੀ ਦੇ ਸਿਤਾਰੇ ਭਾਰੀ ਇਕੱਠ ਵਿਚ ਜੁੜਦੇ ਸਨ, ਉਸੇ ਤਰ੍ਹਾਂ ਇਸ ਲੋਕਪ੍ਰਿਯ ਤੇ ਕੌਮੀ ਖੇਡ ਨੂੰ ਵਧੀਆ-ਵਧੀਆ ਮੈਦਾਨਾਂ ਵਿਚ ਦੇਖਣ ਲਈ ਫਿਲਮੀ ਅਦਾਕਾਰ ਖੇਡ ਦੇ ਮੈਦਾਨ ਵਿਚ ਪਹੁੰਚਦੇ ਸਨ ਪਰ ਉਨ੍ਹਾਂ ਲਈ ਮੁਸੀਬਤ ਇਹ ਹੁੰਦੀ ਸੀ ਕਿ ਉਹ ਆਪਣੇ ਚਹੇਤਿਆਂ ਤੋਂ ਲੁਕ-ਲੁਕ ਕੇ ਇਕ ਸਾਈਡ 'ਤੇ ਬੈਠ ਕੇ ਹਾਕੀ ਸਿਤਾਰਿਆਂ ਦਾ ਖੂਬਸੂਰਤ ਪ੍ਰਦਰਸ਼ਨ ਦੇਖਦੇ ਹੁੰਦੇ ਸਨ।

ਮੁੰਬਈ ਵਿਚ ਹੋਣ ਵਾਲੇ ਆਗਾਖਾਨ ਟੂਰਨਾਮੈਂਟ ਵਿਚ ਫਿਲਮੀ ਸਿਤਾਰਿਆਂ ਦੀ ਭੀੜ ਹੁੰਦੀ ਸੀ। ਰਾਜ ਕਪੂਰ, ਪ੍ਰਾਣ, ਸ਼ੰਮੀ ਕਪੂਰ, ਰਾਜ ਖੋਸਲਾ, ਓਮ ਪ੍ਰਕਾਸ਼, ਮਨੋਜ ਕੁਮਾਰ, ਧਰਮਿੰਦਰ, ਜਤਿੰਦਰ, ਰਣਜੀਤ, ਵਿਨੋਦ ਖੰਨਾ, ਡਿੰਪਲ ਕਪਾਡੀਆ, ਸ਼ਸ਼ੀ ਕਪੂਰ ਅਤੇ ਦਾਰਾ ਸਿੰਘ ਵਰਗੇ ਕਈ ਫ਼ਿਲਮੀ ਸਿਤਾਰੇ ਵਿਸ਼ੇਸ਼ ਕਰਕੇ ਪੰਜਾਬੀ ਫ਼ਿਲਮ ਅਦਾਕਾਰ ਅਤੇ ਫਿਲਮੀ ਐਕਟਰਸਾਂ ਹਾਕੀ ਦੀਆਂ ਦੀਵਾਨੀਆਂ ਹੁੰਦੀਆਂ ਸਨ।

ਯਾਦ ਰਹੇ ਕਿ 1975 ਵਿਚ ਜਦੋਂ ਭਾਰਤ ਨੇ ਕੁਆਲਾਲੰਪੁਰ ਵਿਖੇ ਪਹਿਲਾ ਵਿਸ਼ਵ ਕੱਪ ਜਿੱਤਿਆ ਤਾਂ ਉਸ ਸਮੇਂ ਭਾਰਤੀ ਹਾਕੀ ਬੁਲੰਦੀ 'ਤੇ ਸੀ ਕਿਉਂਕਿ ਇਸ ਤੋਂ ਪਹਿਲਾਂ ਭਾਰਤ ਅੱਠ ਵਾਰ ਓਲੰਪਿਕ ਜੇਤੂ ਰਹਿ ਚੁੱਕਾ ਸੀ ਅਤੇ ਇਸ ਸਮੇਂ ਵਿਸ਼ਵ ਕੱਪ ਜੇਤੂ ਬਣ ਕੇ ਇਸ ਖੇਡ ਨੂੰ ਹੋਰ ਵੀ ਲੋਕਪ੍ਰਿਯ ਕਰ ਦਿੱਤਾ। ਇਸ ਲੋਕਪ੍ਰਿਯਤਾ ਕਰਕੇ ਕਈ ਹੋਰ ਫਿਲਮੀ ਸਿਤਾਰੇ ਵੀ ਹਾਕੀ ਦੇ ਨਾਲ ਜੁੜਦੇ ਗਏ। ਉਸ ਸਮੇਂ ਭਾਰਤ ਵਿਚ ਹਾਕੀ ਵਾਲਿਆਂ ਦੀ ਬੜੀ ਤਾਰੀਫ ਹੋਈ ਸੀ ਕਿ ਹਾਕੀ ਦੇ ਸਿਤਾਰੇ ਫਿਲਮੀ ਸਿਤਾਰਿਆਂ ਦੀ ਤਰ੍ਹਾਂ ਛਾ ਗਏ। ਉਨ੍ਹਾਂ ਦਿਨਾਂ ਵਿਚ ਮੁੰਬਈ ਦੇ ਇਕ ਸਟੇਡੀਅਮ ਵਿਚ ਫਿਲਮੀ ਸਿਤਾਰਿਆਂ ਵਲੋਂ ਉਸ ਟੀਮ ਦਾ ਸਨਮਾਨ ਵੀ ਕੀਤਾ ਗਿਆ, ਜੋ ਕਪਤਾਨ ਅਜੀਤਪਾਲ ਦੀ ਕਪਤਾਨੀ ਵਿਚ ਇਹ ਵਿਸ਼ਵ ਕੱਪ ਜਿੱਤੀ ਸੀ। ਦਿਲੀ ਸ਼ਰਧਾ ਤੇ ਦਿਲੀ ਸਤਿਕਾਰ ਨਾਲ ਫਿਲਮੀ ਸਿਤਾਰਿਆਂ ਨੇ ਦੇਸ਼ ਦੀ ਰਾਸ਼ਟਰੀ ਖੇਡ ਹਾਕੀ ਦੇ ਜੇਤੂ ਸਿਤਾਰਿਆਂ ਨੂੰ ਆਪਣੇ ਵਲੋਂ ਇੱਜ਼ਤ ਦੇਣ ਦਾ ਖੂਬਸੂਰਤ ਉਪਰਾਲਾ ਕੀਤਾ। ਦਿਲਚਸਪ ਗੱਲ ਇਹ ਹੈ ਕਿ ਇਸ ਦੌਰਾਨ ਫਿਲਮੀ ਸਿਤਾਰਿਆਂ ਅਤੇ ਜੇਤੂ ਹਾਕੀ ਸਿਤਾਰਿਆਂ ਦਰਮਿਆਨ ਇਕ ਦੋਸਤਾਨਾ ਮੈਚ ਵੀ ਖੇਡਿਆ ਗਿਆ, ਜਿਸ ਨੂੰ ਦੇਖਣ ਲਈ 40 ਹਜ਼ਾਰ ਦੇ ਕਰੀਬ ਦਰਸ਼ਕਾਂ ਨੇ ਮੈਦਾਨ ਨੂੰ ਆਪਣੀ ਹਾਜ਼ਰੀ ਨਾਲ ਸੁਸ਼ੋਭਿਤ ਕੀਤਾ। ਇਸ ਮੈਚ ਦਾ ਰੁਮਾਂਚ ਇਸ ਲਈ ਵੀ ਜ਼ਿਆਦਾ ਸੀ, ਕਿਉਂਕਿ ਫਿਲਮੀ ਅਦਾਕਾਰ ਅਕਸਰ ਸਾਡੇ ਦਿਲਾਂ ਦੇ ਬਹੁਤ ਨੇੜੇ ਹੁੰਦੇ ਹਨ। ਦੂਜੇ ਪਾਸੇ ਹਾਕੀ ਵਾਲੇ ਵੀ ਆਪਣੇ ਦਮ-ਖਮ ਨਾਲ ਦਿਲਾਂ ਦੇ ਬਹੁਤ ਕਰੀਬ ਹੋ ਗਏ ਸਨ। ਸ਼ਾਲਾ! ਕੌਮੀ ਖੇਡ ਹਾਕੀ ਦੇ ਮੁੜ ਤੋਂ ਫਿਲਮੀ ਸਿਤਾਰਿਆਂ ਨਾਲ ਉਹੀ ਪੁਰਾਣੇ ਰਿਸ਼ਤੇ ਉਸੇ ਸ਼ਿੱਦਤ ਨਾਲ ਜੁੜਨ ਦੇ ਸਾਰੇ ਸਬੱਬ ਬਣ ਜਾਣ।

-ਪ੍ਰੋ. ਪਰਮਜੀਤ ਸਿੰਘ ਰੰਧਾਵਾ

# ਭਾਰਤੀ ਸਿਨੇਮਾ ਦਾ ਥੰਮ ਸੀ ਦੁਰਗਾ ਖੋਟੇ



ਇਕ ਵੇਲਾ ਅਜਿਹਾ ਵੀ ਸੀ, ਜਦੋਂ ਮਾਇਆ ਨਗਰੀ ਨੂੰ ਬੁਰੀਆਂ ਨਜ਼ਰਾਂ ਨਾਲ ਦੇਖਿਆ ਜਾਂਦਾ ਸੀ ਅਤੇ ਕਿਸੇ ਕੁੜੀ ਦੇ ਇਸ 'ਚ ਦਾਖਲੇ ਨੂੰ ਅਪਵਿੱਤਰ ਸਮਝਿਆ ਜਾਂਦਾ ਸੀ। ਅਜਿਹੇ ਦੌਰ 'ਚ ਇਕ ਖੂਬਸੂਰਤ ਔਰਤ ਨੇ ਸਾਰੇ ਬੰਧਨਾਂ ਅਤੇ ਰਸਮਾਂ ਨੂੰ ਤੋੜਦਿਆਂ ਫ਼ਿਲਮਾਂ 'ਚ ਪ੍ਰਵੇਸ਼ ਕੀਤਾ ਸੀ। ਇਹ ਸੀ ਪ੍ਰਸਿੱਧ ਅਦਾਕਾਰਾ ਦੁਰਗਾ ਖੋਟੇ, ਜਿਨ੍ਹਾਂ ਨੇ ਸ਼ੁਰੂਆਤ 'ਚ ਬਤੌਰ ਹੀਰੋਇਨ ਜਿਥੇ ਪ੍ਰਸਿੱਧੀ ਪ੍ਰਾਪਤ ਕੀਤੀ, ਉਥੇ ਹੀ ਬਾਅਦ 'ਚ ਚਰਿੱਤਰ ਕਿਰਦਾਰਾਂ 'ਚ ਵੀ ਆਪਣਾ ਇਕ ਖਾਸ ਮੁਕਾਮ ਬਣਾਇਆ।

ਦੁਰਗਾ ਖੋਟੇ ਅਜਿਹੇ ਵਾਤਾਵਰਣ 'ਚ ਜੰਮੀ-ਪਲੀ ਸੀ ਜੋ ਕੁਲੀਨ ਵਰਗ ਸੀ। ਸਮਾਜ ਦਾ ਧਾਰਮਿਕ ਵਰਗ ਸੀ ਅਤੇ ਜੋ ਫਿਲਮ ਨਗਰੀ ਨੂੰ ਚੰਗਾ ਨਹੀਂ ਮੰਨਦਾ ਸੀ। ਉਹ ਜਾਣਦੇ ਸਨ ਕਿ ਉਨ੍ਹਾਂ ਨੂੰ ਕੀ ਚਾਹੀਦਾ ਸੀ। ਉਨ੍ਹਾਂ ਨੇ ਆਪਣੇ ਉਦੇਸ਼ ਨੂੰ ਤੈਅ ਕੀਤਾ, ਭਾਵੇਂ ਉਨ੍ਹਾਂ ਨੂੰ ਇਸ ਲਈ ਆਪਣੇ ਨੇੜਲੇ ਰਿਸ਼ਤੇਦਾਰਾਂ ਦਾ ਵਿਰੋਧ ਸਹਿਣਾ ਪਿਆ। ਉਹ ਮਾਇਆ ਨਗਰੀ 'ਚ ਪੈਸੇ, ਪ੍ਰਸਿੱਧੀ ਅਤੇ ਗਲੈਮਰ ਲਈ ਨਹੀਂ ਆਏ ਸਨ। ਇਹ ਸਭ ਕੁਝ ਤਾਂ ਉਨ੍ਹਾਂ ਕੋਲ ਪਹਿਲਾਂ ਹੀ ਬਹੁਤਾਤ 'ਚ ਸੀ। ਸ਼ਾਇਦ ਇਹੀ ਕਾਰਨ ਰਿਹਾ ਕਿ ਉਹ ਵੱਖ-ਵੱਖ ਕਿਸਮਾਂ ਦੇ ਕਿਰਦਾਰਾਂ ਨਾਲ ਤਜਰਬੇ ਕਰਨ ਦੀ ਹਿੰਮਤ ਕਰ ਸਕੀ। ਭਾਵੇਂ ਉਨ੍ਹਾਂ ਨੂੰ ਆਪਣੇ ਕੈਰੀਅਰ ਦੀ ਸ਼ੁਰੂਆਤ 'ਚ ਕਾਫੀ ਮੁਸ਼ਕਲਾਂ ਅਤੇ ਰੁਕਾਵਟਾਂ ਦਾ ਸਾਹਮਣਾ ਕਰਨਾ ਪਿਆ ਪਰ ਉਨ੍ਹਾਂ ਦੇ ਸੰਘਰਸ਼ ਦਾ ਅੰਤ ਹੋਇਆ ਪ੍ਰਭਾਤ ਸਟੂਡੀਓਜ਼ ਦੀ ਫ਼ਿਲਮ 'ਅਯੋਧਿਆ ਕਾ ਰਾਜਾ' ਰਾਹੀਂ। ਇਹ ਫ਼ਿਲਮ ਇਕ ਵੱਡੀ ਬਲਾਕ ਬਸਟਰ ਸਿੱਧ ਹੋਈ ਅਤੇ ਉਨ੍ਹਾਂ ਨੂੰ ਮਾਇਆ ਨਗਰੀ 'ਚ ਸਟਾਰ ਦਾ ਦਰਜਾ ਹਾਸਲ ਹੋ ਗਿਆ ਸੀ। ਇਸ ਫ਼ਿਲਮ ਦਾ ਇਤਿਹਾਸਕ ਮਹੱਤਵ ਹੈ ਕਿਉਂਕਿ ਇਹ ਪਹਿਲੀਆਂ ਟਾਕੀਜ਼ ਫ਼ਿਲਮਾਂ 'ਚ ਇਕ ਹੈ। ਉਹ ਵੀ. ਸ਼ਾਂਤਾਰਾਮ ਦੀ ਸਭ ਤੋਂ ਮਨਪਸੰਦ ਅਦਾਕਾਰਾ ਸਨ। ਉਨ੍ਹਾਂ ਨੇ ਸ਼ਾਂਤਾਰਾਮ ਦੀਆਂ ਦੋ ਫ਼ਿਲਮਾਂ 'ਮਯਾ ਮਛਿੰਦਰ' ਅਤੇ 'ਅਮਰ ਜਯੋਤੀ' 'ਚ ਯਾਦਗਾਰੀ ਕਿਰਦਾਰ ਨਿਭਾਏ ਸਨ। ਇਸ ਤੋਂ ਬਾਅਦ ਉਨ੍ਹਾਂ ਨੇ ਸਕਰੀਨ 'ਤੇ ਵੱਖ-ਵੱਖ ਤਰ੍ਹਾਂ ਦੇ ਕਿਰਦਾਰ ਨਿਭਾਏ। ਜਿਥੇ ਇਕ ਪਾਸੇ ਉਨ੍ਹਾਂ ਨੇ 'ਅਮਰ ਜਯੋਤੀ' 'ਚ ਇਕ ਡਾਕੂ ਦਾ ਕਿਰਦਾਰ ਨਿਭਾਇਆ, ਉਥੇ ਹੀ 'ਭਰਤ ਮਿਲਾਪ', 'ਰਾਜਰਾਨੀ ਮੀਰਾ', 'ਪ੍ਰਿਥਵੀ ਵੱਲਭ', 'ਹਰ ਹਰ ਮਹਾਦੇਵ', 'ਮਿਰਜ਼ਾ ਗਾਲਿਬ', 'ਰਾਜ ਤਿਲਕ' ਅਤੇ 'ਮੁਗਲ-ਏ-ਆਜ਼ਮ' ਵਰਗੀਆਂ ਧਾਰਮਿਕ, ਇਤਿਹਾਸਕ ਫ਼ਿਲਮਾਂ 'ਚ ਯਾਦਗਾਰੀ ਕਿਰਦਾਰ ਵੀ ਨਿਭਾਏ। ਉਸ ਵੇਲੇ ਮਾਇਆਨਗਰੀ 'ਚ ਉਨ੍ਹਾਂ ਦੀ ਇਕੋ-ਇਕ ਮੁਕਾਬਲੇਬਾਜ਼ ਲੇਜੈਂਡਰੀ ਅਦਾਕਾਰਾ ਸ਼ੋਭਨਾ ਸਮਰਥ ਹੀ ਸਨ। 'ਮੁਗਲ-ਏ-ਆਜ਼ਮ' ਨਾਲ ਉਨ੍ਹਾਂ ਦਾ ਇਕ ਨਵਾਂ ਸਫਰ ਸ਼ੁਰੂ ਹੋਇਆ। ਇਹ ਬਤੌਰ ਚਰਿੱਤਰ ਅਦਾਕਾਰਾ ਉਨ੍ਹਾਂ ਦੀ ਪਹਿਲੀ ਫ਼ਿਲਮ ਸੀ ਅਤੇ ਇਸ ਤਰ੍ਹਾਂ ਉਹ ਇਸ ਖੇਤਰ ਭਾਵ ਚਰਿੱਤਰ ਕਿਰਦਾਰਾਂ ਦੀ ਵੀ ਰਾਣੀ ਬਣ ਗਈ। ਬਤੌਰ ਚਰਿੱਤਰ ਅਦਾਕਾਰ ਉਨ੍ਹਾਂ ਦੀਆਂ ਕੁਝ ਯਾਦਗਾਰੀ ਫ਼ਿਲਮਾਂ ਹਨ 'ਭਾਬੀ ਕੀ ਚੂੜੀਆਂ', 'ਮੁਝੇ ਜੀਨੇ ਦੋ', 'ਅਨੁਪਮਾ', 'ਸੰਘਰਸ਼', 'ਏਕ ਫੂਲ ਦੋ ਮਾਲੀ', 'ਬਾਵਰਚੀ', 'ਬੌਬੀ' ਅਤੇ 'ਨਮਕ ਹਰਾਮ'।

'ਨਮਕ ਹਰਾਮ' ਤੋਂ ਬਾਅਦ ਉਨ੍ਹਾਂ ਨੇ ਫ਼ਿਲਮਾਂ ਤੋਂ ਇਕ ਲੰਬੀ ਬਰੇਕ ਲੈ ਲਈ। ਇਸ ਬਰੇਕ ਨੂੰ ਤੋੜਦਿਆਂ ਨਿਰਮਾਤਾ-ਨਿਰਦੇਸ਼ਕ ਸੁਭਾਸ਼ ਘਈ ਨੇ ਫ਼ਿਲਮ 'ਕਰਜ਼' ਰਾਹੀਂ ਉਨ੍ਹਾਂ ਦੀ ਵੱਡੇ ਪਰਦੇ 'ਤੇ ਵਾਪਸੀ ਕਰਵਾਈ। ਸੁਭਾਸ਼ ਘਈ ਮੁਤਾਬਕ ਉਨ੍ਹਾਂ ਨੇ ਇਹ ਭੂਮਿਕਾ ਦੁਰਗਾ ਖੋਟੇ ਨੂੰ ਹੀ ਦਿਮਾਗ 'ਚ ਰੱਖ ਕੇ ਤਿਆਰ ਕੀਤੀ ਸੀ। ਘਈ ਮੁਤਾਬਕ ਜੇਕਰ ਉਹ ਇਸ ਕਿਰਦਾਰ ਨੂੰ ਨਿਭਾਉਣ ਲਈ ਨਾ ਮੰਨਦੇ ਤਾਂ ਉਹ ਫ਼ਿਲਮ 'ਚੋਂ ਉਹ ਕਿਰਦਾਰ ਹੀ ਕੱਢ ਦਿੰਦੇ। ਇਹੀ ਦੁਰਗਾ ਖੋਟੇ ਦੀ ਅਦਾਕਾਰੀ ਦਾ ਜਾਦੂ ਸੀ। ਇਸ 'ਚ ਕੋਈ ਹੈਰਾਨੀ ਨਹੀਂ ਕਿ ਉਹ ਭਾਰਤੀ ਸਿਨੇਮਾ ਦੇ ਇਕ ਮਹਾਨ ਸਿਤਾਰਾ ਸੀ।

ਦੁਰਗਾ ਖੋਟੇ ਨੇ ਹਿੰਦੀ ਤੋਂ ਇਲਾਵਾ ਮਰਾਠੀ 'ਚ ਯਾਦਗਾਰੀ ਯੋਗਦਾਨ ਦਿੱਤਾ। ਸੰਨ 1983 'ਚ ਉਨ੍ਹਾਂ ਨੂੰ ਉਨ੍ਹਾਂ ਦੀ ਭਾਰਤੀ ਸਿਨੇਮਾ ਨੂੰ ਦਿੱਤੀ ਗਈ ਯਾਦਗਾਰੀ ਦੇਣ ਤੇ ਸਤਿਕਾਰ ਵਜੋਂ ਦਾਦਾ ਸਾਹਿਬ ਫਾਲਕੇ ਐਵਾਰਡ ਦਿੱਤਾ ਗਿਆ ਸੀ। ਸੰਨ 1991 'ਚ ਇਹ ਮਹਾਨ ਅਦਾਕਾਰਾ ਇਸ ਫਾਨੀ ਜਹਾਨ ਨੂੰ ਅਲਵਿਦਾ ਆਖ ਗਈ ਪਰ ਖੁਦ ਵਲੋਂ ਨਿਭਾਏ ਅਤੇ ਅਭੁੱਲ ਚਰਿੱਤਰ ਕਿਰਦਾਰਾਂ ਕਾਰਨ ਉਹ ਦਰਸ਼ਕਾਂ ਦੇ ਦਿਲਾਂ 'ਚ ਅੱਜ ਵੀ ਜਿਉਂਦੀ ਹੈ।

# ਸ਼ਾਹਿਦ ਦੀ ਪਾਰਟੀ 'ਚ ਦੀਪਿਕਾ ਨਾ ਆਈ



ਸ਼ਾਹਿਦ ਕਪੂਰ ਲੰਘੇ 25 ਫਰਵਰੀ ਨੂੰ 29 ਸਾਲਾਂ ਦਾ ਹੋ ਗਿਆ ਹੈ। ਬੀ-ਟਾਊਨ ਵਿਚ ਇਕ ਗੁਪਤ ਪਾਰਟੀ ਦਾ ਆਯੋਜਨ ਕੀਤਾ ਗਿਆ, ਜਿਹੜੀ ਨਿਰਦੇਸ਼ਕ ਸਿਧਾਰਥ ਮਲਹੋਤਰਾ ਨੇ ਉਸ ਲਈ ਆਯੋਜਿਤ ਕੀਤੀ ਸੀ। ਐਕਟਰ ਅਤੇ ਨਿਰਦੇਸ਼ਕ ਉਨ੍ਹਾਂ ਦੇ 'ਵਿਵਾਹ' ਦੇ ਦਿਨਾਂ ਤੋਂ ਹੀ ਦੋਸਤ ਹਨ, ਜਦੋਂ ਸਿਧਾਰਥ ਸੂਰਜ ਬੜਜਾਤੀਆ ਦਾ ਸਹਾਇਕ ਹੁੰਦਾ ਸੀ।

ਮਹਿਮਾਨਾਂ ਦੀ ਸੂਚੀ ਮਲਹੋਤਰਾ ਅਤੇ ਸ਼ਾਹਿਦ ਦੇ ਦੋਸਤ ਮੋਬੀਨੋ ਰਤਨਸੇ ਨੇ ਤਿਆਰ ਕੀਤੀ ਸੀ। ਪਤਾ ਲੱਗਾ ਹੈ ਕਿ ਜਦੋਂ ਸ਼ਾਹਿਦ ਨੂੰ ਇਸ ਸਰਪ੍ਰਾਈਜ਼ ਪਾਰਟੀ ਬਾਰੇ ਪਤਾ ਲੱਗਾ ਤਾਂ ਉਸ ਨੇ ਨਿਰਦੇਸ਼ਕ ਨੂੰ ਲਿਸਟ ਵਿਚ ਦੀਪਿਕਾ ਪਾਦੂਕੋਣ ਦਾ ਨਾਂ ਸ਼ਾਮਲ ਕਰਨ ਦੀ ਬੇਨਤੀ ਕੀਤੀ ਸੀ। ਭਾਵੇਂ ਉਹ ਕਿਸੇ ਫ਼ਿਲਮ 'ਚ ਇਕੱਠੇ ਕੰਮ ਨਹੀਂ ਕਰ ਰਹੇ, ਫਿਰ ਵੀ ਸ਼ਾਹਿਦ ਅਤੇ ਦੀਪਿਕਾ ਇਕ ਦੂਜੇ ਨੂੰ ਚਾਹੁੰਦੇ ਹਨ। ਉਹ ਇਕ ਪ੍ਰਾਈਵੇਟ ਪਾਰਟੀ ਵਿਚ ਮਿਲੇ ਸਨ ਅਤੇ ਅਚਾਨਕ ਉਨ੍ਹਾਂ ਦੀ ਫੋਟੋ ਖਿੱਚੀ ਗਈ। ਇਹ ਦੋਹਾਂ ਦੀ ਪਹਿਲੀ ਜਨਤਕ ਮਿਲਣੀ ਸੀ, ਜਿਸ ਨੇ ਉਨ੍ਹਾਂ ਨੂੰ ਇਕੱਠੇ ਕਰ ਦਿੱਤਾ ਪਰ ਜਦੋਂ ਤੋਂ ਮਿਲੇ ਹਨ, ਉਹ ਇਕ ਦੂਜੇ ਦੇ ਸੰਪਰਕ ਵਿਚ ਰਹਿੰਦੇ ਹਨ। ਇਕ ਸੂਤਰ ਨੇ ਖੁਲਾਸਾ ਕੀਤਾ ਹੈ ਕਿ ਉਹ ਫੋਨ ਉਪਰ ਲਗਾਤਾਰ ਚਹਿਚਹਾਉਂਦੇ ਰਹਿੰਦੇ ਹਨ। ਸੰਭਵ ਹੈ ਕਿ ਉਹ ਛੇਤੀ ਹੀ ਇਕ ਫਿਲਮ ਵੀ ਸਾਈਨ ਕਰਨਗੇ।

ਸ਼ਾਹਿਦ ਚਾਹੁੰਦਾ ਸੀ ਕਿ ਉਸ ਦੀ ਜਨਮ ਦਿਨ ਪਾਰਟੀ ਵੱਡੀ ਸਾਰੀ ਹੋਵੇ, ਜਿਸ ਵਿਚ ਫ਼ਿਲਮ ਜਗਤ ਦੀਆਂ ਮੰਨੀਆਂ-ਪ੍ਰਮੰਨੀਆਂ ਹਸਤੀਆਂ ਸ਼ਿਰਕਤ ਕਰਨ। ਸ਼ਾਹਿਦ ਅਤੇ ਦੀਪਿਕਾ ਖੇਡਾਂ ਬਾਰੇ ਗੱਲਾਂ ਵੀ ਕਰਦੇ ਹਨ। ਦੀਪਿਕਾ ਦਾ ਪਿਤਾ ਪ੍ਰਕਾਸ਼ ਪਾਦੂਕੋਣ ਇਕ ਰਾਸ਼ਟਰੀ ਬੈਡਮਿੰਟਨ ਚੈਂਪੀਅਨ ਹੈ ਅਤੇ ਉਹ ਖੁਦ ਵੀ ਰਾਸ਼ਟਰੀ ਪੱਧਰ ਦੀ ਖਿਡਾਰਨ ਹੈ। ਇਸ ਕਰਕੇ ਉਹ ਸ਼ਾਹਿਦ ਨੂੰ ਆਪਣੇ ਪਿਤਾ ਦੀ ਪ੍ਰੋਡਕਸ਼ਨ 'ਮੌਸਮ' ਲਈ ਕੁਝ ਨੁਕਤੇ ਸਮਝਾਉਣ ਦੀ ਪੁਜ਼ੀਸ਼ਨ ਵਿਚ ਹੈ, ਜਿਸ ਵਿਚ ਸ਼ਾਹਿਦ ਇਕ ਬੈਡਮਿੰਟਨ ਖਿਡਾਰੀ ਦੇ ਕਿਰਦਾਰ ਵਿਚ ਹੈ ਪਰ ਇਕ ਸੂਤਰ ਨੇ ਖੁਲਾਸਾ ਕੀਤਾ ਹੈ ਕਿ ਅਸਲ ਵਿਚ ਸ਼ਾਹਿਦ ਉਸ ਉਪਰ ਡੋਰੇ ਪਾ ਰਿਹਾ ਹੈ ਅਤੇ ਦੀਪਿਕਾ ਨੂੰ ਵੀ ਚੰਗਾ ਲੱਗਦਾ ਹੈ ਪਰ ਇਹ ਕੋਈ ਨਹੀਂ ਜਾਣਦਾ ਕਿ ਉਹ ਇਕ-ਦੂਜੇ ਲਈ ਕਿੰਨੇ ਗੰਭੀਰ ਹਨ।

# ਸਥਾਈ ਮੁਕਾਮ ਲੱਭਣ 'ਚ ਸਫਲ ਹੋਈ ਸਮੀਰਾ

ਸਮੀਰਾ ਦੀ ਰੰਗਤ ਭਾਵੇਂ ਸਾਂਵਲੀ ਹੋਵੇ ਪਰ ਇਸ ਦੇ ਬਾਵਜੂਦ ਉਹ ਬੇਹੱਦ ਖੂਬਸੂਰਤ ਅਤੇ ਦਿਲਕਸ਼ ਹੈ। 'ਮੁਸਾਫਰ' ਤੋਂ ਬਾਅਦ ਉਸ ਦੀ ਅਜਿਹੀ ਉਤੇਜਕ ਇਮੇਜ ਬਣੀ ਸੀ, ਜਿਸ ਤੋਂ ਕੋਈ ਵੀ ਅਣਛੋਹਿਆ ਨਹੀਂ ਰਿਹਾ ਹੋਵੇਗਾ। ਸਮੀਰਾ ਨੂੰ ਦੇਖ ਕੇ ਉਸ ਨੂੰ ਦੇਖਣ ਵਾਲਿਆਂ ਦਾ ਦਿਲ ਝੂਮ ਉਠਦਾ ਹੈ। ਉਸ ਵੇਲੇ ਤਾਂ ਲੱਗਾ ਸੀ ਕਿ ਸ਼ਾਇਦ ਸਮੀਰਾ ਨੇ ਬਾਲੀਵੁਡ ਦੀ ਸੈਕਸ ਬੰਬ ਬਿਪਾਸ਼ਾ ਨੂੰ ਪੂਰੀ ਤਰ੍ਹਾਂ ਬੇਰੁਜ਼ਗਾਰ ਬਣਾਉਣ ਦਾ ਫੈਸਲਾ ਕਰ ਲਿਆ ਹੈ ਪਰ ਬਿਪਾਸ਼ਾ ਬਚ ਗਈ। ਅਚਾਨਕ ਸਮੀਰਾ ਨੇ ਕਿਰਦਾਰ ਦੀ ਚੋਣ ਦੇ ਮਾਮਲੇ 'ਚ ਤਬਦੀਲੀ ਕੀਤੀ। ਕਾਮੇਡੀ ਫ਼ਿਲਮਾਂ ਨੂੰ ਉਹ ਬਹੁਤ ਅਹਿਮੀਅਤ ਦੇਣ ਲੱਗੀ। ਇਸ ਦੀ ਸ਼ੁਰੂਆਤ ਉਸ ਨੇ ਅੱਬਾਸ ਮਸਤਾਨ ਦੀ 'ਰੇਸ' ਨਾਲ ਕੀਤੀ। ਇਸ ਪਿਛੋਂ ਵੀ ਉਸ ਨੇ ਕੁਝ ਹੋਰ ਕਾਮੇਡੀ ਕਿਰਦਾਰ ਨਿਭਾਅ ਕੇ ਦਰਸ਼ਕਾਂ ਦੇ ਦਿਲਾਂ 'ਚ ਹਲਚਲ ਪੈਦਾ ਕੀਤੀ। ਅਨੀਸ ਬਜ਼ਮੀ ਵਲੋਂ ਨਿਰਦੇਸ਼ਤ 'ਨੋ ਐਂਟਰੀ' 'ਚ ਵੀ ਉਸ ਨੇ ਇਕ 47 ਸੈਕਿੰਡ ਦਾ ਕਿਰਦਾਰ ਨਿਭਾਇਆ ਸੀ ਅਤੇ ਹੁਣ 'ਨੋ ਐਂਟਰੀ ਪਾਰਟ-2' 'ਚ ਸਮੀਰਾ ਫੁਲ ਫਲੈਜ ਨਾਇਕਾ ਦਾ ਕਿਰਦਾਰ ਨਿਭਾਉਣ ਵਾਲੀ ਹੈ। ਅੱਜ ਮਾਇਆ ਨਗਰੀ 'ਚ ਸਮੀਰਾ ਨੂੰ ਇੰਡੀਅਨ ਜੈਨੀਫਰ ਲੋਪੇਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ।

ਸਮੀਰਾ ਦੀਆਂ ਪਿਛਲੇ ਦਿਨੀਂ 'ਅਲਾਦੀਨ' ਅਤੇ 'ਦੇ ਦਨਾਦਨ' ਫ਼ਿਲਮਾਂ ਪ੍ਰਦਰਸ਼ਤ ਹੋਈਆਂ ਅਤੇ ਇਨ੍ਹਾਂ ਫ਼ਿਲਮਾਂ 'ਚ ਸਮੀਰਾ ਕਾਫੀ ਬਦਲੀ-ਬਦਲੀ ਜਿਹੀ ਨਜ਼ਰ ਆਈ। ਇਨ੍ਹਾਂ ਫ਼ਿਲਮਾਂ 'ਚ ਉਸ ਨੂੰ ਦੇਖ ਕੇ ਕਿਸੇ ਨੂੰ ਸਹਿਜੇ ਯਕੀਨ ਨਹੀਂ ਆਉਂਦਾ ਕਿ ਇਹ ਉਹੀ 'ਮੁਸਾਫਿਰ' ਵਾਲੀ ਬੋਲਡ ਕੁੜੀ ਹੈ। ਖਾਸ ਕਰ ਪ੍ਰਿਯਦਰਸ਼ਨ ਦੀ ਫ਼ਿਲਮ 'ਦੇ ਦਨਾਦਨ' 'ਚ ਸ਼ਿਲਪਾ ਸ਼ੈਟੀ ਸਟਾਈਲ 'ਚ ਸਮੀਰਾ ਨੇ ਜੋ ਆਈਟਮ ਗੀਤ ਕੀਤਾ, ਉਸ ਨੇ ਫ਼ਿਲਮ 'ਚ ਕਹਿਰ ਢਾਹੁਣ ਦਾ ਕੰਮ ਕੀਤਾ। ਇਸ ਤੋਂ ਬਾਅਦ ਪ੍ਰਿਯਦਰਸ਼ਨ ਸਮੀਰਾ ਤੋਂ ਬਹੁਤ ਖੁਸ਼ ਨਜ਼ਰ ਆ ਰਹੇ ਹਨ। ਇਸ ਤੋਂ ਲੱਗਣ ਲੱਗਾ ਹੈ ਕਿ ਪ੍ਰਿਯਦਰਸ਼ਨ ਦੀਆਂ ਅਗਲੀਆਂ ਫ਼ਿਲਮਾਂ ਲਈ ਸਮੀਰਾ ਨੇ ਹੁਣ ਸਥਾਈ ਮੁਕਾਮ ਲੱਭ ਹੀ ਲਿਆ ਹੈ।

ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ । ਛੋਟ ਬੜੇ ਸਭ ਸਮ ਵਸੇ ਰਵਿਦਾਸ ਰਹੇਂ ਪ੍ਰਸੰਨ
ਬੇਗਮਪੁਰਾ ਸਹਿਰ ਕਾ ਨਾਉ ॥ ਦੁਖ ਅੰਦੋਹ ਨਹੀਂ ਤਿਹੀ ਠਾਊ ॥

## ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ, ਸੈਕਰਾਮੈਂਟੋ

### ਵਲੋਂ

## ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਪ੍ਰਕਾਸ਼ ਉਤਸਵ ਮੌਕੇ

# ਮਹਾਨ ਨਗਰ ਕੀਰਤਨ



**14 ਮਾਰਚ, ਦਿਨ ਐਤਵਾਰ , 2010 ਨੂੰ**

**ਰਿਉਲਿੰਡਾ, ਸੈਕਰਾਮੈਂਟੋ ਵਿਖੇ ਹੋਵੇਗਾ**

ਗੁਰੂ ਪਿਆਰੀ ਸਾਧ-ਸੰਗਤ ਜੀ, ਜੈ ਗੁਰਦੇਵ

ਸਮੂਹ ਸੰਗਤ ਨੂੰ ਇਹ ਜਾਣ ਕੇ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ, ਸੈਕਰਾਮੈਂਟੋ, ਕੈਲੀਫੋਰਨੀਆ ਵਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 633ਵੇਂ ਜਨਮ ਦਿਹਾੜੇ ਮੌਕੇ 10ਵਾਂ ਸਲਾਨਾ ਮਹਾਨ ਨਗਰ ਕੀਰਤਨ 14 ਮਾਰਚ 2010, ਦਿਨ ਐਤਵਾਰ ਨੂੰ ਸਵੇਰੇ 11 ਵਜੇ ਬੜੀ ਸ਼ਰਧਾ ਨਾਲ ਆਯੋਜਨ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਗੁਰਦੁਆਰਾ ਸਾਹਿਬ ਵਿਖੇ ਲੜੀਵਾਰ ਅਖੰਡ ਪਾਠਾਂ ਦੀ ਲੜੀ ਹੁਣ ਤੋਂ ਹੀ ਚੱਲ ਰਹੀ ਹੈ। ਆਪ ਸਮੂਹ ਸੰਗਤ ਅਤੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਬੇਨਤੀ ਹੈ ਕਿ ਇਸ ਮਹਾਨ ਮੌਕੇ 'ਤੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ,

## ✰ ਪ੍ਰੋਗਰਾਮ ✰

| | |
|---|---|
| 12 ਮਾਰਚ, 2010 ਆਰੰਭ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ 9 ਵਜੇ |
| 13 ਮਾਰਚ, 2010 ਸੇਵਾ ਸ੍ਰੀ ਨਿਸ਼ਾਨ ਸਾਹਿਬ | ਸਵੇਰੇ 11 ਵਜੇ |
| 13 ਮਾਰਚ, 2010 ਰੈਣ ਸਬਾਈ ਕੀਰਤਨ | ਸ਼ਾਮ 7 ਵਜੇ ਤੋਂ |
| 14 ਮਾਰਚ 2010 ਭੋਗ ਸ੍ਰੀ ਅਖੰਡ ਪਾਠ ਸਾਹਿਬ | ਸਵੇਰੇ 9 ਵਜੇ |

*ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤੇਗਾ।*

## ਕੁਝ ਜ਼ਰੂਰੀ ਸੂਚਨਾਵਾਂ

- ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਸ੍ਰੀ ਰਾਮ ਪ੍ਰਕਾਸ਼ ਰਾਜੂ ਅਤੇ ਪਰਿਵਾਰ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ, ਪਿਟਰਸਬਰਗ) ਵਲੋਂ ਹੋਵੇਗੀ।
- ਰਾਗੀ, ਢਾਡੀ, ਕਵੀਸ਼ਰੀ ਜਥੇ, ਕਥਾਵਾਚਕ, ਧਾਰਮਿਕ ਗਾਇਕ ਆਪਣੇ ਨਾਮ ਸਤੀਸ਼ ਰੱਲ੍ਹ ਨੂੰ 916-214-9092 ਜਾਂ ਜਸਵਿੰਦਰ ਬੰਗਾ ਨੂੰ 916-796-5003 'ਤੇ ਲਿਖਾਓ ਜੀ।
- ਫਲੋਟ ਦੀ ਸੇਵਾ ਲਈ ਕੇਵਲ ਬੋਲੀਨਾ ਨੂੰ 916-548-8902 ਜਾਂ ਰਾਜ ਕੁਮਾਰ ਸੂਦ ਨੂੰ 916-370-3542 ਜਾਂ ਰਾਜ ਸਿੰਘ ਬੱਧਣ ਨੂੰ 916-601-3842 'ਤੇ ਲਿਖਾਓ ਜੀ।
- ਸਟਾਲ ਲਾਉਣ ਲਈ ਹਰਬੰਸ ਸਿੰਘ ਰੱਲ੍ਹ ਨੂੰ ਫੋਨ 916-706-6688, ਜੋਗਿੰਦਰ ਚੁੰਬਰ ਨੂੰ 916-439-4043 ਜਾਂ ਕਸ਼ਮੀਰ ਸਿੰਘ ਹੀਰਾ ਨੂੰ 916-798-8142 'ਤੇ ਆਪਣਾ ਨਾਮ ਲਿਖਾਓ ਜੀ।
- ਲੰਗਰ ਦੀ ਸੇਵਾ ਲਈ ਦਿਲਬਾਗ ਸਿੰਘ ਨੂੰ 916-459-9417, ਗੁਰਦਿਆਲ ਮੱਲ ਨੂੰ 916-607-2639 'ਤੇ ਸੰਪਰਕ ਕਰੋ ਜੀ। ਲੰਗਰ ਦੀ ਸੇਵਾ ਸ੍ਰੀ ਗੁਰੂ ਰਵਿਦਾਸ ਨੌਜਵਾਨ ਸਭਾ ਦੇ ਮੈਂਬਰ ਵੀ ਨਿਭਾ ਰਹੇ ਹਨ।
- ਸ੍ਰੀ ਅਖੰਡ ਪਾਠ ਸਾਹਿਬ ਦੀ ਬੁਕਿੰਗ ਲਈ ਗੁਰੂ ਘਰ ਦੇ ਹੈੱਡ ਗ੍ਰੰਥੀ ਭਾਈ ਸੀਤਲ ਸਿੰਘ ਕੈਂਥ ਨਾਲ ਫੋਨ 916-519-6226 ਜਾਂ ਸ਼੍ਰੀ ਅਜੀਤ ਰਾਮ ਬੰਗੜ ਨਾਲ 916-468-8773 'ਤੇ ਸੰਪਰਕ ਕੀਤਾ ਜਾ ਸਕਦਾ ਹੈ।
- ਨਗਰ ਕੀਰਤਨ ਮੌਕੇ ਸਫਾਈ ਦਾ ਖਾਸ ਖਿਆਲ ਰੱਖੋ ਜੀ। ○ ਹੋਰ ਕਿਸੇ ਕਿਸਮ ਦੀ ਸੇਵਾ ਲੈਣ ਲਈ ਗੁਰੂ ਘਰ ਵਿਖੇ ਸੰਪਰਕ ਕਰੋ ਜੀ।

| | | | |
|---|---|---|---|
| President<br>**Satnam Basra**<br>**916-214-0181** | Chairman<br>**Tavinder Kazla**<br>**916-300-5398** | Cashier<br>**Daljit Jassal**<br>**916-801-8031** | Stage Secretary<br>**Satish Ralh**<br>**916-214-9092** |
| Vice President<br>**Harbans Ralh**<br>**916-706-6688** | Vice- Chairman<br>**Ajit Ram Bangar**<br>**916-468-8773** | Cashier<br>**Dilbag Singh**<br>**916-459-9417** | Stage Secretary<br>**Jiwan Rattu**<br>**916-256-9393** |
| Vice President<br>**Raj Sood**<br>**916-370-3542** | General Secretary<br>**Raj Singh Badhan**<br>**916-601-3842** | Cashier<br>**Kulwinder Singh**<br>**916-705-3519** | Head Granthi<br>**Sital Singh Kainth**<br>**916-519-6226** |

**ਪਹੁੰਚ ਰਹੇ ਰਾਗੀ ਜੱਥੇ**

ਹਜ਼ੂਰੀ ਜੱਥਾ ਭਾਈ ਜਸਵਿੰਦਰ ਪਾਲ ਤੇ ਅਮਰਜੀਤ ਸਿੰਘ, ਭਾਈ ਮਨਜੀਤ ਸਿੰਘ (ਯੂਬਾ ਸਿਟੀ), ਐੱਸ. ਐੱਸ. ਆਜ਼ਾਦ (ਇੰਡੀਆ), ਭਾਈ ਮਨਜੀਤ ਸਿੰਘ (ਬਰਾਡਸ਼ਾਹ ਰੋਡ), ਭਾਈ ਅਮਰਜੀਤ ਸਿੰਘ ਤੇ ਬੱਚਿਆਂ ਦਾ ਜੱਥਾ।

**ਪਹੁੰਚ ਰਹੇ ਅਮਰੀਕਨ ਆਗੂ**

ਡਾ. ਐਮੀ ਬੇਰਾ (ਉਮੀਦਵਾਰ ਕਾਂਗਰਸ ਡੈਮੋਕ੍ਰੇਟਿਕ ਪਾਰਟੀ), ਡੀਨ ਫਲੋਰਿਸ (ਸੈਨੇਟ ਮੈਂਬਰ), ਅਜੇ ਪਾਲ ਰਾਮ, ਜਗਦੇਵ ਰਾਮ, ਡੈਨ ਲੈਂਗਰਨ ( ਉਮੀਦਵਾਰ ਕਾਂਗਰਸ, ਰਿਪਬਲਿਕਨ ਪਾਰਟੀ), ਡਾ. ਕਰਨਲ ਅਰਜਿੰਦਰਪਾਲ ਸਿੰਘ ਸੇਖੋਂ


**ਜਾਰੀ ਕਰਤਾ : ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ, ਰਿਉਲਿੰਡਾ,ਸੈਕਰਾਮੈਂਟੋ**


**6221,16th Street, Rio Linda, CA 95673, Near Sacramento**

ਦੇਗ ਤੇਗ ਫਤਹਿ ੴ ਵਾਹਿਗੁਰੂ ਜੀ ਕੀ ਫ਼ਤਹਿ ਪੰਥ ਕੀ ਜੀਤ

# ਫਰੀਮਾਂਟ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੀ ਚੋਣ ਲਈ ਭਾਈ ਗੁਰਮੀਤ ਸਿੰਘ ਖਾਲਸਾ ਦੀ

# ਪੰਥਕ ਸਲੇਟ


ਭਾਈ ਗੁਰਮੀਤ ਸਿੰਘ ਖਾਲਸਾ


ਭਾਈ ਗੁਰਮੇਲ ਸਿੰਘ ਬਾਠ


ਭਾਈ ਗੁਰਚਰਨ ਸਿੰਘ ਮਾਨ


ਭਾਈ ਤਰਸੇਮ ਸਿੰਘ


ਭਾਈ ਤਾਰਾ ਸਿੰਘ ਗਿੱਲ

**ਭਾਈ ਗੁਰਮੀਤ ਸਿੰਘ ਖਾਲਸਾ:**ਭਾਈ ਗੁਰਮੀਤ ਸਿੰਘ ਖਾਲਸਾ ਪੀ. ਏ. ਯੂ. ਲੁਧਿਆਣਾ ਤੋਂ ਗਰੈਜੂਏਟ ਹਨ। ਆਪ ਪਿਛਲੇ 25 ਸਾਲਾਂ ਤੋਂ ਬੇ-ਏਰੀਆ ਵਿਚ ਰਹਿੰਦੇ ਹਨ ਅਤੇ ਪਰਪੱਕ ਖਾਲਸਾਈ ਜ਼ਿੰਦਗੀ ਜਿਉਂਦੇ ਹਨ। ਗੁਰਦੁਆਰਾ ਫਰੀਮਾਂਟ ਦੇ ਪ੍ਰਬੰਧ ਨਾਲ ਇਕ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਸੰਨ 2005 ਅਤੇ 2006 ਦੀਆਂ ਚੋਣਾਂ ਵਿਚ ਜਿੱਤ ਕੇ ਉਹ ਦੋ ਵਾਰ ਗੁਰੂਘਰ ਦੇ ਪ੍ਰਧਾਨ ਬਣੇ। ਸਿੱਖੀ ਪ੍ਰਤੀ ਪਿਆਰ ਆਪ ਜੀ ਦੇ ਦਿਲ ਵਿਚ ਕੁੱਟ ਕੁੱਟ ਕੇ ਭਰਿਆ ਹੋਇਆ ਹੈ। ਵਿਦੇਸ਼ਾਂ ਵਿਚ ਵਸੇ ਸਿੱਖਾਂ ਦੀਆਂ ਸਮੱਸਿਆਵਾਂ ਪ੍ਰਤੀ ਆਪ ਪੂਰੀ ਤਰ੍ਹਾਂ ਜਾਗਰੂਕ ਹਨ। ਇਸੇ ਕਰਕੇ ਆਪ ਜੀ ਵਲੋਂ ਵਿਸ਼ੇਸ਼ ਕਰਕੇ ਬੱਚਿਆਂ ਨੂੰ ਸਿੱਖੀ ਨਾਲ ਜੋੜਨ ਲਈ ਸਮਰ ਕੈਂਪਾਂ ਦਾ ਆਯੋਜਨ ਕੀਤਾ ਗਿਆ। ਪ੍ਰੀ ਸਕੂਲ ਸ਼ੁਰੂ ਕਰਵਾਇਆ ਗਿਆ। ਸਮੇਂ ਸਮੇਂ ਮੈਡੀਕਲ ਕੈਂਪਾਂ ਦਾ ਆਯੋਜਨ ਕਰਵਾਇਆ ਜਾਂਦਾ ਰਿਹਾ। ਫਿਊਨਰਲ ਹੋਮ ਦੀ ਸਮੱਸਿਆ ਨਾਲ ਨਜਿੱਠਣ ਲਈ ਨਿਰਮਲ ਸਿੰਘ ਚੀਮਾ ਦੀਆਂ ਸੇਵਾਵਾਂ ਲਈਆਂ। ਆਪ ਜੀ ਇਨਸਾਫਪਸੰਦ ਵਿਅਕਤੀ ਹਨ। ਕਿਸੇ ਵੀ ਧੱਕੇਸ਼ਾਹੀ ਦੇ ਖਿਲਾਫ ਡਟਣਾ ਜਾਣਦੇ ਹਨ। ਫਰੀਮਾਂਟ ਗੁਰੂਘਰ ਦੇ ਪ੍ਰਬੰਧ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸੰਗਤ ਨੂੰ ਵੋਟਾਂ ਦਾ ਅਧਿਕਾਰ ਦਿਵਾਉਣਾ ਖਾਲਸਾ ਜੀ ਦੀ ਮਹੱਤਵਪੂਰਨ ਦੇਣ ਹੈ। ਗੁਰੂਘਰ ਵਿਚ ਚਲ ਰਹੇ ਮੌਜੂਦਾ ਪ੍ਰੋਜੈਕਟਾਂ ਦੀ ਮੁਢਲੀ ਰੂਪ ਰੇਖਾ ਵੀ ਖਾਲਸਾ ਵਲੋਂ ਹੀ ਉਲੀਕੀ ਗਈ ਸੀ।

**ਭਾਈ ਗੁਰਮੇਲ ਸਿੰਘ ਬਾਠ:** ਭਾਈ ਗੁਰਮੇਲ ਸਿੰਘ ਜੀ ਪਹਿਲੀ ਵਾਰ 1984 ਵਿਚ ਫਰੀਮਾਂਟ ਗੁਰੂ ਘਰ ਦੀ ਕਮੇਟੀ ਦੇ ਮੈਂਬਰ ਚੁਣੇ ਗਏ ਸਨ। ਉਹ ਦੋ ਸਾਲ ਪ੍ਰਬੰਧਕ ਕਮੇਟੀ ਦੇ ਸਕੱਤਰ ਵੀ ਰਹੇ। ਉਨ੍ਹਾਂ ਨੇ 1990 ਤੋ 1993 ਤੀਕ ਸੁਪਰੀਮ ਕੌਂਸਲ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਹ ਕਾਫੀ ਲੰਮੇ ਸਮੇਂ ਤੋਂ ਗੁਰਬਾਣੀ ਸੰਥਿਆ ਅਤੇ ਅੰਮ੍ਰਿਤ ਸੰਚਾਰ ਦੀ ਸੇਵਾ ਨਿਭਾਉਂਦੇ ਆ ਰਹੇ ਹਨ। ਆਪ ਜੀ ਦਾ ਸਾਰਾ ਪਰਿਵਾਰ ਅੰਮ੍ਰਿਤਧਾਰੀ ਹੈ। ਆਪ ਜੀ ਪੰਥਕ ਕਾਰਜਾਂ ਵਿਚ ਵੱਧ ਚੜ ਕੇ ਹਿੱਸਾ ਲੈਂਦੇ ਹਨ। ਆਪ ਜੀ ਸੈਨਹੋਜੇ ਵਿਚ ਰਹਿੰਦੇ ਹਨ।

**ਭਾਈ ਗੁਰਚਰਨ ਸਿੰਘ ਮਾਨ:**ਭਾਈ ਗੁਰਚਰਨ ਸਿੰਘ ਮਾਨ ਪਿਛਲੇ 28 ਸਾਲਾਂ ਤੋ ਫਰੀਮਾਂਟ ਇਲਾਕੇ ਵਿਚ ਰਹਿ ਰਹੇ ਹਨ। ਉਹ 2006 ਤੋ 2008 ਤੱਕ ਗੁਰਦੁਆਰਾ ਸਾਹਿਬ ਦੀ ਸੁਪਰੀਮ ਕੌਂਸਲ ਦੇ ਮੈਬਰ ਦੀ ਸੇਵਾ ਨਿਭਾ ਚੁੱਕੇ ਹਨ। ਉਹ ਇਸ ਗੁਰਦੁਵਾਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਵਿਚ ਸਹਾਇਕ ਸੈਕਟਰੀ ਵੀ ਰਹੇ ਹਨ। ਭਾਈ ਗੁਰਚਰਨ ਸਿੰਘ ਮਾਨ ਇਕ ਇੰਸੋਰੈਂਸ ਕੰਪਨੀ ਦੇ ਮਾਲਕ ਹਨ ਜੋ ਉਹਨਾਂ ਨੇ 1999 ਵਿਚ ਸੁਰੂ ਕੀਤੀ ਸੀ। ਉਹ ਇਸ ਵੇਲੇ ਫਰੀਮਾਂਟ ਸਹਿਰ ਦੇ ਪੁਨਰ ਨਿਰਮਾਣ ਅਤੇ ਪੁਨਰ ਸਥਾਪਨ ਮਹਿਕਮੇ ਵਿਚ ਕਮਿਸ਼ਨਰ ਦੀ ਸੇਵਾ ਨਿਭਾ ਰਹੇ ਹਨ। ਉਹਨਾਂ ਨੇ ਅਮਰੀਕਨ ਪੋਸਟ ਆਫਿਸ ਵਿਚ ਵੀ 14 ਸਾਲ ਸੇਵਾ ਕੀਤੀ ਹੈ। ਉਹ ਸਭ ਤੋ ਵਡੀਆਂ 500 ਕੰਪਨੀਆਂ ਵਿਚ ਕੰਮ ਕਰ ਚੁੱਕੇ ਹਨ। ਭਾਈ ਗੁਰਚਰਨ ਸਿੰਘ ਮਾਨ ਨੇ ਗੁਰਦੁਆਰਾ ਸਾਹਿਬ ਦੀਆਂ ਬਹੁਤ ਸਾਰੀਆਂ ਯੋਜਨਾਵਾਂ ਜਿਵੇਂ ਕਿ ਛਤਰ (ਕੈਨੋਪੀ) ਦਾ ਪਰਮਿਟ, ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਵਧਾਉਣਾ, ਖਾਲਸਾ ਸਕੂਲ, ਟੈਕਨੌਲੋਜੀ ਨੂੰ ਲਾਗੂ ਕਰਨਾ, ਲੋਕਾਂ ਤਕ ਪਹੁੰਚ, ਬੱਜਟ, ਮੈਡੀਕਲ ਕੈਂਪ ਅਤੇ ਹੋਰ ਅਜਿਹੀਆਂ ਬਹੁਤ ਸਾਰੀਆਂ ਯੋਜਨਾਵਾਂ ਦੀ ਨਿਗਰਾਨੀ ਕੀਤੀ ਹੈ। ਭਾਈ ਮਾਨ ਨੇ ਅਰਥ ਸ਼ਾਸਤਰ ਦੀ ਦੀ ਬੀ. ਏ. ਕੀਤੀ ਹੈ। ਉਨ੍ਹਾਂ ਨੇ ਸਿਸਟਮ ਇੰਜੀਨੀਅਰਿੰਗ ਦੀ ਡਿਗਰੀ ਵੀ ਪ੍ਰਾਪਤ ਕੀਤੀ ਹੈ ਅਤੇ ਉਹ ਗੁਰੂ ਸਾਹਿਬਾਨ ਅਤੇ ਗੁਰੂ ਗ੍ਰੰਥ ਸਾਹਿਬ ਦੀਆਂ ਸਿਖਿਆਵਾਂ ਨੂੰ ਸਮਰਪਿਤ ਹਨ।

**ਭਾਈ ਤਰਸੇਮ ਸਿੰਘ:**ਭਾਈ ਤਰਸੇਮ ਸਿੰਘ 18 ਸਾਲਾਂ ਤੋਂ ਬੇ-ਏਰੀਏ ਵਿਚ ਰਹਿ ਰਹੇ ਹਨ। ਸਫਲ ਬਿਜਨੈਸ ਮੇਨ ਹਨ ਅਤੇ ਚਾਰਟਰ ਬੱਸ ਸਰਵਿਸ ਨਾਮੀ ਕੰਪਨੀ ਚਲਾਉਦੇ ਹਨ। ਸਾਂਤ ਸੁਭਾਅ ਅਤੇ ਨਿਸ਼ਕਾਮ ਸੇਵਕ ਦੇ ਤੌਰ ਤੇ ਜਾਣੇ ਜਾਂਦੇ ਹਨ। ਜਦ ਕਦੇ ਵੀ ਕਮਿਊਨਟੀ ਨੂੰ ਬੱਸਾਂ ਦੀ ਜਰੂਰਤ ਪੈਂਦੀ ਹੈ ਤਾਂ ਮੁਫਤ ਸੇਵਾ ਕਰਦੇ ਹਨ। ਸਿੱਖ ਮਸਲਿਆਂ ਪ੍ਰਤੀ ਬਹੁਤ ਸੰਜ਼ੀਦਾ ਹਨ।

**ਭਾਈ ਤਾਰਾ ਸਿੰਘ ਗਿੱਲ:**ਭਾਈ ਤਾਰਾ ਸਿੰਘ ਗਿੱਲ ਪਿਛਲੇ 29 ਸਾਲਾਂ ਤੋਂ ਯੂਨੀਅਨ ਸਿਟੀ ਵਿਚ ਪਰਿਵਾਰ ਸਮੇਤ ਰਹਿ ਰਹੇ ਹਨ ਅਤੇ ਫਰੀਮਾਂਟ ਗੁਰੂਘਰ ਸੁਪਰੀਮ ਕੌਂਸਲ ਦੇ ਮੈਂਬਰ ਰਹੇ ਹਨ। ਉਨ੍ਹਾਂ ਨੇ 17 ਸਾਲ ਭਾਰਤੀ ਫੌਜ ਦੀ ਨੌਕਰੀ ਕੀਤੀ। ਗੁਰੂ ਘਰ ਵਿਚ ਅਨਿਨ ਸ਼ਰਧਾ ਅਤੇ ਵਿਸ਼ਵਾਸ਼ ਦੇ ਧਾਰਨੀ ਹਨ। ਉਹ ਲੰਗਰ ਪ੍ਰਬੰਧ ਵਿਚ ਆਪਣਾ ਯੋਗਦਾਨ ਪਾਉਂਦੇ ਹਨ ਅਤੇ ਸੀਨੀਅਰਾਂ ਦੇ ਮਸਲਿਆਂ ਵਿਚ ਮੱਦਦ ਕਰਦੇ ਹਨ। ਆਪ ਜੀ ਸਿੱਖ ਭਾਈਚਾਰੇ ਨਾਲ ਸਬੰਧਿਤ ਮਸਲਿਆਂ ਦੇ ਹਲ ਲਈ ਵਧ ਚੜ ਕੇ ਮੁਢ ਤੋਂ ਹੀ ਹਿੱਸਾ ਲੈਂਦੇ ਆਏ ਹਨ ਅਤੇ ਆਪ ਜੀ ਬੜੇ ਨਿਘੇ ਸੁਭਾਅ ਵਾਲੇ ਮਿਠ ਬੋਲੜੇ ਗੁਰਸਿੱਖ ਹਨ।

## ਫਰੀਮਾਂਟ ਗੁਰੂ ਘਰ ਦੀ ਸੁਪਰੀਮ ਕੌਂਸਲ ਦੀ 14 ਮਾਰਚ, 2010 ਨੂੰ ਹੋ ਰਹੀ ਚੋਣ ਲਈ ਪੰਥਕ ਸਲੇਟ ਦੇ ਉਕਤ ਉਮੀਦਵਾਰਾਂ ਨੂੰ ਕੀਮਤੀ ਵੋਟ ਦਿਓ।

ਹੋਰ ਜਾਣਕਾਰੀ ਲਈ ਕਾਲ ਕਰੋ:510-342-5484 ਜਾਂ 408-667-3116, www.PanthicSlate.org